## Reo-Bankowned Properties
From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

## Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

## Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 50, December 11, 2010 | 20451 N Plum Grove Rd. Palatine, IL 60074 | Ph:847-359-0746, Fax:847-705-9388


# ਸਰਕੋਜ਼ੀ ਦੀ ਭਾਰਤ ਫੇਰੀ ਨੇ ਦੋਵਾਂ ਦੇਸ਼ਾਂ 'ਚ ਨੇੜਤਾ ਵਧਾਈ

## 2012 ਤੱਕ ਦੁਵੱਲਾ ਵਪਾਰ ਦੁਗਣਾ ਕਰਨ ਦਾ ਅਹਿਦ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਦੀ ਭਾਰਤ ਫੇਰੀ ਨੇ ਦੋਵਾਂ ਦੇਸ਼ਾਂ ਵਿਚਾਲੇ ਨੇੜਤਾ ਨੂੰ ਹੋਰ ਵਧਾਇਆ ਹੈ। ਇਸ ਫੇਰੀ ਮੌਕੇ ਜਿਥੇ ਸਰਕੋਜ਼ੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੇ ਹੋਰ ਆਲਮੀ ਜਥੇਬੰਦੀਆਂ ਵਿਚ ਭਾਰਤ ਲਈ ਸਥਾਈ ਸੀਟ ਦੀ ਠੋਕ ਵਜਾ ਕੇ ਹਮਾਇਤ ਕੀਤੀ ਉਥੇ 2012 ਤੱਕ ਦੋਵਾਂ ਦੇਸ਼ਾਂ ਵਿਚਾਲੇ ਵਪਾਰ ਨੂੰ ਦੁਗਣਾ ਕਰਕੇ 12 ਅਰਬ ਯੂਰੋ ਤਕ

*(ਬਾਕੀ ਸਫਾ 6 'ਤੇ)*



*ਡਾ. ਮਨਮੋਹਨ ਸਿੰਘ ਸਰਕੋਜ਼ੀ ਨੂੰ ਜੀ ਆਇਆਂ ਆਖਦੇ ਹੋਏ*

# ਬੇਕਰਜ਼ਫੀਲਡ ਵਿਚ ਪੰਜਾਬੀ ਨੌਜਵਾਨ ਕਤਲ

**ਬੇਕਰਜ਼ਫੀਲਡ (ਮਨਦੀਪ ਮਾਨ):** ਲੰਘੇ ਸੋਮਵਾਰ ਦੀ ਰਾਤ ਨੂੰ ਇਥੇ ਇਕ ਪੰਜਾਬੀ ਨੌਜਵਾਨ ਸਤਵੰਤ ਸਿੰਘ ਬੋਪਾਰਾਏ, ਜਿਸ ਨੂੰ ਪਿਆਰ ਨਾਲ ਸੱਤੀ ਕਰਕੇ ਬੁਲਾਇਆ ਜਾਂਦਾ



*ਸਤਵੰਤ ਸਿੰਘ ਬੋਪਾਰਾਏ,*

ਸੀ, ਦੀ ਕੁਝ ਅਣਪਛਾਤੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਬੜੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਅਤੇ ਮੌਕੇ ਤੋਂ ਫਰਾਰ ਹੋ ਗਏ। ਪੁਲਿਸ ਬੜੀ ਸਰਗਰਮੀ ਨਾਲ ਹਮਲਾਵਰਾਂ ਦੀ ਭਾਲ ਕਰ ਰਹੀ ਹੈ ਅਤੇ ਸਾਰੇ ਹਵਾਈ ਅੱਡਿਆਂ ਉਪਰ ਸ਼ੱਕੀ ਵਿਅਕਤੀਆਂ ਬਾਰੇ ਰੈਡ ਅਲਰਟ ਜਾਰੀ ਕਰ ਦਿੱਤਾ ਗਿਆ ਹੈ ਤਾਂ ਜੋ ਹਮਲਾਵਰ ਦੇਸ਼ ਛੱਡ ਕੇ ਭੱਜ ਨਾ ਸਕਣ।

ਮਿਲੀ ਜਾਣਕਾਰੀ ਅਨੁਸਾਰ ਸੋਮਵਾਰ ਰਾਤੀ ਕਰੀਬ 9:45 'ਤੇ ਸੱਤੀ ਨੂੰ ਆਪਣੇ ਦੋਸਤ ਤਜਿੰਦਰ ਸਿੰਘ (ਟੀ ਜੇ) ਦਾ ਫੋਨ ਆਇਆ ਕਿ ਉਸ ਦੇ ਘਰ ਦੇ ਬਾਹਰ ਚਾਰ-ਪੰਜ ਜਣੇ ਦਰਵਾਜ਼ਾ

*(ਬਾਕੀ ਸਫਾ 4 'ਤੇ)*




*ਪੱਗ ਦੇ ਹੱਕ 'ਚ ਹਰਸਿਮਰਤ ਬਾਦਲ ਦੀ ਅਗਵਾਈ ਹੇਠ ਮੁਜਾਹਰਾ ਕਰਦੇ ਹੋਏ ਸਿੱਖ*

# ਸਕੂਲਾਂ 'ਚ ਪੱਗ ਦਾ ਮਾਮਲਾ:ਫਰਾਂਸ ਵੱਲੋਂ ਪਾਬੰਦੀ ਹਟਾਉਣ ਤੋਂ ਕੋਰੀ ਨਾਂਹ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਭਾਈਚਾਰੇ ਵੱਲੋਂ ਕੀਤੀ ਗਈ ਲੰਬੀ ਜਦੋਜਹਿਦ ਦੇ ਬਾਵਜੂਦ ਫਰਾਂਸ ਨੇ ਸਿੱਖ ਬੱਚਿਆਂ ਦੇ ਸਕੂਲਾਂ ਵਿਚ ਪੱਗ ਬੰਨ੍ਹਣ 'ਤੇ ਲੱਗੀ ਪਾਬੰਦੀ ਹਟਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਫਰਾਂਸ ਦੇ ਇਸ ਦੋ-ਟੁੱਕ ਜਵਾਬ ਨਾਲ ਸਿੱਖਾਂ ਵੱਲੋਂ ਪੱਗ 'ਤੇ ਪਾਬੰਦੀ ਨੂੰ ਹਟਾਉਣ ਲਈ ਚਲਾਈ ਜਾ ਰਹੀ ਮੁਹਿਮ ਨੂੰ ਵੱਡਾ ਝਟਕਾ ਲੱਗਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਇਲਾਵਾ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਇਸ ਮਾਮਲੇ ਨੂੰ ਵਾਰ-ਵਾਰ ਉਠਾਉਣ ਤੋਂ ਬਾਅਦ ਵੀ ਫਰਾਂਸ ਨੇ ਸਪਸ਼ਟ ਕਿਹਾ ਹੈ ਕਿ ਉਨ੍ਹਾਂ ਦਾ ਕਾਨੂੰਨ ਸਕੂਲਾਂ ਵਿਚ ਧਾਰਮਿਕ ਚਿੰਨ੍ਹ ਪਹਿਨਣ ਦੀ ਇਜਾਜ਼ਤ ਨਹੀਂ ਦਿੰਦਾ। ਇਸ ਲਈ ਕੋਈ ਵੀ ਸਿੱਖ ਬੱਚਾ ਸਕੂਲ 'ਚ ਪੱਗ ਬੰਨ੍ਹ ਕੇ ਨਹੀਂ ਆ ਸਕਦਾ।

ਭਾਰਤ ਦੇ ਦੌਰੇ 'ਤੇ ਆਏ ਫ਼ਰਾਂਸ ਦੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਫ਼੍ਰੈਡਿਰਕ ਮਿਤਰਾਂ ਨੇ ਕਿਹਾ ਹੈ ਕਿ ਉਨ੍ਹਾਂ ਦੇ ਦੇਸ਼ ਦੇ ਸਕੂਲਾਂ ਵਿਚ ਧਾਰਮਿਕ ਚਿੰਨ੍ਹ ਪਹਿਨਣ ਦਾ ਕਾਨੂੰਨ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਰਮਿਆਨ ਪੱਗ 'ਤੇ ਪਾਬੰਦੀ ਬਾਰੇ ਗੱਲਬਾਤ ਹੋਣ ਬਾਰੇ ਉਨ੍ਹਾਂ ਨੂੰ ਕੋਈ ਪਤਾ ਨਹੀਂ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਸਿੱਖ ਧਰਮ ਦਾ ਬਹੁਤ ਆਦਰ ਕਰਦੇ ਹਨ। ਇਸ ਦੇ ਨਾਲ ਹੀ ਸਿੱਖ ਭਾਈਚਾਰੇ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਨਹੀਂ ਭੁਲਾਇਆ ਸਕਦਾ ਕਿ ਦੂਜੀ ਵਿਸ਼ਵ ਜੰਗ ਦੌਰਾਨ ਸਿੱਖਾਂ ਨੇ ਫਰਾਂਸ ਵੱਲੋਂ ਲੜਾਈ ਲੜੀ ਸੀ। ਇਸ ਕਰਕੇ ਉਨ੍ਹਾਂ ਦੇ ਸਿਰ 'ਤੇ ਸਿੱਖਾਂ ਦਾ ਕਰਜ਼ ਹੈ।

ਦੂਜੇ ਪਾਸੇ ਇਸ ਮੰਗ ਨੂੰ ਲੈ ਕੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਦੀ ਭਾਰਤ ਫੇਰੀ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਭਾਜਪਾ

*(ਬਾਕੀ ਸਫਾ 6 'ਤੇ)*


## TAJ INSURANCE SERVICES
*Local or Long Haul Trucking (48 States)
*Personal or Commercial Lines
*Standard or Non Satandard Market
*Auto and Home package Available


Gurdawar S. Mann
Lic#0F34231
To beat your rates, Visit or Call
Gurdawar S. Mann Or Pal Rai
4 Union Square, Union city, CA 94587
Ph:(510) 487-1000
Fax (510)740-3451
Note:Also Income Tax filing Available

## Raja SWEETS & CATERING®
Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

## Law Offices Of Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜਨਸ ਲਾਅ


Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਸੁਖਪਾਲ ਖਹਿਰਾ 22 ਨੂੰ ਨਿਊ ਯਾਰਕ ਪਹੁੰਚਣਗੇ

**ਫਰੀਮਾਂਟ:** ਜ਼ਿਲ੍ਹਾ ਕਪੂਰਥਲਾ ਦੇ ਹਲਕਾ ਭੁਲੱਥ ਤੋਂ ਪੰਜਾਬ ਵਿਧਾਨ ਸਭਾ ਦੇ ਮੈਂਬਰ ਸ. ਸੁਖਪਾਲ ਸਿੰਘ ਖਹਿਰਾ ਆਪਣੇ ਅਮਰੀਕਾ ਦੌਰੇ ਲਈ 22 ਦਸੰਬਰ ਨੂੰ ਨਿਊ ਯਾਰਕ ਪਹੁੰਚਣਗੇ ਜਿਥੇ ਸ. ਜਗੀਰ ਸਿੰਘ ਸਬਜ਼ੀਮੰਡੀ ਅਤੇ ਹਲਕਾ ਭੁਲੱਥ ਦੇ ਨਿਵਾਸੀ ਉਨ੍ਹਾਂ ਨੂੰ ਜੀ ਆਇਆਂ ਆਖਣਗੇ। ਜਗੀਰ ਸਿੰਘ ਸਬਜ਼ੀਮੰਡੀ ਨਾਲ ਸੰਪਰਕ ਫੋਨ 917-386-4444 'ਤੇ ਕੀਤਾ ਜਾ ਸਕਦਾ ਹੈ।

ਇਹ ਜਾਣਕਾਰੀ ਦਿੰਦਿਆਂ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਦੱਸਿਆ ਕਿ 24 ਦਸੰਬਰ ਨੂੰ ਸ. ਖਹਿਰਾ ਸ਼ਿਕਾਗੋ ਪਹੁੰਚਣਗੇ। ਇਸ ਦਿਨ ਦੁਪਹਿਰੇ ਉਹ ਮਿਲਵਾਕੀ ਜਾਣਗੇ ਅਤੇ ਸ਼ਾ ਨੂੰ ਸ਼ਿਕਾਗੋ ਵਿਚ ਪੰਜਾਬੀ ਭਾਈਚਾਰੇ ਵਲੋਂ ਉਨ੍ਹਾਂ ਦੇ ਮਾਣ ਵਿਚ ਕੀਤੇ ਜਾ ਰਹੇ ਇਕ ਸਮਾਗਮ ਵਿਚ ਸ਼ਾਮਲ ਹੋਣਗੇ। ਸ਼ਿਕਾਗੋ ਦੇ ਸਮਾਗਮ ਲਈ ਹੋਰ ਜਾਣਕਾਰੀ ਅਜੈਬ ਸਿੰਘ ਲਖਨ ਫੋਨ 847-544-1788 ਜਾਂ ਸੰਤੋਖ ਸਿੰਘ ਡੀ ਸੀ ਫੋਨ 847-338-3866 ਤੋਂ ਲਈ ਜਾ ਸਕਦੀ ਹੈ।

ਸ. ਖਹਿਰਾ ਵੀਰਵਾਰ 9 ਦਸੰਬਰ ਨੂੰ ਬੇ-ਏਰੀਆ ਦੇ ਰੇਡੀਓ ਚੜ੍ਹਦੀ ਕਲਾ ਤੋਂ ਸ਼ਾਮੀ 7 ਵਜੇ (ਕੈਲੀਫੋਰਨੀਆ ਸਮਾਂ) ਇਕ ਲਾਈਵ ਟਾਕਸ਼ੋਅ ਦੇਣਗੇ ਜੋ ਕਿ ਇੰਟਰਨੈਟ ਰਾਹੀਂ ਦੁਨੀਆਂ ਵਿਚ ਕਿਤੇ ਵੀ ਰੇਡੀਓ ਚੜ੍ਹਦੀ ਕਲਾ ਦੀ ਵੈਬਸਾਈਟ www.radiock.com ਰਾਹੀਂ ਸੁਣਿਆ ਜਾ ਸਕੇਗਾ।

ਸ. ਗਾਖਲ ਅਨੁਸਾਰ ਸ. ਖਹਿਰਾ ਪਹਿਲੀ ਜਨਵਰੀ ਨੂੰ ਯੂਨੀਅਨ ਸਿਟੀ (ਕੈਲੀਫੋਰਨੀਆ) ਦੇ ਰਾਜਾ ਸਵੀਟਸ ਰੈਸਟੋਰੈਂਟ ਵਿਚ ਹਲਕਾ ਭੁਲੱਥ ਦੇ ਵਾਸੀਆਂ ਅਤੇ ਆਪਣੇ ਹੋਰ ਪ੍ਰਸ਼ੰਸਕਾਂ ਦੇ ਇਕੱਠ



ਸੁਖਪਾਲ ਸਿੰਘ ਖਹਿਰਾ

ਵਿਚ ਸ਼ਾਮਲ ਹੋਣਗੇ। ਇਸ ਤੋਂ ਬਾਅਦ 2 ਜਨਵਰੀ ਨੂੰ ਉਹ ਟਰੇਸੀ, 3 ਜਨਵਰੀ ਨੂੰ ਫਰਿਜ਼ਨੋ ਅਤੇ 4 ਜਨਵਰੀ ਨੂੰ ਲਾਸ ਏਂਜਲਸ ਵਿਚ ਪਰਵਾਸੀ ਪੰਜਾਬੀਆਂ ਦੇ ਸਮਾਗਮਾਂ ਵਿਚ ਸ਼ਾਮਲ ਹੋਣਗੇ। ਪੰਜ ਜਨਵਰੀ ਨੂੰ ਫੀਨਿਕਸ, ਐਰੀਜ਼ੋਨਾ ਅਤੇ 6 ਜਨਵਰੀ ਨੂੰ ਹਿਊਸਟਨ ਵਿਚ ਪੰਜਾਬੀਆਂ ਨਾਲ ਮੁਲਾਕਾਤ ਕਰਨਗੇ। ਇਨ੍ਹਾਂ ਸਮਾਗਮਾਂ ਦੌਰਾਨ ਹਲਕਾ ਭੁਲੱਥ ਦੇ ਵਾਸੀ ਉਨ੍ਹਾਂ ਨੂੰ ਮਿਲ ਕੇ ਆਪਣੀਆਂ ਸਮੱਸਿਆਵਾਂ ਤੋਂ ਜਾਣੂ ਕਰਵਾ ਸਕਦੇ ਹਨ। ਫਰਿਜ਼ਨੋ ਦੇ ਪ੍ਰੋਗਰਾਮ ਦਾ ਪ੍ਰਬੰਧ ਉਘੇ ਕਾਂਗਰਸੀ ਆਗੂ ਸ. ਸੁਖਵਿੰਦਰ ਸਿੰਘ ਟਿਵਾਣਾ ਵਲੋਂ ਕੀਤਾ ਜਾ ਰਿਹਾ ਹੈ ਜਦੋਂਕਿ ਲਾਸ ਏਂਜਲਸ ਵਿਚ ਸ੍ਰੀ ਗੈਰੀ ਗਰੇਵਾਲ ਵਲੋਂ ਕੀਤਾ ਜਾ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਸ. ਖਹਿਰਾ ਉਘੇ ਕਬੱਡੀ ਪ੍ਰੋਮੋਟਰ ਅਤੇ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਦੇ ਸੱਦੇ ਉਤੇ ਅਮਰੀਕਾ ਆ ਰਹੇ ਹਨ। ਸ. ਖਹਿਰਾ ਦੇ ਪੁਰਾਣੇ ਸਮਰਥਕ ਸ. ਮੰਗਲ ਸਿੰਘ ਭੰਡਾਲ ਅਤੇ ਕਲੱਬ ਦੀ ਪੂਰੀ ਟੀਮ ਚੇਅਰਮੈਨ ਸ. ਗਾਖਲ, ਪ੍ਰਧਾਨ ਬਲਬੀਰ ਭਾਟੀਆ, ਗੁਰਦਾਵਰ ਸਿੰਘ ਮਹੇੜੂ, ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ, ਇਕਬਾਲ ਸਿੰਘ ਗਾਖਲ, ਪਰਮਜੀਤ ਸਿੰਘ ਸੰਧੂ, ਪਲਵਿੰਦਰ ਸਿੰਘ ਗਾਖਲ, ਦਲਵਿੰਦਰ ਸਿੰਘ ਪੱਡਾ ਅਤੇ ਨਰਿੰਦਰ ਸਿੰਘ ਸਹੋਤਾ ਸ. ਖਹਿਰਾ ਨੂੰ ਜੀ ਆਇਆਂ ਕਹਿਣ ਲਈ ਪੂਰੀ ਤਿਆਰੀ ਵਿਚ ਹਨ। ਬੇ-ਏਰੀਏ ਦੇ ਪ੍ਰੋਗਰਾਮਾਂ ਲਈ ਹੋਰ ਜਾਣਕਾਰੀ ਸ. ਅਮੋਲਕ ਸਿੰਘ ਗਾਖਲ ਪਾਸੋਂ ਫੋਨ 831-247-4637 ਤੋਂ ਲਈ ਜਾ ਸਕਦੀ ਹੈ।




# ਸਦਾਮ ਨੂੰ ਫਾਹੇ ਲਾਏ ਜਾਣ ਦੇ ਵੇਰਵੇ ਨਸ਼ਰ

**ਬਗ਼ਦਾਦ:** ਅਮਰੀਕੀ ਸਿਫ਼ਾਰਤੀ ਸੁਨੇਹਿਆਂ ਵਿਚੋਂ ਇਕ ਹੋਰ ਲੀਕ ਹੋਏ ਸੁਨੇਹੇ ਵਿਚ ਇਰਾਕ ਦੇ ਤਾਨਾਸ਼ਾਹ ਸੱਦਾਮ ਹੁਸੈਨ ਨੂੰ ਫਾਹੇ ਲਾਏ ਜਾਣ ਦੀ ਘਟਨਾ ਦੇ ਵੇਰਵੇ ਬਿਆਨੇ ਹੋਏ ਹਨ ਜਿਸ ਵਿਚ ਗਾਰਡਾਂ ਵੱਲੋਂ ਉਸ ਨੂੰ 'ਨਰਕਾਂ 'ਚ ਜਾਹ' ਕਹਿਣ ਤੋਂ ਲੈ ਕੇ ਅਫ਼ਸਰਾਂ ਵੱਲੋਂ ਉਸ ਦੀਆਂ ਫਾਹੇ ਲਾਏ ਜਾਂਦੇ ਦੀਆਂ ਮੋਬਾਈਲ ਫੋਨਾਂ 'ਤੇ ਤਸਵੀਰਾਂ ਲੈਣ ਤੱਕ ਦਾ ਜ਼ਿਕਰ ਕੀਤਾ ਗਿਆ ਹੈ।

ਦਸੰਬਰ 2006 'ਚ ਸੱਦਾਮ ਹੁਸੈਨ ਨੂੰ ਫਾਹੇ ਲਾਏ ਜਾਣ ਪਿੱਛੇ ਉਦੋਂ ਕੌਮਾਂਤਰੀ ਪੱਧਰ 'ਤੇ ਵਿਵਾਦ ਛਿੜ ਪਿਆ ਸੀ ਜਦੋਂ ਉਸ ਨੂੰ ਸਜ਼ਾ ਦਿੱਤੇ ਜਾਣ ਦੇ ਸਾਰੇ ਅਮਲ ਦੀ ਮੋਬਾਈਲ ਫੋਨ ਰਾਹੀਂ ਬਣਾਈ ਗਈ ਵੀਡੀਓ, ਇੰਟਰਨੈਟ 'ਤੇ ਪਾ ਦਿੱਤੀ ਗਈ ਸੀ ਤੇ ਉਸ ਨੂੰ ਫਾਹੇ ਲਾਏ ਜਾਣ ਵੇਲੇ ਉਸ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਸਨ। ਲੀਕ ਹੋਏ ਸਿਫ਼ਾਰਤੀ ਸੁਨੇਹੇ ਅਨੁਸਾਰ ਉਦੋਂ ਛਿੜੇ ਵਿਵਾਦ ਕਾਰਨ ਹੀ ਉਸ ਵੇਲੇ ਅਮਰੀਕੀ ਸਫ਼ੀਰ ਜ਼ਲਮਏ ਖ਼ਲੀਲਜ਼ਾਦ ਨੂੰ ਕਹਿਣਾ ਪਿਆ ਸੀ ਕਿ ਸੱਦਾਮ ਦੇ ਹਮਾਇਤੀ ਉਸ ਨੂੰ ਫਾਹੇ ਲਾਏ ਜਾਣ ਦੇ ਇਸ ਮਾੜੇ ਢੰਗ ਨੂੰ ਇਹ ਕਹਿ ਕੇ ਪ੍ਰਚਾਰਨਗੇ ਕਿ ਇਰਾਕ ਦੇ ਸਾਬਕਾ ਮੁਖੀ ਦਾ ਮਾਮਲਾ ਨਿਰਪੱਖ ਢੰਗ ਨਾਲ ਨਹੀਂ ਚਲਾਇਆ ਗਿਆ।

ਜਨਵਰੀ 2007 'ਚ ਭੇਜੇ ਗਏ ਤੇ 'ਗੁਪਤ' ਸ਼੍ਰੇਣੀ 'ਚ ਰੱਖੇ ਗਏ ਸਿਫ਼ਾਰਤੀ ਸੁਨੇਹੇ ਮੁਤਾਬਕ ਇਰਾਕ ਦੇ ਉਪ ਸਰਕਾਰੀ ਵਕੀਲ ਮੋਂਕਿਥ ਅਲ-ਫਰਾਊਨ ਨੇ ਖ਼ਲੀਲਜ਼ਾਦ ਨਾਲ ਮੀਟਿੰਗ ਦੌਰਾਨ ਦੱਸਿਆ ਸੀ ਕਿ ਜਿਹੜਾ ਗਾਰਡ ਸੱਦਾਮ ਨੂੰ ਫਾਹੇ ਲਾਉਣ ਵਾਸਤੇ ਪਲੇਟਫਾਰਮ ਵੱਲ ਲਿਜਾ ਰਿਹਾ ਸੀ ਉਸ ਨੇ ਉਹਨੂੰ 'ਨਰਕਾਂ 'ਚ ਜਾਹ' ਕਿਹਾ ਸੀ ਜਿਸ ਉਤੇ ਫਰਾਊਨ ਨੇ ਉਸ ਨੂੰ ਟੋਕਿਆ ਸੀ।

ਫਰਾਊਨ ਨੇ ਨਾਲ ਹੀ ਦੱਸਿਆ ਕਿ ਉਸ ਨੇ ਦੇਖਿਆ ਕਿ ਮੌਕੇ 'ਤੇ ਮੌਜੂਦ ਇਰਾਕੀ ਅਫ਼ਸਰ ਵੀ ਸ਼ਰੇਆਮ ਸੱਦਾਮ ਦੀਆਂ ਤਸਵੀਰਾਂ ਖਿੱਚ ਰਹੇ ਸਨ ਜਦਕਿ ਉਥੇ ਮੋਬਾਈਲ ਫੋਨ ਲਿਜਾਣ ਦੀ ਮਨਾਹੀ ਸੀ।

ਫਾਹੇ ਲਾਏ ਜਾਣ ਮਗਰੋਂ ਮੋਬਾਈਲ ਫੋਨ ਦੀ ਫੁਟੇਜ ਬਗ਼ਦਾਦ ਦੀਆਂ ਗਲੀਆਂ ਵਿੱਚ ਵੇਚੀ ਗਈ ਜਿਸ ਵਿੱਚ ਉਹ ਬਹੁਤ ਗੁੱਸੇ 'ਚ ਪਰ ਸਥਿਰ ਇਕ ਹਨੇਰੇ ਹਾਲ 'ਚ ਸਟੀਲ ਦੇ ਪਲੇਟਫਾਰਮ ਉਤੇ ਖੜ੍ਹਾ ਸੀ। ਉਸ ਦੇ ਹੱਥ ਬੰਨ੍ਹੇ ਹੋਏ ਸਨ ਤੇ ਉਸ ਦੇ ਗਲ ਦੁਆਲੇ ਰੱਸੀ ਸੀ। ਉਹਦੇ ਪੈਰਾਂ ਥੱਲਿਓਂ ਸਟੀਲ ਦਾ ਫੱਟਾ ਖਿਸਕਣ 'ਤੇ ਉਹਦੇ ਮੌਤ ਦੇ ਮੂੰਹ 'ਚ ਜਾਣ ਤੋਂ ਪਹਿਲਾਂ ਪਾਰਟੀ ਦੇ ਕਈ ਮੈਂਬਰ ਵੀ ਮੁਕਤਦਾ! ਮੁਕਤਦਾ! ਦੇ ਨਾਅਰੇ ਲਾਉਂਦੇ ਸੁਣੇ ਜਾ ਸਕਦੇ ਸਨ।

## ਸੰਤ ਹਰਪਾਲ ਸਿੰਘ ਸੈਨ ਹੋਜ਼ੇ 'ਚ ਦੀਵਾਨ ਸਜਾਉਣਗੇ

**ਸੈਨਹੋਜ਼ੇ:** ਸੰਤ ਹਰਪਾਲ ਸਿੰਘ ਰਤਵਾੜੇ ਵਾਲੇ 20 ਦਸੰਬਰ ਤੋਂ 26 ਦਸੰਬਰ ਤੱਕ ਗੁਰਦੁਆਰਾ ਸੈਨ ਹੋਜ਼ੇ ਵਿਚ ਰੋਜ਼ਾਨਾ ਦੀਵਾਨ ਸਜਾਉਣਗੇ। ਗੁਰੂ ਘਰ ਦੀ ਕਮੇਟੀ ਨੇ ਸਮੂਹ ਸੰਗਤ ਨੂੰ ਇਨ੍ਹਾਂ ਦੀਵਾਨਾਂ ਵਿਚ ਹਾਜ਼ਰੀਆ ਭਰਨ ਦੀ ਬੇਨਤੀ ਕੀਤੀ ਹੈ।



ਸੰਤ ਹਰਪਾਲ ਸਿੰਘ

ਹੋਰ ਜਾਣਕਾਰੀ ਲਈ ਫੋਨ 408-274-9373 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਵਿਕੀਲੀਕਸ ਦਾ ਮੋਢੀ ਅਸਾਂਜ ਬਲਾਤਕਾਰ ਦੇ ਦੋਸ਼ ਹੇਠ ਗ੍ਰਿਫ਼ਤਾਰ

**ਲੰਡਨ:** ਅਮਰੀਕਾ ਦੀ ਨੀਂਦ ਉਡਾਉਣ ਵਾਲੇ ਵੈੱਬਪੇਜ 'ਵਿਕੀਲੀਕਸ' ਦੇ ਬਾਨੀ ਜੂਲੀਆਂ ਅਸਾਂਜ ਨੂੰ ਬਲਾਤਕਾਰ ਦੇ ਮਾਮਲੇ ਵਿਚ ਇਥੇ ਗ੍ਰਿਫਤਾਰ ਕਰ ਲਿਆ। ਉਸ ਖ਼ਿਲਾਫ਼ ਇਹ ਕੇਸ ਸਵੀਡਨ ਵਿਖੇ ਦਰਜ ਹੈ ਤੇ ਉਥੋਂ ਦੀ ਸਰਕਾਰ ਨੇ ਅਸਾਂਜ ਦੇ ਗ੍ਰਿਫਤਾਰੀ ਵਾਰੰਟ ਕੱਢੇ ਹੋਏ ਸਨ।



ਜੂਲੀਆਂ ਅਸਾਂਜ

ਵੈੱਬਸਾਈਟ ਵਿਕੀਲੀਕਸ ਦੇ ਮਾਲਕ ਅਸਾਂਜ ਨੂੰ ਫੜਨ ਲਈ ਅਮਰੀਕਾ ਵੱਲੋਂ ਵਾਹਵਾ ਹੱਥ-ਪੈਰ ਮਾਰੇ ਜਾ ਰਹੇ ਸਨ ਤੇ ਆਖਰ ਉਸ ਨੂੰ ਬਲਾਤਕਾਰ ਦੇ ਪਹਿਲਾਂ ਹੀ ਬੰਦ ਹੋ ਚੁੱਕੇ ਮਾਮਲੇ ਵਿਚ ਫੜ ਲਿਆ ਗਿਆ। 39 ਸਾਲਾ ਅਸਾਂਜ ਜੋ ਆਸਟਰੇਲਿਆਈ ਨਾਗਰਿਕ ਹੈ, ਇਥੇ ਇਕ ਹਫਤੇ ਤੋਂ ਲੁਕਿਆ ਹੋਇਆ ਸੀ ਤੇ ਮੰਗਲਵਾਰ ਨੂੰ ਜਦੋਂ ਉਹ 9.30 ਵਜੇ ਆਪ ਆਤਮ ਸਮਰਪਣ ਲਈ ਮੈਟਰੋਪੋਲਿਟਨ ਥਾਣੇ ਜਾ ਰਿਹਾ ਸੀ ਤਾਂ ਪੁਲੀਸ ਨੇ ਉਸ ਨੂੰ ਦਬੋਚ ਲਿਆ। ਉਸ ਨੂੰ ਵੈਸਟ ਮਿਨਸਟਰ ਅਦਾਲਤ ਵਿਚ ਪੇਸ਼ ਕੀਤਾ। ਉਸ ਨੂੰ ਜ਼ਮਾਨਤ ਨਹੀਂ ਦਿੱਤੀ ਗਈ ਅਤੇ ਜੇਲ੍ਹ ਭੇਜ ਦਿੱਤਾ ਗਿਆ। ਅਸਾਂਜ ਉਪਰ ਇਸ ਸਾਲ ਅਗਸਤ ਵਿਚ ਬਲਾਤਕਾਰ ਸਣੇ ਤਿੰਨ ਮਾਮਲੇ ਦਰਜ ਕੀਤੇ ਗਏ ਸਨ। ਉਸ ਦੇ ਵਕੀਲ ਨੇ ਦੱਸਿਆ ਕਿ ਉਸ ਦੇ ਮੁਵੱਕਿਲ ਖਿਲਾਫ ਕੋਈ ਠੋਸ ਕੇਸ ਨਹੀਂ, ਉਸ ਨੂੰ ਝੂਠਾ ਹੀ ਫਸਾਇਆ ਗਿਆ ਹੈ। ਹੁਣ ਉਸ ਦੀ ਜਾਨ ਨੂੰ ਵੀ ਖਤਰਾ ਹੈ। ਇਸ ਦੌਰਾਨ ਅਫ਼ਗਾਨਿਸਤਾਨ ਪੁੱਜੇ ਅਮਰੀਕਾ ਦੇ ਰੱਖਿਆ ਮੰਤਰੀ ਰਾਬਰਟ ਗੇਟਸ ਨੇ ਬਰਤਾਨੀਆ ਦੀ ਪੁਲੀਸ ਵੱਲੋਂ ਅਸਾਂਜ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਵਾਗਤ ਕੀਤਾ ਹੈ।


*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*






# ਕੀ ਤੁਸੀਂ ਡਾਇਬਟੀਜ਼, ਥਾਇਰਾਡ, ਹਾਈ ਕੋਲੈਸਟਰੋਲ, ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਹੋ ਜਾਂ ਕੋਈ ਹੋਰ ਰੋਗ ਤੁਹਾਡੇ ਲਈ ਚਿੰਤਾ ਦਾ ਵਿਸ਼ਾ ਹੈ



## *ਟਾਈਪ-2 ਡਾਇਬਟੀਜ਼-ਕੀ ਤੁਹਾਡੇ ਕੋਲ ਇਸ ਤੋਂ ਛੁਟਕਾਰੇ ਦਾ ਕੋਈ ਰਾਹ ਨਹੀਂ? ਇਹ ਤੁਹਾਡੇ ਨਾਲ ਹੀ ਨਿਭੇਗੀ!*

ਸਟਾਕਟਨ ਏਰੀਏ ਦੇ ਡਾਇਬਟੀਜ਼ ਦੇ ਮਰੀਜਾਂ ਦੇ ਸਹਾਇਕ ਇਕ ਮਾਹਰ ਵਲੋਂ ਹਾਲ ਹੀ ਵਿਚ ਰਿਲੀਜ਼ ਹੋਈ ਆਪਣੀ ਖਪਤਕਾਰ ਗਾਈਡ ਵਿਚ ਇੰਕਸ਼ਾਫ ਕੀਤਾ ਗਿਆ ਹੈ ਕਿ ਤੁਹਾਡਾ ਸ਼ੂਗਰ ਰੋਗ ਉਮਰ ਭਰ ਦੀ ਸਜ਼ਾ ਨਹੀਂ ਹੋਣਾ ਚਾਹੀਦਾ! ਅਤੇ ਤੁਸੀਂ ਇਸ ਬਾਰੇ ਕੀ ਕੁਝ ਕਰ ਸਕਦੇ ਹੋ?

**ਆਪਣੇ ਤੋਂ ਇਹ ਸਵਾਲ ਪੁਛੋ:**

*ਕੀ ਤੁਹਾਡਾ ਡਾਕਟਰ ਤੁਹਾਡੀ ਵਿਜ਼ਿਟ ਸਮੇਂ ਤੁਹਾਡੇ ਨਾਲ ਲੋੜੀਂਦਾ ਸਮਾਂ ਗੁਜਾਰਦਾ ਹੈ?

*ਕੀ ਕੋਈ ਵਜ਼ਨ ਘਟਾਉਣ, ਥਕਾਵਟ ਦੂਰ ਕਰਨ, ਕਸਰਤ... ਜਾਂ ਸਿਹਤਮੰਦ ਹੋਣ ਵਿਚ ਤੁਹਾਡੀ ਮਦਦ ਕਰ ਰਿਹਾ ਹੈ?

*ਕੀ ਤੁਹਾਨੂੰ ਉਹ ਸਾਰੇ ਅਤੇ ਬੇਹੱਦ ਜਰੂਰੀ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ ਜਿਨ੍ਹਾਂ ਨਾਲ ਤੁਹਾਨੂੰ ਘੱਟ ਦਵਾਈ ਦੀ ਲੋੜ ਪਵੇ ਜਾਂ ਬਿਲਕੁਲ ਹੀ ਨਾ ਪਵੇ?

*ਕੀ ਤੁਹਾਡਾ ਡਾਕਟਰ ਤੁਹਾਨੂੰ ਸ਼ੂਗਰ ਬਾਰੇ ਇਹ ਆਮ ਪੰਜ ਗਲਤੀਆਂ ਕਰਨਾ ਅਤੇ ਭਰਮ ਪਾਲਣਾ ਸਿਖਾ ਰਿਹਾ ਹੈ? ਇਸ ਸਭ ਦੇ ਜਵਾਬ ਹੇਠਾਂ ਦਿੱਤੇ ਗਏ ਹਨ:

ਸਟਾਕਟਨ ਇਲਾਕੇ ਵਿਚ ਲੰਮੇ ਸਮੇਂ ਤੋਂ ਸਿਹਤ ਸਹੂਲਤਾਂ ਮੁਹੱਈਆ ਕਰ ਰਹੇ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਨੇ ਇਸ ਏਰੀਏ ਦੇ ਸ਼ੂਗਰ ਰੋਗ ਤੋਂ ਪੀੜਿਤ ਮਰੀਜਾਂ ਦੀਆਂ ਆਮ ਤੇ ਗੰਭੀਰ ਮੁਸ਼ਕਿਲਾਂ ਬਾਰੇ ਜਨਤਕ ਤੌਰ 'ਤੇ ਗੱਲਾਂ ਕੀਤੀਆਂ। ਡਾ. ਸਿਹੋਤਾ ਮਾਡੈਸਟੋ, ਸਟਾਕਟਨ ਅਤੇ ਇਸ ਨਾਲ ਲਗਦੇ ਇਲਾਕਿਆਂ ਵਿਚ ਸਿਹਤ ਸੰਭਾਲ ਦੇ ਮਾਮਲੇ ਵਿਚ ਇਕ ਜਾਣੀ ਪਛਾਣੀ ਸ਼ਖਸੀਅਤ ਹਨ ਅਤੇ ਹਾਲ ਹੀ ਵਿਚ ਉਨ੍ਹਾਂ ਨੇ ਸਾਡੇ ਨਾਲ ਇਕ ਰਿਪੋਰਟ ਸਾਂਝੀ ਕੀਤੀ ਜਿਸ ਦਾ ਸਿਰਲੇਖ ਹੈ, "ਤੁਹਾਡਾ ਸ਼ੂਗਰ ਰੋਗ ਉਮਰ ਭਰ ਦੀ ਸਜ਼ਾ ਨਹੀਂ ਹੋਣਾ ਚਾਹੀਦਾ" ਅਤੇ ਇਹੋ ਇਸ ਲੇਖ ਦਾ ਮੂਲ ਮੁੱਦਾ ਹੈ। ਉਨ੍ਹਾਂ ਨੇ ਸ਼ੂਗਰ ਰੋਗ ਬਾਰੇ ਆਮ ਗਲਤਫਹਿਮੀਆਂ, ਬੇਚੈਨੀਆਂ ਅਤੇ ਇਸ ਨਾਲ ਜੱਦੋਜਹਿਦ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਨਾਲ ਡਾਇਬਟੀਜ਼ ਦੇ ਲੱਖਾਂ ਮਰੀਜ਼ ਹਰ ਵਰ੍ਹੇ ਦੋ-ਚਾਰ ਹੁੰਦੇ ਹਨ।

### ਡਾਇਬਟੀਜ਼ ਬਾਰੇ ਪੰਜ ਮੁੱਖ ਗਲਤਫਹਿਮੀਆਂ

(1) ਇਹ ਸੋਚਣਾ ਕਿ ਟਾਈਪ-2 ਡਾਇਬਟੀਜ਼ ਮੂਲੋਂ ਹੀ ਪੁਸ਼ਤੈਨੀ ਹੈ

ਕੀ ਡਾਇਬਟੀਜ਼ ਤੁਹਾਨੂੰ ਪੁਸ਼ਤੈਨੀ ਤੌਰ 'ਤੇ ਮਿਲੀ ਹੈ ਅਤੇ ਇਹ ਜਨਮ ਨਾਲ ਹੀ ਤੁਹਾਡੇ ਸਰੀਰ ਵਿਚ ਆ ਗਈ ਹੈ? ਬਿਲਕੁਲ ਠੀਕ! ਪਰ ਤੁਹਾਡੇ ਸ਼ੂਗਰ ਰੋਗ ਵਿਚ ਰੋਗ ਦਾ ਪੁਸ਼ਤੈਨੀ ਹੋਣਾ ਬਹੁਤ ਸਾਰੇ ਕਾਰਨਾਂ ਵਿਚੋਂ ਸਿਰਫ ਇਕ ਕਾਰਨ ਹੈ ਅਤੇ ਇਹੋ ਹੀ ਇਕ ਇਕੱਲਾ ਕਾਰਨ ਨਹੀਂ ਹੈ।

ਬਹੁਤ ਗੰਭੀਰ ਅਤੇ ਖਤਰਨਾਕ ਚੀਜ਼ ਤਾਂ ਇਹ ਖਿਆਲ ਹੈ ਜੋ ਕੋਈ ਡਾਕਟਰ ਆਪਣੇ ਸ਼ੂਗਰ ਰੋਗ ਦੇ ਮਰੀਜਾਂ ਨੂੰ ਦਿੰਦਾ ਹੈ ਕਿ ਉਹ "ਲਾਚਾਰ" ਹਨ ਅਤੇ ਮਰੀਜ ਅੱਗੋਂ "ਹਥਿਆਰ ਸੁੱਟ ਦੇਣ ਦਾ ਰੁਖ ਅਪਨਾ ਲੈਂਦੇ ਹਨ।" ਮਰੀਜਾਂ ਨੂੰ ਇਹ ਜਚਾ ਦੇਣਾ ਕਿ ਉਨ੍ਹਾਂ ਪਾਸ ਸਿਰਫ ਦਵਾਈਆਂ ਖਾਈ ਜਾਣ ਅਤੇ ਆਪਣੀ ਥੋੜ੍ਹੀ ਰਹਿੰਦੀ ਜ਼ਿੰਦਗੀ ਵਿਚ ਰੋਗ ਦਾ ਦੁੱਖ ਭੋਗਣ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਹੈ, ਉਕਾ ਹੀ ਗਲਤ ਹੈ ਤੇ ਇਹ ਸੱਚ ਤੋਂ ਕੋਹਾਂ ਦੂਰ ਹੈ। ਇਹ ਖਿਆਲ ਦੇਣਾ ਕਿ "ਕਿਉਂਕਿ ਤੁਹਾਡੇ ਮਾਂ-ਬਾਪ ਨੂੰ ਡਾਇਬਟੀਜ਼ ਸੀ ਸੋ ਕੋਈ ਹੈਰਾਨੀ ਨਹੀਂ ਕਿ ਤੁਹਾਨੂੰ ਵੀ ਹੈ" ਇਹ ਨੁਕਤਾ ਨਿਗਾਹ ਨਿਹਾਇਤ ਖਤਰਨਾਕ ਹੈ ਕਿਉਂਕਿ ਇਹ ਇਲਾਜ ਅਤੇ ਠੀਕ ਹੋਣ ਦੀਆਂ ਤੁਹਾਡੀਆਂ ਸੰਭਾਵਨਾਵਾਂ ਨੂੰ ਸੀਮਤ ਕਰਦਾ ਹੈ।

(2) ਇਹ ਯਕੀਨ ਕਰਨਾ ਕਿ ਤੁਹਾਨੂੰ ਇਸ ਦੇ ਸੰਗ ਹੀ ਰਹਿਣਾ ਪਵੇਗਾ ਅਤੇ ਇਸ ਦਾ ਕੋਈ ਇਲਾਜ ਹੀ ਨਹੀਂ ਹੈ

ਜੇ ਤੁਹਾਨੂੰ ਇਹ ਮੂਲੋਂ ਹੀ ਝੂਠਾ ਸੰਕਲਪ ਦਿੱਤਾ ਗਿਆ ਹੈ ਤਾਂ ਤੁਹਾਡੇ ਨਾਲ ਝੂਠ ਬੋਲਿਆ ਗਿਆ ਹੈ। ਜੋ ਲੋਕ ਇਹ ਕਹਿੰਦੇ ਹਨ, ਉਨ੍ਹਾਂ ਨੇ ਆਪਣਾ ਹੋਮਵਰਕ ਨਹੀਂ ਕੀਤਾ ਹੁੰਦਾ ਅਤੇ ਉਹ ਹਾਰ ਮੰਨੀ ਬੈਠੇ ਹੁੰਦੇ ਹਨ। ਬਦਲੇ ਵਿਚ ਉਹ ਆਪਣੀ ਹਾਰ ਨੂੰ ਤੁਹਾਡੇ ਸਿਰ ਮੜ੍ਹਨਾ ਚਾਹੁੰਦੇ ਹਨ।

ਡਾ. ਰੌਨ ਰੋਜ਼ਨਡੇਲ ਐਮ ਡੀ ਅਤੇ ਜੌਸਫ ਮਰਕੋਲਾ ਐਮ ਡੀ ਵਰਗੇ ਕਈ ਮੈਡੀਕਲ ਮਾਹਿਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਡਾਇਬਟੀਜ਼ ਦਾ ਇਲਾਜ ਸੰਭਵ ਹੈ। ਪਰ ਮੁਸੀਬਤ ਇਹ ਹੈ ਕਿ ਇਹ ਗੱਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਲਈ ਬਹੁਤ ਘਾਟੇਵੰਦੀ ਹੈ।

ਇਸ ਇਕ ਗਲਤੀ ਕਰਕੇ ਡਾਕਟਰ ਨਿਰੰਤਰ ਸ਼ੂਗਰ, ਹਾਈ ਬਲੱਡ ਪ੍ਰੈਸ਼ਰ ਅਤੇ ਕੋਲੈਸਟਰੌਲ ਘਟਾਉਣ ਦੀਆਂ ਹੋਰ ਅਤੇ ਹੋਰ ਦਵਾਈਆਂ ਦਿੱਤੀ ਜਾ ਰਹੇ ਹਨ... ਅਤੇ ਬਿਨਾਂ ਸ਼ੱਕ ਇਸ ਯਕੀਨ ਦਾ ਨਤੀਜਾ ਤੁਹਾਡੀ ਸਮੁੱਚੀ ਸਿਹਤ ਦੇ ਹੋਰ ਵਿਗੜਨ ਵਿਚ ਨਿਕਲਦਾ ਹੈ। ਪ੍ਰਿਸਕ੍ਰਿਪਸ਼ਨ ਆਮ ਕਰਕੇ ਹੋਰ ਵਧੇਰੇ ਇੰਸੂਲਿਨ ਦੀ ਹੁੰਦੀ ਹੈ।

(3) ਇਹ ਜਾਹਰ ਕਰਨਾ ਕਿ ਪ੍ਰਿਸਕ੍ਰਿਪਸ਼ਨ ਵਾਲੀਆਂ ਦਵਾਈਆਂ ਹੀ ਤੁਹਾਡੀ ਟਾਈਪ-2 ਡਾਇਬਟੀਜ਼ ਦਾ ਇਕੋ ਇਕ ਇਲਾਜ ਹੈ!

ਕੀ ਇਹ ਬਿਆਨ ਸ਼ੂਗਰ ਰੋਗ ਦੇ ਕੁਝ ਮਰੀਜਾਂ ਲਈ ਸਹੀ ਹੈ? ਹਾਂ, ਬਿਲਕੁਲ। ਕੀ ਤੁਸੀਂ ਆਪਣੇ ਡਾਕਟਰ ਦੀ ਸਲਾਹ ਬਿਨਾਂ ਆਪਣੀ ਦਵਾਈ ਕਿਸੇ ਤਰ੍ਹਾਂ ਬਦਲ ਸਕਦੇ ਹੋ?... ਨਹੀਂ, ਬਿਲਕੁਲ ਨਹੀਂ। ਪਰ ਜੇ ਤੁਹਾਡਾ ਡਾਕਟਰ ਪਹਿਲਾਂ ਹੀ ਹਥਿਆਰ ਸੁੱਟ ਚੁਕਾ ਹੈ ਅਤੇ ਉਸ ਦਾ ਯਕੀਨ ਹੈ ਕਿ ਇਹ ਤਿੰਨ ਪਹਿਲੀਆਂ ਗਲਤੀਆਂ ਠੀਕ ਹਨ, ਤਾਂ ਫਿਰ ਬਿਹਤਰੀਨ ਅਤੇ ਅਕਲ ਦੀ ਗੱਲ ਇਹੋ ਹੋਵੇਗੀ ਕਿ ਤੁਸੀਂ ਕਿਸੇ ਦੂਜੇ-ਤੀਜੇ ਜਾਂ ਚੌਥੇ ਦੀ ਸਲਾਹ ਲਵੋ।

ਜ਼ਰਾ ਸੋਚੋ, ਹਰ ਵਰ੍ਹੇ ਕਿੰਨੇ ਕਰੋੜ ਡਾਲਰ ਡਾਇਬਟੀਜ਼ ਬਾਰੇ ਖੋਜ ਉਪਰ ਖਰਚ ਕੀਤੇ ਜਾਂਦੇ ਹਨ। ਫਿਰ ਵੀ ਕੋਈ ਇਲਾਜ ਨਹੀਂ ਨਿਕਲਿਆ ਅਤੇ ਦਿਨੋਂ ਦਿਨ ਹੋਰ ਵਧੇਰੇ ਲੋਕ ਸ਼ੂਗਰ ਦੇ ਮਰੀਜ ਬਣੀ ਜਾ ਰਹੇ ਹਨ। ਮੌਜੂਦਾ ਪਹੁੰਚ ਅਧੀਨ ਉਨ੍ਹਾਂ ਦੇ ਮੋਟਾਪੇ ਦਾ ਸ਼ਿਕਾਰ ਹੋਣ, ਸੁਸਤ ਹੋਣ ਅਤੇ ਦਿਨੋਂ ਦਿਨ ਬੁੱਢੇ ਹੋ ਜਾਣ ਤੋਂ ਇਲਾਵਾ ਕੋਈ ਵੀ ਰਾਹ ਨਹੀਂ ਹੈ।

(4) ਇਹ ਆਸ ਕਰਨੀ ਕਿ ਸਭ ਡਾਕਟਰਾਂ ਨੂੰ ਡਾਇਬਟੀਜ਼ ਦੇ ਇਲਾਜ ਦਾ ਪਤਾ ਹੈ!

ਇਹ ਇਕ ਬਹੁਤ ਹੀ ਸੰਵੇਦਨਸ਼ੀਲ ਅਤੇ ਵਿਵਾਦਪੂਰਨ ਵਿਸ਼ਾ ਹੈ ਪਰ ਇਹ ਸਮਾਂ ਸੱਚ ਨੂੰ ਸੱਚ ਕਹਿਣ ਦਾ ਹੈ।

ਹਕੀਕਤ ਤਾਂ ਇਹ ਹੈ ਕਿ ਅਜਿਹੇ ਇਲਾਜ ਸੰਭਵ ਹਨ ਜਿਨ੍ਹਾਂ ਵਿਚ ਘਾਤਕ ਦਵਾਈ ਦੀ ਬਹੁਤ ਘੱਟ ਜਾਂ ਬਿਲਕੁਲ ਹੀ ਲੋੜ ਨਹੀਂ ਪੈਂਦੀ... ਹਕੀਕਤ ਤਾਂ ਇਹ ਵੀ ਹੈ ਕਿ ਬਹੁਤੇ ਡਾਕਟਰਾਂ ਨੂੰ ਇਹ ਪਤਾ ਹੀ ਨਹੀਂ ਹੈ ਕਿ ਦਵਾਈ ਬਿਨਾਂ ਵੀ ਕਿਸੇ ਦਾ ਇਲਾਜ ਸੰਭਵ ਹੋ ਸਕਦਾ ਹੈ ਅਤੇ ਉਹ ਮਰੀਜਾਂ ਨੂੰ ਟਾਈਪ-2 ਦੀ ਡਾਇਬਟੀਜ਼ ਤੋਂ ਛੁਟਕਾਰਾ ਦਿਵਾ ਸਕਦੇ ਹਨ।

ਯਕੀਨਨ, ਆਮ ਮਸ਼ਵਰਾ ਦਵਾਈਆਂ ਦੇਣ ਦਾ ਹੈ ਅਤੇ ਜਬਾਨੀ ਕਲਾਮੀ ਇਹ ਕਹਿਣ ਦਾ ਕਿ ਘੱਟ ਖਾਓ, ਕਸਰਤ ਕਰੋ। ਪਰ ਸੱਚ ਇਹ ਹੈ ਕਿ ਕੋਈ ਵੀ ਮਾਹਿਰ ਹੋਵੇ, ਭਾਵੇਂ ਇਹ ਕੋਈ ਕਾਰ ਮਕੈਨਿਕ, ਡੈਂਟਿਸਟ, ਅਕਾਊਂਟੈਂਟ ਜਾਂ ਡਾਕਟਰ ਹੋਵੇ, ਜੇ ਤੁਹਾਨੂੰ ਕੋਈ ਸਮੱਸਿਆ ਹੈ, ਉਸ ਬਾਰੇ ਉਸ ਨੂੰ ਬਹੁਤ ਘੱਟ ਤਜ਼ਰਬਾ ਹੋਵੇਗਾ ਅਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਤੁਹਾਡੀ ਕੋਈ ਮਦਦ ਨਾ ਕਰ ਸਕੇ।

ਦਵਾਈ ਬਿਨਾਂ ਤੁਹਾਡੀ ਡਾਇਬਟੀਜ਼ ਦਾ ਇਲਾਜ ਇਕ ਅਜਿਹਾ ਮਾਮਲਾ ਹੈ ਜਿਸ ਬਾਰੇ ਤੁਹਾਡਾ ਡਾਕਟਰ ਸ਼ਾਇਦ ਕੁਝ ਵੀ ਨਾ ਜਾਣਦਾ ਹੋਵੇ ਜਾਂ ਉਸ ਨੂੰ ਉਕਾ ਹੀ ਤਜ਼ਰਬਾ ਨਾ ਹੋਵੇ। ਬੇਸ਼ੱਕ ਇਹ ਗੱਲ ਸਾਰੇ ਹੀ ਡਾਕਟਰਾਂ ਬਾਰੇ ਸਹੀ ਨਹੀਂ ਹੈ ਪਰ ਜੇ ਤੁਹਾਡਾ ਡਾਕਟਰ ਨਿਰੰਤਰ ਅਤੇ ਦਿਲੋਂ ਆਪਣੇ ਡਾਇਬਟੀਜ਼ ਦੇ ਮਰੀਜਾਂ ਦੀ ਘੱਟ ਤੋਂ ਘੱਟ ਦਵਾਈ ਦੀ ਵਰਤੋਂ ਨਾਲ ਠੀਕ ਹੋਣ ਵਿਚ ਮਦਦ ਨਹੀਂ ਕਰ ਰਿਹਾ ਤਾਂ ਤੁਹਾਨੂੰ ਨਿਸ਼ਚੇ ਹੀ ਕਿਸੇ ਹੋਰ ਅਜਿਹੇ ਡਾਕਟਰ ਜਾਂ ਸਿਹਤ ਵਿਗਿਆਨੀ ਦੀ ਮਦਦ ਲੈਣੀ ਪਵੇਗੀ ਜਿਸ ਨੂੰ ਇਸ ਸਬੰਧੀ ਤਜ਼ਰਬਾ ਹੋਵੇ ਅਤੇ ਤੁਹਾਡੀ ਸਿਹਤ ਵਿਚ ਕੋਈ ਸੁਧਾਰ ਆ ਸਕੇ।

ਕੀ ਟਾਈਪ-2 ਡਾਇਬਟੀਜ਼ ਦੇ ਕੁਝ ਮਰੀਜਾਂ ਲਈ ਦਵਾਈ ਦਾ ਸਹਾਰਾ ਲੈਣਾ ਲਾਜ਼ਮੀ ਹੈ? ਹਾਂ। ਕੀ ਇਸ ਰੋਗ ਦੇ ਮਰੀਜ਼ ਕੁਝ ਸਾਦਾ ਓਹੜ-ਪੋਹੜ ਕਰ ਕੇ ਦਵਾਈ ਦੀ ਮਾਤਰਾ ਘਟਾ ਸਕਦੇ ਹਨ ਜਾਂ ਦਵਾਈ ਤੋਂ ਉਕਾ ਹੀ ਛੁਟਕਾਰਾ ਪਾ ਸਕਦੇ ਹਨ? ਅਤੇ ਆਪਣੀ ਜ਼ਿੰਦਗੀ ਨੂੰ ਚੋਖੀ ਹੱਦ ਤਕ ਬਿਹਤਰ ਬਣਾ ਸਕਦੇ ਹਨ?

ਬਿਲਕੁਲ। ਅਜਿਹਾ ਕੁਝ ਸੰਭਵ ਹੈ? ਇਹ ਜਾਣਨ ਲਈ ਤੁਹਾਨੂੰ ਕਿਸੇ ਅਨੁਭਵੀ ਡਾਕਟਰ ਤੋਂ ਸਹੀ ਸਲਾਹ-ਮਸ਼ਵਰਾ ਲੈਣਾ ਪਵੇਗਾ। ਇਥੇ ਨੁਕਤਾ ਇਹ ਨਹੀਂ ਹੈ ਕਿ ਦਵਾਈਆਂ ਦੀ ਲੋੜ ਨਹੀਂ ਜਾਂ ਦਵਾਈ ਗਲਤ ਹੈ। ਇਥੇ ਨੁਕਤਾ ਇਹ ਹੈ ਕਿ ਬੜੀਆਂ ਸਾਦਾ ਜਿਹੀਆਂ ਰਣਨੀਤੀਆਂ ਮੌਜੂਦ ਹਨ ਜਿਨ੍ਹਾਂ ਨੂੰ ਅਪਨਾ ਕੇ ਡਾਇਬਟੀਜ਼ ਦਾ ਕਰੀਬ ਹਰ ਮਰੀਜ਼ ਆਪਣੀ ਸਿਹਤ ਵਿਚ ਵਡਾ ਸੁਧਾਰ ਲਿਆ ਸਕਦਾ ਹੈ।

(5) ਜੇ ਤੁਸੀਂ ਟਾਈਪ 2 ਡਾਇਬਟੀਜ਼ ਦੇ ਮਰੀਜ਼ ਹੋ ਤਾਂ ਤੁਹਾਡੇ ਪੈਨਕ੍ਰਿਆ ਲੋੜੀਂਦੀ ਇੰਸੂਲੀਨ ਤਿਆਰ ਨਹੀਂ ਕਰ ਰਹੇ।

ਇਹ ਇਕ ਅਜਿਹੀ ਸਭ ਤੋਂ ਵਡੀ ਤੇ ਗੰਭੀਰ ਭੁਲ ਹੈ ਜੋ ਅਕਸਰ ਸ਼ੂਗਰ ਦੇ ਮਰੀਜ਼ ਕਰਦੇ ਹਨ। ਕੀ ਪੈਨਕ੍ਰਿਆ ਦਾ ਡਾਇਬਟੀਜ਼ ਵਿਚ ਕੋਈ ਦਖਲ ਹੈ?...ਇਸ ਬਾਰੇ ਕੋਈ ਕਿੰਤੂ ਹੀ ਨਹੀਂ...ਹਾਂ! ਪਰ ਇਸ ਰੋਗ ਵਿਚ ਸਰੀਰ ਪੈਦਾ ਹੋ ਰਹੀ ਇੰਸੂਲੀਨ ਦੀ ਉਸ ਤਰ੍ਹਾਂ ਵਰਤੋਂ ਨਹੀਂ ਕਰ ਪਾਉਂਦਾ ਜਿਸ ਤਰ੍ਹਾਂ ਕਿ ਕਰਨੀ ਚਾਹੀਦੀ ਹੈ। ਮਰੀਜ਼ ਉਤੇ ਇੰਸੂਲੀਨ ਦਾ ਕੋਈ ਅਸਰ ਹੀ ਨਹੀਂ ਹੁੰਦਾ। ਡਾਇਬਟੀਜ਼ ਦੇ ਜਿਹੜੇ ਮਰੀਜ਼ ਇਹ ਸੋਚਦੇ ਹਨ ਕਿ ਸਿਰਫ ਪੈਨਕ੍ਰਿਆ ਦਾ ਹੀ ਕਸੂਰ ਹੈ, ਉਹ ਉਸ ਵੀਨਾ ਵਾਦਕ ਵਾਂਗ ਹੁੰਦੇ ਹਨ ਜੋ ਇਕੋ ਤਾਰ ਦਾ ਇਸਤੇਮਾਲ ਕਰਦਾ ਹੈ ਜਾਂ ਉਸ ਸਾਈਕਲ ਸਵਾਰ ਵਰਗੇ ਹੁੰਦੇ ਹਨ ਜੋ ਇਕੋ ਪਹੀਏ ਨਾਲ ਸਾਈਕਲ ਚਲਾਉਣ ਦੀ ਕੋਸ਼ਿਸ਼ ਕਰਦਾ ਹੈ। ਇਕ ਸਿਹਤਮੰਦ ਸਰੀਰ ਲਈ ਲੋੜੀਂਦੇ ਦੂਜੇ ਅੰਗਾਂ, ਜਿਵੇਂ ਗੁਰਦੇ, ਐਡਰੀਨਲ ਗਲੈਂਡਜ਼, ਥਾਇਰਾਡ ਅਤੇ ਪਾਚਨ ਕ੍ਰਿਆ ਦੇ ਮੁਲੰਕਣ ਅਤੇ ਉਨ੍ਹਾਂ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਕਰਨਾ ਇਕ ਅਜਿਹੀ ਅਤੇ ਬਹੁਤ ਮਹਿੰਗੀ ਸਾਬਤ ਹੋਣ ਵਾਲੀ ਬਹੁਤ ਵਡੀ ਗਲਤੀ ਹੈ ਜੋ ਅਕਸਰ ਸ਼ੂਗਰ ਦੇ ਮਰੀਜ਼ ਕਰ ਬੈਠਦੇ ਹਨ। ਸ਼ੂਗਰ ਦੇ ਮਰੀਜ਼ਾਂ ਵਿਚ ਖੁਰਾਕੀ ਤੱਤਾਂ ਦਾ ਅਸੰਤੁਲਨ ਅਤੇ ਵਿਟਾਮਿਨਾਂ ਦੀ ਕਮੀ ਵੀ ਹੁੰਦੀ ਹੈ।

### ਇਕ ਹੋਰ ਬਹੁਤ ਅਹਿਮ ਸਵਾਲ ਜੋ ਤੁਸੀਂ ਜਾਂ ਸਟਾਕਟਨ ਏਰੀਆ ਵਿਚ ਰਹਿੰਦੇ ਸ਼ੂਗਰ ਦੇ ਹੋਰ ਮਰੀਜ਼ ਕਰ ਸਕਦੇ ਹਨ...

"ਪਿਛਲੀ ਵਾਰ ਕਦੋਂ ਤੁਹਾਡੇ ਡਾਕਟਰ ਨੇ ਇਨ੍ਹਾਂ ਪ੍ਰਣਾਲੀਆਂ ਦਾ ਮੁਲੰਕਣ ਇਹ ਜਾਨਣ ਲਈ ਕੀਤਾ ਸੀ ਕਿ ਤੁਸੀਂ ਵਾਸਤਵ ਵਿਚ ਕਿੰਨੇ ਸਿਹਤਮੰਦ ਹੋ ਜਾਂ ਇਹ ਜਾਨਣ ਲਈ ਟੈਸਟ ਕਦੋਂ ਕੀਤੇ ਗਏ ਸਨ ਕਿ ਇਨ੍ਹਾਂ ਦਾ ਤੁਹਾਡੀ ਸਿਹਤ ਉਤੇ ਕੀ ਅਸਰ ਪੈ ਰਿਹਾ ਹੈ?" ਜੇ ਤੁਹਾਡਾ ਜਵਾਬ ਹੈ, "ਮੈਨੂੰ ਯਾਦ ਨਹੀਂ" ਜਾਂ "ਕਦੀ ਨਹੀਂ" ਤਾਂ ਫਿਰ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਨ੍ਹਾਂ ਅਸੰਤੁਲਨਾਂ ਦੇ ਤੁਹਾਡੇ ਸ਼ੂਗਰ ਰੋਗ ਉਤੇ ਪੈਂਦੇ ਅਸਰ ਦਾ ਪਤਾ ਲਾਉਣ ਲਈ ਕਿਸੇ ਅਨੁਭਵੀ ਡਾਕਟਰ ਕੋਲ ਤੁਹਾਨੂੰ ਮਹਿਜ ਤੁਰ ਕੇ ਨਹੀਂ ਸਗੋਂ ਵਾਹੋ-ਦਾਹੀ ਦੌੜ ਕੇ ਪਹੁੰਚਣਾ ਚਾਹੀਦਾ ਹੈ।

ਸਟਾਕਟਨ ਅਤੇ ਆਲੇ-ਦੁਆਲੇ ਦੇ ਇਲਾਕੇ ਦੇ ਮਰੀਜ਼ਾਂ ਦਾ ਵਰ੍ਹਿਆਂ ਤੋਂ ਇਲਾਜ ਕਰਦੇ ਆ ਰਹੇ ਇਸ ਡਾਕਟਰ ਨੇ ਦੇਖਿਆ ਹੈ ਕਿ ਡਾਇਬਟੀਜ਼ ਇਲਾਜ ਨਾ ਹੋਣ ਜਾਂ ਸਿਰਫ ਦਵਾਈਆਂ ਨਾਲ ਇਲਾਜ ਹੋਣ ਤੇ ਸਿਹਤ ਉਤੇ ਕਿੱਡਾ ਮਾਰੂ ਅਸਰ ਪਾ ਸਕਦੀ ਹੈ। ਇਹ ਡਾਕਟਰ ਸਟਾਕਟਨ ਏਰੀਏ ਦੇ ਡਾਇਬਟੀਜ਼ ਮਰੀਜ਼ਾਂ ਲਈ ਸਭ ਤੋਂ ਵਧ ਬੇਬਾਕ, ਖਰਾ ਤੇ ਹਮਦਰਦ ਡਾਕਟਰ ਬਣ ਕੇ ਉਭਰਿਆ ਹੈ ਅਤੇ ਇਹੋ ਕਾਰਨ ਹੈ ਕਿ ਉਸ ਨੇ ਡਾਇਬਟੀਜ਼ ਦੇ ਉਨ੍ਹਾਂ ਮਰੀਜ਼ਾਂ ਤਕ ਪਹੁੰਚਣ ਲਈ ਸਹਿਮਤੀ ਪ੍ਰਗਟਾਈ ਹੈ ਜਿਨ੍ਹਾਂ ਨੂੰ ਮਦਦ ਦੀ ਜਰੂਰਤ ਹੈ। ਨਿਰਾ ਇਨਾ ਹੀ ਨਹੀਂ, ਡਾਕਟਰ ਨੇ ਖੁਲ੍ਹਦਿਲੀ ਦਿਖਾਉਂਦਿਆਂ ਇਹ ਲੇਖ ਪੜ੍ਹਨ ਵਾਲੇ 25 ਪਾਠਕਾਂ ਨੂੰ, ਜਿਸ ਨੂੰ ਉਹ "ਸਟਾਕਟਨ ਵਿਚ ਸਭ ਤੋਂ ਵਧ ਹਮਦਰਦਾਨਾ ਬਹੁਪਾਸਾਰੀ ਡਾਇਬਟੀਜ਼ ਸਿਹਤ ਅਤੇ ਅਰੋਗਤਾ ਮੁਲੰਕਣ" ਦਾ ਨਾਂ ਦਿੰਦਾ ਹੈ, ਦਾ ਅਨੁਭਵ ਦੇਣ ਦੀ ਪੇਸ਼ਕਸ਼ ਕੀਤੀ ਹੈ। ਜਾਹਰ ਰਹੇ ਕਿ ਇਹ ਕੋਈ ਉਨ੍ਹਾਂ ਦੀ ਕਲੀਨਿਕ ਦੇ ਮਰੀਜ਼ ਬਣਨ ਲਈ ਸੱਦਾ ਨਹੀਂ ਹੈ। ਇਸ ਡਾਕਟਰ ਦੀ ਪ੍ਰੈਕਟਿਸ ਪਹਿਲਾਂ ਹੀ ਬਹੁਤ ਚਲਦੀ ਹੈ ਅਤੇ ਉਸਦੇ 'ਡਾਇਬਟੀਜ਼ ਸਿਹਤ ਅਤੇ ਅਰੋਗਤਾ' ਪ੍ਰੋਗਰਾਮ ਲਈ ਢੁਕਵੇਂ ਹੋਰ ਮਰੀਜ਼ ਲੈਣ ਦੀ ਗੁੰਜਾਇਸ਼ ਬਹੁਤ ਹੀ ਸੀਮਤ ਹੈ।

### ਸ਼ੂਗਰ ਰੋਗ ਦੇ ਬਹੁਤੇ ਮਰੀਜ਼ ਚਿੰਤਾ ਕਰਦੇ ਹਨ...

ਕੀ ਤੁਸੀਂ ਵੀ ਕਰਦੇ ਹੋ? ਕੀ ਤੁਸੀਂ ਫਿਕਰਮੰਦ ਹੋ ਕਿ ਉਸ ਤੋਂ ਪਹਿਲਾਂ ਤੁਹਾਡੇ ਕੋਲ ਕਿੰਨਾ ਕੁ ਸਮਾਂ ਬਚਿਆ ਹੈ ਕਿ ਸ਼ੂਗਰ ਰੋਗ ਤੁਹਾਡਾ ਜਿਊਣਾ ਮੁਹਾਲ ਕਰ ਦੇਵੇ ਅਤੇ ਜ਼ਿੰਦਗੀ ਲਈ ਖਤਰਾ ਬਣਨ ਵਾਲੀਆਂ ਇਹ ਅਲਾਮਤਾਂ ਤੁਹਾਨੂੰ ਘੇਰ ਲੈਣ:

*ਤੁਹਾਡੀ ਨਜ਼ਰ ਦਾ ਚਲੇ ਜਾਣਾ?

*ਤੁਹਾਡੇ ਦਿਲ ਨੂੰ ਨੁਕਸਾਨ ਪਹੁੰਚਣਾ ਜਾਂ ਦਿਲ ਦਾ ਰੋਗੀ ਹੋ ਜਾਣਾ?

*ਜ਼ਿੰਦਗੀ ਦੀ ਕੋਈ ਕੁਆਲਿਟੀ ਨਾ ਰਹਿਣਾ?

*ਵਜ਼ਨ ਦਾ ਵੱਧ ਜਾਣਾ ਅਤੇ ਕਸਰਤ ਨਾ ਕਰ ਸਕਣਾ?

*ਆਪਣੇ ਗੁਰਦਿਆਂ ਲਈ ਡਾਇਲਸਸ ਦੀ ਲੋੜ ਪੈਣਾ?

*ਕੋਲੈਸਟਰੋਲ ਦਾ ਵਧਣਾ ਅਤੇ ਇਸ ਨਾਲ ਹਿਰਦੇ ਰੋਗ ਦਾ ਖਤਰਾ?

*ਸਟਰੋਕ ਦਾ ਖਤਰਾ ਵਧਣਾ?

*ਮਿਤਰਾਂ-ਸਨੇਹੀਆਂ ਨਾਲ ਸਮਾਂ ਨਾ ਬਿਤਾ ਸਕਣਾ ਅਤੇ ਉਹ ਕੁਝ ਨਾ ਕਰ ਸਕਣਾ ਜੋ ਤੁਸੀਂ ਕਰਨਾ ਚਾਹੁੰਦੇ ਹੋ?

ਪਰੰਤੂ ਜੇ ਤੁਸੀਂ ਇਸ ਡਾਕਟਰ ਦੇ "ਸਟਾਕਟਨ ਵਿਚ ਸਭ ਤੋਂ ਵਧ ਹਮਦਰਦਾਨਾ ਬਹੁਪਾਸਾਰੀ ਡਾਇਬਟੀਜ਼ ਸਿਹਤ ਅਤੇ ਅਰੋਗਤਾ ਮੁਲੰਕਣ" ਪ੍ਰੋਗਰਾਮ ਦਾ ਮੁਫਤ ਫਾਇਦਾ ਉਠਾਉਣਾ ਚਾਹੁੰਦੇ ਹੋ...ਆਪਣੇ ਸਾਰੇ ਸਵਾਲਾਂ ਦੇ ਜਵਾਬ ਹਾਸਲ ਕਰਨ ਲਈ ਡਾਕਟਰ ਨਾਲ ਸਲਾਹ-ਮਸ਼ਵਰਾ ਕਰੋ। ਤੁਸੀਂ ਇਕ ਅਜਿਹੇ ਮਾਹੌਲ ਵਿਚ ਹੋਵੋਗੇ ਜਿਥੇ ਤੁਹਾਡੀ ਉਂਗਲ ਫੜ ਕੇ ਤੁਹਾਡੇ ਸਾਰੇ ਸਵਾਲਾਂ ਅਤੇ ਸਰੋਕਾਰਾਂ ਦਾ ਤਸੱਲੀਬਖਸ਼ ਅਤੇ ਗਾਰੰਟੀ ਨਾਲ ਜਵਾਬ ਦਿਤਾ ਜਾਏਗਾ।

ਤੁਹਾਡੇ ਇਸ ਮੁਲੰਕਣ ਦੇ ਹਿੱਸੇ ਵਜੋਂ ਤੁਹਾਨੂੰ ਡਾਇਬਟੀਜ਼ ਟਾਈਪ-2 ਪ੍ਰਸ਼ਨੋਤਰੀ ਦਿਤੀ ਜਾਏਗੀ ਅਤੇ ਤੁਹਾਡੀ ਕੇਸ ਹਿਸਟਰੀ ਲਈ ਜਾਏਗੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਤੁਹਾਡੀ ਕਿਸ ਤਰ੍ਹਾਂ ਬਿਹਤਰ ਮਦਦ ਕੀਤੀ ਜਾ ਸਕਦੀ ਹੈ? ਟਾਈਪ-2 ਡਾਇਬਟੀਜ਼ ਲਈ ਤੁਹਾਡੀ ਖੁਰਾਕੀ ਅਤੇ ਤੁਹਾਡੇ ਪਿਸ਼ਾਬ ਦਾ ਮੁਕੰਮਲ ਟੈਸਟ ਕਰਾਇਆ ਜਾਏਗਾ। ਇਹ ਉਹ ਕਲੀਨਿਕ ਹੈ ਜਿਥੇ ਡਾਕਟਰ ਖੁਦ ਤੁਹਾਡੀ ਕੇਸ ਹਿਸਟਰੀ ਦਾ ਵਿਸ਼ਲੇਸ਼ਣ ਕਰੇਗਾ, ਤੁਹਾਡਾ ਮੁਆਇਨਾ ਕਰੇਗਾ, ਤੁਹਾਡੀ ਖੁਰਾਕ, ਆਦਤਾਂ ਅਤੇ ਸਿਹਤ ਦੇ ਟੀਚਿਆਂ ਬਾਰੇ ਪੁਛੇਗਾ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਤੁਹਾਨੂੰ ਕਿਸੇ ਮਦਦ ਦੀ ਲੋੜ ਹੈ ਜਾਂ ਨਹੀਂ। ਇਸ ਤੋਂ ਇਲਾਵਾ ਇਹ ਪਤਾ ਲਾਉਣ ਲਈ ਕਿ ਤੁਹਾਡੇ ਲਈ ਕਿਹੜੀ ਪਹੁੰਚ ਬਿਲਕੁਲ ਸਹੀ ਸਾਬਤ ਹੋਵੇਗੀ, ਤੁਹਾਡੀਆਂ ਤਾਕਤ ਦੀਆਂ ਦਵਾਈਆਂ ਅਤੇ ਦੂਜੀਆਂ ਦਵਾਈਆਂ ਦੀ ਪੂਰੀ ਸੂਚੀ ਦਾ ਮੁਲੰਕਣ ਕੀਤਾ ਜਾਏਗਾ। (ਕਿਉਂਕਿ ਸਲਾਹ-ਮਸ਼ਵਰਾ ਮੁਫਤ ਹੈ, ਜੇ ਤੁਸੀਂ ਉਹ ਹੈਲਥ ਸਪਲੀਮੈਂਟ ਲੈ ਰਹੇ ਹੋ ਜਿਨ੍ਹਾਂ ਦੀ ਤੁਹਾਨੂੰ ਲੋੜ ਨਹੀਂ ਤਾਂ ਇਕੇ ਇਸ ਗੱਲ ਨਾਲ ਤੁਸੀਂ ਸੈਂਕੜੇ ਡਾਲਰ ਬਚਾ ਸਕਦੇ ਹੋ)

ਇਸ ਡਾਕਟਰ ਨੂੰ ਸਟਾਕਟਨ ਦੇ ਸਭ ਤੋਂ ਵੱਧ ਬਾਜ਼ਮੀਰ ਅਤੇ ਸਭ ਤੋਂ ਵੱਧ ਖਿਆਲ ਰਖਣ ਵਾਲੇ ਡਾਕਟਰ ਦਾ ਅਵਾਰਡ ਦਿਤੇ ਜਾਣ ਲਈ ਜਿਵੇਂ ਇਹ ਸਭ ਕਾਫੀ ਨਹੀਂ ਸੀ, ਇਹ ਡਾਕਟਰ ਤੁਹਾਡੇ ਸਾਰੇ ਹੈਲਥ ਰਿਕਾਰਡ ਬਲੱਡ ਟੈਸਟਾਂ, ਅਲਟਰਾਸਾਊਂਡ ਅਤੇ ਐਕਸਰੇ ਰਿਪੋਰਟਾਂ ਦੀ ਵੀ ਬਾਰੀਕੀ ਨਾਲ ਇਹ ਜਾਨਣ ਲਈ ਛਾਣ-ਬੀਣ ਕਰੇਗਾ ਕਿ ਕਿਧਰੇ ਕੋਈ ਚੀਜ਼ ਨਜ਼ਰਅੰਦਾਜ਼ ਤਾਂ ਨਹੀਂ ਹੋ ਗਈ। ਡਾ. ਸਿਹੋਤਾ ਦਾ ਕਹਿਣਾ ਹੈ ਕਿ ਤੁਹਾਨੂੰ ਇਹ ਜਾਣ ਕੇ ਬੇਹੱਦ ਹੈਰਾਨੀ ਹੋਵੇਗੀ ਕਿ ਕਿੰਨੀ ਵਾਰੀ ਇਸ ਮੁਲੰਕਣ ਦੇ ਜਰੀਏ ਪਹਿਲਾਂ ਨਜ਼ਰਅੰਦਾਜ਼ ਕਰ ਦਿੱਤੀ ਗਈ ਕਿਸੇ ਅਜਿਹੀ ਅਹਿਮ ਗੱਲ ਦਾ ਪਤਾ ਲਗਦਾ ਹੈ ਜਿਸ ਨਾਲ ਕਿ ਤੁਹਾਡੀ ਜ਼ਿੰਦਗੀ ਦਾ ਕਾਇਆਕਲਪ ਹੋ ਸਕਦਾ ਹੈ। ਜੇ ਤੁਹਾਨੂੰ ਕਿਸੇ ਹੋਰ ਅਜਿਹੇ ਡਾਕਟਰ ਦਾ ਪਤਾ ਹੈ ਜੋ ਤੁਹਾਡੇ ਲਈ ਇਨਾ ਸਮਾਂ, ਆਪਣੀ ਤਾਕਤ ਅਤੇ ਕੋਸ਼ਿਸ਼ ਲਾ ਸਕਦਾ ਹੈ ਤਾਂ ਮੈਨੂੰ ਹੈਰਾਨੀ ਹੋਵੇਗੀ...ਨਹੀਂ! ਮੈਂ ਤਾਂ ਇਕ ਤਰ੍ਹਾਂ ਨਾਲ ਹੱਕਾ-ਬੱਕਾ ਹੀ ਰਹਿ ਜਾਵਾਂਗਾ।

ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ਹਰ ਮਹੀਨੇ ਬਹੁਤ ਥੋੜੇ ਜਿਹੇ ਨਵੇਂ ਮਰੀਜ਼ ਲਏ ਜਾਂਦੇ ਹਨ ਅਤੇ ਇਹ ਵੀ ਪੂਰੀ ਤਰ੍ਹਾਂ ਸੰਭਵ ਹੈ ਕਿ ਤੁਹਾਨੂੰ ਇਸ ਕਲੀਨਿਕ ਵਲੋਂ ਆਪਣੇ ਮਰੀਜ਼ ਵਜੋਂ ਨਾ ਲਿਆ ਜਾਵੇ, ਉਸ ਸੂਰਤ ਵਿਚ ਤੁਹਾਡੇ ਪਾਸ ਉਹ ਕੀਮਤੀ ਸਲਾਹ-ਮਸ਼ਵਰਾ ਮੌਜੂਦ ਹੋਵੇਗਾ ਜਿਸਦੇ ਜਰੀਏ ਤੁਸੀਂ ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਹੋਰ ਢੁਕਵੇਂ ਕਦਮ ਉਠਾ ਸਕਦੇ ਹੋ।

### ਤੁਹਾਡੀ ਸ਼ੂਗਰ ਆਸ ਦਾ ਅੰਤ ਨਹੀਂ

**ਜੇ ਤੁਹਾਡੇ ਮੁਲੰਕਣ ਦੇ ਆਧਾਰ 'ਤੇ ਤੁਹਾਨੂੰ ਮਰੀਜ਼ ਵਜੋਂ ਲੈ ਕੇ ਡਾਕਟਰ ਨਾਲ ਸਿਧੇ ਸਲਾਹ-ਮਸ਼ਵਰੇ ਵਾਸਤੇ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਡਾਕਟਰ ਵਲੋਂ ਤੁਹਾਨੂੰ ਹੋਰ ਇਕ ਦਿਨ ਦਾ ਸਲਾਹ-ਮਸ਼ਵਰਾ ਬਿਲਕੁਲ ਮੁਫਤ ਦਿਤਾ ਜਾਏਗਾ। ਇਸ ਕਲੀਨਿਕ ਵਿਚ ਤੁਹਾਨੂੰ ਤੁਹਾਡੀ ਹਾਲਤ ਬਾਰੇ ਸੰਖੇਪ ਅਤੇ ਸਪਸ਼ਟ ਰਿਪੋਰਟ ਤੁਹਾਡੇ ਲਈ ਸਹੀ ਅਤੇ ਢੁਕਵੀਂ ਡਾਇਬਟਿਕ ਸਿਹਤ ਅਤੇ ਅਰੋਗਤਾ ਕਾਰਜ ਯੋਜਨਾ ਸਮੇਤ ਦਿਤੀ ਜਾਏਗੀ। ਜੇ ਤੁਹਾਨੂੰ ਇਸ ਗੱਲ ਉਤੇ ਯਕੀਨ ਹੈ...ਇਸ ਸਭ ਦੀ ਡਾਕਟਰ ਵਲੋਂ ਇਹ ਲੇਖ ਪੜ੍ਹਨ ਵਾਲੇ ਸਟਾਕਟਨ ਅਤੇ ਆਲੇ-ਦੁਆਲੇ ਦੇ 25 ਪਾਠਕਾਂ ਨੂੰ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਸਭ ਦੀ ਕੀਮਤ 447 ਡਾਲਰ ਹੈ ਅਤੇ ਜੇ ਤੁਸੀਂ ਇਹ ਸਭ ਮੁਫਤ ਚਾਹੁੰਦੇ ਹੋ ਤਾਂ ਸਟਾਕਟਨ ਡਾਇਬਟੀਜ਼ ਹਾਟਲਾਈਨ 209-390-9529 ਉਤੇ ਤੁਰਤ ਫੋਨ ਕਰੋ। ਇਹ ਪੇਸ਼ਕਸ਼ 9 ਦਸੰਬਰ 2010 ਤਕ ਹੈ।**

* The information contained in this advertisement, "functional" nutritional protocol is not intended as a diagnosis, treatment or cure for any medical condition. The information in the article is for informational purposes only and does not replace the advice of a doctor. All individuals are encouraged to seek the opinion of their physician especially regarding their medications.

*Copyright © 2010 CMC, LLC*

# ਧੀਆਂ ਦੀ ਲੋਹੜੀ ਲਈ ਅੰਤਰਰਾਸ਼ਟਰੀ ਸਿੱਖ ਸਭਿਆਚਾਰ ਸੁਸਾਇਟੀ ਕਾਇਮ

**ਐਲ ਸਬਰਾਂਟੇ, ਕੈਲੀਫੋਰਨੀਆ:** ਦਲ ਖਾਲਸਾ ਅਲਾਇੰਸ ਵੱਲੋਂ ਮਾਦਾ ਭਰੂਣ ਹੱਤਿਆ ਖਿਲਾਫ ਜਾਗ੍ਰਿਤੀ ਪੈਦਾ ਕਰਨ ਦੇ ਮਨੋਰਥ ਨਾਲ ਇਸ ਸਾਲ ਵੀ ਧੀਆਂ ਦੀ ਲੋਹੜੀ ਮਨਾਉਣ ਲਈ ਇਕ ਅੰਤਰਰਾਸ਼ਟਰੀ ਸਿੱਖ ਸਭਿਆਚਾਰ ਸੁਸਾਇਟੀ ਬਣਾਈ ਗਈ ਹੈ। ਅਲਾਇੰਸ ਦੇ ਮੁਖੀ ਪਰਮਜੀਤ ਸਿੰਘ ਦਾਖਾ ਅਨੁਸਾਰ ਲੋਹੜੀ ਮਨਾਉਣ ਲਈ ਸਾਰੇ ਪ੍ਰਬੰਧ ਅੰਤਰਰਾਸ਼ਟਰੀ ਸਿੱਖ ਸਭਿਆਚਾਰ ਸੁਸਾਇਟੀ ਵਲੋਂ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਵਿਸਥਾਰ ਵਿਚ ਜਾਣਕਾਰੀ ਛੇਤੀ ਹੀ ਜਾਰੀ ਕੀਤੀ ਜਾਏਗੀ। ਮਾਦਾ ਭਰੂਣ ਹੱਤਿਆ ਦੀ ਇਸ ਸਮਾਜਿਕ ਬੁਰਾਈ ਖਿਲਾਫ ਧੀਆਂ ਦੀ ਲੋਹੜੀ ਮਨਾਉਣ ਦੇ ਚਾਹਵਾਨ ਪਰਿਵਾਰ ਫੋਨ 510-774-5909 'ਤੇ ਸਪੰਰਕ ਕਰ ਸਕਦੇ ਹਨ।

ਸ. ਦਾਖਾ ਨੇ ਦੱਸਿਆ ਕਿ ਇਹ ਸੰਸਥਾ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਭਲਾਈ ਦੇ ਆਧਾਰ ਤੇ ਹੋਰ ਵੀ ਪ੍ਰੋਗਰਾਮ ਛੇਤੀ ਹੀ ਉਲੀਕੇਗੀ। ਇਸ ਸੰਸਥਾ ਵਿਚ ਜਿਹੜੇ ਕਮੇਟੀ ਮੈਂਬਰਾਂ ਨੂੰ ਸ਼ਾਮਲ ਕੀਤਾ ਗਿਆ ਹੈ ਉਨ੍ਹਾਂ ਵਿਚ ਡਾ. ਆਲਾ ਸਿੰਘ, ਸ. ਰਾਮ ਸਿੰਘ, ਬੀਬੀ ਕੁਲਵੰਤ ਕੌਰ ਮੱਲੀ, ਬੀਬੀ ਸਤਿੰਦਰ ਕੌਰ ਵਾਹਲਾ, ਸ. ਗੁਰਚਰਨ ਸਿੰਘ ਮਾਨ, ਡਾ. ਅਰਜਿੰਦਰਪਾਲ ਸਿੰਘ ਸੇਖੋਂ, ਸ. ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ, ਸ. ਬਚਿੱਤਰ ਸਿੰਘ ਟਾਇਗਰ, ਸ. ਪਰਮਜੀਤ ਸਿੰਘ ਸੇਖੋਂ ਦਾਖਾ, ਸ. ਗੁਰਬਚਨ ਸਿੰਘ ਜੌਹਲ, ਸ. ਗੁਰਪ੍ਰੀਤ ਸਿੰਘ ਢਿਲੋਂ, ਸ. ਜਸਵੀਰ ਸਿੰਘ, ਸ. ਸੁਖਵਿੰਦਰ ਸਿੰਘ ਤਲਵੰਡੀ, ਸ. ਗੁਰਪ੍ਰੀਤ ਸਿੰਘ ਮੱਲਾ, ਸ. ਅਮਰਜੀਤ ਸਿੰਘ ਝਾਂਡੇ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸਲਾਹਕਾਰ ਕਮੇਟੀ ਵਿਚ ਡਾ. ਅਵਤਾਰ ਸਿੰਘ ਸੇਖੋਂ ਐਡਮੰਟਨ (ਕੈਨੇਡਾ), ਸਰੂਪ ਸਿੰਘ ਨਾਰੰਗ (ਇੰਗਲੈਂਡ), ਜਸਵੰਤ ਸਿੰਘ ਕੰਵਲ (ਪੰਜਾਬ), ਸੁਖਮਿੰਦਰ ਸਿੰਘ ਹੰਸਰਾ ਟੋਰਾਂਟੋ (ਕੈਨੇਡਾ), ਤਰਲੋਚਨ ਸਿੰਘ ਦੁਪਾਲਪੁਰ, ਸੁਖਦੇਵ ਸਿੰਘ ਜਲਵੇੜਾ (ਬੈਲਜੀਅਮ), ਹਰਬੰਤ ਸਿੰਘ ਔਜਲਾ ਟੋਰਾਂਟੋ, ਜਤਿੰਦਰ ਸਿੰਘ ਹੁੰਦਲ (ਹਾਲੈਂਡ), ਰੁਪਿੰਦਰ ਸਿੰਘ ਭੁੱਲਰ, ਗੁਰਜੀਤ ਸਿੰਘ ਝਾਮਪੁਰ, ਕਰਨੈਲ ਸਿੰਘ (ਸਾਬਕਾ ਪ੍ਰਧਾਨ, ਫਰੀਮਾਂਟ ਗੁਰੂ ਘਰ) ਨੂੰ ਲਿਆ ਗਿਆ ਹੈ।

# ਬੇਕਰਜ਼ਫੀਲਡ ਵਿਚ ਪੰਜਾਬੀ ਨੌਜਵਾਨ ਕਤਲ

ਤੋੜ ਕੇ ਅੰਦਰ ਆਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਸ ਦੀ ਅਤੇ ਉਸ ਦੀਆਂ ਦੋ ਭੈਣਾਂ ਦੀ ਜਾਨ ਖਤਰੇ ਵਿਚ ਹੈ। ਉਸ ਨੇ ਇਹ ਵੀ ਦੱਸਿਆ ਕਿ ਹਮਲਾਵਰ ਬੜੀ ਖਤਰਨਾਕ ਕਿਸਮ ਦੇ ਲੱਗ ਰਹੇ ਹਨ।

ਸੱਤੀ ਨਾਲ ਗੱਲ ਹੋਣ ਤੋਂ ਬਾਅਦ ਟੀ ਜੇ ਨੇ ਪੁਲਿਸ ਨੂੰ ਕਾਲ ਕਰ ਦਿੱਤੀ। ਸੱਤੀ ਦਾ ਘਰ ਟੀ ਜੇ ਦੇ ਘਰ ਤੋਂ ਸਿਰਫ ਇਕ ਗਲੀ ਦੇ ਫਾਸਲੇ 'ਤੇ ਹੈ ਅਤੇ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਸੱਤੀ ਉਥੇ ਪਹੁੰਚ ਗਿਆ ਅਤੇ ਜਾਂਦਿਆਂ ਹੀ ਹਮਲਾਵਰਾਂ ਨਾਲ ਹੱਥੋਪਾਈ ਹੋ ਗਿਆ। ਸੂਤਰਾਂ ਅਨੁਸਾਰ 6 ਫੁੱਟ, 4 ਇੰਚ ਲੰਮਾ ਅਤੇ ਪੁਲਿਸ ਟਰੇਨਿੰਗ ਪ੍ਰਾਪਤ ਸੱਤੀ ਇਕ ਵਾਰ ਤਾਂ ਹਮਲਾਵਰਾਂ ਉਤੇ ਭਾਰੂ ਹੋ ਗਿਆ ਪਰ ਹਮਲਾਵਰਾਂ ਨੇ ਭੱਜ ਕੇ ਆਪਣੀ ਕਾਰ ਵਿਚੋਂ ਗਨ ਲੈ ਆਂਦੀ। ਗਨ ਨਾਲ ਉਨ੍ਹਾਂ ਸੱਤੀ ਦੇ ਸਿਰ ਵਿਚ ਬਿਲਕੁਲ ਨੇੜਿਓਂ ਤਿੰਨ ਗੋਲੀਆਂ ਮਾਰੀਆਂ ਜਿਸ ਕਰਕੇ ਸੱਤੀ ਐਂਬੂਲੈਂਸ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਗਿਆ। ਇਸ ਘਟਨਾ ਨੇ ਸਾਰੇ ਸ਼ਹਿਰ ਵਿਚ ਸਹਿਮ ਦੀ ਲਹਿਰ ਫੈਲਾ ਦਿਤੀ ਹੈ।

ਹਮਲਾਵਰ ਟੀ ਜੇ ਦੇ ਘਰ ਉਤੇ ਹਮਲਾ ਕਰਨ ਤੋਂ ਪਹਿਲਾਂ ਉਸ ਦੇ ਕੰਮ ਵਾਲੀ ਜਗ੍ਹਾ ਉਪਰ ਉਸ ਦਾ ਐਡਰੈਸ ਪੁੱਛਣ ਗਏ ਸਨ ਜਿਸ ਦੀ ਵੀਡੀਓ ਪੁਲਿਸ ਨੇ ਪ੍ਰਾਪਤ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਿਸ ਮਹਿਕਮੇ ਅਨੁਸਾਰ ਇਹ ਕਤਲ ਦੋ ਧੜਿਆਂ ਦੀ ਆਪਸੀ ਖਹਿਬਾਜ਼ੀ ਦਾ ਨਤੀਜਾ ਜਾਪਦਾ ਹੈ ਅਤੇ ਦੋਨੋਂ ਧਿਰਾਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੀਆਂ ਹਨ ਪਰ ਕੁਝ ਵੀ ਦੱਸਣ ਨੂੰ ਤਿਆਰ ਨਹੀਂ ਹਨ। ਪੁਲਿਸ ਮਹਿਕਮੇ ਦੀ ਤਫਤੀਸ਼ ਜਾਰੀ ਹੈ ਅਤੇ ਉਸ ਨੇ ਜਲਦ ਹੀ ਹਮਲਾਵਰਾਂ ਨੂੰ ਗ੍ਰਿਫਤਾਰ ਕਰ ਲੈਣ ਦੀ ਆਸ ਪ੍ਰਗਟਾਈ ਹੈ। ਇਥੇ ਜ਼ਿਕਰਯੋਗ ਹੈ ਕਿ ਬੇਕਰਜ਼ਫੀਲਡ ਵਿਚ ਪੰਜਾਬੀ ਮੁੰਡਿਆਂ ਦਾ ਆਪਸੀ ਟਕਰਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਕੁਝ ਹਫਤੇ ਪਹਿਲਾਂ ਹੀ ਸ਼ਹਿਰ ਦੇ ਇਕ ਹੋਰ ਪੰਜਾਬੀ ਨੌਜਵਾਨ ਦੇ ਪੈਰ ਵਿਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ ਸੀ ਪਰ ਬਾਅਦ ਵਿਚ ਪੁਲਿਸ ਨੇ ਹਮਲਾਵਰਾਂ ਦੀ ਸ਼ਨਾਖਤ ਕਰ ਲਈ ਸੀ। ਉਂਜ ਹਮਲਾਵਰ ਅਜੇ ਵੀ ਫਰਾਰ ਹਨ।

ਸੱਤੀ ਅਮਰੀਕਾ ਦਾ ਜੰਮਪਲ ਸੀ ਅਤੇ ਚੰਗੀ ਤਰ੍ਹਾਂ ਪੰਜਾਬੀ ਬੋਲਦਾ ਸੀ। ਉਹ ਬਾਕਾਇਦਾ ਪੰਜਾਬ ਨਾਲ ਜੁੜਿਆ ਹੋਇਆ ਸੀ ਅਤੇ ਆਪਣੇ ਦੋਸਤਾਂ ਵਿਚ ਵੀ ਬਹੁਤ ਹਰਮਨ ਪਿਆਰਾ ਸੀ। 23 ਸਾਲਾ ਸੱਤੀ ਦਾ ਜੱਦੀ ਪਿੰਡ ਵੱਡੀ ਘੁਡਾਣੀ, ਜ਼ਿਲਾ ਲੁਧਿਆਣਾ ਸੀ। ਕਰਨ ਕਾਊਂਟੀ ਦੇ ਸ਼ੈਰਿਫ ਡੌਨੀ ਯੰਗਬਲੱਡ ਅਨੁਸਾਰ ਉਹ ਕਰਨ ਕਾਊਂਟੀ ਸ਼ੈਰਿਫ ਅਕੈਡਮੀ ਦਾ ਗਰੈਜੂਏਟ ਸੀ।

ਸੱਤੀ ਦਾ ਅੰਤਿਮ ਸਸਕਾਰ ਸਨਿਚਰਵਾਰ 11 ਦਸੰਬਰ ਨੂੰ ਗਰੀਨ ਲਾਅਨ ਫਿਊਨਰਲ ਹੋਮ, ਪੈਨਮਾ ਲੇਨ, ਬੇਕਰਜ਼ਫੀਲਡ ਵਿਚ ਸਵੇਰੇ 11 ਵਜੇ ਹੋਵੇਗਾ। ਉਪਰੰਤ ਵਿਛੜੀ ਆਤਮਾ ਨਮਿਤ ਅੰਤਿਮ ਅਰਦਾਸ ਗੁਰੂ ਘਰ ਵਿਲਸਨ ਰੋਡ ਵਿਖੇ ਬਾਅਦ ਦੁਪਹਿਰ 1 ਵਜੇ ਹੋਵੇਗੀ। ਸੱਤੀ ਦੇ ਪਿਤਾ ਸ. ਸਵਰਨ ਸਿੰਘ ਬੋਪਾਰਾਏ ਅਤੇ ਪਰਿਵਾਰ ਨਾਲ ਸੰਪਰਕ ਫੋਨ 661-869-7165 ਜਾਂ 661-835-9636 'ਤੇ ਕੀਤਾ ਜਾ ਸਕਦਾ ਹੈ।

# ਵਿਸ਼ਵ ਪੰਜਾਬੀ ਸਾਹਿਤ ਅਕਾਡਮੀ ਦਾ ਬਹੁ-ਭਾਸ਼ੀ ਕਵੀ ਦਰਬਾਰ ਸਫਲ

**ਫਰੀਮਾਂਟ:** ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਕੈਲੀਫੋਰਨੀਆ ਦੀ ਬੇ-ਏਰੀਆ ਇਕਾਈ ਵਲੋਂ ਕਰਵਾਏ ਗਏ ਬਹੁ-ਭਾਸ਼ੀ ਕਵੀ ਦਰਬਾਰ ਵਿਚ ਪੰਜਾਬੀ, ਹਿੰਦੀ ਅਤੇ ਉਰਦੂ ਦੇ ਪ੍ਰਸਿਧ ਸ਼ਾਇਰਾਂ ਨੇ ਸ਼ਿਰਕਤ ਕੀਤੀ। ਇਹ ਕਵੀ ਦਰਬਾਰ ਹਾਲ ਹੀ ਵਿਚ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਵਿਦਵਾਨ ਅਤੇ ਅਧਿਆਪਕ ਡਾ. ਆਤਮਜੀਤ ਸਿੰਘ ਨੂੰ ਸਮਰਪਤ ਕੀਤਾ ਗਿਆ ਸੀ।



ਸਭ ਤੋਂ ਪਹਿਲਾਂ ਸ਼ਾਇਰ ਜਗਜੀਤ (ਨੌਸ਼ਹਿਰਵੀ) ਨੇ ਆਜ਼ਾਦ ਜਾਲੰਧਰੀ, ਡਾ. ਗੁਰੂਮੇਲ ਸਿਧੂ, ਗ਼ਜ਼ਲਗੋ ਕੁਲਵਿੰਦਰ, ਉਰਦੂ ਸ਼ਾਇਰ ਤੇ ਉਰਦੂ ਅਕਾਦਮੀ ਦੇ ਸਦਰ ਜਨਾਬ ਤਾਸ਼ੀ ਜ਼ਹੀਰ, ਸੁਰਿੰਦਰ ਸੀਰਤ ਅਤੇ ਅਕਾਡਮੀ ਦੇ ਚੇਅਰਮੈਨ ਸੁਖਵਿੰਦਰ ਕੰਬੋਜ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਲਈ ਦਾਅਵਤ ਦਿੱਤੀ। ਪ੍ਰੋਗਰਾਮ ਦਾ ਆਗਾਜ਼ ਡਾ. ਆਤਮਜੀਤ ਸਿੰਘ ਅਤੇ ਨਾਮਵਰ ਸਾਹਿਤਕਾਰ ਪ੍ਰੀਤਮ ਸਿੰਘ ਰਾਹੀ (ਸੰਪਾਦਕ ਮੁਹਾਂਦਰਾ) ਨੂੰ ਸ਼ਰਧਾਂਜ਼ਲੀਆ ਭੇਟ ਕਰਨ ਨਾਲ ਹੋਇਆ। ਹਾਜ਼ਰੀਨ ਨੇ ਦੋ ਮਿੰਟ ਦਾ ਮੌਨ ਰੱਖ ਕੇ ਵਿਛੜੇ ਸਾਹਿਤਕਾਰਾਂ ਨੂੰ ਅਪਣੀ ਅਕੀਦਤ ਦੇ ਫੁੱਲ ਭੇਟ ਕੀਤੇ। ਜਗਜੀਤ, ਸੁਰਿੰਦਰ ਸੀਰਤ, ਗੁਰੂਮੇਲ ਸਿਧੂ ਅਤੇ ਸੁਖਵਿੰਦਰ ਕੰਬੋਜ ਨੇ ਡਾ. ਅਤਮਜੀਤ ਦੇ ਸ਼ਲਾਘਾਯੋਗ ਕੰਮਾਂ ਦਾ ਲੰਮਾ ਵੇਰਵਾ ਪੇਸ਼ ਕੀਤਾ। ਕਰਮ ਸਿੰਘ ਮਾਨ ਨੇ ਪ੍ਰੀਤਮ ਰਾਹੀ ਦੀ ਸ਼ਖ਼ਸੀਅਤ ਦੇ ਕਈ ਅਨੋਖੇ ਅਤੇ ਵਿਕੋਲਿਤਰੇ ਪ੍ਰਸੰਗ ਪੇਸ਼ ਕੀਤੇ।

ਕਵੀ ਦਰਬਾਰ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਸਿੱਧ ਪੰਜਾਬੀ ਗਾਇਕ ਸੁਖਦੇਵ ਸਾਹਿਲ ਨੇ ਸੂਫ਼ੀ ਕਾਵਿ ਵਿਚੋਂ ਕੁਝ ਕਲਾਮ ਸੁਣਾਏ ਅਤੇ ਆਪਣੀ ਤਾਜ਼ਾ ਕੰਪੋਜੀਸ਼ਨ "ਸਾਨੂੰ ਤੇਰੀਆਂ ਗਲੋੜੀਆਂ ਦਾ ਚਾਅ..." ਦਾ ਗਾਇਨ ਬੜੇ ਸੁਹਜ ਨਾਲ ਕੀਤਾ।

ਕਵੀ ਦਰਬਾਰ ਦਾ ਅਰੰਭ ਰੇਸ਼ਮ ਸਿਧੂ ਨੇ ਇਕ ਨਜ਼ਮ ਨਾਲ ਕੀਤਾ। ਫਿਰ ਸੁਖਵਿੰਦਰ ਕੰਬੋਜ ਅਤੇ ਜਗਜੀਤ ਨੇ ਹਾਜ਼ਰ ਸ਼ਾਇਰਾਂ ਨੂੰ ਆਪਣਾ ਕਲਾਮ ਪੇਸ਼ ਕਰਨ ਦਾ ਸੱਦਾ ਦਿੱਤਾ। ਤਾਸ਼ੀ ਜ਼ਹੀਰ, ਗੁਰਚਰਨ ਸਿੰਘ ਫ਼ਲਕ, ਹਰਜਿੰਦਰ ਕੰਗ, ਈਸ਼ਰ ਸਿੰਘ ਮੋਮਨ, ਕੁਲਵਿੰਦਰ, ਜਗਜੀਤ, ਡਾ. ਗੁਰੂਮੇਲ ਸਿਧੂ, ਅਮਨਦੀਪ ਬੋਪਾਰਾਏ, ਮੇਜਰ ਭੁਪਿੰਦਰ ਦਲੇਰ, ਹਰਭਜਨ ਢਿਲੋਂ, ਕਰਮ ਸਿੰਘ ਮਾਨ, ਖੁਦ ਸੁਖਵਿੰਦਰ ਕੰਬੋਜ, ਕਮਲ ਬੰਗਾ ਅਤੇ ਅਰਚਨਾ ਪਾਂਡਾ ਨੇ ਆਪੋ ਆਪਣੇ ਕਲਾਮ ਪੜ੍ਹੇ। ਕਵਿਤਰੀ ਸ਼ਸ਼ੀ ਸਮੁੰਦਰਾ ਨੇ ਆਪਣੀਆਂ ਨਿੱਕੀਆਂ ਨਜ਼ਮਾਂ ਨਾਲ ਆਪਣੀ ਕਾਵਿਕ ਛਾਪ ਛੱਡੀ। ਸੁਰਿੰਦਰ ਸੀਰਤ ਨੇ ਤਰੰਨਮ ਵਿਚ ਗ਼ਜ਼ਲ ਸੁਣਾਉਂਦਿਆਂ ਮਨੁੱਖੀ ਚੇਤਨਾ ਦੇ ਸਦੀਵੀ ਵਿਰੋਧਾਂ ਵਿਚੋਂ ਪਿਆਰ ਨੂੰ ਬ੍ਰਹਿਮੰਡ ਦੀ ਹੋਂਦ ਦੱਸਿਆ ਗਿਆ। ਕੁਲਵਿੰਦਰ ਦਾ ਸ਼ੇਅਰ 'ਲਿਖੇ ਸੀ ਖਤ ਜੋ ਮੈਂ ਤਾਰਿਆਂ ਨੂੰ, ਨ ਮੈਨੂੰ ਉਸਦੇ ਜਵਾਬ ਆਏ। ਉਡੀਕ ਵਿਚ ਵੀ ਸੀ ਲੁਤਫ ਕਿੰਨਾ, ਜੇ ਖਤ ਨ ਆਏ ਤਾਂ ਖਾਬ ਆਏ' ਬਹੁਤ ਸਲਾਹਿਆ ਗਿਆ।

ਪੰਜਾਬ ਦੀ ਹੋਣੀ ਉਪਰ ਜਸਵੰਤ ਸ਼ਾਦ ਨੇ ਆਪਣੀ ਇੱਕ ਨਜ਼ਮ ਸੁਣਾਈ। ਕੁਲਵੰਤ ਸੇਖੋਂ ਨੇ ਇਕ ਖ਼ੂਬਸੂਰਤ ਗੀਤ ਨਾਲ ਹਾਜ਼ਰੀ ਲੁਆਈ। ਗੁਰੂਮੇਲ ਸਿੱਧੂ ਨੇ ਮਨ ਦੀਆਂ ਸੁੱਤੀਆਂ ਤਹਿਆਂ 'ਚ ਵਿਲਕ ਰਹੇ ਸੁਪਨਿਆਂ ਨੂੰ ਜ਼ੁਬਾਨ ਦਿੱਤੀ। ਜਗਜੀਤ ਨੇ ਆਪਣੀ ਨਜ਼ਮ ਰਾਹੀਂ ਵਾਤਾਵਰਣ ਤੇ ਹੋ ਰਹੇ ਤਿੱਖੇ ਹਮਲਿਆਂ ਦੀ ਬਾਤ ਪਾਈ। ਹਰਜਿੰਦਰ ਕੰਗ ਨੇ ਮਨੁੱਖ ਦੇ ਸਨਮੁੱਖ ਖੜ੍ਹੇ ਦਹਿਸ਼ਤ ਅਤੇ ਅਨਿਆਂ ਦੇ ਮਾਹੌਲ ਨੂੰ ਬਿਆਨ ਕਰਦੀ ਖ਼ੂਬਸੂਰਤ ਪ੍ਰਗੀਤਕ ਨਜ਼ਮ ਸੁਣਾਈ। ਤਾਸ਼ੀ ਜ਼ਹੀਰ ਨੇ ਆਪਣੀ ਗ਼ਜ਼ਲ ਵਿਚ ਬਦਲ ਰਹੇ ਰਿਸ਼ਤਿਆਂ 'ਤੇ ਤਨਜ਼ ਕੱਸੀ। ਆਜ਼ਾਦ ਜਾਲੰਧਰੀ ਅਤੇ ਈਸ਼ਰ ਸਿੰਘ ਮੋਮਨ ਨੇ ਆਪਣੇ ਧੜੱਲੇਦਾਰ ਕਲਾਮ ਨਾਲ ਪੰਜਾਬ ਵਿਚ ਹੁੰਦੇ ਰਹੇ ਕਵੀ ਦਰਬਾਰਾਂ ਦੀ ਯਾਦ ਤਾਜ਼ਾ ਕਰਵਾ ਦਿੱਤੀ।

ਅੰਤ ਵਿਚ ਡਾ. ਗੁਰੂਮੇਲ ਸਿਧੂ ਵਲੋਂ ਸਰੋਤਿਆਂ ਅਤੇ ਕਵੀਆਂ ਦਾ ਧੰਨਵਾਦ ਕੀਤਾ ਗਿਆ। ਜਗਜੀਤ ਨੇ ਭਾਵੁਕ ਹੁੰਦੇ ਕਿਹਾ ਕਿ ਵਿਪਸਾਅ ਵਲੋਂ ਇਹੋ ਜਿਹੇ ਸਾਰਥਕ ਕਵੀ ਦਰਬਾਰ ਹੁੰਦੇ ਰਹਿਣੇ ਚਾਹੀਦੇ ਹਨ। ਕੰਬੋਜ ਨੇ ਸਰੋਤਿਆਂ ਨਾਲ ਅਗਲੀ ਵਾਰ ਜਲਦੀ ਮਿਲਣ ਦਾ ਵਾਅਦਾ ਕਰਦਿਆਂ ਕਿਹਾ ਕਿ ਅੱਜ ਜਦੋਂ ਕਿ ਪੈਸੇ, ਪਦਾਰਥਕ ਸੁੱਖਾਂ ਅਤੇ ਖਪਤ ਸਭਿਆਚਾਰ ਨੇ ਸਾਨੂੰ ਹਰਾਉਣ ਵਿਚ ਕੋਈ ਕਸਰ ਨਹੀਂ ਛੱਡੀ ਸਾਨੂੰ ਕਵਿਤਾ ਨਾਲ ਜੁੜ੍ਹ ਕੇ ਫਿਰ ਤਾਜ਼ਾ ਦਮ ਹੋਣ ਜੋਗੇ ਹੋਣ ਲਈ ਇਹ ਪ੍ਰੋਗਰਾਮ ਕਰਨੇ ਹੋਰ ਵੀ ਜ਼ਰੂਰੀ ਹਨ।

ਕਵੀ ਮੇਜਰ ਭੁਪਿੰਦਰ ਦਲੇਰ ਦੀ ਦੂਜੀ ਕਾਵਿ ਪੁਸਤਕ "ਸੋਚਾਂ ਦੇ ਸਿਰਨਾਵੇਂ" ਨੂੰ ਜਸਵੰਤ ਸ਼ਾਦ, ਆਜ਼ਾਦ ਜਾਲੰਧਰੀ ਅਤੇ ਈਸ਼ਰ ਸਿੰਘ ਮੋਮਨ ਵਲੋਂ ਰਿਲੀਜ਼ ਕੀਤਾ ਗਿਆ। ਵਿਪਸਾਅ ਅਤੇ ਇਸਦੇ ਪ੍ਰੋਗਰਾਮਾਂ ਬਾਰੇ ਹੋਰ ਜਾਣਕਾਰੀ ਲਈ ਸੁਖਵਿੰਦਰ ਕੰਬੋਜ (209-417-7960) ਜਾਂ ਕੁਲਵਿੰਦਰ (510-387-2090) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵਰਮੌਂਟ ਗੁਰੂਘਰ ਦੇ ਗ੍ਰੰਥੀ ਉਤੇ ਬੀਬੀਆਂ ਨਾਲ ਗਲਤ ਹਰਕਤ ਦਾ ਦੋਸ਼

**ਲਾਸ ਏਂਜਲਸ:** ਇਥੋਂ ਦੇ ਇਕ ਉਘੇ ਸਿੱਖ ਆਗੂ ਜਥੇਦਾਰ ਰੌਣਕ ਸਿੰਘ ਨੇ ਗੁਰਦੁਆਰਾ ਵਰਮੌਂਟ ਵਿਚ ਇਕ ਗ੍ਰੰਥੀ ਸਿੰਘ ਵਲੋਂ ਦਿਖਾਈ ਗਈ ਇਖਲਾਕਹੀਣਤਾ ਦੀ ਸਖਤ ਨਿਖੇਧੀ ਕਰਦਿਆਂ ਦੋਸ਼ ਲਾਇਆ ਹੈ ਕਿ ਪ੍ਰਬੰਧਕਾਂ ਨੇ ਉਸਦੀ ਉਥੋਂ ਖਿਸਕ ਜਾਣ ਵਿਚ ਮਦਦ ਕੀਤੀ। ਉਨ੍ਹਾਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਜਿਹੇ ਇਖਲਾਕਹੀਣ ਗ੍ਰੰਥੀਆਂ ਨੂੰ ਮੂੰਹ ਨਾ ਲਾਉਣ ਦੀ ਅਪੀਲ ਕੀਤੀ ਹੈ।

ਜਥੇਦਾਰ ਰੌਣਕ ਸਿੰਘ ਨੇ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਗ੍ਰੰਥੀ ਕੁਝ ਹਫਤੇ ਪਹਿਲਾਂ ਗੁਰਦੁਆਰਾ ਵਰਮੌਂਟ ਆਇਆ ਸੀ। ਉਸਨੇ 21 ਨਵੰਬਰ 2010 ਨੂੰ ਗੁਰੂਘਰ ਸੇਵਾ ਕਰਦੀਆਂ ਬੀਬੀਆਂ ਨਾਲ ਬਹੁਤ ਹੀ ਘਿਣਾਉਣੀ ਹਰਕਤ ਕੀਤੀ। ਇਨ੍ਹਾਂ ਬੀਬੀਆਂ ਦੇ ਪਰਿਵਾਰਾਂ ਨੇ ਲਿਖਤੀ ਸ਼ਿਕਾਇਤ ਕੀਤੀ ਹੈ। ਜਥੇਦਾਰ ਰੌਣਕ ਸਿੰਘ ਨੇ ਇਹ ਵੀ ਦੋਸ਼ ਲਾਇਆ ਕਿ ਇਸ ਤੋਂ ਪਹਿਲਾਂ ਵੀ ਕੁਝ ਮਹੀਨੇ ਪਹਿਲਾਂ ਅਜਿਹੀ ਘਟਨਾ ਹੋ ਚੁਕੀ ਹੈ ਜਿਸਦਾ ਕੇਸ ਅਦਾਲਤ ਵਿਚ ਹੈ। ਦੂਜੇ ਪਾਸੇ ਪ੍ਰਬੰਧਕਾਂ ਦੇ ਇਕ ਬੁਲਾਰੇ ਨੇ 21 ਨਵੰਬਰ ਦੀ ਘਟਨਾ ਨੂੰ ਮਹਿਜ ਗਲਤਫਹਿਮੀ ਕਰਾਰ ਦਿੰਦਿਆਂ ਇਸ ਸਬੰਧੀ ਵਾਵੇਲੇ ਨੂੰ ਪ੍ਰਬੰਧਕੀ ਧੜੇਬੰਦਕ ਲੜਾਈ ਦਾ ਨਤੀਜਾ ਦੱਸਿਆ ਹੈ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



*Attorny At Law*

**Law Offices Of Jaspreet Singh**

4491 W. Shaw Ave., Suite 300 B (Near Costco) Fresno, CA 93722 Ph: 559-271-5511

44790 S. Grimmer Blvd. #204 Fremont CA-94538 Ph:510-657-6444 Fax: 510-657-6443

2945 W. Capitol Ave, Sacramento CA-95691 Ph: 916-372-4448 Fax: 916-372-4440


# ਭਾਈ ਘਨ੍ਹਈਆ ਸੁਸਾਇਟੀ ਵੱਲੋਂ ਲੰਗਰ

**ਬਰਕਲੇ, ਕੈਲੀਫੋਰਨੀਆ:** ਗੁਰੂ ਸਾਹਿਬਾਨ ਵੱਲੋਂ ਦਰਸਾਏ ਸਿਧਾਂਤ, "ਮਾਨਸ ਕੀ ਜਾਤ ਸਭੈ ਏਕੈ ਹੀ ਪਹਿਚਾਨਬੋ" 'ਤੇ ਚਲਦਿਆਂ ਅਤੇ ਭਾਈ ਘਨ੍ਹਈਆ ਦੇ ਅਸੂਲਾਂ ਤੋਂ ਮਾਰਗ ਦਰਸ਼ਨ ਲੈਂਦਿਆਂ ਭਾਈ ਘਨ੍ਹਈਆ ਸੋਸਾਇਟੀ ਵੱਲੋਂ ਗੁਰੂ ਘਰ ਐਲ ਸਬਰਾਂਟੇ ਦੇ ਬੈਨਰ ਹੇਠ ਬਰਕਲੇ ਅਤੇ ਸੈਨ ਫਰਾਂਸਿਸਕੋ ਸ਼ਹਿਰ ਵਿਚ ਥੈਂਕਸਗਿਵਿੰਗ 'ਤੇ ਗੁਰੂ ਕੇ ਲੰਗਰ ਚਲਾਏ ਗਏ।



ਇਹ ਲੰਗਰ ਬਰਕਲੇ ਦੇ ਸੈਂਟਰਲ ਪਾਰਕ ਅਤੇ ਸੈਨ ਫਰਾਂਸਿਸਕੋ ਦੇ ਸਿਟੀ ਹਾਲ ਪਾਰਕ ਵਿਚ ਬੇਘਰ ਲੋਕਾਂ ਲਈ ਲਗਾਏ ਗਏ। ਸੁਸਾਇਟੀ ਦੇ ਚਾਲਕ ਭਾਈ ਹਰਭਜਨ ਸਿੰਘ ਫੁੱਲ ਅਨੁਸਾਰ ਅਜਿਹੇ ਲੰਗਰ ਲਾਉਣ ਨਾਲ ਗੈਰ ਸਿੱਖ ਭਾਈਚਾਰਿਆਂ ਵਿਚ ਸਿੱਖੀ ਸਿਧਾਂਤਾਂ ਦੀ ਅਤੇ ਸਿੱਖੀ ਸਰੂਪ ਦੀ ਪਹਿਚਾਣ ਕਰਾਉਣ ਦਾ ਮੌਕਾ ਮਿਲਦਾ ਹੈ।

# ਜੇਲ੍ਹ ਵਿਚ ਸਿੰਘ ਸਜੇਗਾ ਬਲਵੰਤ ਸਿੰਘ ਰਾਜੇਆਣਾ

**ਅੰਮ੍ਰਿਤਸਰ:** ਮੁੱਖ ਮੰਤਰੀ ਬੇਅੰਤ ਸਿੰਘ ਹੱਤਿਆ ਕਾਂਡ ਕੇਸ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਿੱਖ ਨੌਜਵਾਨ ਬਲਵੰਤ ਸਿੰਘ ਰਾਜੇਆਣਾ ਦੀ ਅੰਮ੍ਰਿਤ ਛਕਣ ਦੀ ਇੱਛਾ ਮੁਤਾਬਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਮੇਤ ਪੰਜ ਪਿਆਰੇ ਜੇਲ੍ਹ ਵਿੱਚ ਉਸ ਨੂੰ ਅੰਮ੍ਰਿਤ ਛਕਾਉਣ ਜਾਣਗੇ। ਇਸ ਦੇ ਨਾਲ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਆਖਿਆ ਕਿ ਜੇਲ੍ਹਾਂ ਵਿੱਚ ਲੰਮੇਂ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਕਰਵਾ ਕੇ ਇਨ੍ਹਾਂ ਨੌਜਵਾਨਾਂ ਨੂੰ ਮੁੱਖ ਧਾਰਾ ਨਾਲ ਜੁੜਨ ਦਾ ਮੌਕਾ ਦਿੱਤਾ ਜਾਵੇ।

ਚੇਤੇ ਰਹੇ ਕਿ ਬਲਵੰਤ ਸਿੰਘ ਰਾਜੇਆਣਾ ਨੇ ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਦੇ ਫੈਸਲੇ ਖਿਲਾਫ਼ ਹਾਈ ਕੋਰਟ ਵਿੱਚ ਹੁਣ ਤੱਕ ਕੋਈ ਅਪੀਲ ਨਹੀਂ ਕੀਤੀ ਹੈ। ਇਹ ਫ਼ੈਸਲਾ ਉਸ ਨੇ ਪਹਿਲਾਂ ਹੀ ਕੀਤਾ ਹੋਇਆ ਸੀ। ਉਸ ਨੇ ਪੱਤਰ ਭੇਜ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਬੇਨਤੀ ਕੀਤੀ ਸੀ ਕਿ ਉਹ ਫਾਂਸੀ ਤੋਂ ਪਹਿਲਾਂ ਅੰਮ੍ਰਿਤਧਾਰੀ ਸਿੰਘ ਬਣਨ ਦਾ ਇਛੁੱਕ ਹੈ। ਇਹ ਪੱਤਰ



ਉਸਦੀ ਭੈਣ ਨੇ ਇਥੇ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਕੇ ਦਿੱਤਾ ਅਤੇ ਦੱਸਿਆ ਕਿ ਬਲਵੰਤ ਸਿੰਘ ਚਾਹੁੰਦਾ ਹੈ ਕਿ ਅੰਮ੍ਰਿਤ ਸੰਚਾਰ ਕਰਵਾਉਣ ਲਈ ਲੋੜੀਂਦੇ ਪ੍ਰਬੰਧ ਕਰਵਾਏ ਜਾਣ। ਇਸ ਸਬੰਧੀ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਕਿਹਾ ਕਿ ਸਰਕਾਰ ਦੇ ਸਹਿਯੋਗ ਨਾਲ ਜੇਲ੍ਹ ਵਿੱਚ ਅੰਮ੍ਰਿਤ ਸੰਚਾਰ ਕਰਵਾਉਣ ਲਈ ਲੋੜੀਂਦੇ ਪ੍ਰਬੰਧ ਕਰਵਾਉਣ। ਉਨ੍ਹਾਂ ਦੱਸਿਆ ਕਿ ਬਲਵੰਤ ਸਿੰਘ ਰਾਜੇਆਣਾ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣ ਲਈ ਪੰਜ ਪਿਆਰਿਆਂ ਸਮੇਤ ਉਹ ਖੁਦ ਜਾਣਗੇ।

ਉਨ੍ਹਾਂ ਨੇ ਕੇਂਦਰ ਤੇ ਸੂਬਾ ਸਰਕਾਰ ਨੂੰ ਆਖਿਆ ਕਿ ਜੇਲ੍ਹਾਂ ਵਿੱਚ ਲੰਮੇਂ ਸਮੇਂ ਤੋਂ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਵੀ ਦੇਸ਼ ਦੀ ਮੁੱਖ ਧਾਰਾ ਨਾਲ ਜੁੜਨ ਦਾ ਮੌਕਾ ਮਿਲੇ। ਇਹ ਸਿੱਖ ਨੌਜਵਾਨ ਲੰਮੇਂ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਅਤੇ ਕਈਆਂ ਖਿਲਾਫ਼ ਅਜੇ ਕੇਸ ਹੀ ਚੱਲ ਰਹੇ ਹਨ। ਇਸ ਮਾਮਲੇ ਵਿੱਚ ਉਨ੍ਹਾਂ ਸੰਗਤਾਂ ਨੂੰ ਵੀ ਸਹਿਯੋਗ ਦੇਣ ਲਈ ਆਖਿਆ। ਚੀਫ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਦੇ ਧੜਿਆਂ ਵਿਚਾਲੇ ਚੱਲ ਰਹੇ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਜਲਦੀ ਹੀ ਦੋਵਾਂ ਧੜਿਆਂ ਦੇ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਬੁਲਾ ਕੇ ਇਹ ਮਸਲਾ ਹੱਲ ਕਰਵਾਉਣ ਦਾ ਯਤਨ ਕਰਨਗੇ। ਉਨ੍ਹਾਂ ਦੱਸਿਆ ਕਿ ਸੰਸਥਾ ਦੇ ਤੀਜੇ ਧੜੇ ਵੱਲੋਂ ਵੀ ਕੱਲ੍ਹ ਮੰਗ ਪੱਤਰ ਦੇ ਕੇ ਇਸ ਮਾਮਲੇ ਵਿੱਚ ਦਖ਼ਲ ਦੇਣ ਅਤੇ ਦੋਵਾਂ ਧੜਿਆਂ ਦੇ ਆਗੂਆਂ ਨੂੰ ਅਹੁਦੇ ਤੋਂ ਫਾਰਗ ਕਰਨ ਦੀ ਅਪੀਲ ਕੀਤੀ ਹੈ।

# ਪੁਲੀਸ ਹਿਰਾਸਤ ’ਚੋਂ ਨੌਜਵਾਨ ਲਾਪਤਾ, ਹਾਈਕੋਰਟ ਵੱਲੋਂ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੁਲੀਸ ਦੀ ਹਿਰਾਸਤ ਵਿੱਚੋਂ ਇੱਕ ਨੌਜਵਾਨ ਦੇ ਲਾਪਤਾ ਹੋਣ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਮੀਡੀਆ ਵਿੱਚ ਪ੍ਰਕਾਸ਼ਤ ਰਿਪੋਰਟ ਦੇ ਆਧਾਰ ’ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਥਾਣਾ ਬਲਾਚੌਰ ਦੀ ਪੁਲੀਸ ਦੀ ਹਿਰਾਸਤ ਵਿੱਚ ਲਏ ਨੌਜਵਾਨ ਦੀ ਗੁੰਮਸ਼ੁਦਗੀ ਦੇ ਮਾਮਲੇ ’ਤੇ ਚੀਫ ਜਸਟਿਸ ਮੁਕੁਲ ਮੁਦਗਲ ਅਤੇ ਜਸਟਿਸ ਰੰਜਨ ਗੋਗੋਈ ’ਤੇ ਅਧਾਰਿਤ ਬੈਂਚ ਨੇ ਕਿਹਾ ਕਿ ਜਿਸ ਤਰ੍ਹਾਂ ਦੀ ਘਟਨਾ ਦਾ ਜ਼ਿਕਰ ਮੀਡੀਆ ਵਿੱਚ ਹੋਇਆ ਹੈ। ਜੇਕਰ ਇਹ ਤੱਥ ਸਹੀ ਹਨ ਤਾਂ ਮਾਮਲਾ ਅਦਾਲਤੀ ਘੇਰੇ ਵਿੱਚ ਆਉਂਦਾ ਹੈ ਤੇ ਇਸ ਦਾ ਨੋਟਿਸ ਲਿਆ ਜਾਣਾ ਬਣਦਾ ਹੈ।

ਅਦਾਲਤ ਨੇ ਵਧੀਕ ਐਡਵੋਕੇਟ ਜਨਰਲ ਮਧੂ ਦਿਆਲ ਨੂੰ ਨੋਟਿਸ ਸੌਂਪਿਆ ਤੇ ਮਾਮਲੇ ਦੀ ਅਗਲੀ ਸੁਣਵਾਈ 13 ਦਸੰਬਰ ਮਿਥ ਦਿੱਤੀ ਹੈ। ਨਾਲ ਹੀ ਇੱਕ ਵਕੀਲ ਨੂੰ ਇਸ ਮਾਮਲੇ ਵਿੱਚ ਪੈਰਵੀ ਕਰਨ ਲਈ ਕਿਹਾ ਹੈ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਬਾਗੂਵਾਲ ਦੇ ਵਾਸੀ ਜਗਨਨਾਥ (74) ਅਤੇ ਵਿੱਦਿਆ (70) ਨੇ ਦੋਸ਼ ਲਾਇਆ ਕਿ ਥਾਣਾ ਬਲਾਚੌਰ ਦੀ ਪੁਲੀਸ ਨੇ ਉਨ੍ਹਾਂ ਦੇ ਪੁੱਤਰ ਸ਼ਮਿੰਦਰ ਸਿੰਘ ਉਰਫ਼ ਸ਼ੇਰਾ (24) ਨੂੰ 31 ਅਕਤੂਬਰ ਨੂੰ ਪਿੰਡ ਗੜੀ ਕਾਨੂੰਗੋਆਂ ਦੇ ਨੇੜਿਓਂ ਹਿਰਾਸਤ ਵਿੱਚ ਲਿਆ ਸੀ। ਉਸ ਤੋਂ ਬਾਅਦ ਉਹ ਲਗਾਤਾਰ ਦੋ ਹਫ਼ਤੇ ਪੁਲੀਸ ਹਿਰਾਸਤ ਵਿੱਚ ਹੀ ਆਪਣੇ ਪੁੱਤਰ ਨੂੰ ਥਾਣਾ ਬਲਾਚੌਰ ਵਿੱਚ ਮਿਲਦੇ ਰਹੇ। ਇਸ ਜੋੜੇ ਦਾ ਕਹਿਣਾ ਹੈ ਕਿ ਪੁਲੀਸ ਵੱਲੋਂ ਸ਼ੇਰਾ ਦੇ ਸਬੰਧ ਅਤਿਵਾਦੀਆਂ ਨਾਲ ਦੱਸੇ ਜਾ ਰਹੇ ਸਨ ਜਦੋਂ ਕਿ ਉਸ ਖਿਲਾਫ਼ ਪੁਲੀਸ ਨੇ ਕੋਈ ਮਾਮਲਾ ਦਰਜ ਨਹੀਂ ਸੀ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਉਸ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਿਆ।

ਗੈਰ ਕਾਨੂੰਨੀ ਹਿਰਾਸਤ ’ਤੇ ਇਤਰਾਜ਼ ਕਰਦਿਆਂ ਇਸ ਨੌਜਵਾਨ ਦੇ ਵਾਰਸਾਂ ਨੇ ਥਾਣਾ ਮੁਖੀ ਨੂੰ ਇਹ ਵੀ ਕਿਹਾ ਸੀ ਕਿ ਜੇਕਰ ਸ਼ੇਰਾ ਨੇ ਕੋਈ ਅਪਰਾਧ ਕੀਤਾ ਹੈ ਤਾਂ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਪਰ ਪੁਲੀਸ ਨੇ ਪਰਿਵਾਰ ਦੀ ਇੱਕ ਨਾ ਸੁਣੀ। ਉਨ੍ਹਾਂ ਕਿਹਾ ਕਿ ਥਾਣੇ ਵਿੱਚ ਮੁਲਾਕਾਤਾਂ ਦੌਰਾਨ ਸ਼ੇਰਾ ਨੇ ਪੁਲੀਸ ਵੱਲੋਂ ਤਸ਼ੱਦਦ ਢਾਹੁਣ ਦੇ ਦੋਸ਼ ਲਗਾਏ ਸਨ।

ਉਨ੍ਹਾਂ ਦੋਸ਼ ਲਾਇਆ ਸੀ ਕਿ ਪੁਲੀਸ ਨੇ ਏਨਾ ਜ਼ਿਆਦਾ ਤਸ਼ੱਦਦ ਕੀਤਾ ਕਿ ਉਸ ਤੋਂ ਖੜ੍ਹਾ ਵੀ ਨਹੀਂ ਸੀ ਹੋਇਆ ਜਾ ਰਿਹਾ। ਪਰਿਵਾਰ ਨੇ ਸ਼ਮਿੰਦਰ ਸਿੰਘ ਨੂੰ ਥਾਣੇ ਵਿੱਚ ਆਖਰੀ ਵਾਰ 16 ਨਵੰਬਰ ਨੂੰ ਦੇਖਿਆ। ਉਸ ਤੋਂ ਦੋ ਤਿੰਨ ਦਿਨਾਂ ਬਾਅਦ ਜਦੋਂ ਪਰਿਵਾਰ ਦੇ ਮੈਂਬਰ ਥਾਣੇ ਗਏ ਤਾਂ ਪੁਲੀਸ ਨੇ ਕਿਹਾ ਕਿ ਸ਼ੇਰਾ ਤਾਂ ਪੁਲੀਸ ਹਿਰਾਸਤ ਵਿੱਚੋਂ ਦੌੜ ਗਿਆ ਹੈ। ਪੁਲੀਸ ਨੇ ਕਿਹਾ ਕਿ ਅਤਿਵਾਦੀਆਂ ਨਾਲ ਸਬੰਧ ਹੋਣ ਕਾਰਨ ਪੁਲੀਸ ਵੀ ਉਸ ਨੂੰ ਸਰਗਰਮੀ ਨਾਲ ਤਲਾਸ਼ ਰਹੀ ਹੈ। ਪੁਲੀਸ ਹਿਰਾਸਤ ਦੌਰਾਨ ਸ਼ੇਰਾ ਨੇ ਆਪਣੇ ਮਾਪਿਆਂ ਨੂੰ ਇਹ ਵੀ ਕਿਹਾ ਸੀ ਕਿ ਉਸ ਦੀ ਰਿਹਾਈ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਜਾਵੇ। ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਪੈਸੇ ਨਾ ਹੋਣ ਕਾਰਨ ਉਹ ਪਹਿਲਾਂ ਹਾਈ ਕੋਰਟ ਤੱਕ ਪਹੁੰਚ ਹੀ ਨਹੀਂ ਕਰ ਸਕੇ।


# Motel For Sale

## Mufreesboro Inn in NC

**Property Description: 32 rooms, newly renovated with owner's 4 bedroom house attached to the property. Only Motel in popular university town of North Carolina. Located on main street . No other motel in 15 miles area radius.**

**Price $725K- ALL CASH.**

**Please Call, Ph:919-794-6429**



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

**Credit card** terminals -Verifone, Hypercom...

Transfer existing CC processing to us for **lower rates.**

***99% approved same day.*** We specialize in high risk businesses.

**ATMs – TRANAX/TRITON/WRG,** starting at $69/mo.*
*(Perfect for retail stores, hotels, gas stations, etc.)*

***Need Money?*** We provide cash advance against credit card processing with **NO collateral** or personal guarantee.

Online Data Corp. is a registered ISO/MSP of Wells Fargo Bank N.A.
*Credit restrictions apply.

**Call SAGAR HANDA at: 773-416-8526**
or 773-935-VISA, SagarATM@yahoo.com

**www.GoldCoastATM.com**




**FREE CREDIT CARD TERMINAL!**



# Realtor & Mortgage Specialist Bay Area & Central Valley

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



**RAJ SINGH**
**M.A., M.Ed Retd. Principal**
**Realtor & Financial Adviser**
**Lic#01776459 & OG22467**

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

**Doing Short Sale is much better than Forclosure home.**

# RAJ SINGH

**Cell:510-452-7370**

MISSIONPEAK BROKERS, INC. PEAK OF EXCELLENCE

46560 Fremont Blvd.,
Suite #111 Fremont, CA 94538
singhrajpaul@yahoo.com

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ



# ਬੇ-ਏਰੀਆ ਕਾਲਜ ਆਫ ਨਰਸਿੰਗ

**...ਜਿਥੇ ਕੋਈ ਵੇਟਿੰਗ ਲਿਸਟ ਨਹੀਂ! ਰਜਿਸਟਰ ਹੋਵੋ ਤੇ ਨਰਸ ਬਣੋ!**

* ਇੰਡੀਆ ਤੋਂ ਵੀ ਵਿਦਿਆਰਥੀ M-1 ਵੀਜ਼ੇ ਰਾਹੀਂ ਦਾਖਲ ਹੋ ਸਕਦੇ ਹਨ।
* ਨਰਸਿੰਗ ਅਸਿਸਟੈਂਟ ਦੀਆਂ ਕਲਾਸਾਂ ਇਕ ਮਹੀਨੇ ਵਿਚ ਪੂਰੀਆਂ ਕਰੋ।
* ਵੋਕੇਸ਼ਨਲ ਨਰਸ ਦੀਆਂ ਕਲਾਸਾਂ 13 ਮਹੀਨਿਆਂ ਵਿਚ ਪੂਰੀਆਂ ਕਰੋ, ਫਿਰ ਬੋਰਡ ਦੀ ਪਰੀਖਿਆ ਪਾਸ ਕਰ ਕੇ LVN ਬਣੋ।
* 8 ਮਹੀਨੇ ’ਚ RN ਦਾ ਕੋਰਸ ਕਰੋ-ਦਾਖਲੇ ਅਗਲੇ ਸਾਲ ਦੇ ਸ਼ੁਰੂ ਵਿਚ

BAY AREA COLLEGE OF NURSING
2004



**ਬੇ-ਏਰੀਆ ਵਿਚ ਤਿੰਨ ਲੋਕੇਸ਼ਨਾਂ**
-ਪਾਲੋ ਆਲਟੋ ਫੋਨ: 650-858-6810
-ਸੈਨ ਹੋਜੇ ਫੋਨ: 408-280-6888
-ਡੇਲੀ ਸਿਟੀ ਫੋਨ: 650-755-6888

**3 Locations in Bay Area:**
- Palo Alto (650) 858-6810
- San Jose (408) 280-6888
- Daly City (650) 755-6888

ਪੰਜਾਬੀ ਵਿਚ ਜਾਣਕਾਰੀ ਲੈਣ ਲਈ
ਸੈਨ ਹੋਜ਼ੇ ਲੋਕੇਸ਼ਨ ਤੇ ਕਮਲਪ੍ਰੀਤ ਟੂਟ ਨੂੰ ਫੋਨ ਕਰੋ ਜੀ।

**www.bayareacollege.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Photographer**
Kamaljit Singh Virdi
Ph. 847-502-2703

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਕੋਜ਼ੀ ਦੀ ਭਾਰਤ ਫੇਰੀ ਨੇ ਦੋਵਾਂ ਦੇਸ਼ਾਂ ਵਿਚਾਲੇ ਨੇੜਤਾ ਵਧਾਈ

*(ਸਫਾ ਇਕ ਦੀ ਬਾਕੀ)*

ਲਿਜਾਣ ਦਾ ਆਇਦ ਵੀ ਕੀਤਾ। ਇਸ ਤੋਂ ਇਲਾਵਾ 7 ਦਸੰਬਰ ਨੂੰ ਦੋਵਾਂ ਦੇਸ਼ਾਂ ਵਿਚਾਲੇ ਕਈ ਅਹਿਮ ਸਮਝੌਤੇ ਵੀ ਕੀਤੇ ਗਏ ਜਿਨ੍ਹਾਂ ਨਾਲ ਭਾਰਤ ਵਿਚ ਪਰਮਾਣੂ ਰਿਐਕਟਰ ਸਥਾਪਤ ਕਰਨ ਬਾਰੇ ਸਮਝੌਤਿਆਂ 'ਤੇ ਸਹੀ ਪਾਉਣ ਵਾਲਾ ਫਰਾਂਸ ਪਹਿਲਾ ਦੇਸ਼ ਬਣ ਗਿਆ ਹੈ।

ਭਾਰਤ ਦੀ ਫੇਰੀ 'ਤੇ ਆਏ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਹਾਜ਼ਰੀ ਵਿਚ ਜਿਨ੍ਹਾਂ ਪੰਜ ਸਮਝੌਤਿਆਂ 'ਤੇ ਸਹੀ ਪਾਈ ਗਈ ਉਨ੍ਹਾਂ ਵਿਚੋਂ ਇਕ ਮਹਾਰਾਸ਼ਟਰ ਦੇ ਜੈਤਾਪੁਰ ਵਿਚ ਪਹਿਲੇ ਦੋ ਰਿਐਕਟਰ ਸਥਾਪਤ ਕਰਨ ਬਾਰੇ ਹੈ ਜਿਨ੍ਹਾਂ 'ਤੇ ਕਰੀਬ 25 ਅਰਬ ਅਮਰੀਕੀ ਡਾਲਰਾਂ ਦਾ ਖਰਚ ਹੋਵੇਗਾ। ਫਰਾਂਸ ਵੱਲੋਂ ਦੇਸ਼ ਵਿਚ ਕੁੱਲ ਛੇ ਰਿਐਕਟਰ ਸਥਾਪਤ ਕੀਤੇ ਜਾਣੇ ਹਨ।

ਨਿਊਕਲੀਅਰ ਪਾਵਰ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ (ਐਨ.ਪੀ.ਸੀ. ਆਈ.ਐਲ.) ਤੇ ਫਰਾਂਸੀਸੀ ਕੰਪਨੀ 'ਅਰੇਵਾ' ਦਰਮਿਆਨ ਰਿਐਕਟਰਾਂ ਦੀ ਸਥਾਪਤੀ ਦੇ ਮੁੱਢਲੇ ਕੰਮ ਮੁਕੰਮਲ ਕਰਨ ਬਾਰੇ ਸਮਝੌਤੇ 'ਤੇ ਵੀ ਸਹੀ ਪਾਈ ਗਈ। ਹਾਲਾਂਕਿ ਇਸ ਸਮਝੌਤੇ ਨੂੰ ਅਮਲ ਵਿਚ ਲਿਆਉਣ 'ਤੇ ਕੁਝ ਸਮਾਂ ਲੱਗੇਗਾ ਕਿਉਂਕਿ ਖਰਚੇ ਬਾਰੇ ਤੇ ਕੁਝ ਤਕਨੀਕੀ ਮੁੱਦਿਆਂ 'ਤੇ ਹਾਲੇ ਵਿਚਾਰ-ਵਟਾਂਦਰਾ ਕੀਤਾ ਜਾਣਾ ਬਾਕੀ ਹੈ।

ਮੀਟਿੰਗਾਂ ਦੇ ਸਿਲਸਿਲੇ ਤੋਂ ਬਾਅਦ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਦੱਸਿਆ ਕਿ ਮੁੱਢਲੇ ਢਾਂਚੇ ਬਾਰੇ ਸਮਝੌਤੇ 'ਤੇ ਸਹੀ ਪਾਈ ਗਈ ਹੈ ਪਰ ਕੁਝ ਤਕਨੀਕੀ ਮੁੱਦਿਆਂ ਤੇ ਖਰਚੇ ਬਾਰੇ ਹਾਲੇ ਵਿਚਾਰ-ਵਟਾਂਦਰਾ ਕੀਤਾ ਜਾਣਾ ਬਾਕੀ ਹੈ। ਭਾਰਤ ਤੇ ਫਰਾਂਸ ਨੇ ਫਿਲਮਾਂ ਦੇ ਸਹਿ-ਨਿਰਮਾਣ ਅਤੇ ਭੂਮੀ ਤੇ ਜਲਵਾਯੂ ਵਿਗਿਆਨ ਬਾਰੇ ਵੀ ਦੋ ਸਮਝੌਤਿਆਂ 'ਤੇ ਸਹੀ ਪਾਈ। ਦੋਵਾਂ ਆਗੂਆਂ ਨੇ 2012 ਤੱਕ ਦੁਵੱਲਾ ਵਪਾਰ ਦੁਗਣਾ ਕਰਕੇ 12 ਅਰਬ ਯੂਰੋ ਤਕ ਲਿਜਾਣ ਲਈ ਕੰਮ ਕਰਨ ਦਾ ਫੈਸਲਾ ਕੀਤਾ ਹੈ।

ਇਸ ਤੋਂ ਇਲਾਵਾ ਦੋਵਾਂ ਆਗੂਆਂ ਨੇ ਰੱਖਿਆ, ਅਤਿਵਾਦ ਦੇ ਟਾਕਰੇ, ਪੁਲਾੜ, ਵਿਗਿਆਨ ਤੇ ਤਕਨਾਲੋਜੀ ਦੇ ਖੇਤਰਾਂ ਵਿਚ ਦੁਵੱਲੇ ਰਿਸ਼ਤੇ ਹੋਰ ਮਜ਼ਬੂਤ ਬਣਾਉਣ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਅਫਗਾਨਿਸਤਾਨ ਤੇ ਪਾਕਿਸਤਾਨ ਦੀ ਸਥਿਤੀ ਬਾਰੇ ਵੀ ਚਰਚਾ ਕੀਤੀ।

ਰਾਸ਼ਟਰਪਤੀ ਸਰਕੋਜ਼ੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੇ ਹੋਰ ਆਲਮੀ ਜਥੇਬੰਦੀਆਂ ਵਿਚ ਭਾਰਤ ਲਈ ਸਥਾਈ ਸੀਟ ਦੀ ਹਮਾਇਤ ਕਰਦਿਆਂ ਕਿਹਾ ਕਿ ਵਿਸ਼ਵ ਵਿਚ ਸ਼ਕਤੀ ਸੰਤੁਲਨ ਵਾਸਤੇ ਅਜਿਹਾ ਕਰਨਾ ਅਹਿਮ ਹੈ। ਉਨ੍ਹਾਂ ਕਿਹਾ ਕਿ ਫਰਾਂਸ ਤੇ ਭਾਰਤ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਸੰਯੁਕਤ ਰਾਸ਼ਟਰ ਤੇ ਇਸ ਦੀ ਸੁਰੱਖਿਆ ਕੌਂਸਲ ਵਿਚ ਸੁਧਾਰ ਕੀਤੇ ਜਾਣ ਤਾਂ ਜੋ ਇਹ ਅੱਜ ਦੇ ਵਿਸ਼ਵ ਦੀ ਵਧੇਰੇ ਤਰਜਮਾਨੀ ਕਰ ਸਕੇ। ਦੋਵਾਂ ਦੇਸ਼ਾਂ ਨੇ ਖੇਤਰੀ ਮੁੱਦਿਆਂ, ਅਤਿਵਾਦ ਵਿਰੁਧ, ਵਾਤਾਵਰਣ ਤਬਦੀਲੀ ਤੇ ਵਿਆਪਕ ਤਬਾਹੀ ਦੇ ਹਥਿਆਰਾਂ ਦਾ ਪਾਸਾਰ ਰੋਕਣ ਜਿਹੇ ਮੁੱਦਿਆਂ 'ਤੇ ਸਹਿਯੋਗ ਜਾਰੀ ਰੱਖਣ ਦੀ ਇੱਛਾ ਵੀ ਜ਼ਾਹਰ ਕੀਤੀ। ਭਾਰਤ ਵੱਲੋਂ ਪਰਮਾਣੂ ਅਪਸਾਰ ਬਾਰੇ ਕੀਤੇ ਜਾ ਰਹੇ ਯਤਨਾਂ ਦੇ ਮੱਦੇਨਜ਼ਰ ਫਰਾਂਸ ਨੇ ਇਸ ਗੱਲ ਦੀ ਹਮਾਇਤ ਕੀਤੀ ਕਿ ਭਾਰਤ ਨੂੰ ਮਿਜ਼ਾਈਲ ਟੈਕਨਾਲੋਜੀ ਕੰਟਰੋਲ ਤੇ ਪਰਮਾਣੂ ਸਪਲਾਇਰ ਗਰੁਪਾਂ ਦੀ ਮੈਂਬਰਸ਼ਿਪ ਮਿਲਣੀ ਚਾਹੀਦੀ ਹੈ। ਫਰਾਂਸ ਨੇ ਇਸ ਮੰਤਵ ਲਈ ਭਾਰਤ ਦਾ ਸਾਥ ਦੇਣ ਦੀ ਵਚਨਬੱਧਤਾ ਪ੍ਰਗਟਾਈ।

ਦੋਵਾਂ ਦੇਸ਼ਾਂ ਨੇ ਪਰਮਾਣੂ ਹਥਿਆਰਾਂ ਵਿਚ ਵਰਤੀ ਜਾਣ ਵਾਲੀ ਸਮੱਗਰੀ ਤਿਆਰ ਕਰਨ 'ਤੇ ਪਾਬੰਦੀ ਲਗਾਉਣ ਲਈ ਤੁਰੰਤ ਵਿਚਾਰ-ਵਟਾਂਦਰਾ ਸ਼ੁਰੂ ਕਰਨ 'ਤੇ ਵੀ ਜ਼ੋਰ ਦਿੱਤਾ। ਦੋਵਾਂ ਆਗੂਆਂ ਨੇ ਰੱਖਿਆ ਸਨਅਤ ਵਿਚ ਸਾਂਝੇ ਪ੍ਰੋਗਰਾਮਾਂ ਵਾਸਤੇ ਕੀਤੇ ਜਾ ਰਹੇ ਯਤਨਾਂ ਦਾ ਵੀ ਸਵਾਗਤ ਕੀਤਾ। ਇਸ ਵਿਚ ਸਾਂਝੀ ਖੋਜ, ਤਕਨਾਲੋਜੀ ਦੇ ਵਿਕਾਸ ਤੇ ਅਦਾਨ-ਪ੍ਰਦਾਨ ਦਾ ਪ੍ਰਬੰਧ ਹੈ। ਇਸ ਪ੍ਰਬੰਧ ਤਹਿਤ ਛੇਤੀ ਹੀ ਦੋਵਾਂ ਦੇਸ਼ਾਂ ਵੱਲੋਂ ਜ਼ਮੀਨ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਛੋਟੀ ਦੂਰੀ ਵਾਲੀਆਂ ਮਿਜ਼ਾਈਲਾਂ ਤੇ ਲੜਾਕੂ ਜਹਾਜ਼ਾਂ ਦੇ ਇੰਜਣ ਵਿਕਸਤ ਕੀਤੇ ਜਾਣ ਦਾ ਪ੍ਰੋਗਰਾਮ ਸ਼ੁਰੂ ਕੀਤੇ ਜਾਣ ਦੀ ਉਮੀਦ ਹੈ।

## ਸਰਕੋਜ਼ੀ ਤੇ ਬਰੂਨੀ ਨੇ ਦਰਗਾਹ ਤੋਂ ਮੰਗੀ ਪੁੱਤਰ ਦੀ ਦਾਤ

**ਫਤਿਹਪੁਰ ਸੀਕਰੀ:** ਭਾਰਤ ਫੇਰੀ 'ਤੇ ਆਏ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਤੇ ਉਨ੍ਹਾਂ ਦੀ ਪਤਨੀ ਕਾਰਲਾ ਬਰੂਨੀ ਨੇ ਪੀਰ ਸਲੀਮ ਚਿਸ਼ਤੀ ਦੀ ਦਰਗਾਹ ਵਿਖੇ ਅਕੀਦਤ ਕੀਤੀ ਤੇ ਆਪਣੇ ਲਈ ਪੁੱਤਰ ਦੀ ਦੁਆ ਮੰਗੀ ਜਿਵੇਂ ਸਦੀਆਂ ਪਹਿਲਾਂ ਬਾਦਸ਼ਾਹ ਅਕਬਰ ਨੇ ਕੀਤਾ ਸੀ। ਫਰਾਂਸੀਸੀ ਪ੍ਰਥਮ ਜੋੜੇ ਦਾ ਦਰਗਾਹ ਦੇ ਸੱਜਾਦਨਸ਼ੀਨ ਪੀਰਜ਼ਾਦਾ ਰਾਇਸ ਮੀਆਂ ਚਿਸ਼ਤੀ ਤੇ ਉਨ੍ਹਾਂ ਦੇ ਦੋ ਪੁੱਤਰਾਂ ਨੇ ਇਸਤਕਬਾਲ ਕੀਤਾ।

ਉਥੋਂ ਇਹ ਜੋੜਾ ਸਿਰ ਢੱਕ ਕੇ ਤੇ ਨੰਗੇ ਪੈਰੀਂ ਚੱਲ ਕੇ ਦਰਗਾਹ ਗਿਆ ਤੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਗੁਲਾਬ ਦੇ ਫੁੱਲਾਂ ਦੀ ਚਾਦਰ ਚੜ੍ਹਾਈ। ਰਾਇਸ ਮੀਆਂ ਦੇ ਪੁੱਤਰ ਅਰਸ਼ਦ ਅਫਰੀਦੀ ਨੇ ਦੱਸਿਆ ਕਿ ਇਹ ਦਰਗਾਹ ਉਦੋਂ ਬਹੁਤ ਮਸ਼ਹੂਰ ਹੋ ਗਈ ਸੀ ਜਦੋਂ ਪੀਰ ਚਿਸ਼ਤੀ ਨੇ ਬਾਦਸ਼ਾਹ ਅਕਬਰ ਨੂੰ ਤਿੰਨ ਪੁੱਤਰਾਂ ਦੀ ਦਾਤ ਬਖ਼ਸ਼ੀ ਸੀ ਤੇ ਇਸੇ ਕਾਰਨ ਬਾਦਸ਼ਾਹ ਦੇ ਪੀਰ ਦੇ ਨਾਂ ਉਤੇ ਆਪਣੇ ਪੁੱਤਰ ਦਾ ਨਾਂ ਸਲੀਮ ਰੱਖਿਆ ਸੀ ਜੋ ਬਾਅਦ ਵਿਚ ਬਾਦਸ਼ਾਹ ਜਹਾਂਗੀਰ ਬਣਿਆ। ਗੌਰਤਲਬ ਹੈ ਕਿ ਫਤਿਹਪੁਰ ਸੀਕਰੀ ਬਾਦਸ਼ਾਹ ਅਕਬਰ ਵੱਲੋਂ ਬਣਾਇਆ ਗਿਆ ਪਹਿਲਾ ਯੋਜਨਾਬੱਧ ਸ਼ਹਿਰ ਸੀ।



ਰਾਇਸ ਮੀਆਂ ਨੇ ਦੱਸਿਆ ਕਿ ਸਰਕੋਜ਼ੀ ਨੂੰ ਜਦੋਂ ਦੱਸਿਆ ਗਿਆ ਕਿ ਇੱਥੇ ਬੇਰੁਜ਼ਗਾਰਾਂ, ਅਣਵਿਆਹਿਆਂ ਤੇ ਬੇ-ਔਲਾਦਾਂ ਦੀਆਂ ਮੰਨਤਾਂ ਪੂਰੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਆਪਣੇ ਲਈ ਦੁਆ ਮੰਗਣ ਤੇ ਖਾਸਕਰ ਕਾਮਯਾਬੀ ਦੀ ਦੁਆ ਕਰਨ ਲਈ ਕਿਹਾ। ਜਦੋਂ ਉਹ ਇਥੇ ਧਾਗਾ ਬੰਨ੍ਹ ਰਹੇ ਸਨ ਜਿਸ ਨੂੰ 'ਕਲਾਵਾ' ਕਿਹਾ ਜਾਂਦਾ ਹੈ ਤਾਂ ਕਾਰਲਾ ਨੇ ਕਿਹਾ ਕਿ ਉਸ ਨੂੰ ਪੁੱਤਰ ਚਾਹੀਦਾ ਹੈ ਤੇ ਇਸ ਲਈ ਦੁਆ ਕੀਤੀ ਗਈ। ਦੱਸਣਯੋਗ ਹੈ ਕਿ ਇਸ ਜੋੜੇ ਨੇ ਫਰਵਰੀ 2008 ਵਿਚ ਵਿਆਹ ਕਰਵਾਇਆ ਸੀ ਪਰ ਉਨ੍ਹਾਂ ਦਾ ਕੋਈ ਬੱਚਾ ਨਹੀਂ ਹੈ। ਉਂਜ ਪਹਿਲੇ ਵਿਆਹਾਂ ਤੋਂ ਸ੍ਰੀ ਸਰਕੋਜ਼ੀ ਦੇ ਤਿੰਨ ਤੇ ਬੀਬੀ ਕਾਰਲਾ ਦਾ ਇਕ ਪੁੱਤਰ ਹੈ।

## ਐਨ.ਐਸ.ਜੀ. ਲਈ ਭਾਰਤੀ ਦਾਅਵੇਦਾਰੀ ਦੀ ਹਮਾਇਤ

**ਬੰਗਲੌਰ:** ਫਰਾਂਸੀਸੀ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨੇ ਭਾਰਤ ਦੇ ਸਿਵਲ ਪਰਮਾਣੂ ਪ੍ਰੋਗਰਾਮ ਦੇ ਵਿਕਾਸ ਪ੍ਰਤੀ ਆਪਣੇ ਦੇਸ਼ ਦੀ ਮੁਕੰਮਲ ਹਮਾਇਤ ਦਾ ਇਜ਼ਹਾਰ ਕੀਤਾ ਪਰ ਨਾਲ ਹੀ ਇਸ ਸਨਅਤ ਦੇ ਰਾਹ ਵਿਚ ਖੜ੍ਹੀਆਂ ਕੀਤੀਆਂ ਰੋਕਾਂ 'ਤੇ ਵੀ ਉਂਗਲ ਉਠਾਈ ਹੈ।

ਚਾਰ ਰੋਜ਼ਾ ਦੌਰੇ 'ਤੇ ਇੱਥੇ ਪੁੱਜਣ ਸਾਰ ਸ੍ਰੀ ਸਰਕੋਜ਼ੀ ਨੇ ਪਰਮਾਣੂ ਸਪਲਾਇਰ ਗਰੁਪ (ਐਨ.ਐਸ.ਜੀ.) 'ਤੇ ਵਧਾਈ ਹੋਈ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ ਵਿਚ ਭਾਰਤ ਦੀ ਸਥਾਈ ਮੈਂਬਰੀ ਦੀ ਹਮਾਇਤ ਕਰਦਿਆਂ ਕਿਹਾ ਕਿ ਇਕ ਅਰਬ ਤੋਂ ਵੱਧ ਆਬਾਦੀ ਵਾਲੇ ਦੇਸ਼ ਨੂੰ ਲਾਂਭੇ ਰੱਖਣ ਬਾਰੇ ਸੋਚਿਆ ਹੀ ਨਹੀਂ ਜਾ ਸਕਦਾ। ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) 'ਚ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਰਕੋਜ਼ੀ ਨੇ ਆਖਿਆ ਕਿ ਫਰਾਂਸ ਭਾਰਤ ਦਾ ਮਿੱਤਰ ਹੈ। ਇਹ ਪ੍ਰਦੂਸ਼ਣ ਮੁਕਤ ਊਰਜਾ ਤੇ ਪਰਮਾਣੂ ਸਨਅਤ ਉਭਾਰਨ ਦੇ ਇਸ ਦੇ ਉਦਮ ਦੀ ਮਦਦ ਕਰੇਗਾ ਤੇ ਭਾਰਤ ਦੀ ਪਰਮਾਣੂ ਇਕੱਲਤਾ ਖਤਮ ਕਰਨ ਦੀ ਲੋੜ ਹੈ। ਸਿਵਲ ਪਰਮਾਣੂ ਊਰਜਾ ਤਕ ਪਹੁੰਚ ਕਰਨ ਦੇ ਭਾਰਤ ਦੇ ਹੱਕ ਨੂੰ ਚੁਣੌਤੀ ਦੇ ਕੇ ਨਾਇਨਸਾਫੀ ਕੀਤੀ ਗਈ ਸੀ।

ਉਨ੍ਹਾਂ ਕਿਹਾ ਕਿ ਭਾਰਤ ਪਰਮਾਣੂ ਅਪਸਾਰ 'ਤੇ ਨਿਗਰਾਨੀ ਰੱਖਣ ਵਾਲੇ ਬਹੁਪਰਤੀ ਗਰੁਪ ਦਾ ਪੂਰਾ ਮੈਂਬਰ ਹੋਵੇਗਾ ਤੇ ਫਰਾਂਸ ਐਨ.ਐਸ.ਜੀ. ਲਈ ਭਾਰਤ ਦੀ ਉਮੀਦਵਾਰੀ ਦੀ ਹਮਾਇਤ ਕਰੇਗਾ।

# ਸਕੂਲਾਂ 'ਚ ਪੱਗ ਦਾ ਮਾਮਲਾ

*(ਸਫਾ ਇਕ ਦੀ ਬਾਕੀ)*

ਦੇ ਸੰਸਦ ਮੈਂਬਰਾਂ ਦੀ ਅਗਵਾਈ ਹੇਠ ਫਰਾਂਸ ਦੇ ਦੂਤਾਵਾਸ ਵੱਲ ਨੂੰ ਰੋਸ ਮਾਰਚ ਕੀਤਾ ਗਿਆ। ਇਸ ਸਮੇਂ ਫਰਾਂਸ ਦੇ ਰਾਸ਼ਟਰਪਤੀ ਦੇ ਨਾਂ ਸੌਂਪੇ ਗਏ 'ਯਾਦ ਪੱਤਰ' ਵਿਚ ਦੱਸਿਆ ਗਿਆ ਕਿ ਸਿੱਖ ਧਰਮ ਵਿਚ ਪੱਗ ਬਹੁਤ ਅਹਿਮ ਸਥਾਨ ਹੈ। ਰੋਸ ਮਾਰਚ ਵਿਚ ਸ਼੍ਰੋਮਣੀ ਅਕਾਲੀ ਦਲ ਦੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ, ਹਰਸਿਮਰਤ ਕੌਰ ਬਾਦਲ, ਤਰਲੋਚਨ ਸਿੰਘ ਤੇ ਭਾਜਪਾ ਵੱਲੋਂ ਨਵਜੋਤ ਸਿੰਘ ਸਿੱਧੂ ਤੇ ਨਰੇਸ਼ ਗੁਜਰਾਲ ਵੀ ਸ਼ਾਮਲ ਸਨ। ਮਾਤਾ ਗੁਜਰੀ ਸਕੂਲ, ਗਰੇਟਰ ਸਕੂਲ ਦੇ ਵਿਦਿਆਰਥੀਆਂ ਨੇ ਮੰਗ ਬਾਰੇ ਤਖ਼ਤੀਆਂ ਚੁੱਕੀਆਂ ਹੋਈਆਂ ਸਨ।

ਇਸ ਮੌਕੇ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਵਿਸ਼ਵੀਕਰਨ ਦੇ ਇਸ ਯੁੱਗ ਵਿਚ ਸਿੱਖਾਂ ਦੀ ਕਾਬਲੀਅਤ, ਬਹਾਦਰੀ ਤੇ ਵਿਸ਼ੇਸ਼ ਧਾਰਮਿਕ ਪਛਾਣ ਤੋਂ ਸਮੁੱਚਾ ਵਿਸ਼ਵ ਜਾਣੂ ਹੋ ਚੁੱਕਾ ਹੈ ਪਰ ਇਸ ਦੇ ਬਾਵਜੂਦ ਕਿਸੇ ਦੇਸ਼ ਵੱਲੋਂ ਕਾਨੂੰਨ ਰਾਹੀਂ ਸਿੱਖਾਂ ਨੂੰ ਧਾਰਮਕ ਚਿੰਨ੍ਹਾਂ ਤੋਂ ਵਾਂਝਾ ਰੱਖਣ ਦਾ ਯਤਨ ਕਰਨਾ ਬਹੁਤ ਹੀ ਮੰਦਭਾਗਾ ਹੈ। ਉਨ੍ਹਾਂ ਕਿਹਾ ਕਿ ਇਹ 21ਵੀਂ ਸਦੀ ਦਾ ਸਮਾਂ ਹੈ ਜਿਸ ਵਿਚ ਹਰ ਵਿਅਕਤੀ ਨੂੰ ਧਾਰਮਿਕ ਤੇ ਸਮਾਜਿਕ ਅਧਿਕਾਰ ਅਤੇ ਵਿਚਾਰ ਪ੍ਰਗਟਾਉਣ ਦੀ ਆਜ਼ਾਦੀ ਹੈ ਪਰ ਅਫ਼ਸੋਸ ਹੈ ਕਿ ਫ਼ਰਾਂਸ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਪਗੜੀ 'ਤੇ ਪਾਬੰਦੀ ਲਾ ਕੇ ਧਾਰਮਿਕ ਆਜ਼ਾਦੀ ਦੇ ਰਾਹ 'ਚ ਅੜਿੱਕਾ ਖੜ੍ਹਾ ਕੀਤਾ ਜਾ ਰਿਹਾ ਹੈ। ਬੀਬੀ ਬਾਦਲ ਨੇ ਦੋਸ਼ ਲਾਇਆ ਕਿ ਕੇਂਦਰ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਮਸਲੇ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ। ਇਸ ਪ੍ਰਦਰਸ਼ਨ ਵਿਚ ਯੁਨਾਈਟਿਡ ਸਿੱਖਸ, ਸਿੱਖ ਫ਼ੋਰਮ ਤੇ ਹੋਰ ਸਿੱਖ ਜਥੇਬੰਦੀਆਂ ਨੇ ਵੀ ਹਿੱਸਾ ਲਿਆ।

# ਹਵਾਈ ਕਿਰਾਇਆਂ 'ਚ ਵਾਧਾ ਫ਼ਿਲਹਾਲ ਟਲਿਆ

**ਨਵੀਂ ਦਿੱਲੀ:** ਘਰੇਲੂ ਏਅਰਲਾਈਨਜ਼ ਵੱਲੋਂ ਹਵਾਈ ਕਿਰਾਇਆਂ ਵਿੱਚ ਭਾਰੀ ਵਾਧਾ ਕਰਨ ਦੀ ਦਿੱਤੀ ਗਈ ਤਜਵੀਜ਼ ਖ਼ਿਲਾਫ਼ ਸਖ਼ਤ ਰੁਖ਼ ਅਖ਼ਤਿਆਰ ਕਰਦਿਆਂ ਕੇਂਦਰ ਸਰਕਾਰ ਨੇ ਇਹ ਤਜਵੀਜ਼ ਰੱਦ ਕਰ ਦਿੱਤੀ ਹੈ। ਨਾਲ ਹੀ ਕੰਪਨੀਆਂ ਨੂੰ ਖ਼ਬਰਦਾਰ ਕੀਤਾ ਹੈ ਕਿ ਜੇ ਆਖ਼ਰੀ ਮੌਕੇ ਉੱਤੇ ਵੇਚੀਆਂ ਜਾਣ ਵਾਲੀਆਂ ਟਿਕਟਾਂ ਦੀ ਕੀਮਤ ਔਸਤ ਨਾਲੋਂ ਵੱਧ ਵਸੂਲੀ ਗਈ ਤਾਂ ਉਨ੍ਹਾਂ ਖ਼ਿਲਾਫ਼ ਜੁਰਮਾਨੇ ਸਮੇਤ ਹੋਰ ਕਾਰਵਾਈ ਕੀਤੀ ਜਾ ਸਕਦੀ ਹੈ।

ਦੱਸਣਯੋਗ ਹੈ ਕਿ ਇਹ ਹਵਾਈ ਕੰਪਨੀਆਂ ਕ੍ਰਿਸਮਸ ਅਤੇ ਨਵੇਂ ਸਾਲ ਮੌਕੇ ਮੁਸਾਫ਼ਰਾਂ ਦੀ ਗਿਣਤੀ ਵਿੱਚ ਵਾਧੇ ਦਾ ਲਾਹਾ ਲੈਣ ਲਈ ਕਿਰਾਇਆਂ ਵਿੱਚ ਭਾਰੀ ਵਾਧਾ ਕਰਨਾ ਚਾਹੁੰਦੀਆਂ ਸਨ। ਇਸ ਸਬੰਧੀ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੇ ਕਿਹਾ ਕਿ ਕਿਰਾਏ ਇਸ ਤਰ੍ਹਾਂ ਆਪਹੁਦਰੇ ਢੰਗ ਨਾਲ ਵਧਾਉਣ ਦੀ ਕੋਈ ਵਾਜਬੀਅਤ ਨਹੀਂ ਹੈ। ਹਵਾਈ ਕੰਪਨੀਆਂ ਦੀ ਇਸ ਕਾਰਵਾਈ ਬਾਰੇ ਸਰਕਾਰ ਖ਼ਾਮੋਸ਼ ਨਹੀਂ ਰਹਿ ਸਕਦੀ।

ਕੰਪਨੀਆਂ ਵੱਲੋਂ ਸੁਝਾਏ ਗਏ ਨਵੇਂ ਕਿਰਾਏ ਸ਼ਹਿਰੀ ਹਵਾਬਾਜ਼ੀ ਬਾਰੇ ਡਾਇਰੈਕਟਰ ਜਨਰਲ (ਡੀ.ਜੀ.ਸੀ. ਏ.) ਕੋਲ ਪੇਸ਼ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿਵੇਂ ਸਰਕਾਰ ਨੇ ਮੰਗਲੌਰ ਹਵਾਈ ਹਾਦਸੇ ਪਿੱਛੋਂ ਸੁਰੱਖਿਆ ਸਲਾਹਕਾਰ ਕੌਂਸਲ ਕਾਇਮ ਕੀਤੀ ਸੀ, ਉਸੇ ਤਰਜ਼ ਉੱਤੇ ਹੁਣ ਸ਼ਹਿਰੀ ਹਵਾਬਾਜ਼ੀ ਆਰਥਿਕ ਸਲਾਹਕਾਰ ਕੌਂਸਲ ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਜੋ ਡੀ.ਜੀ.ਸੀ.ਏ. ਨੂੰ ਮਾਲੀ ਤੇ ਵਿੱਤੀ ਮਾਮਲਿਆਂ ਸਬੰਧੀ ਸਲਾਹ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਕੌਂਸਲ ਦੇ ਮੁਖੀ ਸ਼ਹਿਰੀ ਹਵਾਬਾਜ਼ੀ ਸਕੱਤਰ ਨਸੀਮ ਜ਼ੈਦੀ ਹੋਣਗੇ ਜਿਸ ਦੀ ਕਾਇਮੀ ਸਬੰਧੀ ਨੋਟੀਫਿਕੇਸ਼ਨ ਅਗਲੇ ਹਫ਼ਤੇ ਜਾਰੀ ਕੀਤਾ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

## ਯੂ.ਪੀ. ਦੀ ਸਾਬਕਾ ਮੁੱਖ ਸਕੱਤਰ ਨੂੰ ਕੈਦ



**ਗਾਜ਼ੀਆਬਾਦ:** ਯੂ.ਪੀ. ਦੀ ਸਾਬਕਾ ਮੁੱਖ ਸਕੱਤਰ ਨੀਰਾ ਯਾਦਵ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਚਾਰ ਸਾਲ ਦੀ ਸਜ਼ਾ ਸੁਣਾਈ ਹੈ। ਉਹਨੂੰ ਸੱਤ ਸਾਲ ਪਹਿਲਾਂ ਨੋਇਡਾ ਵਿਕਾਸ ਅਥਾਰਟੀ ਦੀ ਮੁਖੀ ਵਜੋਂ ਪਲਾਟਾਂ ਦੀ ਅਲਾਟਮੈਂਟ 'ਚ ਵੱਡੇ ਪੱਧਰ 'ਤੇ ਘਪਲੇ ਦੀ ਦੋਸ਼ੀ ਠਹਿਰਾਇਆ ਗਿਆ ਸੀ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਏ.ਕੇ. ਸਿੰਘ ਨੇ ਮਾਮਲੇ 'ਚ ਫਲੈਕਸ ਇੰਡਸਟ੍ਰੀਜ਼ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਤੇ ਚੇਅਰਮੈਨ ਅਸ਼ੋਕ ਚਤੁਰਵੇਦੀ ਨੂੰ ਵੀ ਦੋਸ਼ੀ ਠਹਿਰਾਇਆ ਤੇ ਉਹਨੂੰ ਵੀ ਚਾਰ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਦੋਵਾਂ ਨੂੰ 50-50 ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ। ਫੈਸਲੇ ਮਗਰੋਂ ਦੋਵਾਂ ਨੂੰ ਦਾਸਨਾ ਜ਼ਿਲ੍ਹਾ ਜੇਲ੍ਹ ਭੇਜ ਦਿੱਤਾ ਗਿਆ। ਚਤੁਰਵੇਦੀ ਦੇ ਤਾਂ ਹੱਥਕੜੀ ਵੀ ਲਾਈ ਗਈ।

ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਦੀ ਸਰਕਾਰ 'ਚ ਮੁੱਖ ਸਕੱਤਰ ਨੀਰਾ ਯਾਦਵ ਦੇਸ਼ ਦੀ ਪਹਿਲੀ ਆਈ.ਏ.ਐਸ. ਅਧਿਕਾਰੀ ਸੀ ਜਿਸ ਨੂੰ ਸੁਪਰੀਮ ਕੋਰਟ ਨੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਮੁੱਖ ਸਕੱਤਰ ਦੇ ਅਹੁਦੇ ਤੋਂ ਹਟਾਇਆ ਸੀ। ਇਸੇ ਦੌਰਾਨ ਨੀਰਾ ਯਾਦਵ ਨੇ ਸਜ਼ਾ ਖ਼ਿਲਾਫ਼ ਹਾਈ ਕੋਰਟ 'ਚ ਜਾਣ ਦਾ ਫੈਸਲਾ ਕੀਤਾ ਹੈ।

## ਕਾਂਗਰਸੀ ਆਗੂ ਵੱਲੋਂ ਕਸ਼ਮੀਰ ਦੀ ਆਜ਼ਾਦੀ ਦਾ ਨਾਅਰਾ

**ਜੰਮੂ:** ਜੰਮੂ ਕਸ਼ਮੀਰ ਦੇ ਸਿਹਤ ਤੇ ਬਾਗ਼ਬਾਨੀ ਵਜ਼ੀਰ ਸ਼ਾਮ ਲਾਲ ਸ਼ਰਮਾ ਨੇ ਵੀ ਕਸ਼ਮੀਰ ਲਈ ਆਜ਼ਾਦੀ ਦੀ ਪੈਰਵੀ ਕੀਤੀ ਹੈ ਜਿਸ ਕਾਰਨ ਕਾਂਗਰਸੀ ਲੀਡਰਸ਼ਿਪ ਕਸੂਤੀ ਹਾਲਤ ਵਿਚ ਫਸ ਗਈ ਹੈ। ਲੀਡਰਸ਼ਿਪ ਨੇ ਹੁਣ ਇਹ ਕਹਿ ਕੇ ਖਹਿੜਾ ਛੁਡਾਉਣ ਦਾ ਯਤਨ ਕੀਤਾ ਹੈ ਕਿ ਕਸ਼ਮੀਰ ਬਾਰੇ ਸੂਬਾਈ ਆਗੂ ਦੇ ਵਿਚਾਰ ਨਿਰੋਲ ਨਿੱਜੀ ਹਨ।

ਕਠੂਆ ਜ਼ਿਲ੍ਹੇ ਦੇ ਪਿੰਡ ਬਾਣੀ ਵਿਚ ਇਕ ਜਲਸੇ ਦੌਰਾਨ ਸ੍ਰੀ ਸ਼ਰਮਾ ਨੇ ਕਹਿ ਦਿੱਤਾ ਕਿ ਹੁਣ ਕਸ਼ਮੀਰ ਨੂੰ ਆਜ਼ਾਦੀ ਅਤੇ ਲੱਦਾਖ ਨੂੰ ਕੇਂਦਰੀ ਸ਼ਾਸਤ ਪ੍ਰਦੇਸ਼ ਦਾ ਦਰਜਾ ਦੇ ਦਿਤਾ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜੰਮੂ ਨੂੰ ਵੱਖਰਾ ਸੂਬਾ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦਾਅਵਾ ਕੀਤਾ ਸਮੁੱਚੇ ਖੇਤਰ ਦੇ ਤੇਜ ਵਿਕਾਸ ਲਈ ਇਹੀ ਇਕ ਰਾਹ ਹੁਣ ਬਾਕੀ ਬਚਿਆ ਹੈ।

ਭਾਰਤੀ ਜਨਤਾ ਪਾਰਟੀ ਨੇ ਇਸ ਬਿਆਨ 'ਤੇ ਤੁਰੰਤ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਇਸੇ ਦੌਰਾਨ ਕਾਂਗਰਸ ਦੇ ਕੌਮੀ ਤਰਜਮਾਨ ਅਭਿਸ਼ੇਕ ਸਿੰਘਵੀ ਨੇ ਕਿਹਾ ਕਿ ਕਸ਼ਮੀਰ ਬਾਰੇ ਪਾਰਟੀ ਦਾ ਸਟੈਂਡ ਸਭ ਨੂੰ ਪਤਾ ਹੀ ਹੈ। ਇਹ ਸ੍ਰੀ ਸ਼ਰਮਾ ਦੇ ਆਪਣੇ ਵਿਚਾਰ ਹਨ। ਦੂਜੇ ਪਾਸੇ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਹੈ ਕਿ ਸੂਬੇ ਨਾਲ ਸਬੰਧਤ ਵੱਖਵਾਦੀਆਂ ਨੂੰ ਕੇਂਦਰ ਨਾਲ ਗੱਲਬਾਤ ਦੇ ਰਾਹ ਪੈਣਾ ਚਾਹੀਦਾ ਹੈ ਤਾਂ ਕਿ ਕਸ਼ਮੀਰ ਮਸਲੇ ਦਾ ਹੱਲ ਹੋ ਸਕੇ। ਉਨ੍ਹਾਂ ਇਹ ਗੱਲ ਆਪਣੇ ਦਾਦਾ ਤੇ ਨੈਸ਼ਨਲ ਕਾਨਫਰੰਸ ਦੇ ਬਾਨੀ ਸ਼ੇਖ ਮੁਹੰਮਦ ਅਬਦੁੱਲਾ ਦੇ 105ਵੇਂ ਜਨਮ ਦਿਨ ਮੌਕੇ ਉਨ੍ਹਾਂ ਦੇ ਮਕਬਰੇ ਉਤੇ ਇਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕਹੀ। ਉਨ੍ਹਾਂ ਕਿਹਾ ਕਿ ਉਹ ਅਜਿਹੇ ਖੇਤਰਾਂ ਵਿਚੋਂ ਅਫਸਪਾ ਵਰਗੇ ਕਾਨੂੰਨ ਹਟਵਾਉਣ ਦੀ ਕੋਸ਼ਿਸ਼ ਵਿਚ ਹਨ ਜਿਥੇ ਇਨ੍ਹਾਂ ਦੀ ਲੋੜ ਨਹੀਂ ਹੈ।

ਮੁਖ ਮੰਤਰੀ ਨੇ ਆਖਿਆ ਕਿ ਜੇ ਉਹ ਅਲਹਿਦਗੀਪਸੰਦ ਸੰਸਦ ਮੈਂਬਰਾਂ ਨਾਲ ਤੇ ਨਵੀਂ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨਰ ਨਾਲ ਗੱਲਬਾਤ ਕਰ ਸਕਦੇ ਹਨ ਤਾਂ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਵਿਚ ਕੀ ਸਮੱਸਿਆ ਹੈ। ਉਨ੍ਹਾਂ ਕਿਹਾ ਕਿ ਗੱਲਬਾਤ ਹੀ ਹੱਲ ਕੱਢਣ ਦਾ ਇਕੋ-ਇਕ ਤਰੀਕਾ ਹੈ ਤੇ ਉਨ੍ਹਾਂ ਨੂੰ ਕੇਂਦਰ ਨਾਲ ਗੱਲਬਾਤ ਦੇ ਰਾਹ ਪੈਣਾ ਚਾਹੀਦਾ ਹੈ। ਪੱਥਰਬਾਜ਼ੀ ਕਰਨ, ਲੋਕਾਂ ਨੂੰ ਮਾਰਨ ਜਾਂ ਬੱਸਾਂ ਸਾੜਨ ਵਰਗੇ ਹਿੰਸਕ ਤਰੀਕਿਆਂ ਰਾਹੀਂ ਕੁਝ ਵੀ ਹਾਸਲ ਨਹੀਂ ਹੋਵੇਗਾ।

ਕਸ਼ਮੀਰ ਦੀ ਸਥਿਤੀ ਬਾਰੇ ਸੂਬਾਈ ਅਸੈਂਬਲੀ ਵਿਚ ਆਪਣੀ ਟਿੱਪਣੀ ਦੇ ਭਾਜਪਾ ਵੱਲੋਂ ਕੀਤੇ ਵਿਰੋਧ ਸਬੰਧੀ ਉਨ੍ਹਾਂ ਕਿਹਾ, 'ਮੈਂ ਤਾਂ ਇਹ ਪ੍ਰਧਾਨ ਮੰਤਰੀ ਦੀ ਹਾਜ਼ਰੀ ਵਿਚ ਵੀ ਕਹਿ ਚੁੱਕਿਆ ਹਾਂ ਤੇ ਫਿਰ ਦੁਹਰਾਉਂਦਾ ਹਾਂ ਕਿ ਕਸ਼ਮੀਰ ਇਕ ਸਿਆਸੀ ਮਸਲਾ ਹੈ। ਫੰਡਾਂ ਰਾਹੀਂ ਸਿਰਫ਼ ਸਮੱਸਿਆਵਾਂ ਘਟਾਈਆਂ ਤੇ ਵਿਕਾਸ ਲਈ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ।" ਗ਼ੌਰਤਲਬ ਹੈ ਕਿ ਉਨ੍ਹਾਂ ਕਿਹਾ ਸੀ ਕਿ ਕਸ਼ਮੀਰ ਦਾ ਭਾਰਤ ਵਿਚ ਰਲੇਵਾਂ ਨਹੀਂ ਹੋਇਆ ਸੀ ਸਗੋਂ ਇਹ ਭਾਰਤ ਨਾਲ ਜੁੜਿਆ ਸੀ। ਇਸ ਗੱਲ ਦਾ ਭਾਜਪਾ ਤੇ ਉਨ੍ਹਾਂ ਦੀਆਂ ਹਮਖਿਆਲ ਪਾਰਟੀਆਂ ਨੇ ਸਖ਼ਤ ਵਿਰੋਧ ਕੀਤਾ ਸੀ।

ਇਸ ਮੌਕੇ ਬੋਲਦਿਆਂ ਨੈਸ਼ਨਲ ਕਾਨਫਰੰਸ ਦੇ ਮੁੱਖ ਸਰਪ੍ਰਸਤ ਫਾਰੂਕ ਅਬਦੁੱਲਾ ਨੇ ਕਿਹਾ ਕਿ ਕਸ਼ਮੀਰ ਮਸਲੇ ਦਾ ਇਕੋ-ਇਕ ਹੱਲ ਸੂਬੇ ਨੂੰ ਖ਼ੁਦਮੁਖ਼ਤਾਰੀ ਦੇਣਾ ਹੈ।

## ਕੈਬ ਡਰਾਈਵਰ ਦਾ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ


ਅਮਰਜੀਤ ਕੁਮਾਰ

**ਸੈਨ ਹੋਜੇ:** ਇਥੋਂ ਦੇ ਇਕ ਟੈਕਸੀ ਡਰਾਈਵਰ ਅਮਰਜੀਤ ਕੁਮਾਰ ਦੀ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਹ ਆਪਣੇ ਪਿਛੇ ਆਪਣੀ ਪਤਨੀ ਚੰਦਰ ਮੋਹਿਨੀ, ਬੇਟਾ ਗਗਨ ਕੁਮਾਰ (16), ਬੇਟੀ ਟਵਿੰਕਲ (15) ਅਤੇ ਬੇਟੀ ਐਮਿਲੀ (6) ਛਡ ਗਏ ਹਨ। ਉਹ ਪਿਛੋਂ ਲੁਧਿਆਣੇ ਤੋਂ ਸੀ ਅਤੇ ਉਨ੍ਹਾਂ ਦੇ ਪਰਿਵਾਰ ਦਾ ਹੋਰ ਕੋਈ ਜੀਅ ਇਥੇ ਨਹੀਂ ਹੈ। ਅਮਰਜੀਤ ਪਿਛਲੇ ਲੰਮੇ ਸਮੇਂ ਤੋਂ ਇਥੇ ਯੈਲੋ ਕੰਪਨੀ ਦੀ ਕੈਬ ਚਲਾਉਂਦਾ ਸੀ। ਉਸਦੇ ਸਾਥੀ ਕੈਬ ਡਰਾਈਵਰਾਂ ਵਲੋਂ ਉਸ ਦੀਆਂ ਅੰਤਿਮ ਰਸਮਾਂ ਲਈ ਪਰਿਵਾਰ ਦੀ ਆਰਥਕ ਮਦਦ ਕੀਤੀ ਜਾ ਰਹੀ ਹੈ।

ਅਮਰਜੀਤ ਕੁਮਾਰ ਦਾ ਸਸਕਾਰ ਐਤਵਾਰ 12 ਦਸੰਬਰ ਨੂੰ ਸਵੇਰੇ 10 ਵਜੇ ਤੋਂ 12.30 ਵਜੇ ਤਕ ਕੀਤਾ ਜਾਏਗਾ। ਉਸਦੇ ਪਰਿਵਾਰ ਨਾਲ ਸੰਪਰਕ ਰਾਜ ਫੋਨ 408-256-9500 ਅਤੇ ਸੰਨੀ ਫੋਨ 408-603-7654 ਰਾਹੀਂ ਕੀਤਾ ਜਾ ਸਕਦਾ ਹੈ।

## ਭੁੱਟੋ ਹੱਤਿਆ ਕਾਂਡ 'ਚ ਦੋ ਅਫ਼ਸਰਾਂ ਦੇ ਵਾਰੰਟ

**ਇਸਲਾਮਾਬਾਦ:** ਪਾਕਿਸਤਾਨ ਦੀ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਵਿਚ ਸ਼ਾਮਲ ਹੋਣ ਦੇ ਸ਼ੱਕ ਵਜੋਂ ਦੋ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤੇ ਹਨ। ਉਨ੍ਹਾਂ 'ਤੇ ਬੇਗਮ ਭੁੱਟੋ ਨੂੰ ਬਚਾਉਣ ਵਿਚ 'ਅਸਫਲ' ਰਹਿਣ ਦਾ ਦੋਸ਼ ਲੱਗਿਆ ਹੈ। ਇਹ ਵਾਰੰਟ ਰਾਵਲਪਿੰਡੀ ਪੁਲਿਸ ਦੇ ਸਾਬਕਾ ਮੁਖੀ ਸੌਦ ਅਜ਼ੀਜ਼ ਤੇ ਸੀਨੀਅਰ ਪੁਲਿਸ ਅਧਿਕਾਰੀ ਖੁਰਮ ਸ਼ਹਿਜ਼ਾਦ ਖ਼ਿਲਾਫ਼ ਜਾਰੀ ਹੋਏ ਹਨ। ਇਹ ਦੋਵੇਂ ਸ੍ਰੀਮਤੀ ਭੁੱਟੋ ਦੀ ਹੱਤਿਆ ਹੋਣ ਵੇਲੇ 27 ਦਸੰਬਰ, 2007 ਨੂੰ ਸਬੰਧਤ ਪਿੰਡ ਰੈਲੀ ਲਈ ਸੁਰੱਖਿਆ ਪ੍ਰਬੰਧ ਕਰਨ ਵਾਸਤੇ ਅਹਿਮ ਜ਼ਿੰਮੇਵਾਰੀ 'ਤੇ ਸਨ।


ਕੈਸ਼ੀਅਰ ਦੀ ਲੋੜ ਹੈ

ਮਾਡੈਸਟੋ ਵਿਚ ਗੈਸ ਸਟੇਸ਼ਨ ਲਈ ਤਜ਼ਰਬੇਕਾਰ ਕੈਸ਼ੀਅਰ ਦੀ ਲੋੜ ਹੈ
ਹੋਰ ਜਾਣਕਾਰੀ ਲਈ ਕਾਲ ਕਰੋ:
ਫੋਨ:510-710-5595

*Needed Experienced Cashier for a Gas Station in Modesto.*
*Call For Details:510-710-5595*

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

*National Truck Driving School*

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu
Cell:916-502-7733

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You


Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

*Call: Sohanpreet 'Sam' Chahal*
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਕਾਂਗਰਸ ਦੀ ਮਨਪ੍ਰੀਤ ਬਾਦਲ ਪ੍ਰਤੀ ਸੁਰ ਨਰਮ, ਅਕਾਲੀ ਦਲ ਵੱਲੋਂ ਸਦਾ ਲਈ ਦਰਵਾਜ਼ੇ ਬੰਦ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ 'ਚ ਰਾਜਸੀ ਸਮੀਕਰਨਾਂ ਬਦਲਣੀਆਂ ਸ਼ੁਰੂ ਹੋ ਗਈਆਂ ਹਨ। ਜਿੱਥੇ ਅਕਾਲੀ ਦਲ ਨੇ ਬਾਗੀ ਹੋਏ ਸਾਬਕਾ ਖ਼ਜ਼ਾਨੀ ਮੰਤਰੀ ਮਨਪ੍ਰੀਤ ਸਿੰਘ ਬਾਦਲ ਲਈ ਪਰਟੀ ਦੇ ਦਰਵਾਜ਼ੇ ਸਦਾ ਲਈ ਬੰਦ ਕਰ ਦਿੱਤੇ ਹਨ ਉਥੇ ਕਾਂਗਰਸ ਪ੍ਰਧਾਨ ਨੇ ਆਪਣੀ ਸੁਰ ਕੁਝ ਨਰਮ ਕਰਦਿਆਂ



*ਅਮਰਿੰਦਰ ਸਿੰਘ*

ਇਸ਼ਾਰਾ ਕੀਤਾ ਹੈ ਕਿ ਜੇ ਚਾਹੇ ਤਾਂ ਮਨਪ੍ਰੀਤ ਸਿੰਘ ਬਾਦਲ ਕਾਂਗਰਸ 'ਚ ਸ਼ਾਮਲ ਹੋ ਸਕਦਾ ਹੈ।

ਪੰਜਾਬ ਕਾਂਗਰਸ ਦੀ ਕਪਤਾਨੀ ਮਿਲਣ ਤੋਂ ਬਾਅਦ ਆਪਣੀਆਂ ਰਾਜਸੀ ਸਰਗਰਮੀਆਂ ਨੂੰ ਤੇਜ਼ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਮਨਪ੍ਰੀਤ ਬਾਦਲ ਦੇ ਕਾਂਗਰਸ ਵਿਚ ਸ਼ਾਮਲ ਹੋਣ ਦੇ ਖ਼ਿਲਾਫ਼ ਨਹੀਂ ਹਨ। ਉਨ੍ਹਾਂ ਅਕਾਲੀ ਦਲ ਤੋਂ ਬਾਗੀ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਬਾਦਲ ਵੱਲੋਂ ਚਲਾਈ ਜਾ ਰਹੀ 'ਜਾਗੋ ਪੰਜਾਬ' ਮੁਹਿੰਮ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਹਾਲੇ ਤਾਂ ਖੁਦ ਮਨਪ੍ਰੀਤ ਹੀ ਆਪਣੇ ਟੀਚਿਆਂ ਬਾਰੇ ਸਪੱਸ਼ਟ ਨਹੀਂ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਨਪ੍ਰੀਤ ਬਾਦਲ ਦੀ ਪਾਰਟੀ ਵਿਚ ਵਾਪਸੀ ਦੀ ਸੰਭਾਵਨਾ ਨੂੰ ਰੱਦ ਕਰਦਿਆਂ ਕਿਹਾ ਕਿ ਸਿਧਾਂਤਾਂ ਦੇ ਮੁੱਦੇ 'ਤੇ ਉਸ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਸੁਖਬੀਰ ਬਾਦਲ ਨੇ ਕਿਹਾ ਕਿ ਮਨਪ੍ਰੀਤ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ ਸਗੋਂ ਇਹ ਤਾਂ ਸਿਧਾਂਤਾਂ ਦੀ ਲੜਾਈ ਹੈ।

ਚੰਡੀਗੜ੍ਹ 'ਚ ਪੰਜਾਬ ਕਾਂਗਰਸ ਭਵਨ ਵਿਖੇ ਪੱਤਰਕਾਰਾਂ ਨਾਲ ਗੈਰਰਸਮੀ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪੰਜਾਬ ਵਿਚ ਤੀਸਰੇ ਫਰੰਟ ਦੇ ਭਵਿੱਖ ਦੀ ਕੋਈ ਸੰਭਾਵਨਾ ਨਹੀਂ ਹੈ ਤੇ ਅਜਿਹੇ ਤਜਰਬੇ ਪਹਿਲਾਂ ਕਈ ਵਾਰੀ ਠੁੱਸ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੇਵਲ ਕਾਂਗਰਸ ਤੇ ਅਕਾਲੀ ਦਲ ਦਾ ਹੀ ਸਿਆਸੀ ਆਧਾਰ ਹੈ ਤੇ ਇਨ੍ਹਾਂ ਦੋਵਾਂ ਪਾਰਟੀਆਂ ਤੋਂ ਇਲਾਵਾ ਤੀਸਰੀ ਧਿਰ ਦਾ ਫਿਲਹਾਲ ਪੰਜਾਬ ਵਿਚ ਕੋਈ ਭਵਿੱਖ ਨਹੀਂ। ਉਨ੍ਹਾਂ ਠੋਕ ਵਜਾ ਕੇ ਕਿਹਾ ਕਿ ਪਾਰਟੀ ਮੱਧਕਾਲੀ ਚੋਣਾਂ ਲਈ ਵੀ ਤਿਆਰ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਜੇ ਕੋਈ ਸੋਚਦਾ ਹੈ ਕਿ ਮੱਧਕਾਲੀ ਚੋਣਾਂ ਕਰਵਾਉਣ ਦੀ ਸੂਰਤ ਵਿਚ ਕਾਂਗਰਸ ਬਚਾਅ ਦੀ ਹਾਲਤ ਵਿਚ ਰਹੇਗੀ ਤਾਂ ਇਹ ਵੱਡੀ ਗਲਤਫਹਿਮੀ ਹੈ। ਉਨ੍ਹਾਂ ਕਿਹਾ ਕਿ ਜੇ ਅਕਾਲੀ ਮੱਧਕਾਲੀ ਚੋਣਾਂ ਕਰਵਾਉਂਦੇ ਹਨ ਤਾਂ ਉਹ ਇਸ ਦਾ ਸਵਾਗਤ ਕਰਨਗੇ।

ਅਕਾਲੀ ਦਲ ਦੇ ਪ੍ਰਧਾਨ ਤੇ ਪੰਜਾਬ ਦੇ ਉਪ ਮੁੱਖ ਮੰਤਰੀ ਵੱਲੋਂ ਬਿਹਾਰ ਚੋਣ ਨਤੀਜਿਆਂ ਦੇ ਪੰਜਾਬ ਵਿਚ ਪ੍ਰਭਾਵ ਪੈਣ ਦੇ ਕੀਤੇ ਜਾ ਰਹੇ ਦਾਅਵਿਆਂ ਦਾ ਜਵਾਬ ਦਿੰਦਿਆਂ ਕੈਪਟਨ ਨੇ ਕਿਹਾ ਕਿ ਬਿਹਾਰ ਦੀਆਂ ਚੋਣਾਂ ਦਾ ਪ੍ਰਭਾਵ ਇਥੇ ਪੈਣ ਦੇ ਕੋਈ ਆਸਾਰ ਨਹੀਂ ਹਨ ਕਿਉਂਕਿ ਪੰਜਾਬ ਤਾਂ ਪੰਜਾਬ ਹੀ ਹੈ। ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਮੌਜੂਦਾ ਸਰਕਾਰ ਵੇਲੇ ਪੰਜਾਬ 'ਚ ਉਨ੍ਹਾਂ ਦੀ ਸਰਕਾਰ ਦੇ ਸਮੇਂ ਤੋਂ 65 ਫੀਸਦੀ ਅਪਰਾਧ ਵਧਿਆ ਹੈ ਤੇ ਸਰਕਾਰ ਇਸ ਲਈ ਕੋਈ ਠੋਸ ਨੀਤੀ ਨਹੀਂ ਬਣਾ ਰਹੀ।

ਪੰਜਾਬ ਵਿਚ ਕੁਝ ਥਾਵਾਂ 'ਤੇ ਕਾਂਗਰਸ ਦੇ ਯੂਥ ਆਗੂ ਤੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੀ ਯਾਤਰਾ ਦੌਰਾਨ ਕਾਂਗਰਸੀਆਂ ਵਿਚਕਾਰ ਹੋਈਆਂ ਝੜਪਾਂ ਉਪਰ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਤਾਂ ਪਾਰਟੀ ਵਿਚ ਜੋਸ਼ ਦੀ ਨਿਸ਼ਾਨੀ ਹੈ। ਉਨ੍ਹਾਂ ਕਿਹਾ ਕਿ ਹੁਣ ਪੁਰਾਣੇ ਤੇ ਘਸੇ-ਪਿਟੇ ਕਾਨੂੰਨਾਂ ਤੇ ਨਿਯਮਾਂ ਦੀ ਨਿਰੰਤਰ ਨਜ਼ਰਸਾਨੀ ਕਰਨ ਦੀ ਲੋੜ ਹੈ। ਖਾਸ ਕਰਕੇ ਪੰਜਾਬ ਵਿਚ ਰੁਜ਼ਗਾਰ ਆਧਾਰਤ ਉਦਯੋਗ ਲਾਉਣ ਲਈ ਵੱਡੀ ਯੋਜਨਾ ਲੋੜੀਂਦੀ ਹੈ ਕਿਉਂਕਿ 45 ਲੱਖ ਨੌਜਵਾਨ



*ਮਨਪ੍ਰੀਤ ਬਾਦਲ*

ਬੇਰੁਜ਼ਗਾਰੀ ਵਿਚ ਧਸਿਆ ਪਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵਿਕਾਸ ਦੀ ਨੀਤੀ ਦੀ ਹਰੇਕ ਛੇ ਮਹੀਨਿਆਂ ਬਾਅਦ ਨਜ਼ਰਸਾਨੀ ਹੋਣੀ ਚਾਹੀਦੀ ਹੈ। ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਵੱਲੋਂ ਬੋਨਸ ਨਾ ਦੇਣ ਦੇ ਦਿੱਤੇ ਬਿਆਨ ਉਪਰ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਭ ਕੁਝ ਪੜਾਅਵਾਰ ਹੋਣਾ ਚਾਹੀਦਾ ਹੈ। ਪਹਿਲਾਂ ਕਿਸਾਨਾਂ ਨੂੰ ਬਹੁ-ਫਸਲੀ ਨੀਤੀਆਂ ਦੇ ਰਾਹ ਪਾ ਕੇ ਆਪਣੇ ਸਿਰ-ਪੈਰ ਖੜ੍ਹੇ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਉਹ ਪੰਜਾਬ ਵਿਚ ਪ੍ਰਮਾਣੂ ਬਿਜਲੀ ਪਲਾਂਟ ਲਾਉਣ ਦੇ ਹਾਮੀ ਨਹੀਂ ਹਨ ਕਿਉਂਕਿ ਪੰਜਾਬ ਸੰਘਣੀ ਆਬਾਦੀ ਵਾਲਾ ਖਿੱਤਾ ਹੈ ਤੇ ਅਜਿਹੇ ਪਲਾਂਟ ਕਿਸੇ ਖੁੱਲ੍ਹੇ ਖੇਤਰ ਵਿਚ ਹੀ ਲਾਉਣੇ ਵਾਜਬ ਹਨ।

# ਵੈਨਕੂਵਰ ਵਿਚ ਬਣੇਗੀ ਕਾਮਾਗਾਟਾਮਾਰੂ ਯਾਦਗਾਰ

**ਨੇਵਾਡਾ:** ਵੈਨਕੂਵਰ 'ਚ 1914 ਦੇ ਕਾਮਾਗਾਟਾਮਾਰੂ ਕਾਂਡ ਦੀ ਯਾਦਗਾਰ ਬਣਾਈ ਜਾਵੇਗੀ। ਵੈਨਕੂਵਰ ਬੋਰਡ ਆਫ ਪਾਰਕਸ ਐਂਡ ਰੀਕ੍ਰਿਏਸ਼ਨ ਨੇ ਦੋ ਅਹਿਮ ਟਿਕਾਣਿਆਂ ਹਾਰਬਰ ਗਰੀਨ ਪਾਰਕ ਤੇ ਸਟੈਨਲੇ ਪਾਰਕ (ਨੇੜੇ ਬਰੋਕਟਨ ਓਵਲ) ਬਾਰੇ ਲੋਕਾਂ ਦੀਆਂ ਟਿੱਪਣੀਆਂ ਮੰਗੀਆਂ ਹਨ। ਇਨ੍ਹਾਂ ਦੋਵਾਂ ਥਾਂਵਾਂ ਦੀ ਚੋਣ ਇਸ




ਕਰਕੇ ਕੀਤੀ ਗਈ ਹੈ ਕਿਉਂਕਿ ਇਥੇ ਨੇੜੇ ਹੀ ਕਾਮਾਗਾਟਾਮਾਰੂ ਆ ਕੇ ਕਿਨਾਰੇ ਲੱਗਿਆ ਸੀ।

ਇਥੇ ਇਹ ਜਾਣਕਾਰੀ ਦਿੰਦਿਆਂ ਨਾਮਵਰ ਭਾਰਤੀ-ਅਮਰੀਕੀ ਨੀਤੀਵੇਤਾ ਰਾਜਨ ਜ਼ੈਦ ਨੇ ਦੱਸਿਆ ਕਿ ਇਸ ਯਾਦਗਾਰ ਦੇ ਮਾਮਲੇ 'ਚ ਖਾਲਸਾ ਦੀਵਾਨ ਸੁਸਾਇਟੀ ਨੇ ਪਾਰਕ ਬੋਰਡ ਤਕ ਪਹੁੰਚ ਕੀਤੀ ਸੀ। ਇਸ ਪ੍ਰਾਜੈਕਟ ਲਈ ਹਿਸਟੋਰੀਕਲ ਹੈਕਗਨੀਸ਼ਨ ਪ੍ਰੋਗਰਾਮ ਤਹਿਤ ਫੰਡ ਮਿਲਣੇ ਹਨ। ਇਸ ਪ੍ਰੋਗਰਾਮ ਤਹਿਤ ਵੱਖ-ਵੱਖ ਭਾਈਚਾਰਿਆਂ ਬਾਰੇ ਉਹ ਯਾਦਗਾਰਾਂ ਜਾਂ ਪ੍ਰਾਜੈਕਟ ਨੇਪਰੇ ਚਾੜੇ ਜਾਂਦੇ ਹਨ ਜਿਹੜੇ ਬੀਤੇ ਸਮੇਂ 'ਚ ਕੈਨੇਡਾ ਦੀਆਂ ਇਤਿਹਾਸਕ ਆਵਾਸ ਨੀਤੀਆਂ ਤੋਂ ਪ੍ਰਭਾਵਤ ਹੋਏ ਸਨ। ਸਥਾਨ ਦੀ ਚੋਣ ਮਗਰੋਂ ਯਾਦਗਾਰ ਦੇ ਨਮੂਨੇ ਬਾਰੇ ਖੁੱਲ੍ਹੀ ਚਰਚਾ ਹੋਵੇਗੀ ਜਿਸ ਨੂੰ 31 ਮਾਰਚ 2012 ਤਕ ਮੁਕੰਮਲ ਕੀਤੇ ਜਾਣ ਦਾ ਟੀਚਾ ਮਿੱਥਿਆ ਗਿਆ ਹੈ।

ਸ੍ਰੀ ਜ਼ੈਦ ਨੇ ਕਿਹਾ ਕਿ ਇਸ ਸਮਾਰਕ ਦੀ ਯੋਜਨਾਬੰਦੀ ਦਾ ਆਗਾਜ਼ ਸਹੀ ਦਿਸ਼ਾ 'ਚ ਪੁੱਟਿਆ ਗਿਆ ਪੈਰ ਹੈ ਹਾਲਾਂਕਿ ਕੈਨੇਡਾ ਨੂੰ ਇਹ ਕਾਰਜ ਬਹੁਤ ਸਮਾਂ ਪਹਿਲਾਂ ਕਰ ਲੈਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ 1914 ਦੀ ਇਹ ਘਟਨਾ ਕੈਨੇਡਾ ਦੇ ਇਤਿਹਾਸ 'ਚ ਕਾਲਾ ਧੱਬਾ ਹੈ ਜਿਸ ਤੋਂ ਇਸ ਦੀਆਂ ਨਸਲਵਾਦੀ ਨੀਤੀਆਂ ਦਾ ਪਤਾ ਲੱਗਦਾ ਹੈ ਤੇ ਇਹ ਸਮਾਰਕ ਯਾਤਰੀਆਂ ਦੀ ਦਲੇਰੀ ਦੇ ਨਾਲ ਨਾਲ ਲੋਕਾਂ ਨੂੰ ਕੈਨੇਡਾ 'ਚ ਹੋਈਆਂ ਇਤਿਹਾਸਕ ਕੋਤਾਹੀਆਂ ਦੀ ਯਾਦ ਦਿਵਾਏਗਾ ਤਾਂ ਕਿ ਭਵਿੱਖ ਵਿਚ ਇਹ ਕੁਝ ਨਾ ਦੁਹਰਾਇਆ ਜਾਵੇ। ਭਾਰਤ-ਅਮਰੀਕਾ ਲੀਡਰਸ਼ਿਪ ਕਨਫੈਡਰੇਸ਼ਨ ਦੇ ਚੇਅਰਪਰਸਨ ਜ਼ੈਦ ਅਨੁਸਾਰ ਇਹ ਸਮਾਰਕ ਵੱਡੇ ਆਕਾਰ ਦਾ ਅਤੇ 1914 ਦੇ ਦੁਖਾਂਤ ਦੀ ਸਹੀ ਤਰ੍ਹਾਂ ਤਰਜ਼ਮਾਨੀ ਕਰਦਾ ਹੋਣਾ ਚਾਹੀਦਾ ਹੈ। ਉਨ੍ਹਾਂ ਚੀਫ ਖਾਲਸਾ ਦੀਵਾਨ ਸੁਸਾਇਟੀ ਤੇ ਭਾਈਚਾਰੇ ਦੇ ਹੋਰ ਮੈਂਬਰਾਂ ਦੇ ਅਣਥੱਕ ਯਤਨਾਂ ਦੀ ਵੀ ਸ਼ਲਾਘਾ ਕੀਤੀ।

ਜ਼ਿਕਰਯੋਗ ਹੈ ਕਿ 376 ਯਾਤਰੀਆਂ ਨੂੰ ਲੈ ਕੇ ਤੁਰਿਆ ਕਾਮਾਗਾਟਾਮਾਰੂ ਜਹਾਜ਼ 23 ਮਈ 1914 ਨੂੰ ਵੈਨਕੂਵਰ ਪੁੱਜਿਆ ਸੀ ਤੇ ਇਹਨੂੰ 23 ਜੁਲਾਈ ਨੂੰ ਵਾਪਸ ਕਲਕੱਤੇ ਮੁੜਨ ਲਈ ਮਜਬੂਰ ਕਰ ਦਿੱਤਾ ਗਿਆ ਸੀ। 27 ਸਤੰਬਰ ਨੂੰ ਕਲਕੱਤੇ ਦੇ ਬਜਬਜ ਘਾਟ ਉਤੇ ਉਤਰਨ ਵੇਲੇ ਪੁਲਿਸ ਵਲੋਂ ਚਲਾਈ ਗਈ ਗੋਲੀ ਨਾਲ ਕਾਫੀ ਯਾਤਰੀ ਮਾਰੇ ਗਏ ਸਨ ਤੇ ਬਹੁਤ ਸਾਰਿਆਂ ਨੂੰ ਬੰਦੀ ਬਣਾ ਲਿਆ ਗਿਆ ਸੀ। ਸਟੀਮ ਵਾਲਾ ਇਹ ਜਪਾਨੀ ਜਹਾਜ਼ ਸਿੰਗਾਪੁਰ ਦੇ ਸ. ਗੁਰਦਿੱਤ ਸਿੰਘ ਸੰਧੂ ਨੇ ਕਿਰਾਏ 'ਤੇ ਲਿਆ ਸੀ। ਇਹ ਹਾਂਗਕਾਂਗ ਤੋਂ ਚੀਨ ਤੇ ਜਾਪਾਨ ਰਾਹੀਂ ਵੈਨਕੂਵਰ ਪੁੱਜਿਆ ਸੀ। ਇਸ 'ਚ ਬਹੁਤੇ ਸਿੱਖ (ਕੁਝ ਕੁ ਮੁਸਲਮਾਨ ਤੇ ਹਿੰਦੂ) ਯਾਤਰੀ ਸਨ ਜਿਨ੍ਹਾਂ ਨੂੰ ਕੈਨੇਡਾ 'ਚ ਉਤਰਨ ਨਹੀਂ ਦਿੱਤਾ ਗਿਆ ਸੀ। ਇਹ ਸਾਰੀ ਕਾਰਵਾਈ ਏਸ਼ੀਆਈ ਕੂਲ ਦੇ ਲੋਕਾਂ ਨੂੰ ਲਾਂਭੇ ਰੱਖਣ ਲਈ ਬਣਾਏ ਕਾਨੂੰਨਾਂ ਤਹਿਤ ਕੀਤਾ ਗਿਆ ਸੀ।

23 ਮਈ 2008 ਨੂੰ ਬ੍ਰਿਟਿਸ਼ ਕੋਲੰਬੀਆਂ ਦੀ ਅਸੈਂਬਲੀ 'ਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ 1914 ਦੀ ਇਸ ਘਟਨਾ ਬਾਰੇ ਮੁਆਫੀ ਮੰਗੀ ਗਈ ਸੀ। 3 ਅਗਸਤ 2008 ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਸ ਬਾਰੇ ਮੁਆਫੀ ਮੰਗੀ ਸੀ। ਇਸ ਘਟਨਾ 'ਤੇ ਬਹੁਤ ਸਾਰੇ ਨਾਟਕ ਲਿਖੇ ਤੇ ਖੇਡੇ ਜਾ ਚੁੱਕੇ ਹਨ ਤੇ ਇਕ ਦਸਤਾਵੇਜ਼ੀ ਫਿਲਮ ਬਣ ਚੁੱਕੀ ਹੈ। ਆਸਕਰ ਲਈ ਨਾਮਜ਼ਦ ਦੀਪਾ ਮਹਿਤਾ ਨੇ ਇਸ ਵਿਸ਼ੇ 'ਤੇ 35 ਮਿਲੀਅਨ ਡਾਲਰ ਦੇ ਬਜਟ ਨਾਲ ਫਿਲਮ ਬਣਾਉਣ ਦਾ ਐਲਾਨ ਕੀਤਾ ਹੈ।

# ਸੈਕਰਾਮੈਂਟੋ 'ਚ ਪੰਜਾਬੀ ਕੈਬੀ 'ਤੇ ਹਮਲਾ ਕਰਨ ਦੇ ਦੋਸ਼ 'ਚ ਦੋ ਗ੍ਰਿਫਤਾਰ

**ਸੈਕਰਾਮੈਂਟੋ (ਮਨਦੀਪ ਮਾਨ):** ਕੋਈ ਇਕ ਹਫਤਾ ਪਹਿਲਾਂ ਇਥੇ ਇਕ ਸਿੱਖ ਟੈਕਸੀ ਡਰਾਈਵਰ ਹਰਭਜਨ ਸਿੰਘ ਉਪਰ ਨਸਲੀ ਹਮਲਾ ਕਰਨ ਦੇ ਦੋਸ਼ ਵਿਚ ਹਿਸਪੈਨਿਕ ਮੂਲ ਦੇ ਦੋ ਵਿਅਕਤੀਆਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਦੇ ਨਾਂ 41 ਸਾਲਾ ਪੀਦਰੋ ਰੈਮਰਜ਼ ਅਤੇ 33 ਸਾਲਾ ਜਾਨੀ ਮੌਰਲੇਜ਼ ਦੱਸੇ ਗਏ ਹਨ। ਦੋਹਾਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ ਅਤੇ ਦੋਹਾਂ ਵਿਰੁਧ ਨਸਲੀ ਹਮਲੇ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਹਮਲਵਰਾਂ ਨੇ 56 ਸਾਲਾ ਹਰਭਜਨ ਸਿੰਘ ਦੀ ਕੁੱਟਮਾਰ ਕੀਤੀ ਸੀ ਅਤੇ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ ਤੋਂ ਇਲਾਵਾ ਨਸਲੀ ਗਾਲਾਂ ਕੱਢੀਆਂ ਸਨ। ਇਹ ਘਟਨਾ ਪੰਜਾਬੀ ਮੀਡੀਆ ਰਾਹੀਂ ਪੂਰੇ ਅਮਰੀਕਾ ਵਿਚ ਫੈਲ ਗਈ ਸੀ। ਸਥਾਨਕ ਪੱਧਰ ਦੀਆਂ ਵੱਖ ਵੱਖ ਟੈਕਸੀ ਯੂਨੀਅਨਾਂ, ਭਾਈਚਾਰਕ ਤੇ ਸਮਾਜਿਕ ਸੰਸਥਾਵਾਂ ਨੇ ਪੁਲਿਸ ਉਤੇ ਹਮਲਾਵਰਾਂ ਵਿਰੁਧ ਹੇਟ ਕਰਾਈਮ ਅਧੀਨ ਕਾਰਵਾਈ ਕਰਨ ਲਈ ਜ਼ੋਰ ਪਾਇਆ ਸੀ। ਪੁਲਿਸ ਨੇ ਦੋ ਦਿਨਾਂ ਦੇ ਅੰਦਰ ਹੀ ਹਮਲਾਵਰਾਂ ਨੂੰ ਗ੍ਰਿਫਤਾਰ ਕਰ ਲਿਆ। ਦੂਜੇ ਪਾਸੇ ਹਰਭਜਨ ਸਿੰਘ ਅਤੇ ਉਸਦੇ ਪਰਿਵਾਰ ਨੇ ਸਮੁੱਚੇ ਭਾਈਚਾਰੇ ਅਤੇ ਖਾਸ ਕਰ ਪੰਜਾਬੀ ਮੀਡੀਏ ਦਾ ਧੰਨਵਾਦ ਕੀਤਾ ਹੈ ਜੋ ਸੰਕਟ ਦੀ ਘੜੀ ਉਨ੍ਹਾਂ ਨਾਲ ਡਟ ਕੇ ਖੜ੍ਹਾ ਹੋਇਆ ਅਤੇ ਆਰਥਿਕ ਤੇ ਮਾਨਸਿਕ ਸਹਾਰਾ ਦਿੱਤਾ।

# ਭਾਰਤ ਸਮੇਤ ਕਈ ਮੁਲਕ ਚੀਨ ਦੇ ਧੱਕੜ ਰਵੱਈਏ ਤੋਂ ਸਹਿਮੇ

**ਨਵੀਂ ਦਿੱਲੀ:** ਚੀਨ ਦੇ 'ਹਮਲਾਵਰ' ਰੁਖ਼ ਕਾਰਨ ਭਾਰਤ ਸਮੇਤ ਕਈ ਮੁਲਕ ਉਸ ਨਾਲ ਖਾਰ ਖਾਂਦੇ ਹਨ ਤੇ ਉਨ੍ਹਾਂ ਨੂੰ ਚੀਨ ਦੇ ਧੱਕੜ ਰਵੱਈਏ ਤੋਂ ਡਰ ਮਹਿਸੂਸ ਹੋ ਰਿਹਾ ਹੈ। ਇਹ ਖੁਲਾਸਾ ਵਿਕੀਲੀਕਸ ਵੱਲੋਂ ਨਸ਼ਰ ਕੀਤੇ ਤੱਥਾਂ ਤੋਂ ਹੋਇਆ ਹੈ। ਵਿਕੀਲੀਕਸ ਵੱਲੋਂ ਨਸ਼ਰ ਅਮਰੀਕਾ ਦੇ ਸਫ਼ਾਰਤੀ ਸੁਨੇਹਿਆਂ ਮੁਤਾਬਕ ਚੀਨ ਦੇ ਇਸ ਰੰਗ-ਢੰਗ ਖ਼ਿਲਾਫ਼ ਭਾਰਤ ਸਮੇਤ ਜਾਪਾਨ, ਯੂਰਪੀ ਯੂਨੀਅਨ ਤੇ ਕੁਝ ਅਫਰੀਕੀ ਮੁਲਕਾਂ ਨੇ ਅਮਰੀਕਾ ਕੋਲ ਸ਼ਿਕਾਇਤ ਕੀਤੀ ਸੀ।

ਵਿਕੀਲੀਕਸ ਵੱਲੋਂ ਨਸ਼ਰ ਅਜਿਹੇ ਸੁਨੇਹਿਆਂ ਵਿਚੋਂ ਕੁਝ ਬਾਰੇ ਲੰਡਨ ਦੇ ਅਖ਼ਬਾਰ 'ਆਬਜ਼ਰਵਰ' ਨੇ ਰਿਪੋਰਟ ਛਾਪੀ ਹੈ। ਇਸ ਮੁਤਾਬਕ ਪੇਇਚਿੰਗ ਵਿਚ ਅਮਰੀਕੀ ਰਾਜਦੂਤ ਜੌਹਨ ਹੰਟਸਮੈਨ ਨੇ ਚੀਨ ਦੀ 'ਨਵੀਂ ਧੱਕੜ' ਵਿਦੇਸ਼ ਨੀਤੀ ਬਾਰੇ ਭੇਜੇ ਖੁਫੀਆ ਸੁਨੇਹੇ ਵਿਚ ਕਿਹਾ ਸੀ ਕਿ ਪੇਇਚਿੰਗ 'ਦੁਨੀਆ ਭਰ ਵਿਚ' ਆਪਣੇ ਦੋਸਤ ਗਵਾ ਰਿਹਾ ਹੈ।

ਹਾਲੀਆ ਸਾਲਾਂ ਦੌਰਾਨ ਚੀਨ ਦੇ ਧੱਕੜ ਰਵੱਈਏ ਖ਼ਿਲਾਫ਼ 'ਸਭ ਤੋਂ ਵੱਧ ਇਤਰਾਜ਼' ਯੂਰਪੀ ਸਫ਼ੀਰਾਂ ਨੇ ਜ਼ਾਹਰ ਕੀਤਾ ਹੈ। ਸ੍ਰੀ ਹੰਟਸਮੈਨ ਦੇ ਸੁਨੇਹੇ ਮੁਤਾਬਕ ਭਾਰਤੀ ਤੇ ਜਪਾਨੀ ਸਫੀਰਾਂ ਨੇ ਵੀ ਅਜਿਹੀਆਂ ਹੀ 'ਸ਼ਿਕਾਇਤਾਂ' ਕੀਤੀਆਂ ਹਨ। ਬੀਤੇ ਫਰਵਰੀ ਮਹੀਨੇ ਭੇਜੇ ਇਸ ਸੁਨੇਹੇ ਵਿਚ ਸ੍ਰੀ ਹੰਟਸਮੈਨ ਨੇ ਚੀਨ ਵਿਚ ਭਾਰਤੀ ਰਾਜਦੂਤ ਐਸ. ਜੈਸ਼ੰਕਰ ਸਮੇਤ ਕਈ ਮੁਲਕਾਂ ਦੇ ਰਾਜਦੂਤਾਂ ਦੇ ਹਵਾਲੇ ਨਾਲ ਕਿਹਾ ਹੈ। ਸ੍ਰੀ ਹੰਟਸਮੈਨ ਨੇ ਚੀਨ ਉਤੇ ਦੂਜੇ ਮੁਲਕਾਂ ਨੂੰ 'ਡਰਾਉਣ-ਧਮਕਾਉਣ' ਦਾ ਦੋਸ਼ ਲਾਉਂਦਿਆਂ ਨਾਲ ਹੀ ਕਿਹਾ ਹੈ ਕਿ ਚੀਨ ਦੇ ਇਸ ਰਵੱਈਏ ਦਾ ਕਾਰਨ ਆਪਣੀ ਜਨਤਾ ਨੂੰ ਖੁਸ਼ ਕਰਨਾ ਜਾਪਦਾ ਹੈ। ਉਨ੍ਹਾਂ ਕਿਹਾ ਕਿ ਇਕ ਬਰਤਾਨਵੀ ਸਫ਼ੀਰ ਨੇ ਸ਼ਿਕਾਇਤ ਕੀਤੀ ਹੈ ਕਿ ਬੀਤੇ ਸਾਲ ਦਸੰਬਰ ਵਿਚ ਕੋਪਨਹੈਗਨ ਵਾਤਾਵਰਨ ਤਬਦੀਲੀ ਸਿਖਰ ਸੰਮੇਲਨ ਵਿਚ ਚੀਨੀ ਅਧਿਕਾਰੀਆਂ ਦਾ ਰਵੱਈਆ 'ਹਿਲਾ ਕੇ ਰੱਖ ਦੇਣ' ਵਾਲਾ ਸੀ। ਉਹ ਇੰਨੇ ਰੁੱਖੇ ਤੇ ਅੜੀਅਲ ਢੰਗ ਨਾਲ ਕੰਮ ਕਰ ਰਹੇ ਸਨ ਕਿ ਬਰਤਾਨੀਆ ਤੇ ਫਰਾਂਸ ਦੇ ਅਫਸਰ ਹੈਰਾਨ ਰਹਿ ਗਏ।

ਇਸੇ ਤਰ੍ਹਾਂ ਚੀਨ ਵਿਚ ਭਾਰਤੀ ਰਾਜਦੂਤ ਨੇ ਵੀ 'ਚੀਨ ਦੇ ਧੱਕੜ ਰਵੱਈਏ' ਕਾਰਨ ਅਮਰੀਕਾ ਨਾਲ ਵਧੇਰੇ ਗੂੜੇ ਸਹਿਯੋਗ ਦੀ ਪੇਸ਼ਕਸ਼ ਕੀਤੀ ਸੀ। ਨਾਰਵੇ ਦੇ ਸਫੀਰ ਨੇ ਵੀ ਅਜਿਹਾ ਹੀ ਇਤਰਾਜ਼ ਕੀਤਾ। ਦੂਜੇ ਪਾਸੇ ਚੀਨ ਨੇ ਹਾਲ ਹੀ ਵਿਚ ਆਪਣੇ ਜੇਲ੍ਹ 'ਚ ਬੰਦ ਬਾਗ਼ੀ ਆਗੂ ਲੂ ਨੂੰ ਨੋਬਲ ਇਨਾਮ ਦਿੱਤੇ ਜਾਣ ਉਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ ਸੀ। ਚੀਨ ਨੇ ਕਿਹਾ ਸੀ ਕਿ ਇਹ ਐਵਾਰਡ ਇਕ 'ਮੁਜਰਮ' ਨੂੰ ਦਿੱਤਾ ਗਿਆ ਹੈ ਜੋ 11 ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ।

# ਗੁਰਦਾ ਕਾਂਡ ਦੇ ਸਰਗਨੇ ਦੀ ਹੋਵੇਗੀ ਜਾਇਦਾਦ ਜ਼ਬਤ

**ਮੈਲਬਰਨ:** ਗੁਰਦੇ ਬਦਲਣ ਦੇ ਗੈਰਕਾਨੂੰਨੀ ਕਲੀਨਿਕਾਂ ਰਾਹੀਂ ਕਰੋੜਾਂ ਰੁਪਏ ਇਕੱਤਰ ਕਰਨ ਵਾਲੇ ਭਾਰਤੀ ਗਰੋਹ ਦਾ ਮੁਖੀਆ ਡਾ. ਅਮਿਤ ਕੁਮਾਰ ਆਪਣੇ ਪੈਸੇ ਮੈਲਬਰਨ ਦੇ ਉਤਰੀ ਹਿੱਸੇ ਵਿਚ ਜਾਇਦਾਦ ਖਰੀਦਣ 'ਤੇ ਖਰਚਦਾ ਸੀ। ਭਾਰਤੀ ਅਧਿਕਾਰੀਆਂ ਨੇ ਦੱਸਿਆ ਹੈ ਕਿ ਅਮਿਤ ਕੁਮਾਰ ਨੇ ਸਾਲ 2006 ਵਿਚ ਸਨਬਰੀ ਵਿਖੇ ਇਕ ਪਲਾਟ ਖਰੀਦਿਆ ਸੀ। ਅਧਿਕਾਰੀ ਮੰਨਦੇ ਹਨ ਕਿ ਆਪਣੇ ਗੈਰਕਾਨੂੰਨੀ ਕਲੀਨਿਕਾਂ ਰਾਹੀਂ ਅਮਿਤ ਕੁਮਾਰ ਜੋ ਪੈਸੇ ਇਕੱਠੇ ਕਰਦਾ ਸੀ, ਉਨ੍ਹਾਂ ਦਾ ਨਿਵੇਸ਼ ਉਹ ਆਸਟਰੇਲੀਆ ਵਿਚ ਜਾਇਦਾਦ ਖਰੀਦਣ 'ਤੇ ਕਰਦਾ ਸੀ। ਰਿਪੋਰਟ ਅਨੁਸਾਰ ਭਾਰਤ ਸਰਕਾਰ ਦੇ ਕਹਿਣ 'ਤੇ ਹੁਣ ਇਹ ਜਾਇਦਾਦਾਂ ਆਸਟਰੇਲੀਆ ਸਰਕਾਰ ਦੀ ਨਿਗਰਾਨੀ ਹੇਠ ਹਨ ਜਿਨ੍ਹਾਂ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਸੂਤਰਾਂ ਅਨੁਸਾਰ ਸਨਬਰੀ ਦੇ ਅਰਬ-ਪੇਂਡੂ ਇਲਾਕੇ ਵਿਚ ਅਮਿਤ ਦੀ ਜੋ ਜਾਇਦਾਦ ਹੈ, ਉਸ ਦੀ ਕੀਮਤ 6 ਲੱਖ ਡਾਲਰ ਦੇ ਕਰੀਬ ਹੈ। ਇਹ ਵੀ ਪਤਾ ਲੱਗਿਆ ਹੈ ਕਿ ਅਮਿਤ ਦਾ ਆਸਟਰੇਲੀਆ ਦੇ ਇਕ ਬੈਂਕ ਵਿਚ ਖਾਤਾ ਵੀ ਹੈ। ਸਮਝਿਆ ਜਾਂਦਾ ਹੈ ਕਿ 2008 ਵਿਚ ਆਪਣੀ ਗ੍ਰਿਫ਼ਤਾਰੀ ਤੋਂ ਪਹਿਲਾਂ ਅਮਿਤ ਕੁਮਾਰ ਆਸਟਰੇਲੀਆ ਗਿਆ ਸੀ।

ਅਮਿਤ ਕੁਮਾਰ ਦਾ ਇਹ ਗੈਰਕਾਨੂੰਨੀ ਕਾਰੋਬਾਰ ਵੱਡੇ ਪੱਧਰ 'ਤੇ ਫੈਲਿਆ ਹੋਇਆ ਸੀ। ਉਸ ਦੇ ਕਰਿੰਦੇ ਅਕਸਰ ਗਰੀਬ ਮਜ਼ਦੂਰਾਂ ਨੂੰ ਕੁਝ ਪੈਸਿਆਂ ਦਾ ਲਾਲਚ ਦੇ ਕੇ ਗੁਰਦੇ ਵੇਚਣ ਲਈ ਤਿਆਰ ਕਰਦੇ ਸਨ। ਬਾਅਦ ਵਿਚ ਇਹ ਗੁਰਦੇ ਵਿਦੇਸ਼ੀ ਗਾਹਕਾਂ ਨੂੰ ਲਗਾਏ ਜਾਂਦੇ ਸਨ। ਉਸ ਦਾ ਸ਼ਿਕਾਰ ਆਮ ਤੌਰ 'ਤੇ ਉਤਰ ਪ੍ਰਦੇਸ਼ ਦੇ ਮਜ਼ਦੂਰ ਬਣਦੇ ਸਨ। ਰਿਪੋਰਟ ਅਨੁਸਾਰ ਉਸ ਦੇ ਵਿਦੇਸ਼ੀ ਗਾਹਕਾਂ ਵਿਚੋਂ ਕਈ ਆਸਟਰੇਲਿਆਈ ਸਨ। ਉਸ ਦੀ ਵਿਕਟੋਰੀਆ ਸਥਿਤ ਜਾਇਦਾਦ ਤੋਂ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਉਸ ਦੇ ਆਸਟਰੇਲੀਆ ਵਿਚ ਕਈ ਲੋਕਾਂ ਨਾਲ ਸਬੰਧ ਸਨ।

# ਬੇਕਰਜ਼ਫੀਲਡ ਨਗਰ ਕੀਰਤਨ ਸਬੰਧੀ ਖਬਰ ਦਾ ਖੰਡਨ

**ਬੇਕਰਜ਼ਫੀਲਡ (ਮਨਦੀਪ ਮਾਨ):** ਕੈਲੀਫੋਰਨੀਆ ਤੋਂ ਛਪਦੇ ਇਕ ਪੰਜਾਬੀ ਅਖਬਾਰ (ਪੰਜਾਬ ਟਾਈਮਜ਼ ਨਹੀਂ) ਵਿਚ ਪਿਛਲੇ ਹਫਤੇ ਇਥੇ ਹਾਲ ਹੀ ਵਿਚ ਕੱਢੇ ਗਏ ਨਗਰ ਕੀਰਤਨ ਸਬੰਧੀ ਗਲਤ ਤਰੀਕੇ ਨਾਲ ਲਾਈ ਗਈ ਖਬਰ ਦਾ ਗੁਰਦੁਆਰਾ ਅੰਗਦ ਦਰਬਾਰ ਦੀ ਪ੍ਰਬੰਧਕ ਕਮੇਟੀ ਵਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਖਬਰ ਵਿਚ ਕਿਹਾ ਗਿਆ ਸੀ ਕਿ ਨਗਰ ਕੀਰਤਨ ਵਾਲੇ ਦਿਨ ਗੁਰੂਘਰ ਦੀ ਸਟੇਜ ਤੋਂ ਬੋਲਣ ਵਾਲੇ ਬੁਲਾਰਿਆਂ ਨੂੰ ਗੁਰੂ ਇਤਿਹਾਸ ਅਤੇ ਗੁਰਬਾਣੀ ਦੀ ਸੋਝੀ ਨਹੀਂ ਸੀ। ਕਮੇਟੀ ਦਾ ਕਹਿਣਾ ਹੈ ਕਿ ਅਸਲੀਅਤ ਇਹ ਹੈ ਕਿ ਸਾਰੇ ਬੁਲਾਰੇ ਬੜੇ ਸੂਝਵਾਨ ਅਤੇ ਗੁਰਬਾਣੀ ਤੇ ਸਿੱਖ ਇਤਿਹਾਸ ਤੋਂ ਬਖੂਬੀ ਜਾਣੂ ਸਨ।

ਪ੍ਰਧਾਨ ਸੁਖਵੀਰ ਸਿੰਘ ਸੰਧੂ, ਮੀਤ ਪ੍ਰਧਾਨ ਸੇਵਾ ਸਿੰਘ ਅਤੇ ਸਕੱਤਰ ਅਮਰੀਕ ਸਿੰਘ ਦੇ ਦਸਤਖਤਾਂ ਹੇਠ ਜਾਰੀ ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਇਹ ਖਬਰ ਕੈਲੀਫੋਰਨੀਆ ਦੇ ਇਕ ਸੀਨੀਅਰ ਅਕਾਲੀ ਆਗੂ ਵਲੋਂ ਲਗਵਾਈ ਗਈ ਹੈ ਕਿਉਂਕਿ ਇਸ ਆਗੂ ਨੂੰ ਗੁਰੂਘਰ ਦੀ ਸਟੇਜ ਤੋਂ ਬੋਲਣ ਨਹੀਂ ਸੀ ਦਿੱਤਾ ਗਿਆ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਅਕਾਲੀ ਆਗੂ ਮਹੀਨਾ ਕੁ ਪਹਿਲਾਂ ਇਸੇ ਗੁਰੂਘਰ ਦੀ ਗਰਾਉਂਡ ਵਿਚ ਹੋਏ ਕਬੱਡੀ ਟੂਰਨਾਮੈਂਟ ਦੌਰਾਨ ਸ਼ਰੇਆਮ ਸਵੇਰ ਵੇਲੇ ਸ਼ਰਾਬ ਪੀ ਕੇ ਸਟੇਜ ਉਤੇ ਚੜ੍ਹ ਗਿਆ ਸੀ। ਕਮੇਟੀ ਨੇ ਗਲਤ ਖਬਰ ਦੇਣ ਵਾਲੇ ਪੱਤਰਕਾਰ ਨੂੰ ਵੀ ਅਜਿਹੀਆਂ ਬੇ-ਬੁਨਿਆਦ ਖਬਰਾਂ ਦੇਣ ਪ੍ਰਤੀ ਤਾੜਨਾ ਕੀਤੀ ਹੈ।

# ਪੁਲਿਸ ਨੇ ਝੀਂਡਾ ਤੇ ਸਾਥੀਆਂ ਨੂੰ ਗੁਰਦੁਆਰੇ 'ਚ ਦਾਖ਼ਲ ਹੋਣੋਂ ਰੋਕਿਆ

**ਕੁਰਕਸ਼ੇਤਰ (ਪੰਜਾਬ ਟਾਈਮਜ਼ ਬਿਊਰੋ):** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਹਮਾਇਤੀ ਸਿੱਖਾਂ ਨੂੰ ਪੁਲਿਸ ਨੇ ਇਥੇ ਗੁਰਦੁਆਰਾ ਛੇਵੀਂ ਪਾਤਸ਼ਾਹੀ ਵਿਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਲਈ ਦਾਖ਼ਲ ਨਾ ਹੋਣ ਦਿੱਤਾ। ਪੁਲਿਸ ਨੇ ਉਨ੍ਹਾਂ ਨੂੰ ਦੇਵੀ ਲਾਲ ਚੌਕ ਉਤੇ ਹੀ ਰੋਕ ਲਿਆ ਤੇ ਉਨ੍ਹਾਂ ਉਥੇ ਹੀ ਪਾਠ ਕੀਤਾ। ਗ਼ੌਰਤਲਬ ਹੈ ਕਿ ਇਸ ਮੌਕੇ ਗੁਰਦੁਆਰਾ ਸਾਹਿਬ ਦੇ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਡੀ ਗਿਣਤੀ ਵਿਚ ਹਮਾਇਤੀ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਅਗਵਾਈ ਵਿਚ ਹਾਜ਼ਰ ਸਨ ਤੇ ਪੁਲਿਸ ਨੂੰ ਦੋਵਾਂ ਧਿਰਾਂ ਦਰਮਿਆਨ ਟਕਰਾਅ ਹੋਣ ਦਾ ਖਦਸ਼ਾ ਸੀ।

ਇਸੇ ਦੌਰਾਨ ਕੁਰੂਕਸ਼ੇਤਰ ਪੁਲਿਸ ਨੇ ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ, ਪ੍ਰਦੇਸ਼ ਯੂਥ ਪ੍ਰਧਾਨ ਕੰਵਲਜੀਤ ਸਿੰਘ ਅਜਰਾਣਾ, ਯੂਥ ਨੇਤਾ ਹਰਮਨਦੀਪ ਸਿੰਘ ਤੇ ਕਮੇਟੀ ਦੇ ਮੁੱਖ ਦਫਤਰ ਦੇ ਇੰਚਾਰਜ ਜਸਬੀਰ ਸਿੰਘ ਖਾਲਸਾ ਨੂੰ ਰਿਹਾ ਕਰ ਦਿੱਤਾ। ਇਨ੍ਹਾਂ ਨੂੰ 3 ਦਸੰਬਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪਹਿਲਾਂ ਕੀਤੇ ਐਲਾਨ ਮੁਤਾਬਕ ਹਰਿਆਣਾ ਕਮੇਟੀ ਦੇ ਹਮਾਇਤੀਆਂ ਦਾ ਜਥਾ ਜਨਰਲ ਸਕੱਤਰ ਜੋਗਾ ਸਿੰਘ ਯਮੁਨਾਨਗਰ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋਣ ਲਈ ਪੁੱਜਾ ਤਾਂ ਪੁਲਿਸ ਨੇ ਉਨ੍ਹਾਂ ਨੂੰ ਦੇਵੀ ਲਾਲ ਚੌਕ ਉਤੇ ਹੀ ਰੋਕ ਲਿਆ। ਸ੍ਰੀ ਜੋਗਾ ਸਿੰਘ ਨੇ ਕਿਹਾ ਕਿ ਸਿੱਖ ਸਿਰਫ਼ ਗੁਰਦੁਆਰਾ ਸਾਹਿਬ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਗੁਰੂ ਘਰ ਵਿਚ ਵੜਨ ਨਹੀਂ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਗੁਰਦੁਆਰਾ ਸਾਹਿਬ ਵਿਚ ਸੈਂਕੜੇ ਸ਼ਸਤਰਧਾਰੀ ਨੌਜਵਾਨ ਲਿਆਂਦੇ ਗਏ ਹਨ ਤਾਂ ਕਿ ਹਰਿਆਣਾ ਦੇ ਸਿੱਖ ਪਾਠ ਕਰਨ ਗੁਰੂ ਘਰ ਨਾ ਜਾ ਸਕਣ। ਇਸ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਸ੍ਰੀ ਮੱਕੜ ਅਚਾਨਕ ਗੁਰਦੁਆਰਾ ਸਾਹਿਬ ਪੁੱਜੇ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ੍ਰੀ ਝੀਂਡਾ ਨੂੰ ਹਰਿਆਣਾ ਦੇ ਸਿੱਖਾਂ ਦੀ ਹਮਾਇਤ ਹਾਸਲ ਨਹੀਂ ਹੈ।

ਇਸੇ ਦੌਰਾਨ ਸ. ਝੀਂਡਾ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਵਿਚ ਕਮੇਟੀ ਦੇ ਪ੍ਰਧਾਨ ਜਥੇਦਾਰ ਮੱਕੜ ਨੇ 1920 ਦੌਰਾਨ ਮਹੰਤ ਨਰਾਇਣ ਦਾਸ ਵਾਲੇ ਹਾਲਾਤ ਪੈਦਾ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਹਰਿਆਣੇ ਦੇ ਗੁਰਦੁਆਰਿਆਂ ਦੇ ਮਾਮਲੇ ਵਿਚ ਮੁੱਖ ਮੰਤਰੀ ਚੌਧਰੀ ਭੁਪਿੰਦਰ ਸਿੰਘ ਹੁੱਡਾ, ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਕਜੁੱਟ ਹਨ ਤੇ ਹਰਿਆਣੇ ਦੇ ਸਿੱਖਾਂ ਨਾਲ ਇਨਸਾਫ਼ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਗੁਟ ਵੱਲੋਂ ਅਗਲੇ ਵਰ੍ਹੇ ਹੋ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਹਿੱਸਾ ਲਿਆ ਜਾਵੇਗਾ। ਇਸ ਮੌਕੇ ਦੇਸ਼ ਭਰ ਦੇ ਸਾਰੇ ਸੂਬਿਆਂ ਦੀਆਂ ਪ੍ਰਦੇਸ਼ ਗੁਰਦੁਆਰਾ ਕਮੇਟੀਆਂ ਦੀ ਸਰਬ ਹਿੰਦ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਗਠਨ ਕਰਨ ਦਾ ਐਲਾਨ ਕੀਤਾ ਗਿਆ। ਇਸ ਦਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਥਾਪਿਆ ਗਿਆ ਹੈ।

# ਵਾਰਾਨਸੀ ਵਿਚ ਬੰਬ ਧਮਾਕਾ; ਬੱਚੀ ਦੀ ਮੌਤ, 30 ਜ਼ਖ਼ਮੀ

**ਵਾਰਾਨਸੀ:** ਸ਼ਹਿਰ ਦੇ ਸ਼ੀਤਲਾਘਾਟ ਵਿਖੇ ਗੰਗਾ ਆਰਤੀ ਵੇਲੇ ਹੋਏ ਜ਼ੋਰਦਾਰ ਧਮਾਕੇ ਵਿਚ 2 ਸਾਲਾ ਬੱਚੀ ਦੀ ਮੌਤ ਹੋ ਗਈ ਅਤੇ ਕੁਝ ਵਿਦੇਸ਼ੀ ਸੈਲਾਨੀਆਂ ਸਣੇ 30 ਬੰਦੇ ਫੱਟੜ ਹੋ ਗਏ। ਚਸ਼ਮਦੀਦ ਗਵਾਹਾਂ ਮੁਤਾਬਕ ਕੁਝ ਬੰਦੇ ਧਮਾਕੇ ਵਿਚ ਅਤੇ ਕੁਝ ਧਮਾਕੇ ਮਗਰੋਂ ਪਈ ਭਾਜੜ ਦੌਰਾਨ ਜ਼ਖ਼ਮੀ ਹੋਏ।

ਉਧਰ ਧਮਾਕੇ ਪਿੱਛੋਂ ਨਵੀਂ ਦਿੱਲੀ, ਹੈਦਰਾਬਾਦ, ਬੰਗਲੌਰ ਤੇ ਮੁੰਬਈ ਸਣੇ ਸਾਰੇ ਵੱਡੇ ਸ਼ਹਿਰਾਂ ਵਿਚ ਚੌਕਸੀ ਵਧਾ ਦਿੱਤੀ ਗਈ। ਧਮਾਕਾ ਗੰਗਾ ਨਦੀ ਦੇ ਕੰਢੇ ਸ਼ੀਤਲਾਘਾਟ 'ਤੇ ਉਸ ਸਮੇਂ ਹੋਇਆ ਜਦੋਂ ਹਜ਼ਾਰਾਂ ਦੀ ਗਿਣਤੀ 'ਚ ਸ਼ਰਧਾਲੂ ਅਤੇ ਵਿਦੇਸ਼ੀ ਸੈਲਾਨੀ ਗੰਗਾ ਆਰਤੀ ਦੇ ਦਰਸ਼ਨ ਕਰ ਰਹੇ ਸਨ। ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲ 'ਚ ਦਾਖਲ ਕਰਵਾ ਦਿੱਤਾ ਗਿਆ ਹੈ। ਧਮਾਕੇ ਮਗਰੋਂ ਫਿਰਕੂ ਹਿੰਸਾ ਦੀ ਸੰਭਾਵਨਾ ਦੇ ਮੱਦੇਨਜ਼ਰ ਲਖਨਊ ਵਿਖੇ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਮੀਟਿੰਗ ਸੱਦ ਕੀਤੀ। ਡੀ.ਆਈ.ਜੀ. ਪ੍ਰੇਮ ਪ੍ਰਕਾਸ਼ ਨੇ ਦੱਸਿਆ ਕਿ ਜ਼ਖ਼ਮੀਆਂ ਵਿੱਚ ਇਕ ਫਰਾਂਸੀਸੀ ਤੇ ਇਕ ਇਤਾਲਵੀ ਨਾਗਰਿਕ ਹੈ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਧਮਾਕੇ ਬਾਰੇ ਗ੍ਰਹਿ ਮੰਤਰਾਲੇ ਕੋਲੋਂ ਰਿਪੋਰਟ ਮੰਗ ਲਈ ਹੈ। ਉਨ੍ਹਾਂ ਇਸ ਘਟਨਾ 'ਤੇ ਦੁੱਖ ਪ੍ਰਗਟ ਕਰਦਿਆਂ ਲੋਕਾਂ ਨੂੰ ਅਮਨ ਕਾਇਮ ਰੱਖਣ ਦੀ ਅਪੀਲ ਕੀਤੀ।

ਦਹਿਸ਼ਤੀ ਜਥੇਬੰਦੀ 'ਇੰਡੀਅਨ ਮੁਜਾਹਿਦੀਨ' ਨੇ ਇਸ ਧਮਾਕੇ ਦੀ ਜ਼ਿੰਮੇਵਾਰੀ ਲਈ ਹੈ। ਵੱਖ-ਵੱਖ ਅਖਬਾਰਾਂ ਤੇ ਟੀ.ਵੀ. ਚੈਨਲਾਂ ਨੂੰ ਭੇਜੀਆਂ ਈ-ਮੇਲਜ਼ ਵਿਚ ਜਥੇਬੰਦੀ ਨੇ ਇਸ ਧਮਾਕੇ ਨੂੰ 1992 ਵਿਚ ਬਾਬਰੀ ਮਸਜਿਦ ਢਾਹੇ ਜਾਣ ਨਾਲ ਜੋੜਿਆ ਗਿਆ ਹੈ। ਗ੍ਰਹਿ ਮੰਤਰੀ ਜੀ.ਕੇ. ਪਿੱਲੈ ਨੇ ਨਵੀਂ ਦਿੱਲੀ ਵਿਚ ਮੰਨਿਆ ਕਿ ਇਹ ਧਮਾਕਾ ਕਿਸੇ ਦਹਿਸ਼ਤੀ ਜਥੇਬੰਦੀ ਦਾ ਕਾਰਾ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਧਮਾਕੇ ਤੋਂ ਬਾਅਦ ਭਾਜੜ ਮਚਣ ਕਾਰਨ ਜ਼ਖਮੀਆਂ ਦੀ ਗਿਣਤੀ ਵਧੀ।



*ਸ਼ੀਤਲਾਘਾਟ 'ਤੇ ਹੋਏ ਧਮਾਕੇ ਪਿਛੋਂ ਪੁਲਿਸ ਮੌਕੇ ਦਾ ਜਾਇਜ਼ਾ ਲੈਂਦੀ ਹੋਈ*

ਫ਼ੌਤ ਹੋਈ ਬੱਚੀ ਦਾ ਨਾਂ ਸਰਿਤਾ ਸ਼ਰਮਾ ਦੱਸਿਆ ਗਿਆ ਹੈ। ਉਹ ਆਪਣੀ ਮਾਂ ਦੇ ਨਾਲ ਆਰਤੀ 'ਚ ਸ਼ਾਮਲ ਹੋਣ ਸ਼ੀਤਲ ਘਾਟ ਆਈ ਸੀ। ਵਾਰਾਨਸੀ (ਪੁਰਾਣਾ ਨਾਂ ਬਨਾਰਸ) ਨੂੰ ਫਿਰਕੂ ਸਦਭਾਵਨਾ ਦਾ ਗੜ੍ਹ ਮੰਨਿਆ ਜਾਂਦਾ ਸੀ ਪਰ 2006 'ਚ ਦਹਿਸ਼ਤਵਾਦੀਆਂ ਨੇ ਇਥੋਂ ਦੇ ਇਤਿਹਾਸਕ ਸੰਕਟ ਮੋਚਨ ਮੰਦਰ ਵਿਚ ਪ੍ਰੈਸ਼ਰ ਕੁੱਕਰ ਬੰਬ ਰਾਹੀਂ ਧਮਾਕਾ ਕਰਕੇ 30 ਤੋਂ ਵੱਧ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ।

## ਵਕੀਲ ਮਾਂ-ਧੀ ਨੂੰ ਕਤਲ ਕਰਨ ਦੇ ਦੋਸ਼ 'ਚ ਉਮਰ ਕੈਦ

**ਨਵੀਂ ਦਿੱਲੀ:** ਅਦਾਲਤ ਨੇ ਅੱਜ ਮਾਂ ਅਤੇ ਧੀ ਨੂੰ ਕਤਲ ਕਰਨ ਦੇ ਦੋਸ਼ ਵਿੱਚ ਚਾਰ ਜਣਿਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਚਾਰ ਸਾਲ ਪਹਿਲਾਂ ਇਨ੍ਹਾਂ ਨੇ ਇਕ ਘਰ ਵਿੱਚ ਲੁੱਟਮਾਰ ਕਰਕੇ ਦੋਵਾਂ ਨੂੰ ਮਾਰ ਦਿੱਤਾ ਸੀ। ਅਡੀਸ਼ਨਲ ਸੈਸ਼ਨ ਜੱਜ ਜੇ.ਆਰ. ਆਰੀਅਨ ਨੇ ਕਿਹਾ ਕਿ ਇਨ੍ਹਾਂ ਦੋਸ਼ੀਆਂ ਨੇ ਮਾਂ ਅਤੇ ਧੀ ਨੂੰ ਬਹੁਤ ਬੇਰਹਿਮੀ ਨਾਲ ਕਤਲ ਕੀਤਾ।

ਇਸ ਦੋਸ਼ ਤਹਿਤ ਇਨ੍ਹਾਂ ਨੂੰ ਉਮਰ ਕੈਦ ਅਤੇ 1000 ਰੁਪਏ ਜੁਰਮਾਨਾ ਕੀਤਾ ਗਿਆ ਹੈ। ਇਸ ਕਤਲ ਕੇਸ ਵਿੱਚ ਅਦਾਲਤ ਵੱਲੋਂ ਭਾਸਕਰ ਮਹਾਲਿਕ, ਭਗਵਾਨ ਮਹਾਲਿਕ, ਨਿਰੰਜਨ ਮਹਾਲਿਕ ਅਤੇ ਜਗਬੰਧੂ ਦਾਸ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਇਨ੍ਹਾਂ ਨੇ 11-12 ਮਾਰਚ, 2006 ਦੀ ਰਾਤ ਨੂੰ ਦੱਖਣੀ ਦਿੱਲੀ ਵਿੱਚ ਸਿਧਾਰਥ ਐਨਕਲੇਵ ਵਿੱਚ ਰਹਿੰਦੀਆਂ ਮਾਂ-ਧੀ ਸਵਰਨਾ ਮਹਾਜਨ ਤੇ ਅਨੁਰਾਧਾ ਮਹਾਜਨ ਜੋ ਸੁਪਰੀਮ ਕੋਰਟ ਵਿੱਚ ਵਕਾਲਤ ਕਰਦੀਆਂ ਸਨ, ਦੇ ਘਰ ਵਿੱਚ ਲੁੱਟਮਾਰ ਕਰਕੇ ਕਤਲ ਕਰ ਦਿੱਤਾ ਸੀ। ਅਦਾਲਤ ਨੇ ਬਚਾਅ ਪੱਖ ਦੀਆਂ ਸਾਰੀਆਂ ਦਲੀਲਾਂ ਰੱਦ ਕਰਦਿਆਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ।

San Jose ਤੋਂ Sacramento, Yuba City, Fresno ਅਤੇ Bakersfield ਵਿੱਚ ਸੁਣਿਆ ਜਾਣ ਵਾਲਾ

ਖ਼ਬਰਾਂ
ਹਰ ਘੰਟੇ ਬਾਅਦ ਸਟੂਡੀਓ ਤੋਂ
ਪੰਜਾਬ ਇੰਡੀਆ ਅਤੇ ਪੰਜਾਬ ਪਾਕਿਸਤਾਨ ਤੋਂ
ਦੁਨੀਆਂ 'ਚ ਕਿਤੇ ਵੀ ਆਨਲਾਈਨ, ਆਈ ਫੋਨ,
ਬਲੈਕ ਬੇਰੀ ਉਪਰ ਲਾਈਵ ਸੁਣ ਸਕਦੇ ਹੋ।
www.punjabiradiousa.com

ਪੰਜਾਬੀ ਰੇਡੀਓ
Punjabi RADIO

ਨੌਜਵਾਨਾਂ ਦੇ ਦਿਲਾਂ ਦੀ ਧੜਕਣ
ਡੀ ਜੇ ਪ੍ਰੀਤ
25 ਅਕਤੂਬਰ ਤੋਂ
ਹਰ ਰੋਜ਼ ਸ਼ਾਮ 4.00 ਵਜੇ ਤੋਂ 6.00 ਵਜੇ ਤੱਕ
ਫਰਮਾਈਸੀ ਗੀਤ ਸੁਣਾਇਆ ਕਰਨਗੇ।

24 ਘੰਟੇ ਚੱਲਣ ਵਾਲਾ ਪੰਜਾਬੀ ਰੇਡੀਓ
ਕੀਮਤ $25
ਆਪਣੇ ਸਟੋਰ 'ਤੇ ਰੇਡੀਓ ਵੇਚਣ ਲਈ ਕਾਲ ਕਰੋ

ਹਰ ਘੰਟੇ ਬਾਅਦ ਪੰਜਾਬ,
ਲਹਿੰਦਾ ਪੰਜਾਬ ਅਤੇ ਉੱਤਰੀ
ਅਮਰੀਕਾ ਤੋਂ ਖਬਰਾਂ ਸੁਣੋ

ਗੁਰਬਾਣੀ ਪ੍ਰੋਗਰਾਮ
ਸਵੇਰ ਨੂੰ ਗੁਰਬਾਣੀ ਦਾ ਸਿੱਧਾ ਪ੍ਰਸਾਰਣ
ਗੁਰਦੁਆਰਾ ਸਾਹਿਬ ਫਰੀਮਾਂਟ ਤੋਂ
ਸ਼ਾਮ ਨੂੰ ਵੱਖ ਵੱਖ ਗੁਰੂਘਰਾਂ ਤੋਂ

ਪੰਜਾਬੀ ਰੇਡੀਓ Sacramento ਵਿਚ ਸ਼ੁਰੂ
Sacramento Station Covers
Antelope, Citrus Heights, Carmichael, Davis, Dixon, Elk Grove, Florin, Folsom, Gridley, Galt,Live Oak, Marysville, Natomas, Roseville, Rocklin, Rancho Cordova, Sacrament, Vacaville, Williams, Woodland, Yuba City.

ਸਪੈਸ਼ਲ ਟਾਕ ਸ਼ੋਅ ਹਰ ਰੋਜ
ਸ਼ਾਮ 8.00 ਤੋਂ 9.00 ਵਜੇ ਤੱਕ

ਰੇਡੀਓ ਹੇਠ ਲਿਖੇ ਸਟੋਰਾਂ ਤੋਂ ਪ੍ਰਾਪਤ ਕਰੋ ਜੀ

Sacramento & Yuba City Station
1) India Spices & Bollywood Music -Elk Grove -- 916-691-1110
2) India Market- Elk Grove -- 916-338-5511
3) India Stop-Elk Grove -- 916-685-3133
4) Desi Bazzar-Scaramento-- 916-509-9598
5) AB India Restaurant & Catering-Sacramento-- 916-681-6950
6) Star India Mart-Sacramento-- 916-525-2362
7) India House of Grocery-Sacramento-- 916-424-6342
8) India Fresh-Sacramento-- 916-476-6289
9) Natomas Fabrics-Sacramento-- 916-649-8786
10) Vicky Emporium-Sacramento-- 916-725-7633
11) Shan Market-Sacramento-- 916-649-9321
12) Hothi Palace-Sacramento-- 916-725-4825
13) Norcal Security, Near Gurdwara Sahib, Sacramento-- 916-416-1251
14) Kirpal Singh Dhillon-Elk Grove, CA-- 916-678-2268

Bay Area Stores
(San Jose & Berkeley Station)
1) Royal Fabrics- Union City 510-429-0122
2) Kash Fabrics- Hayward 510-538-1138
3) Roshni Fabrics & Grocery- Union City- 510-487-5141
4) McKee Liquors - San Jose- 408-929-1111
5) Bhai Khushminder Singh 408-406-9135

ਹੋਰ ਜਾਣਕਾਰੀ ਲਈ
Phone : 408.722.7698
Email: punjabiradiousa@yahoo.com
3750 McKee Road, # B, San Jose CA 95127

# ਪੁਲੀਸ ਮੁਕਾਬਲੇ ਦੌਰਾਨ ਦੋ ਨੌਜਵਾਨ ਹਲਾਕ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੰਡੀਗੜ੍ਹ ਨੇੜੇ ਖਰੜ 'ਚ 3 ਦਸੰਬਰ ਨੂੰ ਪੁਲੀਸ ਮੁਕਾਬਲੇ ਦੌਰਾਨ ਦੋ ਨੌਜਵਾਨ ਮਾਰੇ ਗਏ ਤੇ ਇਕ ਜ਼ਖ਼ਮੀ ਹੋ ਗਿਆ। ਇਸ ਤੋਂ ਇਲਾਵਾ ਪੁਲੀਸ ਨੇ ਉਨ੍ਹਾਂ ਦੇ 5 ਸਾਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਜਦੋਂਕਿ ਦੋ ਨੌਜਵਾਨ ਭੱਜਣ 'ਚ ਸਫਲ ਹੋ ਗਏ। ਪੁਲੀਸ ਦਾ ਦਾਅਵਾ ਹੈ ਕਿ ਇਹ ਸਾਰੇ ਨੌਜਵਾਨ ਲੁੱਟਾਂ-ਖੋਹਾਂ ਕਰਨ ਵਾਲੇ ਗਰੋਹ ਦੇ ਮੈਂਬਰ ਸਨ ਤੇ ਪੰਜਾਬ 'ਚ ਇਨ੍ਹਾਂ ਨੇ ਕਈ ਵਰਦਾਤਾਂ ਕੀਤੀਆਂ ਹਨ।

ਮ੍ਰਿਤਕਾਂ ਦੀ ਸ਼ਨਾਖਤ ਲਵ ਪੁੱਤਰ ਤਰਸੇਮ ਲਾਲ ਵਾਸੀ ਮਕਬੂਲਪੁਰਾ (ਅੰਮ੍ਰਿਤਸਰ) ਤੇ ਸੰਨੀ ਵਾਸੀ ਪਠਾਨਕੋਟ ਵਜੋਂ ਹੋਈ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿਚ ਵਿਜੇ ਕੁਮਾਰ ਉਰਫ਼ ਟੋਪੀ (ਅੰਮ੍ਰਿਤਸਰ), ਰੋਕੀ (ਤਿਲਕਨਗਰ ਦਿੱਲੀ), ਬੱਬਨ (ਅੰਮ੍ਰਿਤਸਰ), ਲਾਟਾ ਜਲੰਧਰ ਤੇ ਸੰਜੀਵ, ਪਿੰਡ ਖਾਨਪੁਰ (ਖਰੜ) ਤੇ ਮੁਹੰਮਦ ਅੱਬਾਸ ਸ਼ਾਮਲ ਹਨ। ਇਸ ਮੁਕਾਬਲੇ ਦੌਰਾਨ ਮੁਹੰਮਦ ਅੱਬਾਸ ਉਰਫ਼ ਬਿਲਾਸ ਭੱਟ ਗੰਭੀਰ ਜ਼ਖ਼ਮੀ ਹੋਇਆ ਹੈ ਜੋ ਅਨੰਤਨਾਗ (ਜੰਮੂ-ਕਸ਼ਮੀਰ) ਦਾ ਰਹਿਣ ਵਾਲਾ ਹੈ। ਇਨ੍ਹਾਂ ਵੱਲੋਂ ਕੁਝ ਦਿਨ ਪਹਿਲਾਂ ਹੀ ਜੰਮੂ ਕਸ਼ਮੀਰ ਦੇ ਨਾਲ ਜੈਮਲ ਸਿੰਘ ਵਾਲਾ



ਵਿਚ ਵੀ ਵਾਰਦਾਤ ਕੀਤੀ ਗਈ ਸੀ।

ਇਹ ਕਾਰਵਾਈ ਜ਼ਿਲ੍ਹਾ ਗੁਰਦਾਸਪੁਰ ਦੀ ਪੁਲੀਸ ਪਾਰਟੀ ਵੱਲੋਂ ਕੀਤੀ ਗਈ ਹੈ ਜੋ ਕਈ ਦਿਨਾਂ ਤੋਂ ਇਨ੍ਹਾਂ ਦੇ ਪਿੱਛੇ ਪਈ ਹੋਈ ਸੀ। ਇਸ ਟੀਮ ਨੂੰ ਸੂਹ ਮਿਲੀ ਸੀ ਕਿ ਟੋਪੀ ਨਾਂ ਨਾਲ ਮਸ਼ਹੂਰ ਲੁਟੇਰਾ ਗਰੋਹ ਚੰਡੀਗੜ੍ਹ ਵੱਲ ਦੋ ਕਾਰਾਂ ਵਿਚ ਆ ਰਿਹਾ ਸੀ। ਇਸ ਗਰੋਹ ਦਾ ਸਰਗਣਾ ਵਿਜੇ ਕੁਮਾਰ ਉਰਫ਼ ਟੋਪੀ ਹੈ। ਇਨ੍ਹਾਂ ਦੀ ਦੋ ਮਹੀਨੇ ਪਹਿਲਾਂ ਅੰਮ੍ਰਿਤਸਰ ਵਿਖੇ ਐਸ.ਪੀ. ਨਾਲ ਕੁੜੀਆਂ ਨੂੰ ਛੇੜਨ ਬਾਰੇ ਤਕਰਾਰ ਹੋਈ ਸੀ ਤੇ ਬਾਹਰ ਆ ਕੇ ਇਨ੍ਹਾਂ ਨੇ ਪੁਲੀਸ ਅਧਿਕਾਰੀਆਂ ਨਾਲ ਹੱਥੋ-ਪਾਈ ਵੀ ਕੀਤੀ ਸੀ ਤੇ ਬਾਅਦ ਵਿਚ ਉਨ੍ਹਾਂ ਐਸ.ਪੀ. ਦੇ ਗੰਨਮੈਨ ਨੂੰ ਮਾਰ ਦਿੱਤਾ ਸੀ।

ਉਸੇ ਸਮੇਂ ਤੋਂ ਹੀ ਇਹ ਪੁਲੀਸ ਪਾਰਟੀ ਇਸ ਗਰੋਹ ਦਾ ਪਿੱਛਾ ਕਰ ਰਹੀ ਸੀ। ਗਰੋਹ ਨੇ ਪੰਜ ਨਵੰਬਰ ਨੂੰ ਗੁਰਦਾਸਪੁਰ ਨੇੜੇ ਨਦੋੜ ਤੋਂ ਇਕ ਵੈਗਨਆਰ ਕਾਰ ਖੋਹ ਲਈ ਸੀ ਤੇ ਉਸ ਵਿਚੋਂ 1.90 ਲੱਖ ਰੁਪਏ ਵੀ ਲੁੱਟੇ ਸਨ।

ਪੁਲੀਸ ਪਾਰਟੀ ਪਹਿਲਾਂ ਇਨ੍ਹਾਂ ਦੇ ਪਿੱਛੇ ਅੰਮ੍ਰਿਤਸਰ ਗਈ ਤੇ ਉਥੋਂ ਇਹ ਗਰੋਹ ਜਲੰਧਰ ਵੱਲ ਤੇ ਫੇਰ ਲੁਧਿਆਣਾ ਚਲਾ ਗਿਆ ਤੇ ਫਿਰ ਚੰਡੀਗੜ੍ਹ ਦਾ ਰੁਖ ਕੀਤਾ।

# ਸੇਖਵਾਂ ਨੇ ਸਕੂਲਾਂ ਵਿਚ ਸੁਧਾਰ ਲਈ ਪਰਵਾਸੀਆਂ ਨੂੰ ਹਾਕਾਂ ਮਾਰੀਆਂ

**ਚੰਡੀਗੜ੍ਹ:** ਪੰਜਾਬ ਦੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਸੰਸਾਰ ਦੇ ਵੱਖ ਵੱਖ ਹਿੱਸਿਆਂ ਵਿਚ ਵਸਦੇ ਪੰਜਾਬੀ ਪਰਵਾਸੀਆਂ ਨੂੰ ਕਿਹਾ ਹੈ ਕਿ ਉਹ ਆਪਣੀ ਮਾਤ ਭੂਮੀ ਦੇ ਸਕੂਲਾਂ ਦੇ ਬੁਨਿਆਦੀ ਢਾਂਚੇ ਦੀ ਬਿਹਤਰੀ ਲਈ ਵੱਧ ਚੜ੍ਹ ਕੇ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਦਿਸ਼ਾ ਦੇਣ ਵਿਚ ਪਰਵਾਸੀ ਪੰਜਾਬੀ ਅਹਿਮ ਭੂਮਿਕਾ ਨਿਭਾਅ ਸਕਦੇ ਹਨ।



ਉਨ੍ਹਾਂ ਪਰਵਾਸੀ ਪੰਜਾਬੀਆਂ ਦੇ ਧਿਆਨ ਵਿੱਚ ਲਿਆਂਦਾ ਕਿ ਰਾਜ ਸਰਕਾਰ ਵੱਲੋਂ ਵੱਡੇ ਯਤਨਾਂ ਦੇ ਬਾਵਜੂਦ ਸਰਕਾਰੀ ਸਕੂਲਾਂ ਵਿੱਚ ਪ੍ਰਾਈਵੇਟ ਸਕੂਲਾਂ ਦੇ ਪੱਧਰ ਦਾ ਬੁਨਿਆਦੀ ਢਾਂਚਾ ਅਜੇ ਤੱਕ ਕਾਇਮ ਨਹੀਂ ਹੋ ਸਕਿਆ। ਇਸ ਸਬੰਧੀ ਉਨ੍ਹਾਂ ਸਰਕਾਰ ਦੀਆਂ ਖ਼ਾਮੀਆਂ ਮੰਨੀਆਂ ਅਤੇ ਕਿਹਾ ਕਿ ਸਰਕਾਰਾਂ ਦੀਆਂ ਵੀ ਕੁਝ ਆਪਣੀਆਂ ਸੀਮਾਵਾਂ ਹੁੰਦੀਆਂ ਹਨ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਖਾਸ ਕਰਕੇ ਪਿੰਡਾਂ ਵਾਲੇ ਸਰਕਾਰੀ ਸਕੂਲਾਂ ਅੰਦਰ ਪੀਣ ਵਾਲਾ ਸਾਫ ਪਾਣੀ ਵੀ ਨਹੀਂ ਮਿਲ ਰਿਹਾ ਅਤੇ ਪਖਾਨਿਆਂ ਦੀ ਵੀ ਅਣਹੋਂਦ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਉਹ ਇਨ੍ਹਾਂ ਦੋਹਾਂ ਖੇਤਰਾਂ ਵਿੱਚ ਆਰਥਿਕ ਸਹਿਯੋਗ ਦੇਣ ਤਾਂ ਜੋ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਬੁਨਿਆਦੀ ਢਾਂਚੇ ਪੱਖੋਂ ਪ੍ਰਾਈਵੇਟ ਸਕੂਲਾਂ ਦੇ ਬਰਾਬਰ ਲਿਆਂਦਾ ਜਾ ਸਕੇ।

ਉਨ੍ਹਾਂ ਦੱਸਿਆ ਕਿ ਇਸ ਮਕਸਦ ਲਈ ਇਨ੍ਹਾਂ ਸਹੂਲਤਾਂ ਦੀ ਅਣਹੋਂਦ ਵਾਲੇ ਸਕੂਲਾਂ ਅਤੇ ਉਨ੍ਹਾਂ 'ਤੇ ਆਉਣ ਵਾਲੇ ਖਰਚਿਆਂ ਦੇ ਵੇਰਵੇ ਇੰਟਰਨੈੱਟ 'ਤੇ ਮੁਹੱਈਆ ਕਰਵਾ ਦਿੱਤੇ ਜਾਣਗੇ ਤਾਂ ਜੋ ਪਰਵਾਸੀ ਪੰਜਾਬੀ ਆਪੋ ਆਪਣੇ ਜੱਦੀ ਖੇਤਰਾਂ ਦੇ ਸਕੂਲਾਂ ਦੀ ਮਦਦ ਲਈ ਅੱਗੇ ਆ ਸਕਨ।

# ਵਿਦੇਸ਼ਾਂ 'ਚ ਰੁਲ ਰਹੀ ਜਵਾਨੀ ਲਈ ਅਕਾਲੀ ਤੇ ਕਾਂਗਰਸੀ ਜ਼ਿੰਮੇਵਾਰ-ਰਾਮੂਵਾਲੀਆ

**ਜਲੰਧਰ:** ਲੋਕ ਭਲਾਈ ਪਾਰਟੀ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਵਿਦੇਸ਼ਾਂ ਵਿਚ ਰੁਲ ਰਹੀ ਜਵਾਨੀ ਲਈ ਜਿਥੇ ਰਾਜ ਦੀ ਅਕਾਲੀ-ਭਾਜਪਾ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ ਉਥੇ ਵਿਰੋਧੀ ਧਿਰ ਵਜੋਂ ਕਾਂਗਰਸ ਦੀ ਭੂਮਿਕਾ ਵੀ ਨਕਾਰਾ ਰਹੀ ਹੈ। ਬਹਿਰੀਨ ਵਿਚ ਕੰਮ ਕਰ ਰਹੇ 33 ਭਾਰਤੀ ਨੌਜਵਾਨਾਂ ਵਿਚੋਂ 12 ਪੰਜਾਬੀਆਂ ਦੇ ਪਰਿਵਾਰਕ ਮੈਂਬਰਾਂ ਦੀ ਹਾਜ਼ਰੀ ਵਿਚ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਰਾਮੂਵਾਲੀਆ ਨੇ ਦੱਸਿਆ ਕਿ ਬਹਿਰੀਨ ਵਿਚ ਸਾਊਦੀ ਅਰਬ ਦੀ ਸਾਊਦੀ ਇੰਡਸਟਰੀਅਲ ਕੰਸਟਰਕਸ਼ਨ ਕੰਪਨੀ ਵਿਚ ਕੰਮ ਕਰ ਰਹੇ ਨੌਜਵਾਨਾਂ ਨੇ ਉਨ੍ਹਾਂ ਨੂੰ ਇਕ ਫ਼ੈਕਸ ਭੇਜ ਕੇ ਦੱਸਿਆ ਹੈ ਕਿ ਉਨ੍ਹਾਂ ਨੂੰ 3 ਸਾਲ ਦੀ ਜਗ੍ਹਾ 5 ਸਾਲ ਲਈ ਕੰਮ ਕਰਨ ਨੂੰ ਮਜਬੂਰ ਕੀਤਾ ਜਾ ਰਿਹਾ ਹੈ ਤੇ 8 ਦੀ ਜਗ੍ਹਾ 10 ਘੰਟੇ ਕੰਮ ਲਿਆ ਜਾ ਰਿਹਾ ਹੈ ਤੇ ਤਨਖ਼ਾਹ ਨਹੀਂ ਦਿੱਤੀ ਜਾ ਰਹੀ ਜਦਕਿ 900 ਰਿਆਲ ਤਨਖ਼ਾਹ ਦਾ ਵਾਅਦਾ ਕੀਤਾ ਗਿਆ ਸੀ। ਇਹ ਲੋਕ ਹੁਣ ਬਿਜਲੀ, ਪਾਣੀ ਤੇ ਖਾਣੇ ਦੀ ਸਮੱਸਿਆ ਨਾਲ ਜੂਝ ਰਹੇ ਹਨ। ਬਿਮਾਰ ਹੋਣ 'ਤੇ ਉਨ੍ਹਾਂ ਨੂੰ ਹਸਪਤਾਲ ਨਹੀਂ ਲਿਜਾਇਆ ਜਾਂਦਾ ਤੇ ਭਾਰਤ ਆਉਣ ਲਈ ਛੁੱਟੀ ਵੀ ਨਹੀਂ ਦਿੱਤੀ ਜਾਂਦੀ। ਇਨ੍ਹਾਂ ਲੋਕਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਵਾਪਸ ਭਾਰਤ ਲਿਆਂਦਾ ਜਾਵੇ। 33 ਭਾਰਤੀਆਂ ਵਿਚ 12 ਪੰਜਾਬੀਆਂ ਤੋਂ ਇਲਾਵਾ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਝਾਰਖੰਡ, ਬਿਹਾਰ, ਉੜੀਸਾ, ਤਾਮਿਲਨਾਡੂ ਦੇ ਲੋਕ ਵੀ ਸ਼ਾਮਲ ਹਨ।



ਪਾਰਟੀ ਦੇ ਕੌਮੀ ਪ੍ਰਧਾਨ ਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨੇ ਇਸ ਮਾਮਲੇ ਵਿਚ ਕਾਂਗਰਸ ਦੇ ਸੂਬਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਤੇ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੀ ਨੇਤਾ ਰਜਿੰਦਰ ਕੌਰ ਭੱਠਲ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੰਦਿਆਂ ਕਿਹਾ ਕਿ ਨੌਜਵਾਨਾਂ ਦੀ ਏਜੰਟਾਂ ਹੱਥੋਂ ਲੁੱਟ-ਖਸੁੱਟ ਤੇ ਵਿਦੇਸ਼ਾਂ ਵਿਚ ਜਵਾਨੀ ਦੇ ਰੁਲਣ ਨੂੰ ਕਾਂਗਰਸ ਨੇ ਨਾ ਕਦੇ ਮੁੱਦਾ ਸਮਝਿਆ ਹੈ ਤੇ ਨਾ ਹੀ ਮੁੱਦੇ ਵਾਂਗ ਉਠਾਇਆ ਹੈ।

# ਕਰਜ਼ੇ ਦੇ ਬੋਝ ਨੇ ਲਈ ਕਿਸਾਨ ਦੀ ਜਾਨ

**ਨਾਭਾ:** ਪਿੰਡ ਛੀਂਟਾਂਵਾਲਾ ਦੇ ਕਿਸਾਨ ਸੰਤੋਖ ਸਿੰਘ ਦੀ ਪੈਸੇ ਦੇ ਲੈਣ-ਦੇਣ ਕਾਰਨ ਮਾਨਸਿਕ ਹਾਲਤ ਵਿਗੜਨ ਕਾਰਨ ਮੌਤ ਹੋ ਗਈ। ਇਸ ਕਿਸਾਨ ਦੇ ਪਰਿਵਾਰ ਦੇ ਮੈਂਬਰਾਂ ਨੇ ਲਾਸ਼ ਥਾਣਾ ਕੋਤਵਾਲੀ (ਨਾਭਾ) ਅੱਗੇ ਰੱਖ ਕੇ ਆੜ੍ਹਤੀਆ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕੀਤੀ। ਸੰਤੋਖ ਸਿੰਘ ਦੇ ਭਰਾ ਗੁਰਚਰਨ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਦਾ ਲੈਣ-ਦੇਣ ਇਥੋਂ ਦੀ ਨਵੀਂ ਅਨਾਜ ਮੰਡੀ ਦੇ ਰਮੇਸ਼ ਪੁਰੀ ਨਾਲ ਸੀ। ਇਹ ਆੜ੍ਹਤੀਆ ਉਨ੍ਹਾਂ ਦੀ ਸਾਰੀ ਜ਼ਮੀਨ ਹੜੱਪ ਕਰ ਚੁੱਕਾ ਹੈ। ਸੰਤੋਖ ਸਿੰਘ ਨੇ ਆੜ੍ਹਤੀਏ ਦੇ 25000 ਰੁਪਏ ਦੇਣੇ ਸਨ। ਇਨ੍ਹਾਂ ਪੈਸਿਆਂ ਦੀ ਆੜ੍ਹਤੀਆਂ ਮੰਗ ਕਰ ਰਿਹਾ ਸੀ। 22 ਨਵੰਬਰ ਨੂੰ ਸੰਤੋਖ ਸਿੰਘ ਆੜ੍ਹਤੀਏ ਕੋਲ ਆਇਆ ਤਾਂ ਦੁਕਾਨ 'ਤੇ ਆੜ੍ਹਤੀਆ ਰਮੇਸ਼ ਪੁਰੀ ਅਤੇ ਉਸ ਦਾ ਲੜਕਾ ਸੁਭਾਸ਼ ਚੰਦ ਸਨ। ਇਨ੍ਹਾਂ ਨੇ ਉਸ ਦੇ ਭਰਾ ਨੂੰ ਕਿਹਾ ਕਿ ਉਹ ਜਾਂ ਤਾਂ ਉਨ੍ਹਾਂ ਦੇ ਪੈਸੇ ਦੇ ਦੇਵੇ ਜਾਂ ਆਪਣੀ ਜ਼ਮੀਨ ਉਨ੍ਹਾਂ ਦੇ ਨਾਂ ਕਰ ਦੇਵੇ। ਉਨ੍ਹਾਂ ਸੰਤੋਖ ਸਿੰਘ ਨੂੰ ਧਮਕੀਆਂ ਵੀ ਦਿੱਤੀਆਂ।

ਗੁਰਚਰਨ ਸਿੰਘ ਨੇ ਅੱਗੇ ਦੱਸਿਆ ਕਿ ਆੜ੍ਹਤੀਏ ਤੇ ਉਸ ਦੇ ਲੜਕੇ ਨੇ ਸੰਤੋਖ ਸਿੰਘ ਨੂੰ ਕਿਹਾ ਕਿ ਉਹ ਉਸ ਦੀ ਜ਼ਮੀਨ ਆਪਣੇ ਨਾਂ ਕਰਵਾ ਲੈਣਗੇ। ਜਦੋਂ ਉਸ ਦਾ ਭਰਾ ਘਰ ਵਾਪਸ ਆਇਆ ਤਾਂ ਉਹ ਪਰਿਵਾਰ ਦੇ ਮੈਂਬਰਾਂ ਨਾਲ ਪਾਗਲਾਂ ਵਾਂਗ ਗੱਲਾਂ ਕਰਨ ਲੱਗਾ ਅਤੇ 24 ਨਵੰਬਰ ਨੂੰ ਉਹ ਬੇਹੋਸ਼ ਹੋ ਗਿਆ। ਉਸ ਨੂੰ ਉਸੇ ਦਿਨ ਰਾਜਿੰਦਰਾ ਹਸਪਤਾਲ, ਪਟਿਆਲਾ ਵਿਖੇ ਦਾਖਲ ਕਰਵਾ ਦਿੱਤਾ ਜਿਥੇ 28 ਨਵੰਬਰ ਤੱਕ ਇਲਾਜ ਚੱਲਿਆ। ਬਾਅਦ ਵਿਚ ਉਨ੍ਹਾਂ ਸੰਤੋਖ ਸਿੰਘ ਨੂੰ ਨਾਭਾ ਦੇ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ। ਇਸ ਹਸਪਤਾਲ ਵਿਚ ਉਸ ਦਾ ਤਿੰਨ ਦਿਨ ਇਲਾਜ ਚੱਲਦਾ ਰਿਹਾ ਹੈ। ਚੌਥੇ ਦਿਨ ਡਾਕਟਰ ਨੇ ਕਿਹਾ ਕਿ ਮਾਨਸਿਕ ਚਿੰਤਾ ਕਾਰਨ ਸਿਰ ਵਿੱਚ ਸੋਜ਼ਿਸ਼ ਆ ਚੁੱਕੀ ਹੈ। ਹੁਣ ਉਹ ਉਸ ਨੂੰ ਘਰ ਲੈ ਜਾਣ। ਗੁਰਚਰਨ ਸਿੰਘ ਮੁਤਾਬਕ 1 ਦਸੰਬਰ ਨੂੰ ਉਹ ਆਪਣੇ ਭਰਾ ਨੂੰ ਘਰ ਲੈ ਆਏ ਪਰ 2 ਦਸੰਬਰ ਰਾਤ ਨੂੰ ਉਸ ਦੀ ਮੌਤ ਹੋ ਗਈ।

ਪਰਿਵਾਰ ਦੇ ਮੈਂਬਰਾਂ ਨੇ ਲਾਸ਼ ਚੁੱਕ ਕੇ ਥਾਣਾ ਕੋਤਵਾਲੀ ਅੱਗੇ ਰੋਸ ਪ੍ਰਗਟਾਇਆ ਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਮੁਲਜ਼ਮ ਆੜ੍ਹਤੀਏ ਤੇ ਉਸ ਦੇ ਲੜਕੇ ਖਿਲਾਫ ਕੇਸ ਦਰਜ ਕੀਤਾ ਜਾਵੇ। ਇਸ ਸਬੰਧੀ ਜਦੋਂ ਰਮੇਸ਼ ਪੁਰੀ ਨਾਲ ਸੰਪਰਕ ਕੀਤਾ ਗਿਆ ਤਾਂ ਉਸ ਦੀ ਬਜਾਏ ਉਸ ਦੇ ਨੌਕਰ ਨੇ ਕਿਹਾ ਕਿ ਮਾਲਕ ਬਾਹਰ ਗਏ ਹੋਏ ਹਨ। ਛੀਂਟਾਂਵਾਲਾ ਦੇ ਸਰਪੰਚ ਟਹਿਲ ਸਿੰਘ ਨੇ ਕਿਹਾ ਕਿ ਸੰਤੋਖ ਸਿੰਘ ਦੀ ਮੌਤ ਦਿਮਾਗ ਉਤੇ ਬੋਝ ਪੈਣ ਕਾਰਨ ਹੋਈ ਹੈ ਕਿਉਂਕਿ ਆੜ੍ਹਤੀਆ ਰਮੇਸ਼ ਪੁਰੀ ਨਾਲ ਉਸ ਦਾ ਲੈਣ-ਦੇਣ ਦਾ ਰੌਲਾ ਚੱਲ ਰਿਹਾ ਸੀ। ਉਸ ਨੇ ਕਿਹਾ ਕਿ ਕਿਸਾਨ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਇਸ ਮਸਲੇ 'ਤੇ ਏ.ਐਸ.ਆਈ. ਸੁਖਵਿੰਦਰ ਸਿੰਘ ਨੇ ਕਿਹਾ ਕਿ ਫਿਲਹਾਲ ਉਨ੍ਹਾਂ ਧਾਰਾ 174 ਦੀ ਕਾਰਵਾਈ ਕੀਤੀ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਜੇ ਲੋੜ ਹੋਈ ਤਾਂ ਬਣਦੀ ਕਾਰਵਾਈ ਕੀਤੀ ਜਾਵੇਗੀ।

# ਨਾਜਾਇਜ਼ ਸਬੰਧਾਂ ਦੇ ਸ਼ੱਕ 'ਚ ਔਰਤ ਨੂੰ ਸਾੜਿਆ

**ਜਗਰਾਉਂ:** ਪਿੰਡ ਗਿੱਦੜਵਿੰਡੀ 'ਚ ਵਿਆਹੀ ਪਿੰਡ ਕੋਠ ਰਾਹਲਾਂ ਦੀ ਲੜਕੀ ਨੂੰ ਉਸਦੇ ਸਹੁਰਿਆਂ ਨੇ ਨਾਜਾਇਜ਼ ਸਬੰਧਾਂ ਦੇ ਸ਼ੱਕ ਵਿਚ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤਾ। ਪੀੜਤ ਲਖਵੀਰ ਕੌਰ ਦੇ ਬਿਆਨਾਂ 'ਤੇ ਉਸਦੇ ਪਤੀ, ਸੱਸ ਤੇ ਨਨਦ ਖ਼ਿਲਾਫ਼ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਲਖਵੀਰ ਕੌਰ ਦਾ ਵਿਆਹ ਤਿੰਨ ਸਾਲ ਪਹਿਲਾਂ ਪਿੰਡ ਗਿੱਦੜਵਿੰਡੀ ਦੇ ਨਿਰਮਲ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਸਦੇ ਦੋ ਬੱਚੇ ਵੀ ਪੈਦਾ ਹੋਏ। ਲਖਵੀਰ ਕੌਰ ਦੇ ਭਰਾ ਜਗਰੂਪ ਸਿੰਘ ਮੁਤਾਬਕ ਉਸਦਾ ਜੀਜਾ ਨਿਰਮਲ ਸਿੰਘ ਉਸਦੀ ਭੈਣ 'ਤੇ ਸ਼ੱਕ ਕਰਦਾ ਸੀ ਜਿਸ ਕਰਕੇ ਦੋਵਾਂ 'ਚ ਅਕਸਰ ਝਗੜਾ ਵੀ ਹੁੰਦਾ ਰਹਿੰਦਾ ਸੀ।

ਉਸਨੇ ਦੱਸਿਆ ਕਿ ਤਿੰਨ ਸਾਲਾਂ 'ਚ ਤਕਰੀਬਨ ਦਸ ਵਾਰ ਪੰਚਾਇਤੀ ਤੌਰ 'ਤੇ ਦੋਵਾਂ 'ਚ ਸਮਝੌਤਾ ਕਰਵਾਇਆ ਗਿਆ। ਉਸ ਨੂੰ 30 ਨਵੰਬਰ ਨੂੰ ਦੇਰ ਰਾਤੀਂ ਉਸਦੇ ਜੀਜੇ ਦਾ ਫੋਨ ਆਇਆ ਕਿ ਲਖਵੀਰ ਰੋਟੀ ਬਣਾਉਣ ਲੱਗੀ ਸੀ ਕਿ ਅੱਗ ਲੱਗ ਗਈ ਜਿਸ ਕਰਕੇ ਉਹ ਮਾਮੂਲੀ ਸੜ ਗਈ ਹੈ ਜੋ ਹਸਪਤਾਲ 'ਚ ਦਾਖ਼ਲ ਹੈ। ਜਦੋਂ ਲਖਵੀਰ ਕੌਰ ਦੇ ਪਰਿਵਾਰ ਵਾਲੇ ਹਸਪਤਾਲ ਪਹੁੰਚੇ ਤਾਂ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਲਖਵੀਰ ਬੁਰੀ ਤਰ੍ਹਾਂ ਝੁਲਸੀ ਹੋਈ ਸੀ। ਲਖਵੀਰ ਕੌਰ ਨੇ ਬਿਆਨਾਂ 'ਚ ਕਿਹਾ ਕਿ ਕੱਲ੍ਹ ਰਾਤ ਉਸਦਾ ਪਤੀ ਨਿਰਮਲ ਸਿੰਘ ਨਾਲ ਕਿਸੇ ਗੱਲੋਂ ਝਗੜਾ ਹੋ ਗਿਆ ਤਾਂ ਉਸਦੀ ਸੱਸ ਤੇ ਨਨਦ ਨੇ ਚੱਲਦਾ ਸਟੋਵ ਉਸ 'ਤੇ ਸੁੱਟ ਕੇ ਅੱਗ ਲਗਾ ਦਿੱਤੀ।

# ਚੋਣ ਮਸ਼ਕਾਂ ਸ਼ੁਰੂ: ਇਸਤਰੀ ਅਕਾਲੀ ਦਲ ਦੇ ਅਹੁਦੇਦਾਰਾਂ ਦਾ ਐਲਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ (ਇਸਤਰੀ ਅਕਾਲੀ ਦਲ) ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਗਿਆ ਹੈ। ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸਤਰੀ ਅਕਾਲੀ ਦਲ ਦੀ ਪ੍ਰਧਾਨ ਪਰਮਜੀਤ ਕੌਰ ਗੁਲਸ਼ਨ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਇਹ ਐਲਾਨ ਕੀਤਾ।

ਪਾਰਟੀ ਦੇ ਤਰਜਮਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਸਤਰੀ ਅਕਾਲੀ ਦਲ ਦੇ ਜਥੇਬੰਦਕ ਢਾਂਚੇ ਦਾ ਹੋਰ ਵਿਸਥਾਰ ਕੀਤਾ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਜਥੇਬੰਦਕ ਢਾਂਚੇ ਵਿੱਚ ਜਿੱਥੇ ਪਾਰਟੀ ਦੀਆਂ ਸੀਨੀਅਰ, ਟਕਸਾਲੀ ਅਤੇ ਕੁਰਬਾਨੀ ਵਾਲੀਆਂ ਬੀਬੀਆਂ ਨੂੰ ਢੁੱਕਵੀਂ ਨੁਮਾਇੰਦਗੀ ਦਿੱਤੀ ਗਈ ਹੈ, ਉਥੇ ਵੱਖ-ਵੱਖ ਸੰਸਥਾਵਾਂ ਵਿਚੋਂ ਚੁਣੀਆਂ ਗਈਆਂ ਔਰਤਾਂ ਅਤੇ ਸਮਾਜਿਕ ਤੇ ਵਿੱਦਿਅਕ ਖੇਤਰ ਵਿੱਚ ਚੰਗਾ ਯੋਗਦਾਨ ਪਾਉਣ ਵਾਲੀਆਂ ਬੀਬੀਆਂ ਨੂੰ ਵੀ ਜਥੇਬੰਦਕ ਢਾਂਚੇ ਵਿਚ ਲਿਆ ਗਿਆ ਹੈ। ਪਾਰਟੀ ਦੀਆਂ ਸਿਰਮੌਰ ਇਸਤਰੀ ਆਗੂਆਂ ਜਗੀਰ ਕੌਰ (ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ) ਤੇ ਖਜ਼ਾਨਾ ਮੰਤਰੀ ਡਾ. ਉਪਿੰਦਰਜੀਤ ਕੌਰ ਨੂੰ ਵਿੰਗ ਦੀਆਂ ਸਰਪ੍ਰਸਤ ਥਾਪਿਆ ਗਿਆ ਹੈ। ਬਾਕੀ ਅਹੁਦੇਦਾਰਾਂ ਵਿਚ ਸੀਨੀਅਰ ਮੀਤ ਪ੍ਰਧਾਨ ਸਤਵੰਤ ਕੌਰ ਸੰਧੂ (ਸਾਬਕਾ ਕੈਬਨਿਟ ਮੰਤਰੀ), ਰਜਿੰਦਰ ਕੌਰ ਬੁਲਾਰਾ (ਸਾਬਕਾ ਐਮ.ਪੀ. ਲੁਧਿਆਣਾ), ਅਮਰਜੀਤ ਕੌਰ (ਸਾਬਕਾ ਐਮ.ਪੀ. ਪਟਿਆਲਾ), ਕੁਲਦੀਪ ਕੌਰ ਟੌਹੜਾ, ਗੁਰਦੇਵ ਕੌਰ ਸੰਘਾ (ਚੇਅਰਪਰਸਨ ਪੰਜਾਬ ਰਾਜ ਮਹਿਲਾ ਕਮਿਸ਼ਨ), ਸੁਰਿੰਦਰ ਕੌਰ ਫੱਤਣਵਾਲਾ, ਗੁਰਦਿਆਲ ਕੌਰ ਮੱਲਣ ਅਤੇ ਰਜਿੰਦਰ ਕੌਰ (ਹਿੰਦ ਮੋਟਰਜ਼ ਬਰਨਾਲਾ) ਸ਼ਾਮਲ ਹਨ। ਮੀਤ ਪ੍ਰਧਾਨ ਪ੍ਰਸ਼ਪਿੰਦਰ ਕੌਰ ਮਜਬੂਰ, ਅਨੁਪਇੰਦਰ ਕੌਰ ਸੰਧੂ, ਪਲਵਿੰਦਰ ਕੌਰ ਰਾਣੀ, ਕੁਲਵਿੰਦਰ ਕੌਰ ਲੰਗੇਆਣਾ (ਮੈਂਬਰ ਐਸ.ਜੀ.ਪੀ.ਸੀ) ਅਤੇ ਹਰਜੀਤ ਕੌਰ ਸਿੱਧੂ ਤਲਵੰਡੀ ਨੂੰ ਬਣਾਇਆ ਗਿਆ ਹੈ। ਜੂਨੀਅਰ ਮੀਤ ਪ੍ਰਧਾਨ ਜਸਵੀਰ ਕੌਰ ਸਮਾਧ ਫਰੀਦਕੋਟ, ਸੁਰਿੰਦਰ ਕੌਰ ਫਤਿਹਗੜ੍ਹ ਸਾਹਿਬ ਅਤੇ ਮਨਜੀਤ ਕੌਰ ਵੜੈਚ ਮੋਰਿੰਡਾ ਨੂੰ



ਨਿਯੁਕਤ ਕੀਤਾ ਗਿਆ ਹੈ। ਜਨਰਲ ਸਕੱਤਰ ਸਤਵਿੰਦਰ ਕੌਰ ਧਾਲੀਵਾਲ (ਸਾਬਕਾ ਐਮ.ਪੀ.), ਮਹਿੰਦਰ ਕੌਰ ਜੋਸ਼, ਡਾ. ਕਿਰਨਜੋਤ ਕੌਰ ਅੰਮ੍ਰਿਤਸਰ, ਹਰਜਿੰਦਰ ਕੌਰ (ਸਾਬਕਾ ਮੇਅਰ ਨਗਰ ਨਿਗਮ ਚੰਡੀਗੜ੍ਹ), ਸ਼ੀਲਮ ਸੋਹੀ ਅਤੇ ਮੰਜੂ ਕੁਰੈਸ਼ੀ ਪਟਿਆਲਾ ਥਾਪੇ ਗਏ ਹਨ।

ਸਕੱਤਰ ਜਨਰਲ ਸਤਵੰਤ ਕੌਰ ਜੌਹਲ ਮੁਹਾਲੀ ਨੂੰ ਬਣਾਇਆ ਗਿਆ ਹੈ। ਦਫਤਰ ਸਕੱਤਰ ਅਤੇ ਪ੍ਰੈਸ ਸਕੱਤਰ ਪਰਮਜੀਤ ਕੌਰ ਲਾਂਡਰਾ ਐਡਵੋਕੇਟ ਥਾਪੇ ਗਏ ਹਨ। ਜਥੇਬੰਦਕ ਸਕੱਤਰ ਨਰਿੰਦਰਜੀਤ ਕੌਰ ਸੰਦੋਹਾ, ਰਜਿੰਦਰ ਕੌਰ (ਕੌਂਸਲਰ ਬਠਿੰਡਾ), ਵਿਦਵੰਤ ਕੌਰ ਭੋਗਪੁਰ, ਦਵਿੰਦਰ ਕੌਰ (ਵਾਈਸ ਚੇਅਰਪਰਸਨ ਜ਼ਿਲ੍ਹਾ ਪ੍ਰੀਸ਼ਦ ਨਵਾਂਸ਼ਹਿਰ), ਜਸਜੀਤ ਕੌਰ ਢਿੱਲੋਂ ਹਰਨਾਮ ਸਿੰਘ ਵਾਲਾ, ਰਾਜਵਿੰਦਰ ਕੌਰ (ਚੇਅਰਪਰਸਨ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ), ਪਾਲੋ ਕੌਰ (ਚੇਅਰਪਰਸਨ ਬਲਾਕ ਸਮਿਤੀ ਮਲੋਟ), ਡਾ. ਪ੍ਰਿਤਪਾਲ ਕੌਰ ਬੇਦੀ ਅਤੇ ਮਨਜੀਤ ਕੌਰ ਖਾਲਸਾ ਪੰਜਗਰਾਈਂ ਫਰੀਦਕੋਟ ਹਨ।

ਜ਼ਿਲ੍ਹਾ ਪ੍ਰਧਾਨਾਂ ਵਿਚ ਫਰੀਦਕੋਟ (ਸ਼ਹਿਰੀ) ਹਰਦੀਪ ਕੌਰ ਕੋਟਕਪੂਰਾ, ਫਰੀਦਕੋਟ (ਦਿਹਾਤੀ); ਤਰਸੇਮ ਕੌਰ ਮਚਾਕੀ ਮੱਲ ਸਿੰਘ,ਮੋਗਾ (ਸ਼ਹਿਰੀ); ਸੁਨੀਤਾ ਛਾਬੜਾ ਸਾਬਕਾ ਐਮ.ਸੀ., ਮੋਗਾ (ਦਿਹਾਤੀ); ਜਸਵਿੰਦਰ ਕੌਰ ਸਰਪੰਚ ਅਜੀਤਵਾਲ, ਬਰਨਾਲਾ (ਸ਼ਹਿਰੀ); ਪਰਮਜੀਤ ਕੌਰ ਪੰਚ ਪਿੰਡ ਕੱਟੂ, ਬਰਨਾਲਾ (ਦਿਹਾਤੀ); ਜਸਵਿੰਦਰ ਕੌਰ ਸਰਪੰਚ ਪਿੰਡ ਠੂਲੇਵਾਲ, ਨਵਾਂਸ਼ਹਿਰ (ਸ਼ਹਿਰੀ); ਸੀਸ ਕੌਰ ਬੀਕਾ, ਨਵਾਂਸ਼ਹਿਰ (ਦਿਹਾਤੀ); ਸਤਿੰਦਰ ਕੌਰ ਬੀਸਲਾ, ਰੋਪੜ (ਸ਼ਹਿਰੀ); ਪ੍ਰੀਤਮ ਕੌਰ ਭਿਉਰਾ, ਰੋਪੜ (ਦਿਹਾਤੀ); ਹਰਜੀਤ ਕੌਰ ਐਮ.ਸੀ ਰੋਪੜ, ਫਿਰੋਜ਼ਪੁਰ (ਦਿਹਾਤੀ); ਮਨਜੀਤ ਕੌਰ ਸਾਬਕਾ ਪ੍ਰਿੰਸੀਪਲ, ਮਾਨਸਾ (ਦਿਹਾਤੀ); ਕਰਮਜੀਤ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਮਾਨਸਾ (ਸ਼ਹਿਰੀ); ਨਛੱਤਰ ਕੌਰ ਐਮ.ਸੀ. ਮਾਨਸਾ, ਹੁਸ਼ਿਆਰਪੁਰ; ਸੁਖਦੇਵ ਕੌਰ ਸੱਲਾਂ, ਬਠਿੰਡਾ (ਸ਼ਹਿਰੀ); ਗੁਰਮਿੰਦਰ ਕੌਰ ਢਿੱਲੋਂ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ, ਬਠਿੰਡਾ (ਦਿਹਾਤੀ) ਅਤੇ ਡਾ. ਪਰਨੀਤ ਕੌਰ ਭਗਤਾ ਭਾਈ ਕਾ ਬਣਾਏ ਗਏ ਹਨ।

# ਬਟਾਲਾ ’ਚ ਕਾਂਗਰਸੀ ਭਿੜੇ: ਨਵ ਇਨਕਲਾਬ ਯਾਤਰਾ ਚੜ੍ਹੀ ਗੁੱਟਬੰਦੀ ਦੀ ਭੇਟ

**ਬਟਾਲਾ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਬਿੱਟੂ ਵੱਲੋਂ ਕੱਢੀ ਜਾ ਰਹੀ ਨਵ ਇਨਕਲਾਬ ਪੈਦਲ ਯਾਤਰਾ ਬਟਾਲਾ ਪਹੁੰਚਣ ‘ਤੇ ਆਪਸੀ ਗੁੱਟਬੰਦੀ ਦੀ ਭੇਟ ਚੜ੍ਹ ਗਈ। ਇਥੇ ਕਾਂਗਰਸੀਆਂ ਵਿਚ ਧੱਕਾਮੁੱਕੀ ਵੀ ਚੱਲੀ ਤੇ ਉਨ੍ਹਾਂ ਦੀਆਂ ਪੱਗਾਂ ਵੀ ਲੱਥੀਆਂ। ਇਸ ਦੌਰਾਨ ਸਾਬਕਾ ਮੰਤਰੀ ਅਸ਼ਵਨੀ ਸੇਖੜੀ ਨੂੰ ਵੀ ਧੱਕੇ ਵੱਜੇ ਤੇ ਉਨ੍ਹਾਂ ਦੇ ਬੇਟੇ ਅਭਿਨਵ ਸੇਖੜੀ ਨੂੰ ਸੱਟਾਂ ਵੀ ਲੱਗੀਆਂ। ਰਵਨੀਤ ਬਿੱਟੂ ਨੇ ਕਿਹਾ ਕਿ ਅਨੁਸ਼ਾਸ਼ਨਹੀਣਤਾ ਕਿਸੇ ਵੀ ਸੂਰਤ ਵਿਚ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਤੇ ਜਿਨ੍ਹਾਂ ਨੇ ਲੜਾਈ ਕਰਨ ਦੀ ਕੋਸ਼ਿਸ਼ ਕੀਤੀ ਹੈ ਉਨ੍ਹਾਂ ਖਿਲਾਫ਼ ਅਨੁਸ਼ਾਸ਼ਨੀ ਕਾਰਵਾਈ ਦੀ ਸਿਫਾਰਸ਼ ਕੀਤੀ ਜਾਵੇਗੀ।

ਇਸ ਯਾਤਰਾ ਦਾ ਭਾਵੇਂ ਸੇਖੜੀ, ਫਤਹਿ ਬਾਜਵਾ ਤੇ ਹੋਰ ਧੜਿਆਂ ਵੱਲੋਂ ਜੋਸ਼ ਭਰਪੂਰ ਸਵਾਗਤ ਕੀਤਾ ਗਿਆ ਪਰ ਕਈ ਧੜਿਆਂ ਦੀ ਗੁੱਟਬੰਦੀ ਵੀ ਸਾਹਮਣੇ ਆਈ। ਸਾਬਕਾ ਮੰਤਰੀ ਅਸ਼ਵਨੀ ਸੇਖੜੀ, ਉਨ੍ਹਾਂ ਦੇ ਬੇਟੇ ਅਭਿਨਵ ਸੇਖੜੀ ਤੇ ਉਨ੍ਹਾਂ ਦੇ ਹਮਾਇਤੀਆਂ ਦਾ ਵੱਖਰੇ ਤੌਰ ‘ਤੇ ਸਵਾਗਤ ਕਰ ਰਹੇ ਸਾਬਕਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਕਸਤੂਰੀ ਲਾਲ ਸੇਠ ਤੇ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਹੰਸਪਾਲ ਦੇ ਹਮਾਇਤੀਆਂ ਨਾਲ ਰਵਨੀਤ ਬਿੱਟੂ ਦੀ ਮੌਜੂਦਗੀ ਵਿਚ ਝਗੜਾ ਹੋ ਗਿਆ। ਨੌਜਵਾਨਾਂ ਦੇ ਆਪਸੀ ਤਕਰਾਰ ਵਿਚ ਇਕ ਦੂਸਰੇ ਧੜੇ ਨੇ ਜਿੱਥੇ ਲਲਕਾਰੇ ਮਾਰੇ ਤੇ ਇਕ ਦੂਸਰੇ ਨੂੰ ਵੰਗਾਰਿਆ ਉਥੇ ਨਾਲ ਹੀ ਧੱਕਾਮੁੱਕੀ ਵੀ ਕੀਤੀ ਜਿਸ ਵਿਚ ਕਈਆਂ ਦੀਆਂ ਪੱਗਾਂ ਵੀ ਲੱਥੀਆਂ। ਹਵਾ ਵਿਚ ਪਿਸਤੌਲ ਤੱਕ ਕੱਢਣ ਦੀ ਨੌਬਤ ਵੀ ਪਹੁੰਚ ਗਈ ਪਰ ਇਸ ਲੜਾਈ ਨੂੰ ਅੱਖੀ ਵੇਖ ਕੇ ਰਵਨੀਤ ਬਿੱਟੂ ਬੇਵੱਸ ਦਿਖਾਈ ਦਿੱਤੇ।



ਇਸ ਦੇ ਨਾਲ ਹੀ ਪ੍ਰਤਾਪ ਬਾਜਵਾ ਧੜੇ ਵੱਲੋਂ ਉਨ੍ਹਾਂ ਦੇ ਛੋਟੇ ਭਰਾ ਫਤਹਿਜੰਗ ਸਿੰਘ ਬਾਜਵਾ ਵੱਲੋਂ ਰਵਨੀਤ ਬਿੱਟੂ ਦੇ ਸਵਾਗਤ ਲਈ ਜੋ ਬੋਰਡ ਲਗਵਾਏ ਗਏ ਉਸ ਵਿਚੋਂ ਕੈਪਟਨ ਦੀ ਫੋਟੋ ਗਾਇਬ ਸੀ। ਸਵਾਗਤ ਤੋਂ ਪਹਿਲਾਂ ਸੇਖੜੀ ਧੜੇ ਦੇ ਨੌਜਵਾਨ ਤੇ ਬਟਾਲਾ ‘ਚ ਫਤਹਿ ਬਾਜਵਾ ਦੇ ਨਜ਼ਦੀਕੀਆਂ, ਸਾਬਕਾ ਚੇਅਰਮੈਨ ਰਵਿੰਦਰ ਸ਼ਰਮਾ ਤੇ ਉਨ੍ਹਾਂ ਦੇ ਸਾਥੀ ਆਹਮੋ-ਸਾਹਮਣੇ ਹੋ ਗਏ ਤੇ ਇਕ ਦੂਸਰੇ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਪੰਜਾਬ ਯੂਥ ਕਾਂਗਰਸ ਦੇ ਸਾਬਕਾ ਜਨਰਲ ਸਕੱਤਰ ਨਿਤਨ ਸ਼ਰਮਾ ਨੇ ਵੀ ਸੇਖੜੀ ਖਿਲਾਫ਼ ਪ੍ਰਦਰਸ਼ਨ ਕੀਤਾ। ਉਨ੍ਹਾਂ ਵੱਲੋਂ ਲਗਾਏ ਗਏ ਸਵਾਗਤੀ ਬੋਰਡਾਂ ‘ਚ ਵੀ ਕੈਪਟਨ ਤੇ ਸੇਖੜੀ ਦੀ ਫੋਟੋ ਗਾਇਬ ਸੀ।

ਇਕ ਦੂਸਰੇ ਤੋਂ ਵੱਧ ਕੇ ਬੋਰਡ ਲਗਾਉਣ ਲਈ ਵੀ ਕਾਂਗਰਸੀ ਆਪਸ ਵਿਚ ਉਲਝੇ। ਕਾਂਗਰਸੀਆਂ ਦੀ ਆਪਸੀ ਲੜਾਈ ਤੋਂ ਬਾਅਦ ਕਸਤੂਰੀ ਲਾਲ ਸੇਠ ਤੇ ਹੰਸਪਾਲ ਧੜੇ ਨੇ ਸੇਖੜੀ ਧੜੇ ਖ਼ਿਲਾਫ਼ ਪੁਲੀਸ ਨੂੰ ਸ਼ਿਕਾਇਤ ਦੇ ਦਿੱਤੀ ਹੈ। ਇਸ ਦੌਰਾਨ ਰਵਨੀਤ ਬਿੱਟੂ ਨੇ ਕਿਹਾ ਕਿ ਉਹ ਪੰਜਾਬ ਵਿਚ ਨੌਜਵਾਨਾਂ ਦੇ ਮਾਧਿਅਮ ਰਾਹੀਂ ਨਵਾਂ ਇਨਕਲਾਬ ਲਿਆਉਣਾ ਚਾਹੁੰਦੇ ਹਨ ਤੇ ਨਸ਼ਾ ਰਹਿਤ ਸਮਾਜ ਦੀ ਸਿਰਜਣਾ ਕਰਨ ਦੇ ਨਾਲ-ਨਾਲ ਸਿਹਤਮੰਦ ਸਮਾਜ ਦੇ ਹਾਮੀ ਹਨ। ਉਨ੍ਹਾਂ ਕਿਹਾ ਕਿ ਯੂਥ ਕਾਂਗਰਸ ਜਿੱਥੇ ਰਾਜੀਵ ਗਾਂਧੀ ਵੱਲੋਂ ਸ਼ੁਰੂ ਕੀਤੀਆਂ ਗਈਆਂ ਨੌਜਵਾਨਾਂ ਨੂੰ ਹੋਰ ਮਜ਼ਬੂਤ ਕਰਨ ਵਾਲੀਆਂ ਨੀਤੀਆਂ ਨੂੰ ਮਜ਼ਬੂਤੀ ਨਾਲ ਉਭਾਰੇਗੀ, ਨਾਲ ਹੀ ਸਮਾਜਿਕ ਬੁਰਾਈਆਂ ਤੇ ਕੁਰੀਤੀਆਂ ਖ਼ਿਲਾਫ਼ ਲੜਾਈ ਲੜਣ ਦੇ ਨਾਲ-ਨਾਲ ਸੂਬੇ ‘ਚ ਕਾਂਗਰਸ ਨੂੰ ਦੁਬਾਰਾ ਸੱਤਾ ‘ਚ ਲਿਆਉਣ ਲਈ ਅਹਿਮ ਰੋਲ ਵੀ ਨਿਭਾਇਆ ਜਾਵੇਗਾ।

## ਬਰਤਾਨੀਆ ਦਾ ਵਪਾਰਕ ਵਫ਼ਦ ਵੱਲੋਂ ਹੁੱਡਾ ਨਾਲ ਮੁਲਾਕਾਤ

**ਚੰਡੀਗੜ੍ਹ:** ਯੂ.ਕੇ. ਇੰਡੀਆ ਵਪਾਰ ਪ੍ਰੀਸ਼ਦ ਦੀ ਚੇਅਰਪਰਸਨ ਰਾਬਰਟ ਹਾਨ ਪੈਟਰੀਲੀਆ ਹਿਊਇਟ ਦੀ ਅਗਵਾਈ ਵਿਚ ਵਫਦ ਨੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨਾਲ ਉਨ੍ਹਾਂ ਦੇ ਦਫਤਰ ਵਿਚ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਵਫਦ ਨੇ ਹਰਿਆਣਾ ਵਿਚ ਬੁਨਿਆਦੀ ਢਾਂਚਾ, ਫੂਡ ਪ੍ਰੋਸੈਸਿੰਗ ਉਦਯੋਗ ਵਿਚ ਅਤੇ ਰਾਜੀਵ ਗਾਂਧੀ ਐਜੂਕੇਸ਼ਨ ਸਿਟੀ ਵਿਚ ਨਿਵੇਸ਼ ਵਿਚ ਰੁਚੀ ਪ੍ਰਗਟਾਈ।

ਵਫਦ ਦੇ ਮੈਂਬਰਾਂ ਨੇ ਦੱਸਿਆ ਕਿ ਭਾਰਤ 9 ਤੋਂ 10 ਫੀਸਦੀ ਦੀ ਮਜ਼ਬੂਤ ਵਿਕਾਸ ਦਰ ਦੇ ਨਾਲ ਤੇਜ਼ੀ ਨਾਲ ਉਭਰ ਰਿਹਾ ਹੈ। ਨੂਨ ਪ੍ਰੋਡਕਟਸ ਲਿਮਟਿਡ ਦੇ ਚੇਅਰਮੈਨ ਲਾਰਡ ਗੁਲਾਮ ਨੂਨ ਨੇ ਕਿਹਾ ਕਿ ਇਸ ਤਰ੍ਹਾਂ ਦੀ ਵਿਕਾਸ ਦਰ ਸੰਸਾਰ ਦੇ ਕਿਸੇ ਹੋਰ ਦੇਸ਼ ਵਿਚ ਨਹੀਂ । ਵਫਦ ਦੇ ਮੈਂਬਰਾਂ ਨੇ ਖੇਤੀਬਾੜੀ ਵਪਾਰ ਪ੍ਰੋਸੈਸਿੰਗ ਵਿੱਚ ਵੀ ਨਿਵੇਸ਼ ਵਿੱਚ ਇੱਛਾ ਪ੍ਰਗਟਾਈ। ਮੁੱਖ ਮੰਤਰੀ ਨੇ ਵਫਦ ਦੁਆਰਾ ਰਾਜ ਵਿਚ ਨਿਵੇਸ਼ ਦੀ ਇੱਛਾ ਲਈ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਫੂਡ ਪ੍ਰੋਸੈਸਿੰਗ ਉਦਯੋਗ ਅਤੇ ਸਿੱਖਿਆ ਵਿਕਾਸ ਦੇ ਖੇਤਰਾਂ ਦੇ ਵਿਕਾਸ ਦੀਆਂ ਬਹੁਤ ਸੰਭਾਵਨਾਵਾਂ ਹਨ। ਰਾਈ (ਸੋਨੀਪਤ) ਵਿਚ ਕੌਮਾਂਤਰੀ ਪੱਧਰ ਦਾ ਫਲ ਤੇ ਸਬਜ਼ੀਆਂ ਦਾ ਟਰਮੀਨਲ ਬਣਾਇਆ ਜਾ ਰਿਹਾ ਹੈ। ਭਾਰਤ ਦੁਆਰਾ ਦਰਾਮਦ ਕੀਤੇ ਜਾਣ ਵਾਲੇ ਬਾਸਮਤੀ ਚੌਲ ਵਿਚੋਂ 70 ਫੀਸਦੀ ਦਾ ਉਤਪਾਦਨ ਹਰਿਆਣਾ ਵਿਚ ਹੁੰਦਾ ਹੈ। ਮੁੱਖ ਮੰਤਰੀ ਨੇ ਵਫਦ ਨੂੰ ਜਾਣੂੰ ਕਰਵਾਇਆ ਕਿ ਬਰਤਾਨੀਆ ਦੇ ਨਿਵੇਸ਼ ਲਈ ਹਰਿਆਣਾ ਦੇ ਉਦਯੋਗ ਤੇ ਵਪਾਰ ਵਿਭਾਗ ਦੇ ਵਿੱਤ ਕਮਿਸ਼ਨਰ ਅਤੇ ਪ੍ਰਮੁੱਖ ਸੱਕਤਰ ਨੋਡਲ ਅਧਿਕਾਰੀ ਹੋਣਗੇ।

ਵਫਦ ਮੈਂਬਰਾਂ ਵਿਚ ਯੂ.ਕੇ. ਇੰਡੀਆ ਵਪਾਰ ਪ੍ਰੀਸ਼ਦ ਦੇ ਮੁੱਖ ਅਧਿਕਾਰੀ ਕੈਵਿਨ ਮੈਕੋਲੇ, ਵਪਾਰ ਸੇਵਾਵਾਂ ਪ੍ਰਬੰਧਕ ਤਾਰਾ ਪੰਜਵਾਨੀ, ਵਪਾਰ ਸੇਵਾਵਾਂ ਕਾਰਜਕਾਰੀ ਅਧਿਕਾਰੀ ਸੋਨਾਲੀ ਪਟੇਲ, ਗੇਰਬਿਚ ਐਂਡਰਿੰਗਾ, ਰਾਜੇਸ਼ ਅਰੋੜਾ, ਲਤੀਫ ਜੀਵਾ ਤੇ ਐਂਡਰਿਊ ਮਾਗਰਨ ਸ਼ਾਮਲ ਸਨ।

## *ਮਨਪ੍ਰੀਤ ਦੇ ਓ.ਐਸ.ਡੀ. ਦੀ ਗ੍ਰਿਫਤਾਰੀ ’ਤੇ 22 ਤੱਕ ਰੋਕ*

**ਚੰਡੀਗੜ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਓ.ਐਸ.ਡੀ. ਚਰਨਜੀਤ ਸਿੰਘ ਬਰਾੜ ਦੀ ਗ੍ਰਿਫਤਾਰੀ ‘ਤੇ 22 ਦਸੰਬਰ ਤੱਕ ਰੋਕ ਲਗਾ ਦਿੱਤੀ ਗਈ ਹੈ। ਅਦਾਲਤ ਵੱਲੋਂ ਇਸ ਤੋਂ ਪਹਿਲਾਂ ਵੀ ਸਾਬਕਾ ਵਿੱਤ ਮੰਤਰੀ ਦੇ ਓ.ਐਸ.ਡੀ. ਨੂੰ ਪੇਸ਼ਗੀ ਜ਼ਮਾਨਤ ਦਿੱਤੀ ਹੋਈ ਸੀ। ਅਦਾਲਤ ਨੇ ਇਸ ਪੇਸ਼ਗੀ ਜ਼ਮਾਨਤ ਦੀ ਮਿਆਦ 22 ਦਸੰਬਰ ਤੱਕ ਵਧਾ ਦਿੱਤੀ ਹੈ। ਇਸ ਮਾਮਲੇ ਦੀ ਸੁਣਵਾਈ 1 ਦਸੰਬਰ ਨੂੰ ਹਾਈ ਕੋਰਟ ਦੇ ਜਸਟਿਸ ਐਮ.ਐਸ. ਸੁੱਲਰ ਦੀ ਅਦਾਲਤ ਵਿਚ ਹੋਈ। ਜ਼ਿਕਰਯੋਗ ਹੈ ਕਿ ਚਰਨਜੀਤ ਸਿੰਘ ਅਤੇ ਹੋਰਨਾਂ ਵਿਰੁੱਧ ਗਿੱਦੜਬਾਹਾ ਦੇ ਇਕ ਕਾਂਗਰਸੀ ਵਰਕਰ ਵੱਲੋਂ ਕੀਤੀ ਆਤਮ ਹੱਤਿਆ ਦੇ ਸਬੰਧ ਵਿਚ ਪੰਜਾਬ ਪੁਲਿਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਸੀ।

## ਬੀਰਦਵਿੰਦਰ ਸਿੰਘ ਵੱਲੋਂ ਗੁਰਦੁਆਰੇ ’ਚ ਭਾਜਪਾ ਦੀਆਂ ਝੰਡੀਆਂ ਦਾ ਸਖ਼ਤ ਨੋਟਿਸ

**ਪਟਿਆਲਾ:** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੀ ਪਟਿਆਲਾ ਫੇਰੀ ਮੌਕੇ ਭਾਜਪਾ ਵੱਲੋਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ‘ਚ ਝੰਡੀਆਂ ਲਾਉਣ ਦਾ ਮਾਮਲਾ ਸਿੱਖ ਭਾਈਚਾਰੇ ‘ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।



ਇਸ ਬਾਰੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੂੰ ਪੱਤਰ ਲਿਖ ਕੇ ਦੱਸਿਆ ਹੈ ਕਿ ਬੀਤੇ ਦਿਨ ਸੁਖਬੀਰ ਬਾਦਲ ਜਦੋਂ ਗੁਰਦੁਆਰਾ ਸਾਹਿਬ ਵਿਖੇ ਆਏ ਸਨ ਤਾਂ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਭਾਰਤੀ ਜਨਤਾ ਪਾਰਟੀ ਵੱਲੋਂ ਝੰਡੀਆਂ ਲਾਈਆਂ ਗਈਆਂ ਸਨ। ਉਨ੍ਹਾਂ ਇਸ ਮਾਮਲੇ ਲਈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਤੇ ਹੋਰਾਂ ਨੂੰ ਕਥਿਤ ਰੂਪ ਵਿਚ ਦੋਸ਼ੀ ਦੱਸਿਆ ਹੈ। ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਮੰਗ ਕੀਤੀ ਹੈ ਕਿ ਇਸ ਬੱਜਰ ਗਲਤੀ ਦੇ ਮਾਮਲੇ ਵਿਚ ਸਬੰਧਿਤ ਆਗੂਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ‘ਤੇ ਤਲਬ ਕਰਕੇ ਇਨ੍ਹਾਂ ਨੂੰ ਢੁਕਵੀਂ ਸਜ਼ਾ ਦਿੱਤੀ ਜਾਵੇ।


FARMERS INSURANCE GROUP
Symbol of Superior Service
FARMERS®

181 Metro Drive, Suite 290, San Jose, CA 95110

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*Call for a Review of your any Insurance Policy or to Get a Quote. !!*
*Totally Free and No Obligation to buy from us!!*



*Auto *Home *Life *Business *Workers Compensation

Call for consultation

Ph: 408-771-2438

*408-580-6063, 408-687-7566*

Fax: 408-573-3829
ssingh6@farmeragent.com

Satwant Singh
Insurance Specialist
License # OH11256

*Call us to know about special discounts for nurses, teachers, engineers, pharmacists, doctors and more professionals to get low prices.*



Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

*ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।*

We Do Loan Modification and Credit Repair to Save Your Home From Forclosure

Rent ’ਤੇ ਘਰ ਲੈਣਾ ਹੋਵੇ ਜਾਂ
Rent ’ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers

REALTY WORLD® Millennium



Gurbans Singh Gill
Realtor
12 Years Experiance in Real Estate
e-mail: gurbans@gotracy.com

Fax: 209-836-0706
www.gotracy.com

Gurbans Gill 209-815-1869

# ਗੈਸ ਤ੍ਰਾਸਦੀ ਦੇ 26 ਸਾਲ ਬਾਅਦ ਵੀ ਇਨਸਾਫ ਨਾ ਮਿਲਣ ਖਿਲਾਫ ਵਿਖਾਵੇ

**ਭੋਪਾਲ:** ਭੋਪਾਲ ਗੈਸ ਕਾਂਡ ਦੇ 26 ਸਾਲ ਬਾਅਦ ਵੀ ਪੀੜਤਾਂ ਨੂੰ ਮੁਆਵਜ਼ਾ ਨਾ ਮਿਲਣ 'ਤੇ ਇਥੇ ਜ਼ੋਰਦਾਰ ਰੈਲੀਆਂ ਕੀਤੀਆਂ ਗਈਆਂ। ਵਿਖਾਵਾਕਾਰੀਆਂ ਨੇ ਯੂਨੀਅਨ ਕਾਰਬਾਈਡ ਦੇ ਸਾਬਕਾ ਮੁਖੀ ਵਾਰਨ ਐਂਡਰਸਨ ਦੇ ਪੁਤਲੇ ਸਾੜੇ। ਇਸ ਮੌਕੇ ਸਰਬ ਧਰਮ ਸਭਾ ਵੀ ਕੀਤੀ ਗਈ।

ਤ੍ਰਾਸਦੀ ਦੇ ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰ ਵਾਲਿਆਂ ਨੇ ਹੁਣ ਬੰਦ ਪਈ ਯੂਨੀਅਨ ਕਾਰਬਾਈਡ ਫੈਕਟਰੀ ਅੱਗੇ ਐਂਡਰਸਨ ਦਾ ਪੁਤਲਾ ਸਾੜਿਆ। ਉਹ ਇਸ ਤ੍ਰਾਸਦੀ ਲਈ ਮਾਮੂਲੀ ਜਿਹਾ ਮੁਆਵਜ਼ਾ ਦੇਣ ਖ਼ਿਲਾਫ ਰੋਸ ਪ੍ਰਗਟਾਅ ਰਹੇ ਸਨ। ਲੋਕਾਂ ਨੇ ਪਹਿਲਾਂ ਸੈਂਟਰਲ ਲਾਇਬਰੇਰੀ ਮੈਦਾਨ ਵਿਚ ਸਰਬ ਧਰਮ ਸਭਾ ਕੀਤੀ ਜਿਸ ਦੌਰਾਨ ਹਾਦਸੇ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀ ਪੁੱਜੇ ਹੋਏ ਸਨ। ਸ੍ਰੀ ਚੌਹਾਨ ਨੇ ਕਿਹਾ ਕਿ ਇਸ ਤ੍ਰਾਸਦੀ ਕਾਰਨ ਭਾਰੀ ਦੁੱਖ ਝੱਲਣ ਵਾਲੇ ਲੋਕਾਂ ਦੀ ਜ਼ਿੰਦਗੀ ਵਿਚ ਖ਼ੁਸ਼ੀ ਲਿਆਉਣੀ ਹੀ ਮ੍ਰਿਤਕਾਂ ਨੂੰ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਨਸਾਨੀ ਜ਼ਿੰਦਗੀ ਦੀ ਕੀਮਤ ਉੱਤੇ ਵਿਕਾਸ ਕਿਸੇ ਨੂੰ ਵੀ ਸਵੀਕਾਰ ਨਹੀਂ ਹੋ ਸਕਦਾ। ਇਸ ਮੌਕੇ ਹੋਰ ਕਈ ਮੰਤਰੀ ਅਤੇ ਸਿਆਸੀ ਆਗੂ ਵੀ ਹਾਜ਼ਰ ਸਨ।

ਪੀੜਤਾਂ ਨੂੰ ਘੱਟ ਮੁਆਵਜ਼ਾ ਮਿਲਣ ਖ਼ਿਲਾਫ਼ ਭਾਰਤ ਟਾਕੀਜ਼ ਤੋਂ ਲੈ ਕੇ ਯੂਨੀਅਨ ਕਾਰਬਾਈਡ ਫੈਕਟਰੀ ਤੱਕ ਰੈਲੀ ਕੱਢੀ ਗਈ। ਯਾਦਗਾਰ-ਇ-ਸ਼ਾਹਜਹਾਨੀ ਵਿਖੇ ਮੀਟਿੰਗ ਵੀ ਹੋਈ।




ਇਸ ਮੌਕੇ ਭੋਪਾਲ ਗੈਸ ਪੀੜਤ ਉਦਯੋਗ ਗੈਸ ਸੰਸਥਾ ਦੇ ਕਨਵੀਨਰ ਅਬਦੁੱਲ ਜੱਬਾਰ ਨੇ ਪੀੜਤਾਂ ਦੀ ਮੰਦਹਾਲੀ ਲਈ ਕੇਂਦਰ ਅਤੇ ਰਾਜ ਸਰਕਾਰਾਂ ਦੀ ਤਿੱਖੀ ਨੁਕਤਾਚੀਨੀ ਕੀਤੀ। ਇਸ ਮੌਕੇ ਸੀ.ਪੀ.ਆਈ. ਦੀ ਅਗਵਾਈ ਵਿਚ ਕਮਿਊਨਿਸਟਾਂ ਨੇ ਵੀ ਮੁਜ਼ਾਹਰਾ ਕੀਤਾ। ਗ਼ੌਰਤਲਬ ਹੈ ਕਿ ਦੁਨੀਆਂ ਦਾ ਇਹ ਸਭ ਤੋਂ ਵੱਡਾ ਸਨਅਤੀ ਹਾਦਸਾ 2-3 ਦਸੰਬਰ, 1984 ਦੀ ਰਾਤ ਨੂੰ ਵਾਪਰਿਆ ਸੀ। ਇਸ ਵਿਚ 3000 ਤੋਂ ਵੱਧ ਮੌਤਾਂ ਹੋਈਆਂ ਸਨ ਤੇ ਲੱਖਾਂ ਲੋਕ ਪ੍ਰਭਾਵਿਤ ਹੋਏ ਸਨ।

## ਮੁਆਵਜ਼ਾ ਵਧਾਉਣ ਲਈ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ 1984 ਵਿੱਚ ਭੋਪਾਲ ਵਿਖੇ ਗੈਸ ਦੀ ਮਾਰ ਹੇਠ ਆਏ ਲੋਕਾਂ ਲਈ ਮੁਆਵਜ਼ਾ ਰਕਮ 750 ਕਰੋੜ ਰੁਪਏ ਤੋਂ 7700 ਕਰੋੜ ਰੁਪਏ ਕਰਵਾਉਣ ਲਈ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ ਹੈ।

ਚੇਤੇ ਰਹੇ ਕਿ 26 ਸਾਲ ਪਹਿਲਾਂ ਯੂਨੀਅਨ ਕਾਰਬਾਈਡ ਫੈਕਟਰੀ ਵਿੱਚੋਂ ਜ਼ਹਿਰੀਲੀ ਗੈਸ ਰਿਸਣ ਕਾਰਨ ਹਜ਼ਾਰਾਂ ਤੋਂ ਵੀ ਵੱਧ ਲੋਕ ਮਾਰੇ ਗਏ ਸਨ। ਰਸਾਇਣ ਤੇ ਖਾਦ ਮਹਿਕਮੇ ਨੇ ਸੁਪਰੀਮ ਕੋਰਟ ਵੱਲੋਂ 14 ਫਰਵਰੀ 1989 ਨੂੰ ਸੁਣਾਏ ਫ਼ੈਸਲੇ 'ਤੇ ਮੁੜ ਵਿਚਾਰ ਲਈ ਪਟੀਸ਼ਨ ਦਾਇਰ ਕੀਤੀ ਹੈ। ਉਦੋਂ ਅਦਾਲਤ ਨੇ ਮੁਆਵਜ਼ਾ 470 ਮਿਲੀਅਨ ਡਾਲਰ (750 ਕਰੋੜ ਰੁਪਏ) ਮਿਥਿਆ ਸੀ।

ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸੁਪਰੀਮ ਕੋਰਟ ਨੇ, ਜੋ 470 ਮਿਲੀਅਨ ਡਾਲਰ ਦਾ ਮੁਆਵਜ਼ਾ ਮਿਥਿਆ ਹੈ, ਉਸ ਦਾ ਆਧਾਰ 'ਗ਼ਲਤ ਤੱਥ ਅਤੇ ਅੰਕੜੇ ਸਨ'। ਗ਼ੌਰਤਲਬ ਹੈ ਕਿ ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ 3 ਅਕਤੂਬਰ, 1991 ਨੂੰ ਪਟੀਸ਼ਨ ਰੱਦ ਕਰ ਦਿੱਤੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਅਦਾਲਤ ਆਪਣੇ ਫ਼ੈਸਲੇ 'ਤੇ ਮੁੜ ਗ਼ੌਰ ਕਰੇ।

## ਪਤਨੀ ਦੇ ਕਤਲ ਲਈ ਪਰਵਾਸੀ ਭਾਰਤੀ ਦੋਸ਼ੀ ਕਰਾਰ

**ਲੰਡਨ:** ਭਾਰਤੀ ਮੂਲ ਦੇ ਨੌਜਵਾਨ ਹਰਪ੍ਰੀਤ ਔਲਖ (32) ਨੂੰ ਆਪਣੀ ਪਤਨੀ ਗੀਤਾ ਔਲਖ ਦੀ ਹੱਤਿਆ ਲਈ ਦੋਸ਼ੀ ਠਹਿਰਾਇਆ ਗਿਆ ਹੈ। ਇਹ ਕਤਲ ਉਸ ਨੇ ਆਪਣੇ ਸਾਥੀਆਂ ਸ਼ੇਰ ਸਿੰਘ (19) ਅਤੇ ਜਸਵੰਤ ਢਿੱਲੋਂ (30) ਨਾਲ ਮਿਲ ਕੇ ਕੀਤਾ ਸੀ। ਇਸ ਅਪਰਾਧ ਲਈ ਇਨ੍ਹਾਂ ਨੂੰ ਉਮਰ ਕੈਦ ਹੋ ਸਕਦੀ ਹੈ।

ਓਲਡ ਬੈਲੀ ਅਦਾਲਤ ਵਿਚ ਦੱਸਿਆ ਗਿਆ ਕਿ ਗੀਤਾ ਆਪਣੇ ਪਤੀ ਦੀ ਕੁੱਟਮਾਰ ਤੋਂ ਤੰਗ ਆ ਕੇ ਉਸ ਤੋਂ ਤਲਾਕ ਲੈ ਰਹੀ ਸੀ। ਇਸ ਤੋਂ ਖਿੱਝ ਵਿਚ ਆਏ ਹਰਪ੍ਰੀਤ ਨੇ ਉਸ ਦਾ ਕਤਲ ਕਰ ਦਿੱਤਾ। ਬਰਤਾਨੀਆ ਵਿਚ ਹਿੰਦੂ ਪਰਿਵਾਰ ਵਿਚ ਜਨਮੀ ਗੀਤਾ ਨੇ ਘਰਦਿਆਂ ਦੀ ਮਰਜ਼ੀ ਖਿਲਾਫ ਹਰਪ੍ਰੀਤ ਨਾਲ ਵਿਆਹ ਕਰਵਾਇਆ ਸੀ। ਕੁਝ ਸਮੇਂ ਤੋਂ ਦੋਹਾਂ ਵਿਚਕਾਰ ਅਣਬਣ ਚੱਲ ਰਹੀ ਸੀ। ਇਕ ਦਿਨ ਹਰਪ੍ਰੀਤ ਬਾਜ਼ਾਰ ਵਿਚੋਂ ਨਵਾਂ ਵੱਡਾ ਚਾਕੂ ਖਰੀਦ ਲਿਆਇਆ। ਉਸ ਦੇ ਇਸ ਕਾਰੇ ਬਾਰੇ ਪਤਾ ਕਲੋਜ਼ ਸਰਕਟ ਕੈਮਰੇ ਤੋਂ ਲੱਗਿਆ।

## ਅਮਰੀਕੀ ਵਿਗਿਆਨੀ ਵੱਲੋਂ ਬਨਾਉਟੀ ਗੁਰਦਾ ਤਿਆਰ

**ਵਾਸ਼ਿੰਗਟਨ:** ਇਕ ਅਹਿਮ ਵਿਗਿਆਨਕ ਪ੍ਰਾਪਤੀ ਵਿਚ ਭਾਰਤੀ ਮੂਲ ਦੇ ਸਾਇੰਸਦਾਨ ਦੀ ਅਗਵਾਈ ਵਾਲੀ ਖੋਜਕਾਰਾਂ ਦੀ ਟੀਮ ਨੇ 'ਬਨਾਉਟੀ ਗੁਰਦਾ' ਤਿਆਰ ਕਰ ਲੈਣ ਦਾ ਦਾਅਵਾ ਕੀਤਾ ਹੈ ਜਿਸ ਦਾ ਅਕਾਰ ਕੌਫੀ ਦੇ ਕੱਪ ਜਿੰਨਾ ਕੁ ਹੈ। ਇਹ ਟੀਮ ਕੈਲੀਫੋਰਨੀਆ ਯੂਨੀਵਰਸਿਟੀ ਨਾਲ ਸਬੰਧਤ ਹੈ। ਸ਼ੁਵੋ ਰਾਏ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਤਿਆਰ ਇਹ ਬਨਾਉਟੀ ਗੁਰਦਾ ਨਾ ਸਿਰਫ ਜ਼ਹਿਰੀਲੇ ਤੱਤਾਂ ਨੂੰ ਫਿਲਟਰ ਕਰਕੇ ਖੂਨ ਵਿਚ ਜਾਣ ਤੋਂ ਰੋਕਦਾ ਹੈ ਸਗੋਂ ਇਹ ਨਾਲ ਹੀ ਮਨੁੱਖੀ ਗੁਰਦੇ ਦੇ ਸੈੱਲਾਂ ਨੂੰ ਦੂਜੇ ਅਹਿਮ ਕੰਮ ਜਿਵੇਂ ਖ਼ੂਨ ਦੇ ਦਬਾਅ ਨੂੰ ਨੇਮਬੰਦ ਕਰਨ ਤੇ ਵਿਟਾਮਿਨ ਡੀ ਪੈਦਾ ਕਰਨ ਲਈ ਵਰਤਦਾ ਹੈ। ਟੀਮ ਨੇ ਇਸ ਨਵੇਂ ਯੰਤਰ ਨੂੰ ਜਾਨਵਰਾਂ ਉਤੇ ਪਰਖ ਲਿਆ ਹੈ ਤੇ ਹੁਣ ਇਸ ਦਾ ਮਨੁੱਖਾਂ ਉਤੇ ਤਜਰਬਾ ਕਰਨ ਦੀ ਯੋਜਨਾ ਹੈ। ਸ੍ਰੀ ਰਾਏ ਦਾ ਕਹਿਣਾ ਹੈ ਕਿ ਡਾਇਲਿਸਿਸ ਨਾਲ ਨਾ ਸਿਰਫ ਸਮਾਂ ਜ਼ਿਆਦਾ ਲੱਗਦਾ ਹੈ ਸਗੋਂ ਬਹੁਤੇ ਮਰੀਜ਼ ਇਸ ਨੂੰ ਪਸੰਦ ਵੀ ਨਹੀਂ ਕਰਦੇ। ਇਹ ਇਕ ਸਿਹਤਮੰਦ ਗੁਰਦੇ ਵਾਲੇ ਸਮੇਂ ਕੰਮ ਵੀ ਨਹੀਂ ਕਰਦਾ ਜਦੋਂ ਕਿ ਇਹ ਨਵਾਂ ਤਿਆਰ ਕੀਤਾ ਗੁਰਦਾ ਇਸ ਸਬੰਧੀ ਵਧੇਰੇ ਕਾਰਗਰ ਸਾਬਤ ਹੋ ਸਕਦਾ ਹੈ।

## ਜਬਰ ਜਨਾਹ ਦੇ ਮੁਲਜ਼ਮ ਜੇਲ੍ਹ ਡੱਕੇ

**ਨਵੀਂ ਦਿੱਲੀ:** ਕਾਲ ਸੈਂਟਰ ਵਿੱਚ ਕੰਮ ਕਰਦੀ 30 ਸਾਲਾ ਮੁਟਿਆਰ ਨਾਲ ਸਮੂਹਿਕ ਬਲਾਤਕਾਰ ਦੇ ਮੁਲਜ਼ਮਾਂ ਨੂੰ ਅਦਾਲਤ ਨੇ ਨਿਆਂਇਕ ਹਿਰਾਸਤ ਤਹਿਤ ਜੇਲ੍ਹ ਭੇਜ ਦਿੱਤਾ ਹੈ। ਮੈਟਰੋਪੋਲੀਟਨ ਮੈਜਿਸਟਰੇਟ ਸੁਸ਼ੀਲਾ ਬਾਲਾ ਡਾਗਰ ਨੇ ਸ਼ਮਸ਼ਾਦ ਅਤੇ ਉਸਮਾਨ ਨਾਮੀ ਮੁਲਜ਼ਮਾਂ ਨੂੰ ਤਿਹਾੜ ਜੇਲ੍ਹ ਭੇਜਣ ਦਾ ਹੁਕਮ ਦਿੱਤਾ। ਉਨ੍ਹਾਂ ਉਤੇ ਬੀਤੇ ਹਫ਼ਤੇ ਇਸ ਮੁਟਿਆਰ ਨੂੰ ਧੌਲਾ ਕੂਆਂ ਖੇਤਰ ਤੋਂ ਅਗਵਾ ਕਰਕੇ ਉਸ ਨਾਲ ਜ਼ਬਰਦਸਤੀ ਕਰਨ ਦਾ ਦੋਸ਼ ਹੈ।

# ਸਾਲ 2010 ਨੇ ਗਰਮੀ ਦਾ ਖ਼ੂਬ ਦਿਖਾਇਆ ਜਲਵਾ

**ਕਾਨਕੁਨ:** ਇਕ ਪਾਸੇ ਜਿੱਥੇ ਡੈਲੀਗੇਟ ਵਾਤਾਵਰਨ ਤਬਦੀਲੀ ਸਬੰਧੀ ਸਾਲਾਨਾ ਕਾਨਫਰੰਸ ਵਿਚ ਇਸ ਸਬੰਧੀ ਮੁੱਖ ਮੁੱਦਿਆਂ ਉੱਤੇ ਇਤਫਾਕ ਰਾਇ ਬਣਾਉਣ ਦੀਆਂ ਕੋਸ਼ਿਸ਼ਾਂ ਵਿਚ ਜੁਟੇ ਹੋਏ ਸਨ, ਉੱਥੇ ਆਲਮੀ ਮੌਸਮ ਵਿਗਿਆਨ ਸੰਸਥਾ (ਡਬਲਿਊ.ਐਮ.ਓ.) ਨੇ ਰਿਪੋਰਟ ਜਾਰੀ ਕਰ ਦਿੱਤੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਸਾਲ 2010 ਹੁਣ ਤੱਕ ਦਾ ਸਭ ਤੋਂ ਵੱਧ ਗਰਮ ਸਾਲ ਰਿਹਾ ਹੈ।

ਰਿਪੋਰਟ ਵਿਚ ਲਿਖਿਆ ਹੈ ਕਿ 1850 ਵਿਚ ਮੌਸਮ ਸਬੰਧੀ ਵੇਰਵੇ ਦਰਜ ਕੀਤੇ ਜਾਣ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਰਿਕਾਰਡ ਮੁਤਾਬਕ ਸਾਲ 2010 ਸਭ ਤੋਂ ਵੱਧ ਗਰਮ ਤਿੰਨ ਸਾਲਾਂ ਵਿਚੋਂ ਇਕ ਹੋਵੇਗਾ। ਸੰਸਥਾ ਨੇ 2010 ਸਬੰਧੀ ਹਾਲੇ ਅੰਤਿਮ ਨਤੀਜੇ ਇਸ ਕਾਰਨ ਜਾਰੀ ਨਹੀਂ ਕੀਤੇ ਕਿਉਂਕਿ ਇਨ੍ਹਾਂ ਵੇਰਵਿਆਂ ਵਿਚ ਨਵੰਬਰ ਅਤੇ ਦਸੰਬਰ ਮਹੀਨੇ ਦੇ ਅੰਕੜੇ ਹਾਲੇ ਸ਼ਾਮਲ ਕੀਤੇ ਜਾਣੇ ਹਨ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ 2001 ਤੋਂ 2010 ਦੇ ਦਸ ਸਾਲਾਂ ਦੌਰਾਨ ਦਾ ਆਲਮੀ ਤਾਪਮਾਨ ਸਾਲ 1961-1990 ਦੇ ਤੀਹ ਸਾਲਾਂ ਦੇ ਮੁਕਾਬਲੇ ਔਸਤਨ 0.46 ਡਿਗਰੀ ਸੈਲਸੀਅਸ (0.82) ਡਿਗਰੀ ਫਾਰਨਹੀਟ) ਵੱਧ ਰਿਹਾ ਹੈ।

ਸੰਸਥਾ ਮੁਤਾਬਕ ਤਾਪਮਾਨ ਸਬੰਧੀ ਇਸ ਚਿਤਾਵਨੀ ਨੂੰ ਖਾਸ ਤੌਰ 'ਤੇ ਅਫਰੀਕਾ, ਏਸ਼ੀਆ ਅਤੇ ਅੰਟਾਰਕਟਿਕਾ ਦੇ ਹਿੱਸਿਆਂ ਸਬੰਧੀ ਬਹੁਤ ਸੰਜੀਦਗੀ ਨਾਲ ਲਿਆ ਜਾਣਾ ਚਾਹੀਦਾ ਹੈ। ਰਿਪੋਰਟ ਵਿਚ ਮੌਸਮ ਸਬੰਧੀ ਸਿਰੇ ਦੇ ਸਖ਼ਤ ਹਾਲਾਤ ਵਾਲੇ ਮੌਕਿਆਂ ਸਬੰਧੀ ਵੀ ਕਈ ਵੇਰਵੇ ਦਿੱਤੇ ਗਏ ਹਨ ਜਿਵੇਂ ਹਾਲੀਆ ਗਰਮੀਆਂ ਦੌਰਾਨ ਭਾਰੀ ਮੌਨਸੂਨ ਦੀ ਵਜ੍ਹਾ ਕਰ ਕੇ ਪਾਕਿਸਤਾਨ ਨੂੰ ਆਪਣੇ ਇਤਿਹਾਸ ਦੇ ਸਭ ਤੋਂ ਵੱਧ ਭਿਆਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ ਸੀ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰੀ ਮੌਨਸੂਨ ਦੀ ਇਹ ਘਟਨਾ 26 ਤੋਂ 29 ਜੁਲਾਈ ਦੌਰਾਨ ਆਏ ਭਿਆਨਕ ਹੜ੍ਹਾਂ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਜਦੋਂ ਇਨ੍ਹਾਂ ਚਾਰ ਦਿਨਾਂ ਦੌਰਾਨ ਉੱਤਰੀ ਪਾਕਿਸਤਾਨ ਦੇ ਪੇਸ਼ਾਵਰ ਖਿੱਤੇ ਦੇ ਬੜੇ ਵੱਡੇ ਇਲਾਕੇ ਵਿਚ ਕੁੱਲ ਵਰਖਾ 300 ਮਿਲੀਮੀਟਰ ਤੋਂ ਵੀ ਵੱਧ ਹੋਈ। ਰਿਪੋਰਟ ਮੁਤਾਬਕ ਸਖ਼ਤ ਗਰਮੀ ਵਾਲੀ ਹਾਲਤ ਪੱਛਮੀ ਰੂਸ ਵਿਚ ਰਹੀ ਜਦੋਂ ਜੁਲਾਈ ਦੇ ਸ਼ੁਰੂ ਤੋਂ ਅੱਧ ਅਗਸਤ ਤੱਕ ਸਖ਼ਤ ਗਰਮੀ ਵਾਲੀ ਹਾਲਤ ਰਹੀ।

ਇਸੇ ਦੌਰਾਨ ਕਾਨਕੁਨ ਵਿਚ ਤਿੰਨ ਦਿਨਾਂ ਤੋਂ ਜਾਰੀ ਗੱਲਬਾਤ ਵਿਚ ਹਾਲੇ ਤੱਕ ਕੋਈ ਪੇਸ਼ਕਦਮੀ ਨਹੀਂ ਸੀ ਹੋ ਸਕੀ। ਪਿਛਲੇ ਸਾਲ ਡੈਨਮਾਰਕ ਵਿਚ ਹੋਈ ਗੱਲਬਾਤ ਦੌਰਾਨ ਲਾਜ਼ਮੀ ਲਾਗੂ ਨਾ ਕੀਤਾ ਜਾਣ ਵਾਲਾ ਕੋਪਨਹੇਗਨ ਸਮਝੌਤਾ ਕੀਤਾ ਗਿਆ ਸੀ। ਇਸ ਵਿਚ ਸਾਰੇ ਮੁਲਕਾਂ ਨੂੰ ਕਾਰਬਨ ਨਿਕਾਸ ਘਟਾਉਣ ਦਾ ਸੱਦਾ ਦਿੱਤਾ ਗਿਆ ਸੀ।

## ਵਿਕੀਲੀਕਸ ਨਾਂ ਬਦਲਿਆ

**ਪੈਰਿਸ:** ਅਮਰੀਕਾ ਦੇ ਖੁਫੀਆ ਦਸਤਾਵੇਜ਼ ਜਾਰੀ ਕਰਨ ਵਾਲੀ ਵੈੱਬਸਾਈਟ ਕਰੀਬ 6 ਘੰਟੇ ਬੰਦ ਰਹਿਣ ਪਿੱਛੋਂ ਸਵਿਟਜ਼ਰਲੈਂਡ ਨਾਲ ਸਬੰਧਤ ਇਕ ਨਵੇਂ ਨਾਂ ਨਾਲ ਇੰਟਰਨੈੱਟ ਉਤੇ ਪਰਤ ਆਈ। ਇਸ ਤੋਂ ਪਹਿਲਾਂ ਵਿਕੀਲੀਕਸ ਡਾਟ ਓ.ਆਰ.ਜੀ. ਨਾਮੀਂ ਇਸ ਵੈੱਬਸਾਈਟ ਨੂੰ ਦੁਨੀਆਂ ਭਰ ਤੋਂ ਹੋ ਰਹੇ ਸਾਈਬਰ ਹਮਲਿਆਂ ਪਿੱਛੋਂ ਬੰਦ ਕਰ ਦਿੱਤਾ ਗਿਆ ਸੀ।

ਇਸ ਗਰੁੱਪ ਨੇ ਟਵਿੱਟਰ 'ਤੇ ਭੇਜੇ ਆਪਣੇ ਸੁਨੇਹੇ ਵਿੱਚ ਲਿਖਿਆ ਕਿ ਵਿਕੀਲੀਕਸ ਹੁਣ ਸਵਿਟਜ਼ਰਲੈਂਡ ਵਿੱਚ ਚਲਾ ਗਿਆ ਹੈ। ਉਂਜ ਉਨ੍ਹਾਂ ਵੈੱਬਸਾਈਟ ਦਾ ਜਿਹੜਾ ਨਵਾਂ ਨਾਂ ਦੱਸਿਆ ਹੈ, ਉਸ ਨੂੰ ਇੰਟਰਨੈੱਟ ਉਤੇ ਲੱਭਣ ਉਤੇ ਪਤਾ ਲੱਗਦਾ ਹੈ ਕਿ ਇਹ ਨਾਂ ਪਹਿਲਾਂ ਹੀ ਸਵੀਡਨ ਅਤੇ ਫਰਾਂਸ ਵਿੱਚ ਮੌਜੂਦ ਹੈ।

## ਚੀਨੀ ਕਾਮੇ ਵੱਲੋਂ ਚਲਦਾ-ਫਿਰਦਾ ਘਰ ਤਿਆਰ

**ਪੇਇਚਿੰਗ:** ਚੀਨ ਦੇ ਇਕ ਵਿਅਕਤੀ ਨੇ ਘਰ ਖਰੀਦਣ ਦੀ ਹੈਸੀਅਤ ਨਾ ਹੋਣ 'ਤੇ ਆਪ ਹੀ ਚਲਦਾ-ਫਿਰਦਾ ਘਰ ਤਿਆਰ ਕਰ ਲਿਆ ਹੈ। ਦੇਈ ਹੇਫਈ ਨਾਂ ਦੇ ਦਫ਼ਤਰੀ ਕਾਮੇ ਵੱਲੋਂ ਬਣਾਏ ਇਸ ਛੋਟੇ ਅੰਡਾਕਾਰ ਚਲਦੇ-ਫਿਰਦੇ ਘਰ ਨੇ ਇੰਟਰਨੈੱਟ 'ਤੇ ਤਰਥੱਲੀ ਮਚਾ ਦਿੱਤੀ ਹੈ। ਇਸ ਨੂੰ ਸ਼ਹਿਰ ਵਿਚ ਕੰਮ ਦੀ ਭਾਲ 'ਚ ਆਉਣ ਵਾਲੇ ਹਜ਼ਾਰਾਂ ਕਾਮਿਆਂ ਲਈ ਸਸਤੀ ਰਿਹਾਇਸ਼ ਵਜੋਂ ਦੇਖਿਆ ਜਾ ਰਿਹਾ ਹੈ।

ਰਾਜਧਾਨੀ ਵਿਚ ਨਵੰਬਰ 'ਚ ਔਸਤ ਘਰ ਦੀ ਕੀਮਤ 19548 ਯੁਆਨ ਫੀ ਮੀਟਰ ਦੱਸੀ ਜਾਂਦੀ ਸੀ ਜਦ ਕਿ ਦਫਤਰੀ ਕਾਮੇ ਵੱਲੋਂ ਬਣਾਏ ਛੋਟੇ ਅੰਡਾਕਾਰ ਘਰ 'ਤੇ 6400 ਯੁਆਨ ਖਰਚ ਆਏ ਤੇ ਦੇਈ ਦੋ ਮਹੀਨਿਆਂ ਤੋਂ ਇਸ ਵਿਚ ਰਹਿ ਰਿਹਾ ਹੈ। ਉਂਜ ਉਸ ਦੇ ਇਸ ਘਰ 'ਚ ਇਕੋ ਇਕ ਕਮੀ ਇਹ ਹੈ ਕਿ ਇਸ ਵਿਚ ਪਖਾਨੇ ਦਾ ਬੰਦੋਬਸਤ ਨਹੀਂ ਹੈ। ਇਸ ਵਿਚ ਇਕ ਮੀਟਰ ਚੌੜਾ ਬੈੱਡ ਲੱਗਿਆ ਹੋਇਆ ਤੇ ਕੱਪੜੇ ਧੋਣ ਦਾ ਵੀ ਪ੍ਰਬੰਧ ਹੈ। ਇਹ ਮੁੱਖ ਤੌਰ 'ਤੇ ਬਾਂਸ, ਪਟਸਨ ਦੇ ਥੈਲਿਆਂ ਤੇ ਖਾਹ-ਫੂਸ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ।

# ਮੁੰਬਈ ਹਮਲਿਆਂ ਨਾਲ ਭਾਰਤ-ਪਾਕਿ ਰਿਸ਼ਤੇ ਵਿਗੜੇ: ਅਮਰੀਕਾ

**ਵਾਸ਼ਿੰਗਟਨ:** ਲਸ਼ਕਰ-ਇ-ਤੋਇਬਾ ਨਾਲ ਸਬੰਧਤ 10 ਦਹਿਸ਼ਤਗਰਦਾਂ ਵੱਲੋਂ 2008 ਵਿੱਚ ਮੁੰਬਈ ਉਤੇ ਕੀਤੇ 26/11 ਦੇ ਹਮਲੇ ਪਿੱਛੋਂ ਪਾਕਿਸਤਾਨ ਵਿਚ ਅਮਰੀਕੀ ਰਾਜਦੂਤ ਨੇ ਮੁਲਕ ਦੇ ਵਿਦੇਸ਼ ਵਿਭਾਗ ਨੂੰ ਭੇਜੇ ਸੁਨੇਹੇ ਵਿੱਚ ਕਿਹਾ ਸੀ ਕਿ ਪਾਕਿਸਤਾਨੀ ਦਹਿਸ਼ਤਗਰਦਾਂ ਦੀ ਇਸ ਕਾਰਵਾਈ ਨੇ ਭਾਰਤ-ਪਾਕਿਸਤਾਨ ਸਬੰਧਾਂ ਦੀ ਬਿਹਤਰੀ ਦੀਆਂ ਸਾਰੀਆਂ ਉਮੀਦਾਂ ਉਤੇ ਪਾਣੀ ਫੇਰ ਦਿੱਤਾ ਹੈ। ਪਾਕਿਸਤਾਨ ਵਿਖੇ ਅਮਰੀਕਾ ਦੀ ਉਦੋਂ ਦੀ ਰਾਜਦੂਤ ਐਨੀ ਪੀਟਰਸਨ ਵੱਲੋਂ ਭੇਜਿਆ ਇਹ ਸੁਨੇਹਾ ਵੈੱਬਸਾਈਟ ਵਿਕੀਲੀਕਸ ਵੱਲੋਂ ਜੱਗ-ਜ਼ਾਹਰ ਕੀਤੇ ਅਮਰੀਕੀ ਦਸਤਾਵੇਜ਼ਾਂ ਵਿੱਚ ਸ਼ਾਮਲ ਹੈ।

ਇਹ ਸੁਨੇਹਾ 28 ਨਵੰਬਰ ਨੂੰ ਭੇਜਿਆ ਗਿਆ ਸੀ ਜਦੋਂ ਭਾਰਤੀ ਸੁਰੱਖਿਆ ਦਸਤਿਆਂ ਨੇ ਹਮਲਾ ਪਛਾੜ ਦਿੱਤਾ ਸੀ। ਉਨ੍ਹਾਂ ਲਿਖਿਆ ਸੀ ਕਿ ਇਸ ਹਮਲੇ ਪਿੱਛੋਂ ਕਸ਼ਮੀਰ ਬਾਰੇ ਭਾਰਤ ਦੀ ਗੱਲਬਾਤ ਨੇੜ ਭਵਿੱਖ ਵਿੱਚ ਹੋਣ ਦੀ ਸੰਭਾਵਨਾ ਤਾਰਪੀਡੋ ਹੋ ਗਈ ਹੈ। ਉਨ੍ਹਾਂ ਇਸ ਬਾਰੇ ਆਈ.ਐਸ.ਆਈ. ਮੁਖੀ ਜਨਰਲ ਪਾਸ਼ਾ ਨੂੰ ਭਾਰਤ ਭੇਜਣ ਦੇ ਪਾਕਿਸਤਾਨੀ ਫੈਸਲੇ ਦੀ ਸ਼ਲਾਘਾ ਵੀ ਕੀਤੀ ਸੀ। ਗ਼ੌਰਤਲਬ ਹੈ ਕਿ ਜਨਰਲ ਪਾਸ਼ਾ ਨੂੰ ਭਾਰਤ ਭੇਜਣ ਦਾ ਫੈਸਲਾ ਬਾਅਦ ਵਿਚ ਪਾਕਿਸਤਾਨੀ ਫੌਜ ਨੇ ਰੱਦ ਕਰ ਦਿੱਤਾ ਸੀ।



ਅਜਿਹੇ ਹੀ ਲੀਕ ਹੋਏ ਇਕ ਹੋਰ ਦਸਤਾਵੇਜ਼ ਮੁਤਾਬਕ ਇਨ੍ਹਾਂ ਹਮਲਿਆਂ ਪਿੱਛੋਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਵਧਣ ਦੇ ਮੱਦੇਨਜ਼ਰ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਅਸ਼ਫਾਕ ਪਰਵੇਜ਼ ਕਿਆਨੀ ਨੇ ਕਿਹਾ ਸੀ ਕਿ ਜੇ ਭਾਰਤ ਨੇ ਪਾਕਿਸਤਾਨ ਉਤੇ ਹਮਲਾ ਕੀਤਾ ਤਾਂ ਉਨ੍ਹਾਂ ਦੀਆਂ ਫੌਜਾਂ ਵੀ ਜਵਾਬ ਦੇਣਗੀਆਂ। ਉਨ੍ਹਾਂ ਇਹ ਗੱਲ ਅਮਰੀਕੀ ਸਦਰ ਬਰਾਕ ਓਬਾਮਾ ਵੱਲੋਂ ਅਹੁਦਾ ਸੰਭਾਲਣ ਤੋਂ ਚਾਰ ਦਿਨ ਬਾਅਦ 24 ਜਨਵਰੀ, 2009 ਨੂੰ ਅਮਰੀਕੀ ਸੈਂਟਰਲ ਕਮਾਂਡ ਦੇ ਮੁਖੀ ਜਨਰਲ ਡੇਵਿਡ ਪੀਟਰਸ ਨਾਲ ਇਸਲਾਮਾਬਾਦ ਵਿੱਚ ਗੱਲ ਕਰਦਿਆਂ ਕਹੀ ਸੀ। ਅਜਿਹੇ ਇਕ ਸੁਨੇਹੇ ਮੁਤਾਬਕ ਜਨਰਲ ਕਿਆਨੀ ਨੇ ਕਿਹਾ ਹੈ ਕਿ ਉਹ ਭਾਰਤ ਵੱਲ ਸੰਜਮ ਵਰਤਣਗੇ ਪਰ ਜੇ ਭਾਰਤ ਨੇ ਹਮਲਾ ਕੀਤਾ ਤਾਂ ਜਵਾਬ ਦਿੱਤਾ ਜਾਵੇਗਾ। ਵਰਣਨਯੋਗ ਕਿ ਵਿਕੀਲੀਕਸ ਨੇ ਅਜਿਹੇ ਢਾਈ ਲੱਖ ਦੇ ਕਰੀਬ ਖੁਫੀਆ ਸੁਨੇਹੇ ਜੱਗ-ਜ਼ਾਹਰ ਕੀਤੇ ਹਨ। ਅਮਰੀਕਾ ਨੇ ਇਨ੍ਹਾਂ ਦੀ ਨਾ ਪੁਸ਼ਟੀ ਕੀਤੀ ਹੈ ਤੇ ਨਾ ਖੰਡਨ ਕੀਤਾ ਹੈ। ਉਸ ਨੇ ਸਿਰਫ ਇਹੋ ਕਿਹਾ ਹੈ ਕਿ ਵਿਕੀਲੀਕਸ ਨੇ ਅਜਿਹਾ ਕਰਕੇ ਅਮਰੀਕਾ ਖਿਲਾਫ ਜੁਰਮ ਕੀਤਾ ਹੈ।

ਇਸੇ ਦੌਰਾਨ ਅਮਰੀਕੀ ਸੈਨੇਟ ਦੇ ਦੋ ਮੈਂਬਰਾਂ ਡਾਇਨੀ ਫੀਨਸਟੀਨ ਅਤੇ ਕ੍ਰਿਸਟੋਫਰ ਬੌਂਡ ਨੇ ਮੁਲਕ ਦੇ ਅਟਾਰਨੀ ਜਨਰਲ ਐਰਿਕ ਹੋਲਡਰ ਨੂੰ ਲਿਖੀ ਸਾਂਝੀ ਚਿੱਠੀ ਵਿੱਚ ਮੰਗ ਕੀਤੀ ਹੈ ਕਿ ਖੁਫੀਆ ਦਸਤਾਵੇਜ਼ ਲੀਕ ਕਰਨ ਲਈ ਵਿਕੀਲੀਕਸ ਦੇ ਬਾਨੀ ਜੂਲੀਅਨ ਅਸੇਂਜ ਖਿਲਾਫ ਦੇਸ਼ਧਰੋਹ ਦਾ ਕੇਸ ਦਰਜ ਕੀਤਾ ਜਾਵੇ।

ਉਧਰ ਸੀ.ਪੀ.ਐਮ. ਨੇ ਨਵੀਂ ਦਿੱਲੀ ਵਿਖੇ ਵਿਕੀਲੀਕਸ ਦੇ ਖ਼ੁਲਾਸਿਆਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਵੈੱਬਸਾਈਟ ਨੇ ਅਮਰੀਕਾ ਦਾ ਅਸਲ ਚਿਹਰਾ ਬੇਪਰਦ ਕਰ ਦਿੱਤਾ ਹੈ। ਇਹ ਗੱਲ ਪਾਰਟੀ ਨੇ ਆਪਣੇ ਪਰਚੇ 'ਪੀਪਲਜ਼ ਡੈਮੋਕਰੇਸੀ' ਵਿੱਚ ਲਿਖੇ ਸੰਪਾਦਕੀ ਲੇਖ ਵਿੱਚ ਕਹੀ ਹੈ।

## ਓਬਾਮਾ ਦਾ ਅਫ਼ਗਾਨਿਸਤਾਨ ਦਾ ਭਲਵਾਨੀ ਗੇੜਾ

**ਵਾਸ਼ਿੰਗਟਨ/ਕਾਬੁਲ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਸ਼ੁੱਕਰਵਾਰ ਨੂੰ ਕਾਬੁਲ ਦੇ ਬਰਗਾਮ ਏਅਰ ਬੇਸ 'ਤੇ ਅਚਾਨਕ ਅਮਰੀਕੀ ਜੰਗ ਦੀ ਰਣਨੀਤੀ ਦੀ ਪੜਤਾਲ ਕਰਨ ਪਹੁੰਚੇ। ਇਸੇ ਦੌਰਾਨ ਉਹ ਖ਼ਰਾਬ ਮੌਸਮ ਕਾਰਨ ਬਰਗਾਮ ਬੇਸ 'ਚ ਫਸ ਗਏ। ਉਹ ਅਫ਼ਗਾਨ ਰਾਸ਼ਟਰਪਤੀ ਹਾਮਿਦ ਕਰਜ਼ਈ ਨੂੰ ਮਿਲਣ ਲਈ ਕਾਬੁਲ ਨਹੀਂ ਜਾ ਸਕੇ। ਓਬਾਮਾ ਸ਼ੁੱਕਰਵਾਰ ਦੇਰ ਰਾਤ ਬਰਗਾਮ ਪੁੱਜੇ ਸਨ। ਉਸ ਸਮੇਂ ਅਸਮਾਨ 'ਚ ਕਾਫੀ ਬੱਦਲ ਸਨ ਅਤੇ ਤੇਜ਼ ਹਵਾ ਚੱਲ ਰਹੀ ਸੀ ਅਤੇ 2 ਮੀਲ ਤੋਂ ਵੱਧ ਨਹੀਂ ਦੇਖਿਆ ਜਾ ਸਕਦਾ ਸੀ।

ਇਸ ਦੌਰੇ ਦਾ ਮੁੱਖ ਉਦੇਸ਼ ਭਾਵੇਂ ਅਮਰੀਕੀ ਫੌਜ ਨੂੰ ਮਿਲਣਾ ਅਤੇ ਉਨ੍ਹਾਂ ਦਾ ਧੰਨਵਾਦ ਕਰਨਾ ਦੱਸਿਆ ਜਾ ਰਿਹਾ ਹੈ ਪਰ ਓਬਾਮਾ ਵੱਲੋਂ ਕਰਜ਼ਈ ਨੂੰ ਨਾ ਮਿਲਣ ਕਾਰਨ ਹੋਰ ਹੀ ਗੱਲਾਂ ਤੁਰ ਪਈਆਂ ਹਨ।

# ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਸਾਹਮਣੇ ਬਣੇਗਾ ਜ਼ਮੀਨਦੋਜ਼ ਪਲਾਜ਼ਾ

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਸਾਹਮਣੇ ਢਾਈ ਏਕੜ ਰਕਬੇ ਵਿਚ ਜ਼ਮੀਨਦੋਜ਼ ਪਲਾਜ਼ਾ ਦੀ ਉਸਾਰੀ ਕਰਨ ਦੀ ਯੋਜਨਾ ਹੈ ਜਿਸ ਬਾਰੇ ਸਰਕਾਰ ਨੂੰ ਕੌਮਾਂਤਰੀ ਪੱਧਰ 'ਤੇ ਤਿੰਨ ਡਿਜ਼ਾਈਨ ਮਿਲ ਗਏ ਹਨ ਜਿਨ੍ਹਾਂ ਵਿਚੋਂ ਅੰਤਿਮ ਫ਼ੈਸਲਾ 17 ਜਨਵਰੀ ਨੂੰ ਲਿਆ ਜਾਵੇਗਾ।

ਸ੍ਰੀ ਹਰਿਮੰਦਰ ਸਾਹਿਬ ਦੇ ਸੁੰਦਰੀਕਰਨ ਦੀ ਯੋਜਨਾ ਤਹਿਤ ਇਸ ਦੇ ਮੁੱਖ ਦੁਆਰ ਸਾਹਮਣੇ ਖਾਲੀ ਪਈ ਜ਼ਮੀਨ 'ਤੇ ਜ਼ਮੀਨਦੋਜ਼ ਪਲਾਜ਼ਾ ਬਣਾ ਕੇ ਇਸ ਦੇ ਬਾਹਰੀ ਦੁਆਰ ਨੂੰ ਹੋਰ ਸੁੰਦਰ ਦਿੱਖ ਦੇਣ ਦੀ ਯੋਜਨਾ ਹੈ।

ਇਸ ਮੰਤਵ ਲਈ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਦੁਆਰ ਦੇ ਸਾਹਮਣੇ ਬਣੀ ਹੋਈ ਨਗਰ ਸੁਧਾਰ ਟਰੱਸਟ ਦੀ ਮਾਰਕੀਟ ਨੂੰ ਹਟਾ ਦਿੱਤਾ ਗਿਆ ਤੇ ਸਾਰੀ ਜ਼ਮੀਨ ਖਾਲੀ ਕਰਵਾ ਕੇ ਇਸ ਉਪਰ ਘਾਹ-ਬੂਟੇ ਲਾ ਦਿੱਤੇ ਗਏ ਹਨ। ਇਸ ਨਵੀਂ ਯੋਜਨਾ ਤਹਿਤ ਸ੍ਰੀ ਹਰਿਮੰਦਰ ਸਾਹਿਬ ਦੇ ਅੱਗੋਂ ਲੰਘਦੀ ਸੜਕ ਨੂੰ ਵੀ ਪਿੱਛੇ ਲਿਆਂਦਾ ਜਾਵੇਗਾ ਤੇ ਸਾਰੀ ਜਗ੍ਹਾ ਇਕ ਹਿੱਸਾ ਪ੍ਰਤੀਤ ਹੋਵੇਗੀ। ਆਲੇ-ਦੁਆਲੇ ਦੀਆਂ ਇਮਾਰਤਾਂ ਨੂੰ ਇਸ ਅਸਥਾਨ ਦੀ ਦਿੱਖ ਨਾਲ ਰਲਦਾ-ਮਿਲਦਾ ਬਣਾਇਆ ਜਾਵੇਗਾ।

ਇਸ ਬਾਰੇ ਡਿਜ਼ਾਈਨ ਤਿਆਰ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਸਹਿਯੋਗ ਨਾਲ ਕੌਮਾਂਤਰੀ ਪੱਧਰ ਦਾ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਇਸ ਮੁਕਾਬਲੇ ਦੇ ਪਹਿਲੇ ਪੜਾਅ ਵਿਚ ਦੇਸ਼-ਵਿਦੇਸ਼ ਦੀਆਂ 26 ਉੱਘੀਆਂ ਭਵਨ ਨਿਰਮਾਣਕਾਰ ਤੇ ਲੈਂਡ ਸਕੇਪ ਤਿਆਰ ਕਰਨ ਵਾਲੀਆਂ ਕੰਪਨੀਆਂ ਵੱਲੋਂ ਸ਼ਮੂਲੀਅਤ ਲਈ ਨਾਂ ਦਰਜ ਕਰਵਾਏ ਗਏ ਸਨ ਜਿਨ੍ਹਾਂ ਵਿਚੋਂ 21 ਨਾਮੀ ਕੰਪਨੀਆਂ ਨੇ ਆਪੋ-ਆਪਣੇ ਡਿਜ਼ਾਈਨਾਂ ਦੀ ਰੂਪ ਰੇਖਾ ਭੇਜੀ। ਇਨ੍ਹਾਂ ਕੰਪਨੀਆਂ ਵਿਚ ਬਹਿਰੀਨ ਦੀ ਕੰਪਨੀ ਨੇ ਸਿੱਧੇ ਤੌਰ 'ਤੇ ਤੇ ਕੁਝ ਹੋਰ ਵਿਦੇਸ਼ੀ ਕੰਪਨੀਆਂ ਨੇ ਭਾਰਤੀ ਭਵਨ ਨਿਰਮਾਣਕਾਰਾਂ ਰਾਹੀਂ ਆਪਣੇ ਡਿਜ਼ਾਈਨ ਬਾਰੇ ਰੂਪ ਰੇਖਾ ਭੇਜੀ ਹੈ। ਇਨ੍ਹਾਂ ਵਿਚੋਂ ਤਿੰਨ ਕੰਪਨੀਆਂ ਅੰਤਿਮ ਚੋਣ ਲਈ ਚੁਣੀਆਂ ਗਈਆਂ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਆਰਕੀਟੈਕਟ ਵਿਭਾਗ ਦੇ ਪ੍ਰੋ. ਐਸ.ਐਸ. ਬਹਿਲ ਤੇ ਮੁਖੀ ਕਰਮਜੀਤ ਸਿੰਘ ਚਾਹਲ ਨੇ ਦੱਸਿਆ ਕਿ ਮੁਕਾਬਲੇ ਦੇ ਪਹਿਲੇ ਪੜਾਅ ਵਿਚ ਨੋਇਡਾ ਦੀ ਭਵਨ ਨਿਰਮਾਣ ਕੰਪਨੀ 'ਡਿਜ਼ਾਈਨ ਐਸੋਸੀਏਟ ਇੰਕ' ਦੀ ਡਿਜ਼ਾਈਨ ਰਚਨਾ ਜੀ.ਟੀ.ਪੀ. 104, ਗੁੜਗਾਉਂ ਦੀ 'ਡਿਜ਼ਾਈਨ ਸੈੱਲ' ਕੰਪਨੀ ਦੀ ਡਿਜ਼ਾਈਨ ਰਚਨਾ, ਜੀ.ਟੀ.ਪੀ.-108 ਤੇ ਦਿੱਲੀ ਦੀ ਕੰਪਨੀ ਐਲ.ਐਨ.ਡੀ. ਸਟੂਡੀਓ ਦੀ ਡਿਜ਼ਾਈਨ ਰਚਨਾ ਜੀ.ਟੀ.ਪੀ. 109 ਦੀ ਚੋਣ ਕੀਤੀ ਗਈ ਹੈ।

ਮੁਕਾਬਲੇ ਦੇ ਦੂਜੇ ਪੜਾਅ ਵਿੱਚ ਇਹ ਤਿੰਨੋਂ ਚੁਣੀਆਂ ਗਈਆਂ ਕੰਪਨੀਆਂ 3 ਜਨਵਰੀ ਤੱਕ ਆਪਣੀਆਂ ਰਚਨਾਵਾਂ ਦੇ ਮੁਕੰਮਲ ਡਿਜ਼ਾਈਨ ਭੇਜਣਗੀਆਂ। ਇਸ ਮੁਕਾਬਲੇ ਦਾ ਆਖ਼ਰੀ ਨਤੀਜਾ 17 ਜਨਵਰੀ ਨੂੰ ਐਲਾਨਿਆ ਜਾਵੇਗਾ। ਪਹਿਲੀਆਂ ਤਿੰਨ ਜੇਤੂ ਕੰਪਨੀਆਂ ਨੂੰ ਪੰਜਾਬ ਸਰਕਾਰ ਵੱਲੋਂ ਨਗਦ ਇਨਾਮ ਵੀ ਦਿੱਤਾ ਜਾਵੇਗਾ।

## Matrimonials

### ਵਰ ਦੀ ਲੋੜ

Ramgarhia Sikh parents seek professionally, qualified boy under 35 (issueless, if divorced) from US/Canada for their dentist daughter, 31 yrs, 5'-6", divorced/ issueless, living in Canada. Please respond with bio data and recent picture to: match2k@gmail.com

Professional Sikh match for Parjapat Sikh girl, 30, 5'-6", working with US University on H1 visa, PhD (Molecular biology) from US. Caste no bar. Contact at 91-98784-59056 or email piscean100@yahoo.com

### ਕੰਨਿਆ ਦੀ ਲੋੜ

Alliance for handsome, clean shaven, sincere, God fearing, 43, 5'-7" Sikh boy. Masters in Edu., Bachelor in Computer math from US, teaching professional, divorcees considered, cast no bar, Ph: 323-573-9315, e-mail: Singhb1@yahoo.com

*www.punjabtimesusa.com*

# ਸਿਹਤਮੰਦਾਂ ਲਈ ਮਿਸਾਲ-ਮਾਲਵੇ ਦੇ ਅੰਗਹੀਣ ਖ਼ੂਨਦਾਨੀ

**ਬਠਿੰਡਾ (ਬਲਜਿੰਦਰ ਕੋਟਭਾਰਾ):** ਮਾਲਵੇ ਦੇ ਅੰਗਹੀਣ ਖ਼ੂਨਦਾਨੀ ਉਨ੍ਹਾਂ ਸਿਹਤਮੰਦ ਲੋਕਾਂ ਲਈ ਮਿਸਾਲ ਹਨ ਜੋ ਸਿਹਤਮੰਦ ਹੁੰਦਿਆਂ ਵੀ ਖ਼ੂਨ ਦਾਨ ਕਰਨ ਤੋਂ ਮੂੰਹ ਲਕੋ ਜਾਂਦੇ ਹਨ। ਇਹ ਸਭ ਦ੍ਰਿੜ ਇਰਾਦੇ, ਸਾਕਾਰਾਤਮਕ ਸੋਚ ਅਤੇ ਜਬਰਦਸਤ ਇੱਛਾ ਸ਼ਕਤੀ ਦਾ ਹੀ ਨਤੀਜਾ ਹੈ।

ਪਿੰਡ ਨਰੂਆਣਾ ਦਾ ਖ਼ੂਨਦਾਨੀ ਹਰਦੀਪ ਸਿੰਘ ਸਰੀਰਕ ਪੱਖੋਂ 60% ਅੰਗਹੀਣ ਹੋਣ ਦੇ ਬਾਵਜੂਦ ਹੁਣ ਤੱਕ 78 ਵਾਰ ਸਵੈ-ਇੱਛਾ ਨਾਲ ਖ਼ੂਨਦਾਨ ਕਰਕੇ ਇਲਾਕੇ ਦਾ ਸਟਾਰ ਖ਼ੂਨਦਾਨੀ ਬਣ ਚੁੱਕਾ ਹੈ। ਬੀ-ਪਾਜ਼ੇਟਿਵ ਖ਼ੂਨ ਗਰੁਪ ਦਾ ਇਹ ਉਘਾ ਖ਼ੂਨਦਾਨੀ ਆਪਣੀ ਜ਼ਿੰਦਗੀ ਦੇ ਰੁਝੇਵਿਆਂ ਦੇ ਹੋਰ ਜਰੂਰੀ ਕੰਮ ਤਾਂ ਭੁੱਲ ਸਕਦਾ ਹੈ ਪਰੰਤੂ ਹਰ ਤਿੰਨ ਮਹੀਨਿਆਂ ਬਾਅਦ ਖ਼ੂਨਦਾਨ ਕਰਨ ਦੀ ਤਾਰੀਖ ਨਹੀਂ ਭੁੱਲਦਾ। ਹਰਦੀਪ ਨੂੰ ਪੰਜਾਬ ਸਰਕਾਰ ਖ਼ੂਨਦਾਨ ਕਰ ਕੇ ਸਟੇਟ ਅਵਾਰਡ ਨਾਲ ਸਨਮਾਨ ਕਰ ਚੁਕੀ ਹੈ। ਪਿੰਡ ਗਿੱਲਪੱਤੀ ਤੋਂ 100% ਅਪਾਹਜ ਓ-ਪਾਜ਼ਟਿਵ ਖ਼ੂਨ ਗਰੁਪ ਦਾ ਖ਼ੂਨਦਾਨੀ ਜਸਪਾਲ ਸਿੰਘ ਵੀ ਜ਼ਿਲ੍ਹੇ ਵਿਚ ਖ਼ੂਨਦਾਨ ਦਾ ਕੋਈ ਸਮਾਗਮ ਹੋਵੇ ਆਪਣੇ ਤਿੰਨ ਪਹੀਆ ਸਕੂਟਰ 'ਤੇ ਹੀ ਖ਼ੂਨਦਾਨ ਕਰਨ ਪਹੁੰਚਦਾ ਹੈ। ਆਪਣੇ ਸਕੂਟਰ 'ਤੇ ਖ਼ੂਨਦਾਨ ਬਾਰੇ ਲਿਖਵਾਏ ਸੰਦੇਸ਼ਾਂ ਰਾਹੀਂ ਖ਼ੂਨਦਾਨ ਦਾ ਪ੍ਰਚਾਰ ਵੀ ਕਰ ਰਿਹਾ ਹੈ। ਉਹ ਹੁਣ ਤੱਕ 20 ਵਾਰ ਖ਼ੂਨਦਾਨ ਕਰਕੇ ਲੋੜਵੰਦਾਂ ਦੇ ਕੰਮ ਆਇਆ ਹੈ। ਪਿੰਡ ਰਾਏਖਾਨਾ ਦੇ ਸ਼ਹੀਦ ਭਗਤ ਸਿੰਘ ਕਲੱਬ ਦਾ ਪ੍ਰਧਾਨ ਕਾਮਰੇਡ ਰਾਜਵਿੰਦਰ ਰਾਜੀ ਭਾਵੇਂ ਲੱਤਾਂ ਤੋਂ 75% ਅੰਗਹੀਣ ਹੈ ਪਰੰਤੂ ਖ਼ੂਨਦਾਨ ਦੀ ਦੌੜ ਵਿਚ ਸਿਹਤਮੰਦਾਂ ਨੂੰ ਵੀ ਪਿੱਛੇ ਛੱਡ ਦਿੰਦਾ ਹੈ। ਏ-ਨੇਗੇਟਿਵ ਖ਼ੂਨ ਗਰੱਪ ਦਾ ਇਹ ਦਾਨੀ 23 ਵਾਰ ਖ਼ੂਨਦਾਨ ਕਰ ਚੁੱਕਾ ਹੈ ਅਤੇ ਪਿੰਡ ਦੇ ਨੌਜਵਾਨਾਂ ਨੂੰ ਇਸ ਮਾਨਵੀ ਲਹਿਰ ਵਿਚ ਸ਼ਾਮਿਲ ਕਰਕੇ ਖ਼ੂਨਦਾਨ ਕੈਂਪ ਲਗਵਾ ਰਿਹਾ ਹੈ।

ਮਾਨਸਾ ਜ਼ਿਲ੍ਹੇ ਦੇ ਪਿੰਡ ਅਕਲੀਆ ਦਾ ਨਿਵਾਸੀ ਸੋਹਣ ਸਿੰਘ ਵੀ ਆਪਣੀ 50% ਅੰਗਹੀਣਤਾ ਦੇ ਬਾਵਜੂਦ 65 ਵਾਰ ਖ਼ੂਨਦਾਨ ਕਰਕੇ ਨਹਿਰੂ ਯੁਵਾ ਕੇਂਦਰ ਪਾਸੋਂ ਨੈਸ਼ਨਲ ਯੂਥ ਅਵਾਰਡ ਹਾਸਲ ਕਰ ਚੁੱਕਾ ਹੈ। ਬਠਿੰਡਾ ਜ਼ਿਲ੍ਹੇ ਦੀ ਗੋਨਿਆਣਾ ਮੰਡੀ ਵਿਚ ਯੂਨਾਈਟਿਡ ਸੰਸਥਾ ਦੀ ਬਰਾਂਚ ਦੇ ਪ੍ਰਧਾਨ ਮਹਾਂਵੀਰ ਪ੍ਰਸ਼ਾਦ ਨੇ ਵੀ ਅਪੰਗਤਾ ਦੇ ਬਾਵਜੂਦ 44 ਵਾਰ ਖ਼ੂਨਦਾਨ ਕੀਤਾ ਹੈ। ਖ਼ੂਨਦਾਨ ਲਹਿਰ ਦੇ ਪ੍ਰਚਾਰ-ਪ੍ਰਸਾਰ ਵਿਚ ਇਹ ਨੌਜਵਾਨ ਅਹਿਮ ਯੋਗਦਾਨ ਪਾ ਰਿਹਾ ਹੈ। ਸੰਗਤ ਮੰਡੀ ਤੋਂ 60% ਅੰਗਹੀਣ ਮਨਜਗਮੀਤ ਜਿਸ ਨੂੰ ਲੋਕ ਪਿਆਰ ਨਾਲ ਐਮ.ਸੀ. ਕਹਿ ਕਿ ਬੁਲਾਉਂਦੇ ਹਨ, ਹਮੇਸ਼ਾਂ ਖ਼ੂਨਦਾਨ ਦੀ ਹੀ ਗੱਲ ਕਰਦਾ ਹੈ। ਖੁਦ 13 ਵਾਰ ਖ਼ੂਨਦਾਨ ਕਰ ਚੁੱਕਾ ਹੈ। ਪਿੰਡ ਹਰਰੰਗਪੁਰਾ ਤੋਂ ਟੇਲਰ ਮਾਸਟਰ ਬਲਜੀਤ ਉਰਫ਼ ਕਾਲਾ 60% ਅੰਗਹੀਣਤਾ ਦੇ ਬਾਵਜੂਦ 7 ਵਾਰ ਖ਼ੂਨਦਾਨ ਕਰ ਚੁੱਕਾ ਹੈ। ਬਾਲਿਆਂਵਾਲੀ ਪਿੰਡ 'ਚ ਮਲੇਰੀਆ ਵਿੰਗ ਵਿਚ ਕੰਮ ਕਰਦੇ ਗੈਂਗਮੈਨ ਅੰਗਹੀਣ ਅਜੀਤ ਸ਼ਰਮਾ ਨੇ 6 ਵਾਰ ਖ਼ੂਨਦਾਨ ਕੀਤਾ ਹੈ। ਗੋਨਿਆਣਾ ਮੰਡੀ ਵਾਸੀ ਜਗਦੇਵ ਸਿੰਘ ਭਾਵੇਂ ਇੱਕ ਬਾਂਹ ਤੋਂ ਅੰਗਹੀਣ ਹੈ ਫਿਰ ਵੀ ਜਰੂਰਤਮੰਦਾਂ ਲਈ ਖ਼ੂਨਦਾਨ ਕਰਨ ਵਾਸਤੇ ਆਪਣੀ ਦੂਜੀ ਬਾਂਹ ਹਮੇਸ਼ਾਂ ਅੱਗੇ ਰੱਖਦਾ ਹੈ। ਪਿੰਡ ਢੇਲਵਾਂ ਵਿਚ ਟੇਲਰਿੰਗ ਦਾ ਕੰਮ ਕਰਨ ਵਾਲਾ 60% ਅੰਗਹੀਣ ਹਰਜਿੰਦਰ ਸਿੰਘ ਆਪ ਤਾਂ ਖ਼ੂਨਦਾਨ ਲਈ ਅੱਗੇ ਰਹਿੰਦਾ ਹੀ ਹੈ ਹੋਰਨਾਂ ਨੂੰ ਵੀ ਖ਼ੂਨਦਾਨ ਲਈ ਪ੍ਰੇਰਦਾ ਹੈ। ਪਿੰਡ ਜੋਧਪੁਰ ਰੋਮਾਣਾ ਤੋਂ ਗੁਰਦਿਆਲ ਸਿੰਘ, ਤਲਵੰਡੀ ਸਾਬੋ ਤੋਂ ਬੀਰਬਲ ਸਿੰਘ, ਬਠਿੰਡਾ ਸ਼ਹਿਰ ਤੋਂ ਹਰਜਿੰਦਰ ਜੱਸਲ, ਰਾਮਪੁਰਾ ਫੂਲ ਤੋਂ ਮੋਹਿਤ ਬਾਂਸਲ, ਪਰਸ ਰਾਮ ਨਗਰ ਬਠਿੰਡਾ ਤੋਂ ਤਿਲਕ ਰਾਜ, ਮੁਲਤਾਨੀਆਂ ਪਿੰਡ ਤੋਂ ਪਟਵਾਰੀ ਗੁਲਸ਼ਨ, ਤਲਵੰਡੀ ਸਾਬੋ ਤੋਂ ਬਲਕਰਨ ਰਾਮ, ਹਰਰੰਗਪੁਰਾ ਤੋਂ ਬਲਦੇਵ ਸਿੰਘ, ਚੁੱਘੇ ਕਲਾਂ ਤੋਂ ਧਰਮਪਾਲ ਅਤੇ ਬਠਿੰਡਾ ਸ਼ਹਿਰ ਨਿਵਾਸੀ ਗੁਲਜਾਰੀ ਲਾਲ ਵੀ ਬੁਲੰਦ ਹੌਂਸਲੇ ਨਾਲ ਜਰੂਰਤਮੰਦਾਂ ਲਈ ਸਮੇਂ-ਸਮੇਂ ਸਿਰ ਖ਼ੂਨਦਾਨ ਕਰਕੇ ਇਸ ਲਹਿਰ ਵਿਚ ਯੋਗਦਾਨ ਪਾ ਰਹੇ ਹਨ।

ਮਾਲਵੇ ਦੀ ਪ੍ਰਸਿੱਧ ਖ਼ੂਨਦਾਨੀ ਸੰਸਥਾ ਯੂਨਾਈਟਿਡ ਵੈਲਫੇਅਰ ਸੁਸਾਇਟੀ ਬਠਿੰਡਾ ਦੇ ਬਾਨੀ ਵਿਜੇ ਭੱਟ ਇਨ੍ਹਾਂ ਖ਼ੂਨਦਾਨੀਆਂ ਬਾਰੇ ਬੜੇ ਫ਼ਖ਼ਰ ਨਾਲ ਦੱਸਦੇ ਹਨ ਕਿ ਇਨ੍ਹਾਂ ਫਰਿਸ਼ਤਿਆਂ ਨੂੰ ਸੰਸਥਾ ਪ੍ਰਣਾਮ ਕਰਦੀ ਹੈ ਜਿਨ੍ਹਾਂ ਅੰਗਹੀਣ ਹੁੰਦਿਆਂ ਵੀ ਸਿਹਤਮੰਦਾਂ ਨੂੰ ਸਵੈ-ਇੱਛਾ ਨਾਲ ਖ਼ੂਨਦਾਨ ਕਰਨ ਲਈ ਪ੍ਰੇਰਿਆ ਅਤੇ ਸਮਾਜ ਲਈ ਇੱਕ ਮਿਸਾਲ ਬਣੇ ਹਨ।

# ਜਸਪ੍ਰੀਤ ਸਿੰਘ ਅਟਾਰਨੀ ਨੇ ਤਿੰਨ ਹੋਰਨਾਂ ਨੂੰ ਦੁਆਈ ਸਿਟੀਜ਼ਨਸ਼ਿਪ

**ਸੈਕਰਾਮੈਂਟੋ:** ਅਟਾਰਨੀ ਜਸਪ੍ਰੀਤ ਸਿੰਘ ਨੇ ਦੋ ਵਿਅਕਤੀਆਂ ਨੂੰ ਸਿਟੀਜ਼ਨਸ਼ਿਪ ਅਤੇ ਦੋ ਹੋਰ ਵਿਅਕਤੀਆਂ ਨੂੰ ਗਰੀਨ ਕਾਰਨ ਦੁਆਇਆ ਹੈ। ਜਿਨ੍ਹਾਂ ਦੋ ਵਿਅਕਤੀਆਂ ਨੂੰ ਗਰੀਨ ਕਾਰਡ ਮਿਲਿਆ ਹੈ ਉਨ੍ਹਾਂ 'ਚ ਸਿਮਰਨ ਜੌਹਲ ਅਤੇ ਰਾਮ ਪ੍ਰਕਾਸ਼ ਸਿੰਘ ਦੇ ਨਾਂ ਸ਼ਾਮਿਲ ਹਨ। ਇਨ੍ਹਾਂ ਨੂੰ ਗਰੀਨ ਕਾਰਡ ਸੈਕਰਾਮੈਂਟੋ ਅਤੇ ਫਰਜ਼ਿਨੋ ਵਿਚ ਮਿਲਿਆ।

ਸਿਟੀਜ਼ਨਸ਼ਿਪ ਲੈਣ ਵਾਲੇ ਤਿੰਨ ਵਿਅਕਤੀਆਂ ਵਿਚ ਕੁਲਬੀਰ ਕੌਰ, ਪਰਮਿੰਦਰ ਸਿੰਘ ਅਤੇ ਜਸਬੀਰ ਕੌਰ ਦੇ ਨਾਂ ਸ਼ਾਮਿਲ ਹਨ। ਕੁਲਬੀਰ ਕੌਰ ਨੂੰ ਸੈਕਰਾਮੈਂਟੋ, ਪਰਮਿੰਦਰ ਸਿੰਘ ਨੂੰ ਸੈਨਹੋਜ਼ੇ ਅਤੇ ਜਸਬੀਰ ਕੌਰ ਨੂੰ ਨਿਊਯਾਰਕ ਤੋਂ ਸਿਟੀਜਨਸ਼ਿਪ ਹਾਸਲ ਹੋਈ। ਅਟਾਰਨੀ ਜਸਪ੍ਰੀਤ ਸਿੰਘ ਅਨੁਸਾਰ ਕੁਲਬੀਰ ਕੌਰ ਨੂੰ ਤਾਂ ਅੰਗ੍ਰੇਜ਼ੀ ਬਹੁਤ ਹੀ ਘੱਟ ਆਉਂਦੀ ਸੀ ਅਤੇ ਪਰਮਿੰਦਰ ਸਿੰਘ ਤੇ ਜਸਬੀਰ ਕੌਰ ਦੇ ਕੇਸ ਬਹੁਤ ਹੀ ਗੁੰਝਲਦਾਰ ਸਨ।

MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES
We Also Offer Notary Service

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

Desi Cuts and Color Plus
For Men, Women & Children

Grand Opening

Ph:510-429-0786
Mandeep
510-200-4415
Tony
(510) 825-0820
Monday to Friday 9:00-7:30 (Tuesday Closed)
Saturday 9:00-7:00, Sunday 10:00-6:00
ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।
Hair cut
Beard Perm
Hair styler
Color
Facial, Threading and Waxing (Special Lady)
34685 Alvarado Niles Rd., Union City, CA 94587 ( Behind Tacobell )

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 11 ਦਸੰਬਰ 2010

## ਸ਼੍ਰੋਮਣੀ ਕਮੇਟੀ ਅਤੇ ਸਿਆਸਤ

ਲੱਖ ਯਤਨਾਂ ਦੇ ਬਾਵਜੂਦ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਮਸਲਾ ਉਲਝਦਾ ਜਾ ਰਿਹਾ ਹੈ। ਹਰਿਆਣਾ ਦੇ ਸਿੱਖਾਂ ਦਾ ਇਹ ਰੋਸਾ ਜਾਇਜ਼ ਵੀ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੂਬੇ ਦੇ ਗੁਰਧਾਮਾਂ ਅਤੇ ਸਿੱਖ ਸੰਸਥਾਵਾਂ ਵੱਲ ਬਣਦਾ ਧਿਆਨ ਨਹੀਂ ਦਿੱਤਾ। ਇਸੇ ਤਰ੍ਹਾਂ ਦਾ ਰੱਫੜ ਚਿਰ ਪਹਿਲਾਂ ਪਾਕਿਸਤਾਨ ਸਰਕਾਰ ਵੱਲੋਂ ਵੱਖਰੀ ਸ਼੍ਰੋਮਣੀ ਕਮੇਟੀ ਬਣਾਏ ਜਾਣ ਵੇਲੇ ਪਿਆ ਸੀ। ਮੁੱਦਾ ਇਹੀ ਸੀ ਕਿ ਸ਼੍ਰੋਮਣੀ ਕਮੇਟੀ ਗੁਰਧਾਮਾਂ ਦਾ ਚੜ੍ਹਾਵਾ ਤਾਂ ਇਕੱਠਾ ਕਰਕੇ ਭਾਰਤ ਲੈ ਜਾਂਦੀ ਹੈ ਪਰ ਉਥੋਂ ਦੇ ਗੁਰਧਾਮਾਂ ਦੀ ਸਾਂਭ-ਸੰਭਾਲ ਵੱਲ ਧਿਆਨ ਨਹੀਂ ਦੇ ਰਹੀ। ਪਹਿਲਾਂ ਪਾਕਿਸਤਾਨ ਅਤੇ ਹੁਣ ਹਰਿਆਣਾ ਵਿਚ ਹੋਈ 'ਬਗ਼ਾਵਤ' ਨੂੰ ਇਕੋ ਲੜੀ ਵਿਚ ਹੀ ਦੇਖਣਾ ਚਾਹੀਦਾ ਹੈ ਅਤੇ ਮਸਲੇ ਨੂੰ ਸਮਝਣ ਲਈ ਉਲਝਾ ਦਿੱਤੀ ਗਈ ਤਾਣੀ ਦੀਆਂ ਗੰਢਾਂ ਦਾ ਸਿਰਾ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ।

ਇਸ ਬਗ਼ਾਵਤ ਦੀਆਂ ਜੜ੍ਹਾਂ ਅਸਲ ਵਿਚ ਸ਼੍ਰੋਮਣੀ ਕਮੇਟੀ ਨੂੰ ਮੁਹਰਾ ਬਣਾ ਕੇ ਕੀਤੀ ਜਾ ਰਹੀ ਸਿਆਸਤ ਵਿਚ ਪਈਆਂ ਹਨ। ਸ਼੍ਰੋਮਣੀ ਕਮੇਟੀ ਨੂੰ ਆਮ ਕਰਕੇ ਸਿਆਸੀ ਹਿੱਤਾਂ ਲਈ ਹੀ ਵਰਤਣ ਦਾ ਰੁਝਾਨ ਭਾਰੂ ਰਿਹਾ ਹੈ। ਭਾਰੂ ਅਕਾਲੀ ਦਲ ਨੇ ਸਦਾ ਹੀ ਸ਼੍ਰੋਮਣੀ ਕਮੇਟੀ ਨੂੰ ਆਪਣੇ ਸਿਆਸੀ ਹਿਤਾਂ ਲਈ ਵਰਤਿਆ। ਜੇਕਰ ਅਜਿਹਾ ਨਾ ਹੁੰਦਾ ਅਤੇ ਜੇ ਸ਼੍ਰੋਮਣੀ ਕਮੇਟੀ ਨੇ ਸਿੱਖਾਂ ਨਾਲ ਸਬੰਧਤ ਮਸਲਿਆਂ ਵੱਲ ਰੱਤੀ ਭਰ ਵੀ ਧਿਆਨ ਦਿੱਤਾ ਹੁੰਦਾ ਤਾਂ ਪੰਜਾਬ ਵਿਚ ਨਸ਼ਿਆਂ ਦਾ ਹੜ੍ਹ ਨਾ ਵਗਦਾ ਅਤੇ ਨਾ ਹੀ ਨੌਜਵਾਨ ਪੀੜ੍ਹੀ ਇਉਂ ਸਿੱਖੀ ਤੋਂ ਬੇਮੁੱਖ ਹੁੰਦੀ। ਇਹੀ ਕਾਰਨ ਹੈ ਕਿ ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਅਰਬਾਂ ਰੁਪਏ ਵਿਚ ਹੋਣ ਦੇ ਬਾਵਜੂਦ ਧਰਮ ਪ੍ਰਚਾਰ ਅਤੇ ਹੋਰ ਸਮਾਜਕ ਕੰਮਾਂ-ਕਾਰਾਂ ਵਾਲਾ ਵਰਕਾ ਤਕਰੀਬਨ-ਤਕਰੀਬਨ ਸਾਫ਼ ਹੀ ਪਿਆ ਹੈ ਜਾਂ ਕਹਿ ਲਓ ਕਿ ਕਰਨ ਵਾਲਾ ਬਹੁਤ ਕੰਮ ਪਿਆ ਹੈ।

ਹਰਿਆਣੇ ਵਾਲੀ ਬਗ਼ਾਵਤ ਨਾਲ ਇਸ ਮਸਲੇ ਨਾਲ ਸਬੰਧਤ ਇਕ ਕੜੀ ਹੋਰ ਜੁੜ ਗਈ ਹੈ, ਉਹ ਇਹ ਕਿ ਇਸ ਬਗ਼ਾਵਤ ਨੇ ਅਕਾਲੀ ਦਲ ਦੀ ਸੰਘੀ ਢਾਂਚੇ ਲਈ ਕੀਤੀ ਸਿਆਸਤ ਨੂੰ ਵੀ ਪੈਰਾਂ ਹੇਠ ਰੋਲ ਕੇ ਰੱਖ ਦਿੱਤਾ ਹੈ। ਦੇਸ਼ ਵਿਚ ਸੰਘੀ ਢਾਂਚੇ ਅਤੇ ਸੂਬਿਆਂ ਲਈ ਵੱਧ ਹੱਕਾਂ ਲਈ ਸਭ ਤੋਂ ਅੱਗੇ ਹੋ ਕੇ ਪੈਰਵੀ ਕਰਨ ਵਾਲਾ ਅਕਾਲੀ ਦਲ ਹੁਣ ਸ਼੍ਰੋਮਣੀ ਕਮੇਟੀ ਦੇ ਮਾਮਲੇ 'ਤੇ ਐਨ ਕੇਂਦਰ ਸਰਕਾਰ ਵਾਲੀ ਪਹੁੰਚ 'ਤੇ ਆਣ ਖਲੋਤਾ ਹੈ। ਚਾਹੀਦਾ ਤਾਂ ਇਹ ਸੀ ਕਿ ਸਿੱਖਾਂ ਦੀ ਚੋਖੀ-ਚੰਗੀ ਆਬਾਦੀ ਵਾਲੇ ਸੂਬਿਆਂ ਵਿਚ ਸ਼੍ਰੋਮਣੀ ਕਮੇਟੀ ਨੂੰ ਸੰਘੀ ਢਾਂਚੇ ਦੇ ਅਨੁਸਾਰੀ ਬਣਾਇਆ ਜਾਂਦਾ ਪਰ ਹੋਇਆ ਇਸ ਤੋਂ ਐਨ ਉਲਟ। ਪਹਿਲਾਂ ਲੰਮਾ ਸਮਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਹਾਕਿਆਂ-ਬੱਧੀ ਕਮੇਟੀ 'ਤੇ ਕਾਬਜ਼ ਰਹੇ ਅਤੇ ਹੁਣ ਬਾਦਲ ਪਰਿਵਾਰ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੇ ਬੋਝੇ ਵਿਚ ਪਾਇਆ ਹੋਇਆ ਹੈ। ਇਸ ਦਾ ਇਕਲੌਤਾ ਕਾਰਨ ਸ਼੍ਰੋਮਣੀ ਕਮੇਟੀ ਉਤੇ ਸਿਆਸਤ ਦਾ ਭਾਰੂ ਹੋਣਾ ਹੈ। ਸ਼੍ਰੋਮਣੀ ਕਮੇਟੀ ਦੀ ਮਾਇਆ ਅਤੇ ਤਾਕਤ ਦੀ ਜਿੰਨੀ ਦੁਰਵਰਤੋਂ ਸਿਆਸੀ ਮੁਫਾਦ ਲਈ ਕੀਤੀ ਜਾਂਦੀ ਹੈ, ਉਤਨੀ ਸ਼ਾਇਦ ਹੀ ਕਿਸੇ ਸੰਸਥਾ ਦੀ ਕਿਤੇ ਹੁੰਦੀ ਹੋਵੇ!

ਇਸੇ ਪ੍ਰਸੰਗ ਵਿਚ ਸ਼੍ਰੋਮਣੀ ਕਮੇਟੀ ਦੀ ਆਮ ਪਹੁੰਚ ਬਾਰੇ ਪਤਾ ਲਾਉਣਾ ਹੋਵੇ ਤਾਂ ਹਾਲ ਹੀ ਵਿਚ ਬੰਗਲਾ ਦੇਸ਼ ਵਿਚ ਗੁਰਧਾਮਾਂ ਦੇ ਦਰਸ਼ਨ-ਦੀਦਾਰਿਆਂ ਲਈ ਗਏ ਜਥੇ ਦੀ ਮਿਸਾਲ ਲਈ ਜਾ ਸਕਦੀ ਹੈ। ਸ਼੍ਰੋਮਣੀ ਕਮੇਟੀ ਨੇ ਇਹ ਪ੍ਰਚਾਰ ਬਹੁਤ ਜ਼ੋਰ-ਸ਼ੋਰ ਨਾਲ ਕੀਤਾ ਕਿ ਬੰਗਲਾ ਦੇਸ਼ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਸਿੱਖ ਸਰਧਾਲੂਆਂ ਦਾ ਪਲੇਠਾ ਜਥਾ ਉਥੇ ਜਾ ਰਿਹਾ ਹੈ। ਹਕੀਕਤ ਇਹ ਹੈ ਕਿ ਉਥੇ ਸ਼ਰਧਾਲੂ ਗਾਹੇ-ਬਗਾਹੇ ਜਾਂਦੇ ਰਹੇ ਹਨ ਅਤੇ ਗੁਰਧਾਮਾਂ ਦੀ ਸੇਵਾ-ਸੰਭਾਲ ਵੀ ਕਰਦੇ ਰਹੇ ਹਨ। ਸੇਵਾ-ਸੰਭਾਲ ਲਈ ਉਥੇ ਬੋਰਡ ਵੀ ਬਣਿਆ ਹੋਇਆ ਹੈ। ਫਿਰ ਜਦੋਂ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਿਹਾ ਗਿਆ ਕਿ ਹੁਣ ਇਹ ਬੰਗਲਾ ਦੇਸ਼ ਵਿਚਲੇ ਗੁਰਧਾਮਾਂ ਦੇ ਪ੍ਰਬੰਧਾਂ ਵੱਲ ਵੀ ਧਿਆਨ ਦੇਵੇਗੀ ਤਾਂ ਦਾਗੇ ਜਾ ਰਹੇ ਬਿਆਨਾਂ ਦੇ ਅਰਥ ਸਮਝ ਆ ਗਏ। ਅਸਲ ਮਸਲਾ ਸੰਘੀ ਢਾਂਚੇ ਦੀ ਥਾਂ ਸਰਦਾਰੀ ਵਾਲੇ ਏਕੀਕ੍ਰਿਤ ਢਾਂਚੇ ਦਾ ਉਭਰ ਆਇਆ। ਸ਼੍ਰੋਮਣੀ ਕਮੇਟੀ ਦਾ ਆਪਣਾ ਬੜਾ ਸ਼ਾਨਾਂਮੱਤਾ ਇਤਿਹਾਸ ਹੈ। ਇਸ ਨੂੰ ਬਣਾਉਣ ਦਾ ਇਕੋ-ਇਕ ਮਕਸਦ ਗੁਰਧਾਮਾਂ ਦੀ ਸਾਂਭ-ਸੰਭਾਲ ਸੀ। ਹੁਣ ਤਾਂ ਬੱਸ, ਸਿਰਫ਼ ਇਸ ਕੰਮ ਨੂੰ ਹੀ ਛੱਡ ਕੇ ਸ਼੍ਰੋਮਣੀ ਕਮੇਟੀ ਦੇ ਚੌਧਰੀ ਹੋਰ ਸਾਰੇ ਕੰਮ ਅਤੇ ਸਰਗਰਮੀ ਕਰਦੇ ਹਨ। ਗੋਲਕ ਦੀ ਦੁਰਵਰਤੋਂ ਇੰਨੇ ਵੱਡੇ ਪੱਧਰ 'ਤੇ ਅਤੇ ਦਬੱਲ ਕੇ ਹੋਈ ਹੈ ਅਤੇ ਹੋ ਰਹੀ ਹੈ ਕਿ ਹੁਣ ਲੋਕਾਂ ਨੂੰ ਲਗਦਾ ਹੀ ਨਹੀਂ ਕਿ ਇਹ ਵੀ ਕੋਈ ਮਸਲਾ ਹੈ। ਸ਼੍ਰੋਮਣੀ ਕਮੇਟੀ ਦੇ ਮਸਲੇ ਹੋਰ ਦੇ ਹੋਰ ਹੀ ਬਣਾ ਦਿੱਤੇ ਗਏ ਹਨ। ਫਿਲਹਾਲ ਇਸ ਪਾਸੇ ਕਿਸੇ ਵੱਡੀ ਅਤੇ ਵੱਢ-ਮਾਰਵੀਂ ਤਬਦੀਲੀ ਦੀ ਵੀ ਕੋਈ ਆਸ ਨਹੀਂ। ਹਾਂ, ਹਰਿਆਣਵੀ ਸਿੱਖਾਂ ਵੱਲੋਂ ਆਪਣੇ ਪੱਧਰ 'ਤੇ ਲੜੀ ਜਾ ਰਹੀ ਲੜਾਈ ਜ਼ਰੂਰ ਆਸ ਦੀ ਲੀਕ ਲਗਦੀ ਹੈ। ਇਸ ਸਮੇਂ ਸ਼੍ਰੋਮਣੀ ਕਮੇਟੀ ਸਿਆਸਤਦਾਨਾਂ ਦੇ ਦਬਦਬੇ ਹੇਠ ਹੈ, ਇਹ ਗੱਲ ਆਮ ਕਹੀ ਜਾਂਦੀ ਹੈ ਕਿ ਤਖਤਾਂ ਦੇ ਜਥੇਦਾਰ ਵੀ ਸਿਆਸਤਦਾਨਾਂ ਦੀ ਸਿਆਸਤ ਦਾ ਮੋਹਰਾ ਹੀ ਬਣਾ ਦਿੱਤੇ ਗਏ ਹਨ। ਆਸ ਕਰਨੀ ਚਾਹੀਦੀ ਹੈ ਕਿ ਇਹ ਲੀਕ ਜ਼ਰਬ ਖਾਵੇ ਅਤੇ ਸ਼੍ਰੋਮਣੀ ਕਮੇਟੀ ਤੋਂ ਸਿਆਸਤਦਾਨਾਂ ਦਾ ਕਬਜ਼ਾ ਟੁੱਟੇ। ਸਿੱਖੀ ਦੇ ਬੂਟੇ ਨੂੰ ਇਸ ਵੇਲੇ ਧਰਮ-ਮੁਖੀ ਪਹਿਲਕਦਮੀਆਂ ਦੀ ਲੋੜ ਹੈ। ਧਰਮ ਦੇ ਖੇਤਰ ਵਿਚ ਮੋਰਚਾ ਮਾਰ ਲਿਆ ਤਾਂ ਸਿੱਖੀ ਨਾਲ ਸਰਸ਼ਾਰ ਸਿਆਸਤ ਲਈ ਨਵੇਂ ਰਾਹ ਖੁੱਲ੍ਹ ਜਾਣਗੇ! ਇਹ ਰਾਹ ਖੁੱਲ੍ਹਣਗੇ ਹੀ ਨਹੀਂ ਸਗੋਂ ਮੋਕਲੇ ਹੋਣਗੇ!!

ਸ਼੍ਰੋਮਣੀ ਕਮੇਟੀ ਜੇ ਇਸ ਲੀਹ 'ਤੇ ਪੈ ਜਾਵੇ ਤਾਂ ਤੇਜੀ ਨਾਲ ਫੈਲ ਰਹੇ ਅਤੇ ਸਿੱਖੀ ਨੂੰ ਘੁਣ ਵਾਂਗ ਖਾ ਰਹੇ ਡੇਰਾਵਾਦ ਤੋਂ ਮੁਕਤੀ ਲਈ ਰਾਹ ਵੀ ਖੁੱਲ੍ਹਣਗੇ। ਡੇਰਿਆਂ ਦੇ ਬਾਬਿਆਂ ਨੇ ਅਜਕੱਲ੍ਹ ਧਰਮ ਪ੍ਰਚਾਰ ਦਾ ਠੇਕਾ ਲਿਆ ਹੋਇਆ ਹੈ। ਧਰਮ ਪ੍ਰਚਾਰ ਦੀ ਆੜ ਵਿਚ ਹੀ ਇਹ ਸੱਚੇ ਪਾਤਸ਼ਾਹ ਦੇ ਸ਼ਰਧਾਲੂਆਂ ਦਾ ਮਾਨਸਿਕ ਅਤੇ ਵਿਤੀ ਸ਼ੋਸਣ ਕਰ ਰਹੇ ਹਨ। ਸਿੱਖੀ ਵਿਚ ਸੰਗਤ ਨੂੰ ਬਹੁਤ ਵਡਿਆਇਆ ਗਿਆ ਹੈ। ਸੱਚੇ ਪਾਤਸ਼ਾਹ ਦੀ ਸੰਗਤ ਲਈ ਹੁਣ ਪਰਖ ਦੀਆਂ ਘੜੀਆਂ ਹਨ!!

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਭਲੇ ਦਿਨਾਂ ਦੀ ਆਸ?

ਮਾਰੇ ਹੋਏ ਜੋ ਤੰਗੀਆਂ-ਤੁਰਸ਼ੀਆਂ ਦੇ, ਵਾਂਗ ਫਟਕੜੀ ਭੁੱਜ ਕੇ ਫੁੱਲ ਹੋ ਗਏ।
ਰਿਸ਼ਵਤ ਦੇਣ ਲਈ ਨੋਟ ਨਹੀਂ ਕੋਲ ਜਿਹਦੇ, ਉਹ ਤਾਂ ਖੋਟੀਆਂ ਕੌਡੀਆਂ ਤੁੱਲ ਹੋ ਗਏ।
ਸਿਆਸਤਦਾਨ ਤਾਂ ਮਾਲਕ ਨੇ ਹੋਟਲਾਂ ਦੇ, ਠੰਢੇ-ਠਾਰ ਗ਼ਰੀਬਾਂ ਦੇ ਚੁੱਲ੍ਹ ਹੋ ਗਏ।
ਐਸ਼ਾਂ ਕਰਨ ਅਮੀਰ-ਵਜ਼ੀਰ ਸਾਰੇ, ਬਾਕੀ ਜਨਤਾ ਦੇ ਦੀਵੇ ਹੀ ਗੁੱਲ ਹੋ ਗਏ।
ਮੰਗਣ ਗਏ ਜੋ ਹੱਕ ਸਰਕਾਰ ਕੋਲੋਂ, ਉਹੀਓ ਪੁਲੀਸ ਦੇ ਡੰਡੇ ਨਾਲ ਖੁੱਲ ਹੋ ਗਏ।
ਦੜ ਵੱਟ ਬਿਤਾਈ ਏ ਉਮਰ ਸਾਰੀ, ਭਲੇ ਦਿਨ ਤਾਂ ਊਠ ਦਾ ਬੁੱਲ੍ਹ ਹੋ ਗਏ!

# ਰਾਡੀਆ ਟੇਪ ਮਾਮਲਾ-ਲੋਕਤੰਤਰ ਦੇ ਚੌਥੇ ਥੰਮ੍ਹ 'ਚ ਤਰੇੜ

**ਗੋਬਿੰਦ ਠੁਕਰਾਲ**

ਯੂ.ਪੀ.ਏ. ਸਰਕਾਰ 'ਤੇ 2-ਜੀ ਸਪੈਕਟ੍ਰਮ ਘੁਟਾਲੇ ਦੇ ਛਾਏ ਬੱਦਲ ਉਸ ਵੇਲੇ ਹੋਰ ਸੰਘਣੇ ਹੋ ਗਏ ਜਦੋਂ ਮੀਡੀਆ-ਰਾਜਸੀ ਗੱਠਜੋੜ ਦਾ ਇਕ ਹੋਰ ਸਕੈਂਡਲ ਸਾਹਮਣਾ ਆਇਆ ਜੋ ਕਿ ਪਹਿਲੇ ਘੁਟਾਲੇ ਨਾਲ ਹੀ ਜੁੜਿਆ ਹੈ। ਇਸ ਨਾਲ ਜਿੱਥੇ ਵਪਾਰਕ ਘਰਾਣਿਆਂ ਦੀ ਰਾਜਸੀ ਪਾਰਟੀਆਂ ਅੰਦਰ ਦਖ਼ਲਅੰਦਾਜ਼ੀ ਦਾ ਰਾਜ਼ ਖੁੱਲ੍ਹਿਆ, ਉਥੇ ਇਨ੍ਹਾਂ ਧਿਰਾਂ ਦੀ ਮੀਡੀਆ ਵੱਲੋਂ ਕੀਤੀ ਜਾਂਦੀ 'ਸੇਵਾ' ਦਾ ਵੀ ਪਰਦਾਫਾਸ਼ ਹੋਇਆ ਹੈ। ਅਸਲ 'ਚ ਇਹ ਘੁਟਾਲਾ ਮਹੱਤਵਪੂਰਨ ਨੀਤੀਗਤ ਫ਼ੈਸਲਿਆਂ ਤੇ ਮੰਤਰੀ ਪੱਧਰ ਦੀਆਂ ਨਿਯੁਕਤੀਆਂ ਨੂੰ ਪ੍ਰਭਾਵਿਤ ਕਰਨ ਲਈ ਵੱਡੇ ਕਾਰਪੋਰੇਟ ਘਰਾਣਿਆਂ, ਰਾਜਸੀ ਪਾਰਟੀਆਂ ਤੇ ਮੀਡੀਆ ਦੇ ਗਠਜੋੜ ਨਾਲ ਸਬੰਧਤ ਹੈ।

'ਆਉਟਲੁਕ' ਤੇ 'ਓਪਨ' ਮੈਗਜ਼ੀਨਾਂ ਨੇ ਟਾਟਾ ਤੇ ਮੁਕੇਸ਼ ਅੰਬਾਨੀ ਗਰੁਪ ਲਈ ਜੋੜ-ਤੋੜ ਕਰਨ ਵਾਲੀ ਨੀਰਾ ਰਾਡੀਆ ਤੇ ਅਨੇਕਾਂ ਪੱਤਰਕਾਰਾਂ, ਸਨਅਤਕਾਰਾਂ ਤੇ ਸਿਆਸਤਦਾਨਾਂ ਵਿਚਕਾਰ ਫੋਨ 'ਤੇ ਸਮੇਂ-ਸਮੇਂ ਹੋਈ ਗੱਲਬਾਤ ਦੇ ਕੁਝ ਹਿੱਸਿਆਂ ਨੂੰ ਛਾਪਿਆ ਹੈ। ਇਹ ਗੱਲਬਾਤ ਦਰਸਾਉਂਦੀ ਹੈ ਕਿ ਕਿਵੇਂ ਪੱਤਰਕਾਰ ਆਪਣੇ ਪੇਸ਼ੇ ਦੀਆਂ ਨੈਤਿਕ ਹੱਦਾਂ ਉਲੰਘ ਕੇ ਸਿਆਸੀ ਦਲਾਲੀ ਕਰਦੇ ਹਨ। ਇਹ ਗੱਲਬਾਤ ਰਾਡੀਆ ਦੀ ਪ੍ਰਭਾਵਸ਼ਾਲੀ ਤਾਣੇ-ਬਾਣੇ ਨੂੰ ਸਿਰਜਣ ਦੀ ਨਿਪੁੰਨਤਾ ਤੇ ਪ੍ਰਭਾਵ ਨੂੰ ਦਰਸਾਉਂਦੀ ਹੈ ਜਿਸ ਦੇ ਜ਼ਰੀਏ ਹੋਰਾਂ ਵਾਂਗ 'ਹਿੰਦੁਸਤਾਨ ਟਾਈਮਜ਼' ਦੇ ਵੀਰ ਸੰਘਵੀ ਤੇ ਐਨ.ਡੀ.ਟੀ.ਵੀ. ਦੀ ਬਰਖਾ ਦੱਤ ਨੂੰ ਅਜਿਹੇ ਵਿਚੋਲਿਆਂ ਵਜੋਂ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ ਜੋ ਲੋਕ ਸਭਾ ਚੋਣਾਂ ਤੋਂ ਬਾਅਦ ਸਾਂਝਾ ਪ੍ਰਗਤੀਸ਼ੀਲ ਗਠਜੋੜ ਸਰਕਾਰ ਵਿਚ ਅਹਿਮ ਮੰਤਰਾਲਿਆਂ ਦੀ ਵੰਡ ਨੂੰ ਪ੍ਰਭਾਵਿਤ ਕਰਨ। ਇਸ ਯਤਨ ਦਾ ਮੁੱਖ ਉਦੇਸ਼ ਏ. ਰਾਜਾ ਨੂੰ ਦੂਰ ਸੰਚਾਰ ਮਹਿਕਮਾ ਦਿਵਾਉਣਾ ਸੀ।

ਦੂਜੇ ਮਾਮਲੇ ਦਾ ਸਬੰਧ ਮੁਕੇਸ਼ ਤੇ ਅਨਿਲ ਅੰਬਾਨੀ ਵਿਚਕਾਰ ਚਲਦੇ ਝਗੜੇ 'ਤੇ ਜੂਨ 2009 ਵਿਚ ਬੰਬਈ ਹਾਈ ਕੋਰਟ ਦੇ ਆਏ ਫ਼ੈਸਲੇ ਨਾਲ ਸੀ। ਇਹ ਝਗੜਾ ਕ੍ਰਿਸ਼ਨਾ-ਗੋਦਾਵਰੀ ਨਦੀ ਖੇਤਰ ਵਿਚੋਂ ਨਿਕਲਦੀ ਕੁਦਰਤੀ ਗੈਸ ਦੀ ਵੰਡ ਤੇ ਮੁੱਲ-ਨਿਰਧਾਰਨ ਨੂੰ ਲੈ ਕੇ ਸੀ। ਇਥੇ ਵੀ ਰਾਡੀਆ ਨੇ ਮੁਕੇਸ਼ ਅੰਬਾਨੀ ਦੇ ਪੱਖ ਦਾ ਸਮਰਥਨ ਕਰਨ ਲਈ ਪੱਤਰਕਾਰਾਂ ਨੂੰ ਪ੍ਰੇਰਿਤ ਕੀਤਾ ਤੇ ਹਲਕੇ ਢੰਗ ਨਾਲ ਧਮਕਾਇਆ ਵੀ। ਹਿੰਦੁਸਤਾਨ ਟਾਈਮਜ਼ ਦੇ ਵੀਰ ਸੰਘਵੀ ਨੇ ਰਾਡੀਆ ਦੇ ਕਹੇ ਅਨੁਸਾਰ ਕਾਲਮ ਵੀ ਲਿਖਿਆ ਸੀ।

2-ਜੀ ਸਪੈਕਟ੍ਰਮ ਤੇ ਰਾਡੀਆ ਟੇਪ ਸਕੈਂਡਲਾਂ ਤੋਂ ਇਹ ਪਤਾ ਲਗਦਾ ਹੈ ਕਿ ਦੇਸ਼ ਦੀ ਕੌਮੀ ਜਾਇਦਾਦ ਬੇਸ਼ਕੀਮਤੀ ਜਨਤਕ ਸੋਮੇ ਅਕਸਰ ਪੱਤਰਕਾਰਾਂ ਦੀ ਮਦਦ ਨਾਲ ਲਾਲਚੀ ਕਾਰੋਬਾਰੀ ਲੋਕਾਂ ਤੇ ਭ੍ਰਿਸ਼ਟ ਸਿਆਸਤਦਾਨਾਂ ਵੱਲੋਂ ਕਿਸ ਤਰ੍ਹਾਂ ਵੇਚੇ ਤੇ ਲੁੱਟੇ ਜਾ ਰਹੇ ਹਨ। ਦੋਵੇਂ ਘੁਟਾਲੇ ਪਹਿਲਾਂ ਲੋਕਾਂ ਦੀ ਚਰਚਾ ਦਾ ਵਿਸ਼ਾ ਨਹੀਂ ਬਣੇ ਕਿਉਂਕਿ ਬਹੁਗਿਣਤੀ ਮੀਡੀਆ ਅਦਾਰਿਆਂ ਨੇ ਇਸ ਜਾਣਕਾਰੀ ਨੂੰ ਦਬਾਈ ਰੱਖਿਆ, ਭਾਵੇਂ ਉਹ ਇਹ ਦਾਅਵਾ ਕਰਦੇ ਹਨ ਕਿ ਜਮਹੂਰੀਅਤ ਦਾ ਚੌਥਾ ਥੰਮ੍ਹ ਮੀਡੀਆ ਸੱਚ ਦਾ ਰਖਵਾਲਾ ਹੈ ਤੇ ਜਮਹੂਰੀਅਤ ਦਾ ਪਹਿਰੇਦਾਰ ਹੈ। ਇਹ ਘਪਲੇ ਸ਼ਾਸਨ ਪ੍ਰਣਾਲੀ ਵਿਚਲੀ ਕਾਨੂੰਨ ਨਾਂ ਦੀ ਚੀਜ਼ ਨੂੰ ਖਾਈ ਜਾ ਰਹੇ ਹਨ।

ਦੂਰਸੰਚਾਰ ਘੁਟਾਲੇ ਦੀ ਜੜ੍ਹ ਸਿਰਫ਼ ਭ੍ਰਿਸ਼ਟਾਚਾਰ, ਦੂਰਸੰਚਾਰ ਮਹਿਕਮੇ ਦੀਆਂ ਲਾਇਸੈਂਸ ਦੇਣ ਦੀਆਂ ਸ਼ਰਤਾਂ ਦੀ ਉਲੰਘਣਾ ਤੇ ਨਿਯਮਾਂ ਦੀ ਪਾਲਣਾ ਕਰਵਾਉਣ 'ਚ ਮਿਲੀਆਂ ਅਸਫਲਤਾਵਾਂ ਹੀ ਨਹੀਂ ਹਨ ਸਗੋਂ ਇਨ੍ਹਾਂ ਦਾ ਮੁੱਖ ਕਾਰਨ 1999 ਵਿਚ ਬਣਾਈ ਗਈ ਬੇਹੱਦ ਗ਼ਲਤ ਦੂਰਸੰਚਾਰ ਨੀਤੀ ਹੈ ਜੋ ਕਿ ਅਜੇ ਤੱਕ ਵੀ ਜਾਰੀ ਹੈ। ਇਹ ਨੀਤੀ ਸ਼ਰੇਆਮ ਪੱਖਪਾਤੀ ਫ਼ੈਸਲਿਆਂ ਨੂੰ ਹਰੀ ਝੰਡੀ ਦਿੰਦੀ ਹੈ ਜਿਸ ਵਿਚ 2-ਜੀ ਸਪੈਕਟ੍ਰਮ ਸੇਵਾ ਦੇ ਲਾਇਸੈਂਸ ਦੇਣ ਦੇ ਮਾਮਲੇ 'ਚ 'ਪਹਿਲਾਂ ਆਓ ਪਹਿਲਾਂ ਪਾਓ' ਦਾ ਅਪਨਾਇਆ ਫ਼ੈਸਲਾ ਵੀ ਸ਼ਾਮਲ ਹੈ। ਇਲੈਕਟ੍ਰੋਮੈਗਨੈਟਿਕ ਸਪੈਕਟ੍ਰਮ ਜਿਹੇ ਬੇਸ਼ਕੀਮਤੀ ਤੇ ਦੁਰਲੱਭ ਸਾਧਨਾਂ ਦੇ ਮਾਮਲੇ 'ਚ ਇਹ ਸਮਝਦਾਰੀ ਦੀ ਨੀਤੀ ਨਹੀਂ ਹੈ ਜਿਸ ਦੀ ਅਸਲੀ ਮਾਲੀ ਕੀਮਤ ਬਾਰੇ ਕੁਝ ਪਤਾ ਨਹੀਂ ਹੈ। 2001 ਵਿਚ ਇਸ ਦੀ ਕੀਮਤ ਆਪਹੁਦਰੇ ਢੰਗ ਨਾਲ ਤੈਅ ਕਰ ਦਿੱਤੀ ਗਈ ਸੀ।

ਜੇਕਰ 2-ਜੀ ਸਪੈਕਟ੍ਰਮ ਦੀ ਨਿਲਾਮੀ ਨੂੰ ਵਿਆਪਕ ਸਮਾਜਿਕ ਉਦੇਸ਼ਾਂ ਨਾਲ ਜੋੜਿਆ ਜਾਂਦਾ, ਜਿਸ ਵਿਚ ਇਸ ਸੇਵਾ ਦੀ ਪੇਂਡੂ ਤੇ ਗਰੀਬ ਆਬਾਦੀ ਤੱਕ ਪਹੁੰਚ, ਜਾਇਜ਼ ਸੇਵਾਵਾਂ, ਸਿਹਤਮੰਦ ਮੁਕਾਬਲਾ ਤੇ ਜੁੱਟਬੰਦੀ 'ਤੇ ਰੋਕ ਆਦਿ ਪਹਿਲੂ ਸ਼ਾਮਲ ਹੁੰਦੇ, ਤਾਂ ਇਹ ਨਿਲਾਮੀ ਕਿਤੇ ਬਿਹਤਰ ਕਹੀ ਜਾਂਦੀ ਪਰ ਇਸ ਦੂਰਸੰਚਾਰ ਨੀਤੀ ਨੇ ਖਪਤਕਾਰਾਂ ਦੇ ਹਿਤਾਂ ਤੇ ਸੰਤੁਲਿਤ ਦੂਰਸੰਚਾਰ ਵਿਕਾਸ ਦੇ ਵਿਰੋਧ ਵਿਚ ਜੁੱਟਬੰਦੀ ਨੂੰ ਉਤਸ਼ਾਹਿਤ ਕੀਤਾ।

ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਦੂਰਸੰਚਾਰ ਨੀਤੀ ਦੀ ਵੀ ਨਾਲ ਹੀ ਜਾਂਚ ਹੋਵੇ। ਇਹ ਜ਼ਰੂਰੀ ਹੈ ਜੇਕਰ ਪਿਛਲੇ ਘਪਲਿਆਂ ਦੀ ਜਾਂਚ ਵੀ ਕੀਤੀ ਜਾਣੀ ਹੈ ਜਿਸ ਵਿਚ ਕੌਮੀ ਲੋਕਤੰਤਰੀ ਗਠਜੋੜ ਦੀ ਸਰਕਾਰ ਵੇਲੇ ਰਿਲਾਇੰਸ ਨੂੰ ਵਾਇਰਲੈਸ-ਇਨ-ਲੋਕਲ-ਲੂਪ ਲਾਇਸੈਂਸ ਨੂੰ ਮੋਬਾਈਲ ਟੈਲੀਫੋਨ ਵਿਚ ਤਬਦੀਲ ਕਰਨ ਦੀ ਦਿੱਤੀ ਗਈ ਇਜਾਜ਼ਤ ਤੇ ਟਾਟਾ ਤੇ ਰਿਲਾਇੰਸ ਨੂੰ ਸੀ.ਡੀ.ਐਮ.ਏ. ਤੋਂ ਜੀ.ਐਸ.ਐਮ. ਦੇ ਵਿਸਥਾਰ ਦੀ ਇਜਾਜ਼ਤ ਦੇਣਾ ਵੀ ਸ਼ਾਮਲ ਹਨ।

ਸੰਸਦੀ ਕਮੇਟੀਆਂ ਨੂੰ ਨੀਤੀਗਤ ਮਸਲਿਆਂ 'ਤੇ ਵੀ ਗ਼ੌਰ ਕਰਨਾ ਚਾਹੀਦਾ ਹੈ ਜੇਕਰ ਉਹ ਸਰਕਾਰ 'ਤੇ ਕੰਟਰੋਲ ਰੱਖਣਾ ਚਾਹੁੰਦੀਆਂ ਹਨ ਪਰ ਰਾਡੀਆ ਦੀਆਂ ਟੇਪਾਂ ਨਾਲ ਸਾਹਮਣੇ ਆਈ ਮੀਡੀਆ ਦੀ ਭੂਮਿਕਾ ਬਾਰੇ ਕੀ ਕਿਹਾ ਜਾਵੇ ਜੋ ਇਸ ਨੇ 2-ਜੀ ਸਪੈਕਟ੍ਰਮ ਮਾਮਲੇ ਅਤੇ ਕੁਦਰਤੀ ਗੈਸ ਘੁਟਾਲੇ ਦੇ ਮਾਮਲੇ ਵਿਚ ਨਿਭਾਈ ਹੈ? ਇਥੇ ਪੱਤਰਕਾਰਾਂ ਤੇ ਉਨ੍ਹਾਂ ਦੇ ਸੂਤਰਾਂ ਵਿਚਕਾਰ ਉਚਿਤ ਸਬੰਧਾਂ ਦੀਆਂ ਹੱਦਾਂ ਸਣੇ ਅਨੇਕਾਂ ਮੁੱਦੇ ਉਠਦੇ ਹਨ। ਪਹਿਲਾ ਮੁੱਦਾ ਇਹ ਹੈ ਕਿ ਸਨਅਤਕਾਰਾਂ ਦੇ ਹਿਤਾਂ ਲਈ ਲਾਬਿੰਗ (ਜੋੜ-ਤੋੜ ਕਰਨ ਵਾਲੇ) ਆਪਣੇ ਦਖ਼ਲ ਨਾਲ ਵੱਡੇ-ਵੱਡੇ ਸਨਅਤਕਾਰਾਂ ਤੇ ਵਪਾਰੀਆਂ ਦੇ ਫਾਇਦੇ ਲਈ ਰਾਹ ਖੋਲ੍ਹਦੇ ਜਾਂ ਬੰਦ ਕਰਦੇ ਹਨ। ਦੂਜਾ, ਕੁਝ ਸਿਖਰਲੇ ਟੀ.ਵੀ. ਐਂਕਰ ਤੇ ਅਖ਼ਬਾਰੀ ਪੱਤਰਕਾਰ ਸਿਆਸੀ ਦਲਾਲ ਬਣ ਗਏ ਹਨ ਜੋ ਸ਼ਰਮਨਾਕ ਵਰਤਾਰਾ ਹੈ।

ਰਾਡੀਆ ਦੀਆਂ ਟੇਪਾਂ ਤੋਂ ਇਹ ਸਾਫ਼ ਹੋ ਗਿਆ ਹੈ ਕਿ ਸੰਘਵੀ ਤੇ ਬਰਖਾ ਦੱਤ ਨੇ ਇਕ ਸੀਨੀਅਰ ਕਾਂਗਰਸੀ ਆਗੂ ਤੱਕ ਪਹੁੰਚ ਰਾਡੀਆ ਦੇ ਹੁਕਮ ਨਾਲ ਕੀਤੀ ਤਾਂ ਕਿ ਡੀ.ਐਮ.ਕੇ. ਦਾ ਦਯਾਨਿਧੀ ਮਾਰਾਨ ਦੂਰਸੰਚਾਰ ਮਹਿਕਮੇ ਦੇ ਮੰਤਰੀ ਦੀ ਚੋਣ ਨੂੰ ਪ੍ਰਭਾਵਿਤ ਨਾ ਕਰ ਸਕੇ ਤੇ ਰਾਜਾ ਕਨੀਮੋਝੀ ਗਰੁਪ ਹਾਵੀ ਹੋ ਜਾਵੇ। ਇੰਡੀਆ ਟੂਡੇ ਗਰੁਪ ਦਾ ਪ੍ਰਭੂ ਚਾਵਲਾ ਥੋੜ੍ਹਾ ਜਿਹਾ ਘੱਟ ਸ਼ਾਮਲ ਸੀ ਜਿਸ ਨੇ ਇਹ ਸਲਾਹ ਦੇਣ ਦੀ ਪੇਸ਼ਕਸ਼ ਕੀਤੀ ਕਿ ਸੁਪਰੀਮ ਕੋਰਟ ਵਿਚ ਗੈਸ ਮੁਕੱਦਮੇ ਨਾਲ ਕਿਵੇਂ ਨਜਿੱਠਿਆ ਜਾਣਾ ਚਾਹੀਦਾ ਹੈ। ਪਰ ਜੋ ਸਹੀ ਨਹੀਂ ਹੈ ਤੇ ਜੋ ਅਸਲ ਰੂਪ ਨਾਲ ਪੱਤਰਕਾਰੀ ਦੀ ਨੈਤਿਕਤਾ ਦੇ ਵਿਰੁਧ ਜਾਂਦਾ ਹੈ, ਉਹ ਲੋਕਾਂ ਨੂੰ ਮੰਤਰੀ ਬਣਾਉਣ ਤੇ ਹੋਰ ਅਹੁਦੇ ਦਿਵਾਉਣ ਲਈ ਸੱਤਾ ਵਿਚ ਬੈਠੇ ਲੋਕਾਂ ਨੂੰ ਪ੍ਰਭਾਵਿਤ ਕਰਨਾ ਹੈ ਤੇ ਉਹ ਵੀ ਉਨ੍ਹਾਂ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਜੋ ਪੇਸ਼ਕਸ਼ ਲਿਆਉਣ ਵਾਲਿਆਂ ਨੂੰ ਨਿਯੁਕਤ ਕਰਦੀਆਂ ਹਨ।

ਪੇਸ਼ੇਵਰ ਤੌਰ 'ਤੇ ਢੁਕਵੀਂ ਜਾਣਕਾਰੀ ਹਾਸਲ ਕਰਨ ਲਈ ਸਰੋਤਾਂ ਨੂੰ ਬਹਿਲਾਉਣਾ ਤੇ ਫੁਸਲਾਉਣਾ ਇਕ ਚੀਜ਼ ਹੈ ਪਰ ਪੇਸ਼ੇਵਰ ਪੇਸ਼ਕਸ਼ ਤੇ ਉਸ ਦੀ ਕੰਪਨੀ ਲਈ ਇਹ ਸਾਰਾ ਕੁਝ ਕਰਨਾ ਬਿਲਕੁਲ ਦੂਸਰੀ (ਗਲਤ) ਚੀਜ਼ ਹੈ ਜਿਸ ਵਿਚ ਸੂਚਨਾ, ਵਿਸ਼ਲੇਸ਼ਣ ਤੇ ਸਪੱਸ਼ਟੀਕਰਨ ਦਾ ਵਿਸ਼ਾ ਨਹੀਂ ਹੈ ਬਲਕਿ ਬੇਢੰਗੇ ਰਾਜਨੀਤਕ ਪ੍ਰਭਾਵ ਦਾ ਵਿਸ਼ਾ ਹੈ। ਪੱਤਰਕਾਰਾਂ ਵੱਲੋਂ ਸੱਤਾ ਵਿਚ ਬੈਠੇ ਲੋਕਾਂ ਤੱਕ ਆਪਣੀ ਪਹੁੰਚ ਦਾ ਇਸ ਤਰ੍ਹਾਂ ਨਾਲ ਇਸਤੇਮਾਲ ਕਰਨਾ ਤੇ ਉਨ੍ਹਾਂ ਲਈ ਲੇਖ ਲਿਖਣ ਲਈ ਰਾਜ਼ੀ ਹੋਣਾ ਉਚਿਤ ਨਹੀਂ ਹੈ। ਕਦੇ-ਕਦੇ ਪੱਤਰਕਾਰ ਕਿਸੇ ਸਰੋਤ ਤੋਂ ਪ੍ਰਾਪਤ ਸੂਚਨਾ ਦਾ ਇਸਤੇਮਾਲ ਵਿਰੋਧੀ ਤੋਂ ਜ਼ਿਆਦਾ ਗੱਲਾਂ ਕਢਵਾਉਣ ਤੇ ਉਸ ਦਾ ਵਿਸ਼ਲੇਸ਼ਣ ਕਰਨ ਲਈ ਦੂਸਰੇ ਸ੍ਰੋਤ ਤੋਂ ਮਦਦ ਲੈਣ ਦੇ ਉਦੇਸ਼ ਨਾਲ ਕਰਦੇ ਹਨ ਪਰ ਅਜਿਹੇ ਮਾਮਲਿਆਂ 'ਚ ਇਕ ਲਕੀਰ ਖਿੱਚੀ ਜਾਣੀ ਚਾਹੀਦੀ ਹੈ।



ਪੱਤਰਕਾਰ ਬਰਖਾ ਦੱਤ ਅਤੇ ਵੀਰ ਸੰਘਵੀ



ਨੀਰਾ ਰਾਡੀਆ

> *ਰਾਡੀਆ ਦੀਆਂ ਟੇਪਾਂ ਤੋਂ ਇਹ ਸਾਫ਼ ਹੋ ਗਿਆ ਹੈ ਕਿ ਸੰਘਵੀ ਤੇ ਬਰਖਾ ਦੱਤ ਨੇ ਇਕ ਸੀਨੀਅਰ ਕਾਂਗਰਸੀ ਆਗੂ ਤੱਕ ਪਹੁੰਚ ਰਾਡੀਆ ਦੇ ਹੁਕਮ ਨਾਲ ਕੀਤੀ ਤਾਂ ਕਿ ਡੀ. ਐਮ. ਕੇ. ਦਾ ਦਯਾਨਿਧੀ ਮਾਰਾਨ ਦੂਰਸੰਚਾਰ ਮਹਿਕਮੇ ਦੇ ਮੰਤਰੀ ਦੀ ਚੋਣ ਨੂੰ ਪ੍ਰਭਾਵਿਤ ਨਾ ਕਰ ਸਕੇ ਤੇ ਰਾਜਾ ਕਨੀਮੋਝੀ ਗਰੁਪ ਹਾਵੀ ਹੋ ਜਾਵੇ।*

ਸੰਘਵੀ ਤੇ ਬਰਖਾ ਦੱਤ ਵੱਲੋਂ ਦਿੱਤੀ ਗਈ ਸਵੈ ਪ੍ਰਮਾਣਿਕਤਾ ਵਿਸ਼ਵਾਸਯੋਗ ਨਹੀਂ ਹੈ। ਇਹ ਦਾਅਵਾ ਕਿ ਐਨ.ਡੀ.ਟੀ.ਵੀ. ਰਾਜਾ ਵਿਰੋਧੀ ਖ਼ਬਰਾਂ ਦਿੰਦਾ ਰਿਹਾ ਹੈ, ਬਰਖਾ ਦੱਤ ਦੀ ਇਸ ਪੇਸ਼ਕਸ਼ ਨੂੰ ਠੀਕ ਨਹੀਂ ਠਹਿਰਉਂਦਾ ਕਿ ਉਹ ਰਾਡੀਆ ਵੱਲੋਂ ਕਾਂਗਰਸੀ ਆਗੂਆਂ ਲਈ ਕੰਮ ਕਰਨ ਲਈ ਤਿਆਰ ਹੋ ਗਈ ਸੀ। ਸੰਘਵੀ ਦਾ ਇਹ ਬਹਾਨਾ ਵੀ ਕੰਮ ਨਹੀਂ ਕਰੇਗਾ ਕਿ ਉਹ ਰਾਡੀਆ ਨੂੰ ਸਿਰਫ ਉਕਸਾ ਰਹੇ ਸਨ।

ਮੀਡੀਆ ਦੀ ਭਰੋਸੇਯੋਗਤਾ ਲਈ ਇਨ੍ਹਾਂ ਹੱਦਾਂ ਨੂੰ ਉਲੰਘਣਾ ਖ਼ਤਰਨਾਕ ਹੈ ਜੋ ਇਸ ਦੀ ਸਭ ਤੋਂ ਵੱਡੀ ਪੂੰਜੀ ਹਨ। ਬਹੁਤ ਸਾਰੇ ਪੱਤਰਕਾਰ ਇਸ ਪੇਸ਼ੇ ਦੀਆਂ ਉਚਿਤ ਸੀਮਾਵਾਂ ਨੂੰ ਉਲੰਘ ਚੁੱਕੇ ਹਨ। ਕੁਝ ਪੱਤਰਕਾਰ ਕਾਰਪੋਰੇਸ਼ਨਾਂ ਦੇ ਸਲਾਹਕਾਰ, ਪ੍ਰਚਾਰਕ ਤੇ ਮਾਹਰ ਬਣ ਚੁੱਕੇ ਹਨ। ਕੁਝ ਪੰਜ ਸਿਤਾਰਾ ਹੋਟਲਾਂ ਵਿਚ 'ਭੋਜਨ ਸਲਾਹਕਾਰ' ਦੇ ਤੌਰ 'ਤੇ ਕੰਮ ਕਰਦੇ ਹਨ। ਬਹੁਤ ਸਾਰੇ ਹੋਟਲਾਂ, ਏਅਰਲਾਈਨਜ਼ ਤੇ ਹੋਰ ਅਦਾਰਿਆਂ ਤੋਂ ਮਿਲਣ ਵਾਲੀਆਂ ਮੁਫ਼ਤ ਸੇਵਾਵਾਂ ਦਾ ਮਜ਼ਾ ਉਠਾਉਂਦੇ ਹਨ।

ਜੇਕਰ ਪੱਤਰਕਾਰ ਰਾਜਨੀਤਕ ਦਲਾਲ ਬਣ ਗਏ ਤੇ ਕਾਰਪੋਰੇਟ ਤੋਂ ਨਿਰਦੇਸ਼ ਲੈਣ ਲੱਗ ਪਏ ਤਾਂ ਇਹ ਹਾਲਾਤ ਬਹੁਤ ਬੁਰੇ ਤੇ ਨੈਤਿਕ ਤੌਰ 'ਤੇ ਹੋਰ ਵੀ ਬੁਰੇ ਹੋ ਜਾਣਗੇ। ਰਾਡੀਆ ਟੇਪਾਂ ਉਸ ਸਭ ਕੁਝ ਵੱਲ ਸੰਕੇਤ ਕਰ ਰਹੀਆਂ ਹਨ ਜੋ ਕਿ ਅਸਲ ਵਿਚ ਵਾਪਰ ਰਿਹਾ ਹੈ। ਪੱਤਰਕਾਰੀ ਭਾਰਤ 'ਚ ਇਕ ਨਵੀਂ ਨੈਤਿਕ ਤੇ ਪੇਸ਼ਾਵਰ ਤੌਰ 'ਤੇ ਹੋਰ ਵੀ ਨੀਵੇਂ ਨਿਘਾਰ ਤੱਕ ਪਹੁੰਚ ਚੁੱਕੀ ਹੈ। ਇਹ ਲੋਕਤੰਤਰ ਲਈ ਬਹੁਤ ਬੁਰੀ ਗੱਲ ਹੈ।

# ਪਾਕਿਸਤਾਨ ਅਤੇ ਅਲਾਮਾ ਇਕਬਾਲ

**ਡਾ. ਮਹੀਪ ਸਿੰਘ**

ਡਾ. ਮੁਹੰਮਦ ਇਕਬਾਲ ਦਾ ਲਿਖਿਆ ਕੌਮੀ ਤਰਾਨਾ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ, ਹਮ ਬੁਲਬੁਲੇ ਹੈਂ ਇਸ ਕੀ ਯੇ ਗੁਲਸਿਤਾਂ ਹਮਾਰਾ' ਅੱਜ ਵੀ ਸਾਰੇ ਹਿੰਦੁਸਤਾਨ ਵਿਚ ਬੜੇ ਜੋਸ਼ ਤੇ ਸਤਿਕਾਰ ਨਾਲ ਗਾਇਆ ਜਾਂਦਾ ਹੈ। ਇਕਬਾਲ ਨੇ ਇਹ ਗੀਤ 1904 ਵਿਚ ਲਿਖਿਆ ਸੀ। ਬੰਕਿਮਚੰਦ ਚੈਟਰਜੀ ਦੇ 'ਵੰਦੇ ਮਾਤਰਮ' ਅਤੇ ਰਵਿੰਦਰਨਾਥ ਟੈਗੋਰ ਦੇ 'ਜਨ ਗਣ ਮਨ ਅਧਿਨਾਯਕ' ਗੀਤਾਂ ਬਾਰੇ ਪਿੱਛੋਂ ਬੜੇ ਵਿਵਾਦ ਛਿੜੇ ਪਰ ਇਕਬਾਲ ਦੇ ਲਿਖੇ ਤਰਾਨੇ ਬਾਰੇ ਅੱਜ ਤੱਕ ਕੋਈ ਵਿਵਾਦ ਨਹੀਂ ਉਠਿਆ।

ਉਂਜ, ਕੁਝ ਚਿਰ ਪਿੱਛੋਂ ਡਾ. ਇਕਬਾਲ ਦੀ ਸੋਚ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ ਸੀ। ਉਹ ਕੌਮਾਂਤਰੀ ਪੱਧਰ 'ਤੇ ਫੈਲੇ ਹੋਏ ਇਸਲਾਮ ਬਾਰੇ ਸੋਚਦੇ ਹੋਏ ਇਹ ਵਿਚਾਰ ਵੀ ਪ੍ਰਗਟਾਉਣ ਲੱਗ ਪਿਆ ਸੀ-'ਮੁਸਲਿਮ ਹੈ ਹਮ ਵਤਨ ਹੈ ਸਾਰਾ ਜਹਾਂ ਹਮਾਰਾ।' ਉਸਦੇ ਬਜ਼ੁਰਗ ਜਿਹੜੇ ਮੂਲ ਰੂਪ ਵਿਚ ਸਪਰੂ ਬ੍ਰਾਹਮਣ ਸਨ, ਦੋ ਪੀੜ੍ਹੀਆਂ ਪਹਿਲਾਂ ਹੀ ਕਸ਼ਮੀਰ ਤੋਂ ਆ ਕੇ ਸਿਆਲਕੋਟ (ਪੰਜਾਬ) ਵਿਚ ਵਸੇ ਸਨ। ਇਥੇ ਹੀ ਉਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ ਸੀ। ਉਸ ਨੇ ਲਾਹੌਰ ਦੇ ਗੌਰਮਿੰਟ ਕਾਲਜ ਅਤੇ ਬਰਤਾਨੀਆ ਦੀ ਕੈਂਬ੍ਰਿਜ ਯੂਨੀਵਰਸਿਟੀ ਵਿਚ ਪੜ੍ਹਾਈ ਕੀਤੀ। 'ਬਾਰ ਐਟ ਲਾਅ' ਦੀ ਡਿਗਰੀ ਲਈ ਪਰ ਇਸਲਾਮੀ ਵਿਚਾਰਧਾਰਾ ਤੋਂ ਉਹ ਇੰਨਾ ਮੁਤਾਸਰ (ਪ੍ਰਭਾਵਤ) ਸੀ ਕਿ ਉਸ ਦਾ ਚਿੰਤਨ, ਉਸ ਦੀ ਵਿਆਖਿਆ, ਉਸ ਨਾਲ ਡੂੰਘੀ ਸਾਂਝ ਹੀ ਉਸ ਦੇ ਜੀਵਨ ਦਾ ਵੱਡਾ ਮਨੋਰਥ ਬਣ ਗਿਆ ਸੀ।

ਇਕਬਾਲ ਫਾਰਸੀ-ਉਰਦੂ ਦਾ ਵੱਡਾ ਸ਼ਾਇਰ ਸੀ। ਅੰਗਰੇਜ਼ ਸਰਕਾਰ ਨੇ ਉਸ ਨੂੰ 'ਸਰ' ਦਾ ਖਿਤਾਬ ਵੀ ਦਿੱਤਾ ਸੀ। ਦਾਰਸ਼ਨਿਕ ਚਿੰਤਨ ਨਾਲ ਭਰੀ ਉਸ ਦੀ ਸ਼ਾਇਰੀ ਦੀ ਅਜੇ ਤੱਕ ਉਰਦੂ ਵਿਚ ਦੂਜੀ ਮਿਸਾਲ ਨਹੀਂ ਮਿਲਦੀ। ਡਾ. ਇਕਬਾਲ ਨੂੰ ਪਾਕਿਸਤਾਨ ਦੇ ਵਿਚਾਰ ਦਾ ਸਿਰਜਕ ਮੰਨਿਆ ਜਾਂਦਾ ਹੈ। ਇਸ ਗੱਲ ਦਾ ਆਧਾਰ ਮੁਸਲਿਮ ਲੀਗ ਦੇ ਦਸੰਬਰ 1930 ਵਿਚ ਹੋਏ ਅਲਾਹਾਬਾਦ ਵਾਲੇ ਇਜਲਾਸ ਵਿਚ ਦਿੱਤਾ ਉਸ ਦਾ ਪ੍ਰਧਾਨਗੀ ਭਾਸ਼ਨ ਹੈ। ਇਸ ਭਾਸ਼ਨ ਵਿਚ ਉਸ ਨੇ ਮੁੱਖ ਗੱਲ ਇਹ ਕਹੀ ਸੀ-ਮੈਂ ਚਾਹੁੰਦਾ ਹਾਂ ਕਿ ਪੰਜਾਬ, ਸਰਹੱਦੀ ਸੂਬਾ, ਸਿੰਧ ਅਤੇ ਬਲੋਚਿਸਤਾਨ ਨੂੰ ਮਿਲਾ ਕੇ ਇਕ ਰਾਜ ਬਣਾ ਦਿੱਤਾ ਜਾਏ। ਇਹ ਬਰਤਾਨਵੀ ਸਮਾਜ ਦੇ ਅੰਦਰ ਜਾਂ ਉਸ ਤੋਂ ਬਾਹਰ ਵੀ ਹੋ ਸਕਦਾ ਹੈ। ਅਜਿਹੇ ਉੱਤਰ-ਪੱਛਮੀ ਮੁਸਲਿਮ ਰਾਜ ਦੀ ਖੁਦਮੁਖਤਾਰ ਸਰਕਾਰ ਮੈਨੂੰ ਮੁਸਲਮਾਨਾਂ ਦੀ ਅਖੀਰਲੀ ਨੀਯਤ ਜਾਪਦੀ ਹੈ, ਘੱਟੋ-ਘੱਟ ਉੱਤਰ-ਪੱਛਮੀ ਭਾਰਤ ਦੇ ਮੁਸਲਮਾਨਾਂ ਦੀ ਤਾਂ ਜ਼ਰੂਰ ਹੀ।

ਇਕਬਾਲ ਨੇ ਪੂਰਬੀ ਭਾਰਤ-ਬੰਗਾਲ ਅਤੇ ਆਸਾਮ ਦੇ ਮੁਸਲਮਾਨਾਂ ਦੇ ਭਵਿੱਖ ਬਾਰੇ ਕੁਝ ਨਹੀਂ ਕਿਹਾ। ਦੇਖਿਆ ਜਾਵੇ ਤਾਂ ਅੱਜ ਦਾ ਪਾਕਿਸਤਾਨ ਇਕਬਾਲ ਦੀ ਕਲਪਨਾ ਦਾ ਹੀ ਮੁਸਲਿਮ ਬਹੁ-ਸੰਮਤੀ ਵਾਲਾ ਰਾਜ ਹੈ।

ਇਹ ਗੱਲ ਦੇਖਣ ਵਾਲੀ ਹੈ ਕਿ ਇਕਬਾਲ ਦੇ ਖਿਆਲਾਂ ਦਾ ਮੁਸਲਿਮ ਰਾਜ, ਭਾਰਤੀ ਸੰਘ ਦਾ ਭਾਗ ਸੀ। ਉਹ ਮੰਨਦਾ ਸੀ ਕਿ ਅਜਿਹਾ ਰਾਜ ਪੂਰੇ ਹਿੰਦੁਸਤਾਨ ਦੀ ਸੁਰੱਖਿਆ ਲਈ ਬੜਾ ਲਾਹੇਵੰਦ ਹੈ। ਇਸ ਨਾਲ ਹਿੰਦੂਆਂ ਤੇ ਮੁਸਲਮਾਨਾਂ ਵਿਚ ਸ਼ਕਤੀ ਸੰਤੁਲਨ ਪੈਦਾ ਹੋਵੇਗਾ ਜਿਹੜਾ ਸਾਰੇ ਮੁਲਕ ਵਿਚ ਸ਼ਾਂਤੀ ਲਿਆਉਣ ਲਈ ਸਹਾਈ ਹੋਵੇਗਾ। ਉਸ ਦੀ ਕਲਪਨਾ ਵਿਚ ਹਿੰਦੂ ਵਿਰੋਧ ਵਾਲੀ ਗੱਲ ਨਜ਼ਰ ਨਹੀਂ ਆਉਂਦੀ। ਆਪਣੇ ਅਲਾਹਾਬਾਦ ਵਾਲੇ ਭਾਸ਼ਨ ਵਿਚ ਉਸ ਨੇ ਕਿਹਾ ਸੀ, "ਜਿਹੜਾ ਫ਼ਿਰਕਾ ਦੂਜੇ ਫ਼ਿਰਕਿਆਂ ਬਾਰੇ ਬੁਰੀ ਭਾਵਨਾ ਰੱਖਦਾ ਹੈ, ਉਹ ਨੀਵਾਂ ਤੇ ਹੋਛਾ ਹੁੰਦਾ ਹੈ। ਮੈਂ ਸਾਰੇ ਫ਼ਿਰਕਿਆਂ ਦੇ ਰੀਤਾਂ-ਰਿਵਾਜਾਂ, ਕਾਨੂੰਨ, ਧਾਰਮਿਕ ਤੇ ਸਮਾਜਕ ਸੰਸਥਾਵਾਂ ਦਾ ਡੂੰਘਾ ਸਤਿਕਾਰ ਕਰਦਾ ਹਾਂ। ਇਹ ਸਹੀ ਹੈ ਕਿ ਮੈਂ ਆਪਣੇ ਮਜ਼੍ਹਬ ਨੂੰ ਪਿਆਰ ਕਰਦਾ ਹਾਂ ਜਿਹੜਾ ਮੇਰੀ ਜ਼ਿੰਦਗੀ, ਮੇਰੇ ਕਾਰਵਿਹਾਰ ਦਾ ਸੋਮਾ ਹੈ; ਜਿਸ ਨੇ ਮੈਨੂੰ ਘੜਿਆ ਹੈ, ਜਿਸ ਨੇ ਮੈਨੂੰ ਆਪਣਾ ਅਕੀਦਾ, ਆਪਣਾ ਸਾਹਿਤ, ਆਪਣੇ ਵਿਚਾਰ, ਆਪਣਾ ਸਭਿਆਚਾਰ ਦਿੱਤਾ ਹੈ। ਮੇਰੀ ਚੇਤਨਾ ਨੂੰ ਰੰਗ-ਰੂਪ ਦਿੱਤਾ ਹੈ।"

ਆਪਣੀ ਤਕਰੀਰ ਵਿਚ ਇਕਬਾਲ ਨੇ ਇਹ ਵੀ ਕਿਹਾ, "ਹਿੰਦੂਆਂ ਨੂੰ ਇਸ ਗੱਲ ਤੋਂ ਡਰਨਾ ਨਹੀਂ ਚਾਹੀਦਾ ਕਿ ਖੁਦਮੁਖਤਾਰ ਮੁਸਲਿਮ ਰਾਜ ਬਣਨ ਨਾਲ ਉਥੇ ਕਿਸੇ ਤਰ੍ਹਾਂ ਦਾ ਮਜ਼੍ਹਬੀ ਰਾਜ ਕਾਇਮ ਹੋ ਜਾਏਗਾ।"

ਜੇ 1940 ਵਿਚ ਲਾਹੌਰ ਵਿਚ ਹੋਏ ਮੁਸਲਿਮ ਲੀਗ ਦੇ ਸਮਾਗਮ ਵਿਚ ਪ੍ਰਵਾਨ ਕੀਤੇ ਗਏ ਮਤੇ ਨੂੰ ਪੜ੍ਹੀਏ ਜਿਸ ਵਿਚ ਹਿੰਦੁਸਤਾਨ ਦੀ ਵੰਡ ਕਰਕੇ ਵੱਖਰੇ ਮੁਸਲਿਮ ਰਾਜ ਦੇ ਨਿਰਮਾਣ ਦੀ ਗੱਲ ਕਹੀ ਗਈ ਸੀ (ਜਿਸ ਨੂੰ ਆਮ ਤੌਰ 'ਤੇ ਪਾਕਿਸਤਾਨ ਦੀ ਮੰਗ ਦਾ ਮਤਾ ਕਿਹਾ ਜਾਂਦਾ ਹੈ) ਅਤੇ 10 ਵਰ੍ਹੇ ਪਹਿਲਾਂ ਅਲਾਹਾਬਾਦ ਵਿਚ ਦਿੱਤੇ ਗਏ ਭਾਸ਼ਨ ਨੂੰ ਧਿਆਨ ਨਾਲ ਪੜ੍ਹੀਏ ਤਾਂ ਇਸ ਨਤੀਜੇ 'ਤੇ ਸਹਿਜੇ ਪਹੁੰਚਿਆ ਜਾ ਸਕਦਾ ਹੈ ਕਿ ਉਸ ਭਾਸ਼ਨ ਵਿਚ ਨਾ ਸਿਰਫ ਵੱਖਰਾ ਮੁਸਲਿਮ ਰਾਜ ਬਣਾਉਣ ਦੇ ਬੀਜ ਮੌਜੂਦ ਸਨ ਸਗੋਂ ਉਸ ਲਈ ਸੇਧ ਵੀ ਦਿੱਤੀ ਗਈ ਸੀ। ਉਸ ਤਕਰੀਰ ਵਿਚ ਭਾਵੇਂ ਹਿੰਦੁਸਤਾਨ ਨੂੰ ਵੰਡਣ ਦੀ ਗੱਲ ਨਹੀਂ ਸੀ ਪਰ ਮੁਸਲਿਮ ਬਹੁ-ਸੰਮਤੀ ਦੇ ਖਿੱਤਿਆਂ ਨੂੰ ਇਕੱਠਿਆਂ ਕਰਨ, ਕੇਂਦਰ ਵਿਚ ਬੜੇ ਥੋੜ੍ਹੇ ਅਧਿਕਾਰਾਂ ਵਾਲੀ ਸਰਕਾਰ ਕਾਇਮ ਕਰਨ, ਹਿੰਦੂ ਗਲਬੇ ਤੋਂ ਬਚਣ ਦੀਆਂ ਸਾਰੀਆਂ ਗੱਲਾਂ ਉਸ ਵਿਚ ਸ਼ਾਮਲ ਸਨ।



ਡਾ. ਇਕਬਾਲ ਦੀ ਤਕਰੀਰ ਦੀਆਂ ਮੁੱਖ ਗੱਲਾਂ ਇਹ ਸਨ:

1. ਹਿੰਦੁਸਤਾਨ ਦੇ ਅੰਦਰ ਇਕ ਹਿੰਦੂ ਹਿੰਦੁਸਤਾਨ ਹੈ ਅਤੇ ਇਕ ਮੁਸਲਿਮ ਹਿੰਦੁਸਤਾਨ ਹੈ। ਇਥੇ 7 ਕਰੋੜ (ਉਸ ਵੇਲੇ) ਮੁਸਲਮਾਨ ਹਨ। ਉਨ੍ਹਾਂ ਦਾ ਧਰਮ, ਭਾਸ਼ਾ, ਸਭਿਆਚਾਰ, ਸਾਹਿਤ ਅਤੇ ਜ਼ਿੰਦਗੀ ਦਾ ਨਜ਼ਰੀਆ ਇਸਲਾਮ ਦੇ ਅਸੂਲਾਂ ਨਾਲ ਘੜਿਆ ਗਿਆ ਹੈ। ਉਹ ਹਿੰਦੂਆਂ ਦੇ ਨਜ਼ਰੀਏ ਤੋਂ ਵੱਖਰਾ ਹੈ।

2. ਇਹ 7 ਕਰੋੜ ਮੁਸਲਮਾਨ ਪੂਰੀ ਤਰ੍ਹਾਂ ਇਕ ਸਮਰੂਪ ਸਮਾਜ ਹੈ। ਹਿੰਦੂਆਂ ਵਿਚ ਅਜਿਹੀ ਸਮਰੂਪਤਾ ਨਹੀਂ ਹੈ। ਇਕ ਰਾਸ਼ਟਰ (ਨੇਸ਼ਨ) ਵਿਚ ਜਿਹੋ-ਜਿਹੀ ਸਮਰੂਪਤਾ ਚਾਹੀਦੀ ਹੈ, ਉਹ ਮੁਸਲਮਾਨਾਂ ਵਿਚ ਹੈ। ਇਸ ਲਈ ਉਹ ਇਕ ਰਾਸ਼ਟਰ ਹਨ।

3. ਹਿੰਦੁਸਤਾਨ ਵਿਚ ਕਿੰਨੇ ਹੀ ਧਰਮ, ਭਾਸ਼ਾਵਾਂ, ਨਸਲਾਂ ਅਤੇ ਸਭਿਆਚਾਰਾਂ ਦੇ ਲੋਕ ਵੱਸਦੇ ਹਨ, ਇਸ ਲਈ ਇਥੇ ਇਕਾਤਮਕ ਸਰਕਾਰ ਨਹੀਂ ਬਣ ਸਕਦੀ। ਇਥੇ ਸੰਘੀ ਸਰਕਾਰ ਬਣਨੀ ਬੜੀ ਜ਼ਰੂਰੀ ਹੈ। ਇਥੋਂ ਦੇ ਸੂਬਿਆਂ ਦੀ ਮੁੜ ਹੱਦਬੰਦੀ ਹੋਣੀ ਚਾਹੀਦੀ ਹੈ। ਪੰਜਾਬ ਵਿਚੋਂ ਅੰਬਾਲਾ ਡਿਵੀਜ਼ਨ ਜਿੱਥੇ ਗੈਰ-ਮੁਸਲਮਾਨ ਵਧੇਰੇ ਹਨ, ਨੂੰ ਵੱਖ ਕਰਕੇ ਮੁਸਲਮਾਨ ਬਹੁ-ਸੰਮਤੀ ਵਾਲਾ ਰਾਜ ਬਣਾਇਆ ਜਾਣਾ ਚਾਹੀਦਾ ਹੈ।

4. ਮੁਸਲਮਾਨਾਂ ਨੂੰ ਕੇਂਦਰ ਵਿਚ ਅਜਿਹੀ ਅਸੈਂਬਲੀ ਮਨਜ਼ੂਰ ਨਹੀਂ ਹੋਵੇਗੀ ਜਿਸ ਉਤੇ ਹਿੰਦੂਆਂ ਦਾ ਗਲਬਾ ਹੋਵੇ। ਉਸ ਵਿਚ ਮੁਸਲਮਾਨਾਂ ਦੀ ਨੁਮਾਇੰਦਗੀ ਘੱਟੋ-ਘੱਟ 33 ਫੀਸਦੀ ਹੋਣੀ ਚਾਹੀਦੀ ਹੈ।

5. ਫੈਡਰਲ ਢਾਂਚੇ ਵਿਚ ਆਏ ਸੂਬੇ ਪੂਰੀ ਤਰ੍ਹਾਂ ਖੁਦਮੁਖਤਾਰ ਹੋਣਗੇ। ਥੋੜ੍ਹੇ ਜਿਹੇ ਮਹਿਕਮਿਆਂ ਸੁਰੱਖਿਆ, ਸੰਚਾਰ, ਕਰੰਸੀ ਨੂੰ ਛੱਡ ਕੇ ਸਾਰੇ ਮਹਿਕਮੇ ਤੇ ਸਾਰੇ ਅਧਿਕਾਰ ਸੂਬਿਆਂ ਕੋਲ ਹੋਣੇ ਚਾਹੀਦੇ ਹਨ।

ਜੇ ਇਨ੍ਹਾਂ ਨੁਕਤਿਆਂ ਨੂੰ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਅਗਲੇ 17 ਵਰ੍ਹਿਆਂ ਤੱਕ ਇਸ ਮੁਲਕ ਦੀ ਰਾਜਨੀਤੀ ਉਪਰ ਭਵਿੱਖ ਦੀ ਬਣਤਰ ਬਾਰੇ ਜਿਹੜਾ ਸੰਘਰਸ਼ ਚਲਦਾ ਰਿਹਾ, ਉਸ ਵਿਚ ਡਾ. ਇਕਬਾਲ ਦਾ ਚਿੰਤਨ ਬੜਾ ਮਹੱਤਵਪੂਰਨ ਸੀ। ਇਹ ਸਹੀ ਹੈ ਕਿ ਉਸ ਨੇ ਵੱਖਰੇ ਇਸਲਾਮੀ ਮੁਲਕ ਦੀ ਕੋਈ ਗੱਲ ਨਹੀਂ ਕਹੀ ਸੀ ਪਰ ਉਸ ਦੇ ਬੀਜ ਉਸ ਵਿਚ ਜ਼ਰੂਰ ਸਨ।

ਵੱਖਰੇ ਇਸਲਾਮੀ ਰਾਜ ਦੇ ਵਿਚਾਰ ਨੂੰ ਕੈਂਬ੍ਰਿਜ ਯੂਨੀਵਰਸਿਟੀ (ਇੰਗਲੈਂਡ) ਵਿਚ ਪੜ੍ਹਨ ਵਾਲੇ ਪੰਜਾਬੀ ਮੂਲ ਦੇ ਨੌਜਵਾਨ ਚੌਧਰੀ ਰਹਿਮਤ ਅਲੀ ਅਤੇ ਉਸ ਦੇ ਕੁਝ ਸਾਥੀਆਂ ਨੇ ਅੱਗੇ ਵਧਾਇਆ। ਉਸ ਨੇ 1933 ਵਿਚ 4 ਪੰਨਿਆਂ ਦਾ ਪਰਚਾ ਛਪਵਾ ਕੇ ਵੰਡਿਆ ਜਿਸ ਵਿਚ ਪਾਕਿਸਤਾਨ ਦਾ ਨਕਸ਼ਾ ਤੇ ਉਸ ਦੀ ਪੂਰੀ ਰੂਪ-ਰੇਖਾ ਦਿੱਤੀ ਗਈ ਸੀ।

ਡਾ. ਇਕਬਾਲ ਅਤੇ ਰਹਿਮਤ ਅਲੀ ਦੀਆਂ ਤਜਵੀਜ਼ਾਂ ਵਿਚ ਫ਼ਰਕ ਇਹ ਸੀ ਕਿ ਇਕਬਾਲ ਨੇ ਉਤਰ-ਪੱਛਮ ਦੇ ਮੁਸਲਮਾਨ ਬਹੁ-ਸੰਮਤੀ ਵਾਲੇ ਸੂਬਿਆਂ ਨੂੰ ਮਿਲਾ ਕੇ ਜਿਸ ਰਾਜ ਦੀ ਗੱਲ ਕੀਤੀ ਸੀ, ਉਹ ਭਾਰਤੀ ਸੰਘ (ਫੈਡਰੇਸ਼ਨ) ਦਾ ਹਿੱਸਾ ਸੀ। ਰਹਿਮਤ ਅਲੀ ਨੇ ਇਹ ਮਤਾ ਸਾਹਮਣੇ ਰੱਖਿਆ ਸੀ ਕਿ ਇਨ੍ਹਾਂ ਸੂਬਿਆਂ ਨੂੰ ਇਕੱਠਾ ਕਰਕੇ ਵੱਖਰਾ ਆਜ਼ਾਦ ਮੁਲਕ ਬਣਾਇਆ ਜਾਏ। ਇਕਬਾਲ ਦੀ ਯੋਜਨਾ ਵਿਚ ਬੰਗਾਲ-ਆਸਾਮ ਦਾ ਕੋਈ ਜ਼ਿਕਰ ਨਹੀਂ ਸੀ ਪਰ ਰਹਿਮਤ ਅਲੀ ਦੀ ਵੰਡ ਵਿਚ ਉਤਰ-ਪੱਛਮ ਦੇ ਰਾਜ ਨੂੰ ਪਾਕਿਸਤਾਨ ਨਾਂ ਦਿੱਤਾ ਗਿਆ। ਬੰਗਾਲ-ਆਸਾਮ ਨੂੰ ਬੰਗ-ਏ-ਇਸਲਾਮ ਕਿਹਾ ਗਿਆ ਅਤੇ ਦੱਖਣ ਦੀ ਮੁਸਲਮਾਨੀ ਰਿਆਸਤ ਨੂੰ ਉਸਮਾਨਿਸਤਾਨ ਕਿਹਾ ਗਿਆ।

ਵੱਖਰੇ ਇਸਲਾਮੀ ਰਾਜ ਦੇ ਵਿਚਾਰ ਨੂੰ ਪੂਰਾ ਸਰੂਪ 22-24 ਮਾਰਚ 1940 ਨੂੰ ਲਾਹੌਰ ਵਿਚ ਹੋਏ ਮੁਸਲਿਮ ਲੀਗ ਦੇ ਸਾਲਾਨਾ ਇਜਲਾਸ ਵਿਚ ਮਿਲਿਆ। ਇਥੇ ਪਾਸ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਉਤਰ-ਪੱਛਮੀ ਤੇ ਪੂਰਬੀ ਹਿੱਸੇ ਨੂੰ ਮਿਲਾ ਕੇ ਖੁਦਮੁਖਤਾਰ ਤੇ ਪੂਰੀ ਤਰ੍ਹਾਂ ਆਜ਼ਾਦ ਮੁਲਕ ਬਣਾਇਆ ਜਾਵੇ। ਮੁਹੰਮਦ ਅਲੀ ਜਿਨਾਹ ਤੇ ਉਸ ਦੇ ਸਾਥੀਆਂ ਨੇ ਇਹ ਗੱਲ ਵਾਰ-ਵਾਰ ਕਹੀ ਕਿ ਇਥੇ ਹਿੰਦੂ ਤੇ ਮੁਸਲਮਾਨ ਦੋ ਵੱਖਰੇ-ਵੱਖਰੇ ਨੇਸ਼ਨ ਹਨ। ਮੁਸਲਮਾਨਾਂ ਨੂੰ ਅਜਿਹਾ ਕੋਈ ਫੈਡਰਲ ਢਾਂਚਾ ਮਨਜ਼ੂਰ ਨਹੀਂ ਜਿਸ ਵਿਚ ਹਿੰਦੂ, ਮੁਸਲਮਾਨਾਂ ਉਤੇ ਭਾਰੂ ਹੋਣ। ਇਸ ਲਈ ਸਾਨੂੰ ਵੱਖਰਾ ਇਸਲਾਮੀ ਰਾਜ ਚਾਹੀਦਾ ਹੈ।

ਇਸ ਮਤੇ ਵਿਚ ਕਿਤੇ ਵੀ ਪਾਕਿਸਤਾਨ ਲਫਜ਼ ਦੀ ਵਰਤੋਂ ਨਹੀਂ ਹੋਈ ਸੀ ਪਰ ਸਾਰੇ ਦੇਸ਼ ਦੇ ਪ੍ਰੈਸ ਵੱਲੋਂ ਇਸ ਨੂੰ ਪਾਕਿਸਤਾਨ ਦੀ ਮੰਗ ਕਰਨ ਵਾਲਾ ਮਤਾ ਕਿਹਾ ਗਿਆ।

ਇਸ ਮਤੇ ਦੇ ਪਿੱਛੋਂ ਦੇ ਸੱਤ ਸਾਲ ਬੇਅੰਤ ਸਰਗਰਮੀਆਂ ਦੇ ਸਾਲ ਰਹੇ। ਅੰਗਰੇਜ਼ ਇਸ ਮੁਲਕ ਨੂੰ ਛੱਡਣਾ ਨਹੀਂ ਚਾਹੁੰਦੇ ਸਨ ਅਤੇ ਚਾਹੁੰਦੇ ਸਨ ਕਿ ਸਾਰੇ ਹਿੰਦੁਸਤਾਨੀ ਕਿਸੇ ਫਾਰਮੂਲੇ 'ਤੇ ਸਹਿਮਤ ਹੋ ਜਾਣ ਤੇ ਮੁਲਕ ਦੀ ਹਕੂਮਤ ਸੰਭਾਲ ਲੈਣ। 1942 ਵਿਚ ਬਰਤਾਨਵੀ ਹਕੂਮਤ ਨੇ ਸਮੱਸਿਆ ਦਾ ਕੋਈ ਹੱਲ ਲੱਭਣ ਲਈ ਸਰ ਸਟੇਫਕਡ ਕ੍ਰਿਪਸ ਨੂੰ ਭੇਜਿਆ ਜਿਸ ਨੇ ਇਥੇ ਦੇ ਲੀਡਰਾਂ ਅਤੇ ਮੁੱਖ ਪਾਰਟੀਆਂ ਅੱਗੇ ਕੁਝ ਤਜਵੀਜ਼ਾਂ ਰੱਖੀਆਂ ਪਰ ਕੋਈ ਸਹਿਮਤੀ ਨਾ ਬਣ ਸਕੀ। ਫਿਰ ਬਰਤਾਨੀਆ ਦੀ ਨਵੀਂ ਲੇਬਰ ਸਰਕਾਰ ਦੇ ਪ੍ਰਧਾਨ ਮੰਤਰੀ ਐਟਲੀ ਨੇ 1946 ਵਿਚ 3 ਕੈਬਨਿਟ ਮੈਂਬਰਾਂ-ਪੈਥਿਕ ਲਾਰੈਂਸ, ਸਟੇਫਰਡ ਕ੍ਰਿਪਸ ਅਤੇ ਅਲਬਰਟ ਅਲੈਗਜੈਂਡਰ ਦਾ ਮਿਸ਼ਨ ਇਥੇ ਭੇਜਿਆ। ਇਸ ਮਿਸ਼ਨ ਨੇ ਇਥੇ ਦੀਆਂ ਪਾਰਟੀਆਂ ਅਤੇ ਲੀਡਰਾਂ ਅੱਗੇ ਜੋ ਤਜਵੀਜ਼ਾਂ ਰੱਖੀਆਂ ਅਤੇ ਜਿਨ੍ਹਾਂ ਨੂੰ ਕੈਬਨਿਟ ਮਿਸ਼ਨ ਪਲਾਨ ਕਿਹਾ ਜਾਂਦਾ ਹੈ, ਉਸ 'ਤੇ ਕੁਝ ਸਹਿਮਤੀ ਬਣਦੀ ਨਜ਼ਰ ਆਈ ਸੀ ਪਰ ਪਿੱਛੋਂ ਕਾਂਗਰਸ, ਮੁਸਲਿਮ ਲੀਗ ਅਤੇ ਅਕਾਲੀ ਦਲ ਨੇ ਉਸ ਨੂੰ ਨਾ-ਮਨਜ਼ੂਰ ਕਰ ਦਿੱਤਾ। ਮਿਸ਼ਨ ਇੰਗਲੈਂਡ ਵਾਪਸ ਚਲਾ ਗਿਆ।

ਅਖੀਰ ਵਿਚ ਲਾਰਡ ਮਾਊਂਟਬੈਟਨ ਨੂੰ ਇਥੇ ਦਾ ਵਾਇਸਰਾਇ ਬਣਾ ਕੇ ਭੇਜਿਆ ਗਿਆ। ਉਹ 22 ਮਾਰਚ 1947 ਨੂੰ ਦਿੱਲੀ ਪੁੱਜਿਆ। ਉਸ ਨੇ ਤਿੰਨ ਮਹੀਨੇ ਇਥੋਂ ਦੇ ਲੀਡਰਾਂ ਨਾਲ ਗੱਲਬਾਤ ਕੀਤੀ ਤੇ 3 ਜੂਨ ਨੂੰ ਹਿੰਦੁਸਤਾਨ ਦੇ ਵੰਡਣ ਅਤੇ ਪਾਕਿਸਤਾਨ ਦੇ ਨਿਰਮਾਣ ਦਾ ਐਲਾਨ ਕਰ ਦਿੱਤਾ। ਹਿੰਦੁਸਤਾਨ ਵੰਡਿਆ ਗਿਆ-ਲੱਖਾਂ ਲੋਕਾਂ ਦੀਆਂ ਜਾਨਾਂ ਦੀ ਆਹੂਤੀ ਲੈ ਕੇ, ਲੱਖਾਂ ਲੋਕਾਂ ਨੂੰ ਘਰਾਂ ਤੋਂ ਬੇਘਰ ਕਰ ਦਿੱਤਾ।

ਡਾ. ਇਕਬਾਲ ਪਾਕਿਸਤਾਨ ਬਣਨ ਤੋਂ 9 ਵਰ੍ਹੇ ਪਹਿਲਾਂ ਗੁਜ਼ਰ ਗਿਆ ਸੀ। ਮੈਂ ਸੋਚਦਾ ਹਾਂ ਕਿ ਜੇ ਉਸ ਨੇ ਆਪਣੀਆਂ ਅੱਖਾਂ ਨਾਲ ਇਸ ਮੁਲਕ ਦੀ ਵੰਡ ਵੇਖੀ ਹੁੰਦੀ, ਉਤਰ-ਪੱਛਮੀ ਹਿੱਸੇ ਵਿਚ ਆਪਣੀ ਚਾਹਤ ਦੇ ਮੁਸਲਿਮ ਬਹੁਗਿਣਤੀ ਵਾਲੇ ਰਾਜ ਨੂੰ ਬਣਿਆ ਵੇਖਿਆ ਹੁੰਦਾ ਤਾਂ ਕੀ ਉਸ ਨੂੰ ਇਸ ਗੱਲ ਦੀ ਤਸੱਲੀ ਹੁੰਦੀ ਕਿ ਉਸ ਦਾ ਸੁਪਨਾ ਸਾਕਾਰ ਹੋ ਗਿਆ ਹੈ? ਕੀ ਸੱਠਾਂ ਵਰ੍ਹਿਆਂ ਦਾ ਪਾਕਿਸਤਾਨ ਉਹੋ ਜਿਹਾ ਹੈ ਜਿਸ ਦਾ ਤਸੱਵਰ ਇਕਬਾਲ ਨੇ ਕੀਤਾ ਸੀ। ਕੀ ਪਾਕਿਸਤਾਨ ਵਿਚ ਰਹਿਣ ਵਾਲੇ ਮੁਸਲਮਾਨਾਂ ਦਾ ਵਤੀਰਾ ਉਹੋ ਜਿਹਾ ਹੈ ਜਿਸ ਨਾਲ ਇਸਲਾਮ ਦਾ ਉਹ ਉਜਲਾ ਸਰੂਪ ਨਜ਼ਰ ਆਉਂਦਾ ਹੈ, ਜਿਸ ਬਾਰੇ ਇਕਬਾਲ ਨੂੰ ਬੜਾ ਮਾਣ ਸੀ। ਕੀ ਪਾਕਿਸਤਾਨੀ ਮੁਸਲਮਾਨਾਂ ਨੇ ਇਹ ਗੱਲ ਸਾਬਤ ਕੀਤੀ ਹੈ ਕਿ ਮੁਸਲਿਮ ਸਮਾਜ ਸਮਰੂਪੀ ਸਮਾਜ ਹੈ, ਜੈਸਾ ਇਕਬਾਲ ਸਮਝਦਾ ਸੀ? ਸਰ ਮੁਹੰਮਦ ਇਕਬਾਲ ਜਦੋਂ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਦੇ ਤਾਂ ਉਸ ਨੂੰ ਕਿੰਨੀ ਨਮੋਸ਼ੀ ਹੋਣੀ ਸੀ।

# ਪੰਜਾਬੀ ਨੂੰ 'ਆਪਣਿਆਂ' ਨੇ ਹੀ ਰੋਲਿਆ

ਭਾਰਤੀ ਸੰਵਿਧਾਨ ਅਨੁਸਾਰ ਰਾਜਾਂ ਦੀ ਹੱਦ ਭਾਸ਼ਾਈ ਆਧਾਰ 'ਤੇ ਤੈਅ ਕਰਨ ਦਾ ਫੈਸਲਾ ਕੀਤਾ ਗਿਆ ਪਰ ਪੰਜਾਬ ਨੂੰ ਬਹੁ-ਭਾਸ਼ਾਈ ਰਾਜ ਹੀ ਰਹਿਣ ਦਿੱਤਾ ਗਿਆ। ਪੰਜਾਬੀ ਕਿਰਦਾਰ ਰੰਗਲਾ ਜੀਵਨ ਜਿਊਣ ਦਾ ਸ਼ੌਕ ਜ਼ਰੂਰ ਰੱਖਦਾ ਹੈ ਪਰ ਆਪਣੇ ਸੱਭਿਆਚਾਰ, ਵਿਰਸੇ ਤੇ ਇਤਿਹਾਸ ਪ੍ਰਤੀ ਪੂਰਾ ਸੁਚੇਤ ਨਹੀਂ ਰਹਿੰਦਾ। ਪੰਜਾਬੀ ਇਤਿਹਾਸ ਸਿਰਜਣ ਲਈ ਜਾਨ ਦੀ ਬਾਜ਼ੀ ਲਾ ਸਕਦੇ ਹਨ ਪਰ ਇਤਿਹਾਸ ਨੂੰ ਸੰਭਾਲਣ ਤੇ ਇਸ 'ਤੇ ਮਾਣ ਕਰਨ ਲਈ ਇਨ੍ਹਾਂ ਨੇ ਕੋਈ ਮਾਅਰਕਾ ਨਹੀਂ ਮਾਰਿਆ। ਪੰਜਾਬੀ ਜੀਵਨ ਜਿਊਣ ਤੇ ਇਤਿਹਾਸ ਸਿਰਜਣ ਵਿਚ ਏਨੇ ਰੁੱਝੇ ਰਹੇ ਕਿ ਸੱਭਿਆਚਾਰਕ ਤੌਰ 'ਤੇ ਇਨ੍ਹਾਂ ਨੇ ਆਪਣੀ ਭਾਸ਼ਾ ਪੰਜਾਬੀ ਨੂੰ ਰੱਜਵਾਂ ਸਤਿਕਾਰ ਨਹੀਂ ਦਿੱਤਾ ਤੇ ਨਾ ਹੀ ਇਸ ਦੀ ਅਹਿਮੀਅਤ ਨੂੰ ਪਛਾਣਿਆ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਰਾਜ ਤਾਂ ਸਥਾਪਤ ਕਰ ਲਿਆ ਪਰ ਆਪਣੇ ਰਾਜ ਵਿਚ ਪੰਜਾਬੀ ਨੂੰ ਸਰਕਾਰੀ ਬੋਲੀ ਹੋਣ ਦਾ ਮਾਣ ਦੇਣਾ ਜ਼ਰੂਰੀ ਨਾ ਸਮਝਿਆ। ਆਪਣੇ ਵਿਰਸੇ ਤੇ ਸੱਭਿਆਚਾਰ ਤੋਂ ਅਵੇਸਲੇ ਪੰਜਾਬੀਆਂ ਨੇ ਪਤਾ ਨਹੀਂ ਕਦੋਂ ਪੰਜਾਬੀ ਨੂੰ ਪੰਜਾਬੀਆਂ ਨਾਲੋਂ ਤੋੜ ਕੇ ਧਾਰਮਿਕ ਫਿਰਕੇ ਦੀ ਭਾਸ਼ਾ ਗਰਦਾਨ ਦਿੱਤਾ।

ਕੇਂਦਰ ਸਰਕਾਰ ਨੇ ਪਹਿਲਾਂ ਪੰਜਾਬੀ ਸੂਬਾ ਨਾ ਬਣਾਉਣ ਤੇ ਫੇਰ ਬਣਾਉਣ ਵਿਚ ਜੋ ਪੰਜਾਬੀਆਂ ਨਾਲ ਵਿਤਕਰਾ ਕੀਤਾ ਹੈ ਉਸ ਲਈ ਪੰਜਾਬੀ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਨਹੀਂ ਹੋ ਸਕਦੇ। ਪੰਜਾਬੀ ਸੂਬੇ ਦੀ ਮੰਗ ਲਈ ਜਦੋਜਹਿਦ ਸਮੁੱਚੇ ਪੰਜਾਬੀਆਂ ਨੇ ਨਹੀਂ ਸਗੋਂ ਅਕਾਲੀ ਦਲ ਨੇ ਸਿਆਸੀ ਰੰਗਤ ਦਿੰਦਿਆਂ ਪੰਜਾਬੀਆਂ ਨਾਲ ਹੋਏ ਵਿਤਕਰੇ ਨੂੰ ਸਿੱਖਾਂ ਨਾਲ ਹੋਇਆ ਵਿਤਕਰਾ ਗਰਦਾਨਦਿਆਂ ਕੀਤੀ। ਪੰਜਾਬੀ ਲੇਖਕਾਂ ਨੇ ਸੁਹਿਰਦ ਹੋ ਕੇ ਪੰਜਾਬੀ ਸੂਬੇ ਦੇ ਹੱਕ ਵਿਚ ਆਵਾਜ਼ ਜ਼ਰੂਰ ਬੁਲੰਦ ਕੀਤੀ ਪਰ ਅਕਾਲੀ ਦਲ ਵੱਲੋਂ ਕੀਤੀਆਂ ਜਾ ਰਹੀਆਂ ਸਿਆਸੀ ਸਰਗਰਮੀਆਂ ਵਿਚ ਲੇਖਕਾਂ ਦੀ ਆਵਾਜ਼ ਰੁਲ ਕੇ ਰਹਿ ਗਈ।

ਪੰਜਾਬੀਆਂ ਦੀ ਅਣਗਹਿਲੀ ਕਾਰਨ ਭਾਸ਼ਾਈ ਆਧਾਰ 'ਤੇ ਬਣਨ ਵਾਲਾ ਪੰਜਾਬੀ ਸੂਬਾ ਸਿੱਖ ਸੂਬੇ ਦੇ ਰੂਪ ਵਿਚ ਨਜ਼ਰ ਆਉਣ ਲੱਗ ਪਿਆ। ਹੈਰਾਨੀ ਦੀ ਗੱਲ ਹੈ ਕਿ ਪੰਜਾਬੀਆਂ ਦੇ ਇਕ ਫਿਰਕੇ ਦੀ ਬਹੁਗਿਣਤੀ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਨਾਲੋਂ ਨਾਤਾ ਤੋੜ ਕੇ ਹਿੰਦੀ ਨੂੰ ਆਪਣੀ ਮਾਤ ਭਾਸ਼ਾ ਹੋਣ ਦਾ ਮਾਣ ਦੇ ਦਿੱਤਾ। ਇਹੀ ਕਾਰਨ ਹੈ ਕਿ ਪੰਜਾਬੀ ਸੂਬੇ ਦੀ ਹੱਦ ਤੈਅ ਕਰਨ ਸਮੇਂ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਪੰਜਾਬੀ ਸੂਬੇ ਤੋਂ ਬਾਹਰ ਹੀ ਰਹਿ ਗਏ। ਇਸ ਤਰ੍ਹਾਂ ਪੰਜਾਬੀ ਸੂਬਾ ਬਣਾਉਣ 'ਤੇ ਵੀ ਪੰਜਾਬੀਆਂ ਨਾਲ ਵਿਤਕਰਾ ਹੋਇਆ।

ਜਿਸ ਸਿਆਸੀ ਪਾਰਟੀ ਨੇ ਪੰਜਾਬੀ ਸੂਬੇ ਨੂੰ ਸਥਾਪਤ ਕਰਨ ਲਈ ਲੰਮੀ ਲੜਾਈ ਲੜੀ ਤੇ ਲਾਸਾਨੀ ਕੁਰਬਾਨੀਆਂ ਵੀ ਦਿੱਤੀਆਂ, ਉਹੀ ਪਾਰਟੀ ਰਾਜ ਸਿੰਘਾਸਨ 'ਤੇ ਬੈਠਣ ਤੋਂ ਬਾਅਦ ਵੀ ਪੰਜਾਬੀ ਨੂੰ ਉਸ ਦਾ ਬਣਦਾ ਮਾਣ ਸਤਿਕਾਰ ਦੇਣ ਤੋਂ ਅਸਮਰੱਥ ਰਹੀ। ਅਸਲੀਅਤ ਵਿਚ ਪੰਜਾਬੀਆਂ ਦੀ ਬਹੁਗਿਣਤੀ ਨੇ ਆਪਣੇ ਸੱਭਿਆਚਾਰ, ਭਾਸ਼ਾ ਤੇ ਸਾਹਿਤ ਦੀ ਅਹਿਮੀਅਤ ਨੂੰ ਜਾਣਿਆ ਹੀ ਨਹੀਂ।

**ਐਸ.ਐਸ. ਦੁਸਾਂਝ**

ਪੰਜਾਬੀ ਦੁਨੀਆਂ ਵਿਚੋਂ ਆਪਣੀ ਵਿਦਵਤਾ ਦਾ ਸਿੱਕਾ ਜਮਾਉਣ ਨਾਲੋਂ ਰੁਜ਼ਗਾਰ ਦੇ ਸਾਧਨ ਵਧਾਉਣ ਨੂੰ ਤਰਜੀਹ ਦੇਣਾ ਚਾਹੁੰਦੇ ਹਨ। ਇਹੀ ਕਾਰਨ ਹੈ ਕਿ ਪੰਜਾਬੀਆਂ ਦੀ ਬਹੁਗਿਣਤੀ ਆਪਣੀ ਮਾਤ ਭਾਸ਼ਾ ਵਿਚ ਵਿਦਿਆ ਗ੍ਰਹਿਣ ਕਰਕੇ ਵਿਦਵਾਨ ਬਣਨ ਨਾਲੋਂ ਅੰਗਰੇਜ਼ੀ ਮਾਧਿਅਮ ਵਿਚ ਵਿਦਿਆ ਪ੍ਰਾਪਤ ਕਰਕੇ ਚੰਗੀ ਕਮਾਈ ਵਾਲੀਆਂ ਨੌਕਰੀਆਂ ਪ੍ਰਾਪਤ ਕਰਨ ਦੀ ਚਾਹਵਾਨ ਹੈ। ਪੰਜਾਬੀਆਂ ਨੂੰ ਆਪਣੇ ਲੇਖਕਾਂ 'ਤੇ ਕੋਈ ਮਾਣ ਨਹੀਂ ਤੇ ਨਾ ਹੀ ਸਾਹਿਤ ਰਸੀਏ ਹੋਣ ਦਾ ਸ਼ੌਕ ਹੈ। ਪੰਜਾਬੀ ਦੇ ਪਾਠਕਾਂ ਦੀ ਗਿਣਤੀ ਨਾ ਹੋਣ ਬਰਾਬਰ ਹੈ। ਪੰਜਾਬੀ ਲੇਖਕ ਪਾਠਕਾਂ ਨਾਲ ਰਿਸ਼ਤਾ ਨਾ ਬਰਾਬਰ ਹੈ। ਪੰਜਾਬੀ ਲੇਖਕ ਪਾਠਕਾਂ ਲਈ ਨਹੀਂ ਸਗੋਂ ਆਪਣੀਆਂ ਪੁਸਤਕਾਂ ਦੀ ਸੂਚੀ ਵਿਚ ਵਾਧਾ ਕਰਨ ਲਈ ਪੱਲਿਓਂ ਪੈਸੇ ਖਰਚ ਕੇ ਪੁਸਤਕਾਂ ਛਪਵਾਉਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬੀ ਲੇਖਕਾਂ ਦੀ ਗਿਣਤੀ ਵਧ ਰਹੀ ਹੈ। ਪੰਜਾਬੀ ਵਿਚ ਛਪਣ ਵਾਲੀਆਂ ਪੁਸਤਕਾਂ ਵਿਚ ਨਿਤ ਵਾਧਾ ਹੋ ਰਿਹਾ ਹੈ ਪਰ ਪੰਜਾਬੀ ਪਾਠਕਾਂ ਦੀ ਗਿਣਤੀ ਘਟਦੀ ਹੀ ਜਾ ਰਹੀ ਹੈ। ਪੰਜਾਬੀਆਂ ਵਿਚ ਵਿਦਵਤਾ ਦੀ ਘਾਟ ਨਹੀਂ ਪਰ ਆਪਣੀ ਭਾਸ਼ਾ ਨੂੰ ਅਣਗੌਲਿਆਂ ਕਰਨ ਕਰਕੇ ਵਿਦਵਤਾ ਦੇ ਖੇਤਰ ਵਿਚ ਇਨ੍ਹਾਂ ਦੀ ਪਛਾਣ ਨਹੀਂ ਬਣ ਸਕੀ।

ਪੰਜਾਬੀ ਸੂਬੇ ਦੀ ਇਹ ਇਕ ਵੱਡੀ ਤ੍ਰਾਸਦੀ ਹੈ ਕਿ ਸੂਬੇ ਵਿਚ ਮਾਤ ਭਾਸ਼ਾ ਪੰਜਾਬੀ ਨੂੰ ਉਸ ਦਾ ਬਣਦਾ ਸਤਿਕਾਰ ਨਹੀਂ ਮਿਲ ਸਕਿਆ। ਇਸ ਤੋਂ ਵੀ ਵੱਡੀ ਤ੍ਰਾਸਦੀ ਇਹ ਹੈ ਕਿ ਜਾਗਰੂਕ ਪੰਜਾਬੀ ਜਲਸੇ ਜਲੂਸ ਕਰਕੇ ਜਦੋਂ ਵੀ ਪੰਜਾਬੀ ਭਾਸ਼ਾ ਲਈ ਜਦੋਜਹਿਦ ਕਰਦੇ ਹਨ ਤਾਂ ਸਿਰਫ਼ ਸਰਕਾਰ ਤੋਂ ਹਰ ਪੱਧਰ 'ਤੇ ਪੰਜਾਬੀ ਲਾਗੂ ਕਰਨ ਦੀ ਨਾਅਰੇ ਮਾਰ ਕੇ ਮੰਗ ਕਰਦੇ ਹਨ। ਸਰਕਾਰੀ ਪੱਧਰ 'ਤੇ ਪੰਜਾਬੀ ਲਾਗੂ ਨਾ ਹੋਣਾ ਇਸ ਦੀ ਮਾਣਹਾਨੀ ਜ਼ਰੂਰੀ ਹੈ ਪਰ ਹਰ ਪੱਧਰ 'ਤੇ ਲਾਗੂ ਹੋਣ ਨਾਲ ਇਸ ਦਾ ਬਣਦਾ ਸਤਿਕਾਰ ਬਹਾਲ ਨਹੀਂ ਹੋ ਸਕਦਾ। ਇਹ ਜਾਗਰੂਕ ਵਿਦਵਾਨ ਤੇ ਲੇਖਕ ਏਨੀ ਗੱਲ ਨਹੀਂ ਸਮਝਦੇ ਕਿ ਭਾਸ਼ਾ ਦਾ ਸਤਿਕਾਰ ਤੇ ਮਾਣ ਸਰਕਾਰਾਂ ਨਹੀਂ ਸਗੋਂ ਮਾਤ ਭਾਸ਼ਾ ਦੇ ਸਪੂਤ ਸਾਕਾਰ ਕਰਦੇ ਹਨ। ਜਿਸ ਭਾਸ਼ਾ ਵਿਚ ਲੇਖਕ ਹੋਣਾ ਕਿੱਤਾ ਨਹੀਂ ਸਗੋਂ ਮਹਿਜ ਸ਼ੌਕ ਹੋਵੇ ਤੇ ਜਿਸ ਭਾਸ਼ਾ ਵਿਚ ਸਾਹਿਤਕ ਪੁਸਤਕ ਦੀ ਛਪਾਈ ਸੈਂਕੜਿਆਂ ਤਕ ਸੀਮਤ ਹੋਵੇ ਉਸ ਭਾਸ਼ਾ ਦਾ ਸਤਿਕਾਰ ਕੋਈ ਸਰਕਾਰ ਬਹਾਲ ਨਹੀਂ ਕਰ ਸਕਦੀ। ਪੰਜਾਬੀ ਹਰ ਮੁਸ਼ਕਲ ਨਾਲ ਟਕਰਾਉਣ ਤੇ ਇਤਿਹਾਸ ਸਿਰਜਣ ਵਿਚ ਮੋਹਰੀ ਹਨ।

ਅੱਜ ਮੈਂ ਪੰਜਾਬੀਆਂ ਦੀ ਅਣਖ ਨੂੰ ਵੰਗਾਰਨਾ ਚਾਹੁੰਦਾ ਹਾਂ। ਆਓ ਪੰਜਾਬੀਓ ਰਲ ਕੇ ਹੰਭਲਾ ਮਾਰੀਏ ਅਤੇ ਆਪਣੇ ਮਾਣ ਸਤਿਕਾਰ ਨੂੰ ਚਾਰ ਚੰਨ ਲਾਉਣ ਲਈ ਪੰਜਾਬੀ ਆਪਣੇ ਬੱਚਿਆਂ ਨੂੰ ਮਾਤ ਭਾਸ਼ਾ ਪੰਜਾਬੀ ਦੇ ਮਾਧਿਅਮ ਰਾਹੀਂ ਵਿਦਿਆ ਦੇਣ ਵਿਚ ਫਖਰ ਮਹਿਸੂਸ ਕਰਨ ਅਤੇ ਹਰ ਮਹੀਨੇ ਹਰ ਘਰ ਵਿਚੋਂ ਘੱਟੋ-ਘੱਟ ਦੋ ਪੰਜਾਬੀ ਦੀਆਂ ਸਾਹਿਤਕ ਪੁਸਤਕਾਂ ਦਾ ਵਾਧਾ ਹੋਣ ਲੱਗ ਪਵੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬੀ ਦੇ ਲੇਖਕਾਂ ਨੂੰ ਵੀ ਉਸ ਦੇ ਪਾਠਕ ਟੈਗੋਰ ਵਾਂਗ ਮੱਥੇ ਟੇਕਣਗੇ ਅਤੇ ਪੰਜਾਬੀ ਦੇ ਲੇਖਕ ਮਾਣ ਨਾਲ ਆਪਣੇ ਪਾਠਕਾਂ ਦੇ ਸਿਰ ਤੇ ਕਿੱਤੇ ਵਜੋਂ ਸਾਹਿਤ ਦੀ ਸਿਰਜਣਾ ਕਰ ਸਕਣਗੇ। ਪੰਜਾਬੀ ਜਾਗਣਗੇ ਤਾਂ ਹੀ ਪੰਜਾਬੀ ਸੂਬੇ ਦੀ ਸਹੀ ਸੀਮਾ ਤੇ ਸੰਕਲਪ ਸਾਕਾਰ ਹੋ ਸਕੇਗਾ।

# ਪੈਂਤੀ ਅੱਖਰਾਂ ਦਾ ਮੁੱਲ!

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਪਰ੍ਹਿਆ ਵਿਚ ਭੈਣ ਦੀ ਗਾਲ੍ਹ? ... ਉਹ ਵੀ ਸਿਰੇ ਦੇ ਕੁਪੱਤੇ ਸੀਤਲ ਸਿੰਹੁ ਨੂੰ! ਜਿਸ ਦੀ ਪਿੱਠ ਪਿੱਛੇ ਪਿੰਡ ਵਾਲੇ ਕੋਈ ਉਸ ਨੂੰ 'ਖੜੱਪਾ', ਕੋਈ 'ਕਾਲਾ ਨਾਗ' ਅਤੇ ਕੋਈ 'ਚਲਦੀ-ਫਿਰਦੀ ਸੱਤ/ਇਕਵੰਜਾ' ਕਿਹਾ ਕਰਦੇ ਸਨ। ਹਰ ਇਕ ਦੇ ਗਲ਼ ਪੈਣ ਵਾਲੇ ਉਹਦੇ ਤੱਤੇ ਸੁਭਾਅ ਕਰਕੇ ਪਿੰਡ ਵਾਸੀ ਦੱਬਵੀਂ ਜ਼ੁਬਾਨ ਉਸ ਦਾ ਮਖ਼ੌਲ ਉਡਾਇਆ ਕਰਦੇ ਸਨ ਕਿ ਪਤਾ ਨਹੀਂ ਕਿਸ ਭੜੂਏ ਨੇ ਇਹਦਾ ਇੰਨਾ ਠੰਢਾ ਨਾਂ ਰੱਖਿਆ ਹੋਵੇਗਾ! ਇਸੇ ਕਰਕੇ ਸਾਰੇ ਗਰਾਈਂ ਸੀਤਲ ਸਿੰਘ ਵੱਲੋਂ ਕਹੀ ਗਈ ਕਿਸੇ ਕੌੜੀ-ਕਸੈਲੀ ਗੱਲ ਨੂੰ ਵੀ ਹੋਊ-ਪਰ੍ਹੇ ਕਰ ਦਿੰਦੇ। ਸਾਰੇ ਜਾਣਦੇ ਸਨ ਕਿ ਉਹਦੇ ਨਾਲ ਲਿਆ 'ਪੰਗਾ' ਬਹੁਤ 'ਮਹਿੰਗਾ' ਪੈਂਦਾ ਹੈ। ਕਈ ਬਾਹਲੇ ਈ ਖ਼ੌਫ਼ਜ਼ਦਾ ਬੰਦੇ ਉਸ ਨੂੰ ਭਿੱਜੀ ਬਿੱਲੀ ਵਾਂਗ ਘਿਗਿਆਈ ਆਵਾਜ਼ ਵਿਚ ਬੁਲਾਉਂਦੇ, "ਜਥੇਦਾਰ ਸਾਹਿਬ ਅੱਜ ਕਿਧਰ ਭਾਗ ਲਾਉਣ ਜਾ ਰਹੇ ਨੇ?" ਇਹੋ ਜਿਹਾ ਮਿਠਾਸ ਭਰਿਆ ਵਾਕ ਵੀ ਸੀਤਲ ਸਿੰਘ ਦੇ ਮੱਥੇ ਦੀ ਤਿਊੜੀ ਖੋਲ੍ਹਣ ਤੋਂ ਹੱਥ ਖੜ੍ਹੇ ਕਰ ਜਾਂਦਾ।

ਗੁਸੈਲ ਸੁਭਾਅ ਵਾਲੇ ਲੋਕਾਂ ਵਾਸਤੇ ਕਹਾਵਤ ਬਣੀ ਹੋਈ ਹੈ ਕਿ ਫਲਾਣਾ ਤਾਂ ਨੱਕ 'ਤੇ ਮੱਖੀ ਨਹੀਂ ਬਹਿਣ ਦਿੰਦਾ ਪਰ ਸੀਤਲ ਸਿੰਘ ਦਾ ਇਹ ਹਾਲ ਸੀ ਕਿ ਨੱਕ 'ਤੇ ਬਿਠਾਉਣ ਦਾ ਖ਼ਿਆਲ ਤਾਂ ਕਿਤੇ ਰਿਹਾ, ਕੋਈ 'ਮੱਖੀ' ਉਹਦੇ ਸਰੀਰ ਦੇ ਨੇੜੇ ਆਉਣ ਦਾ ਹੀਆ ਵੀ ਨਹੀਂ ਸੀ ਕਰਦੀ! ਹਰ ਵੇਲੇ ਪੁੱਠੀ ਕੁਹਾੜੀ ਵਾਂਗ ਪੈਣ ਲਈ ਤਿਆਰ-ਬਰ-ਤਿਆਰ!!

...ਤੇ ਅੱਜ ਜਦੋਂ ਉਮਰ ਵਿਚ ਉਹਦੇ ਨਾਲੋਂ ਪੰਜ-ਸੱਤ ਸਾਲ ਵੱਡੇ ਨੱਥਾ ਸਿੰਘ ਨੇ ਉਸ ਨੂੰ ਭੈਣ ਦੀ ਗਾਲ੍ਹ ਕੱਢ ਦਿੱਤੀ ਤਾਂ ਸੁਣਨ ਵਾਲਿਆਂ ਦੇ ਮੂੰਹ ਅੱਡੇ ਦੇ ਅੱਡੇ ਰਹਿ ਗਏ। ਸਾਰੇ ਇਕੱਠ ਵਿਚ ਸੰਨਾਟਾ ਛਾ ਗਿਆ। ਅਗਲੇ ਪਲਾਂ ਵਿਚ ਭਿਆਨਕ ਅਤੇ ਦਰਦਨਾਕ ਲੜਾਈ ਹੋਣ ਦੇ ਦ੍ਰਿਸ਼ਾਂ ਬਾਰੇ ਕਿਆਸ ਕਰਦਿਆਂ ਹਾਜ਼ਰ ਬੁੱਢੇ-ਠੇਰੇ, ਜਵਾਨ ਤੇ ਨਿਆਣੇ ਸਾਰੇ ਸੀਤਲ ਸਿੰਘ ਦੀਆਂ ਜ਼ਹਿਰੀ ਅੱਖਾਂ ਵੱਲ ਤੱਕਣ ਲੱਗੇ, ਜਿਨ੍ਹਾਂ ਵਿਚ ਹੁਣ ਕਿਤੇ ਵੀ ਚਿਟਿਆਈ ਨਹੀਂ ਸਗੋਂ ਖ਼ੂਨ ਹੀ ਖ਼ੂਨ ਦਿਖਾਈ ਦੇ ਰਿਹਾ ਸੀ। ਉਸ ਦਾ ਤਿੱਖਾ ਨੱਕ ਭੈਣ ਦੀ ਗਾਲ੍ਹ ਸੁਣ ਕੇ ਠੂੰਹੇ ਸੁੱਟ ਰਿਹਾ ਪ੍ਰਤੀਤ ਹੁੰਦਾ ਸੀ!

...ਗੱਲ ਵੀ ਕੁਝ ਨਹੀਂ ਸੀ ਹੋਈ, ਦੁਪਹਿਰ ਵੇਲੇ ਰੋਜ਼ ਵਾਂਗ ਪਿੰਡ ਦੇ ਦਰਵਾਜ਼ੇ ਗੱਪ-ਗੋਸ਼ਟੀ ਚੱਲ ਰਹੀ ਸੀ। ਇਕ-ਦੋ ਢਾਣੀਆਂ ਤਾਸ਼ ਖੇਡਣ ਵਿਚ ਮਸਤ ਸਨ। ਢਾਂਗੂ-ਡੰਗੋਰੀਆਂ ਲਈ ਪਿੰਡ ਦੇ ਬਜ਼ੁਰਗ ਵੀ ਇਥੇ ਬੈਠੇ ਸਨ। ਗੱਲਾਂ-ਬਾਤਾਂ ਦਾ ਰੁਖ਼ ਸਿਆਸਤ ਵੱਲ ਮੁੜ ਗਿਆ। ਕਿਸੇ ਨੁਕਤੇ 'ਤੇ ਬਹਿਸ-ਮੁਬਾਹਿਸਾ ਛਿੜ ਪਿਆ। ਸੀਤਲ ਸਿੰਘ ਦੀ ਕਿਸੇ ਅਵੈੜੀ ਗੱਲ ਦੇ ਜਵਾਬ ਵਿਚ ਨੱਥਾ ਸਿੰਘ ਦੇ ਮੂੰਹੋਂ ਸਹਿਵਨ ਹੀ ਉਸ ਨੂੰ ਭੈਣ ਦੀ ਗਾਲ੍ਹ ਨਿਕਲ ਗਈ। ਹਾਲਾਂਕਿ ਆਮ ਪੇਂਡੂ ਬੁੜ੍ਹਿਆਂ ਵਾਂਗ ਇਹ ਬਜ਼ੁਰਗ ਗਾਲ੍ਹ-ਖੰਢੇ ਸੁਭਾਅ ਦਾ ਨਹੀਂ ਸੀ ਪਰ ਤੀਰ ਕਮਾਨੋਂ ਗੱਲ ਜ਼ਬਾਨੋਂ ਨਿਕਲਿਆਂ ਵਾਪਸ ਨਹੀਂ ਮੁੜਦੇ!

ਇਸ ਖੁੰਢ-ਚਰਚਾ ਦਾ ਮਾਹੌਲ ਇਕਦਮ ਬਦਲ ਗਿਆ। ਤਾਸ਼ਾਂ ਛੁੱਟ ਗਈਆਂ...ਚੁੱਪ-ਚਾਂ ਵਰਤ ਗਈ! ਕੁਝ ਸਿਆਣੇ ਮਨੋ-ਮਨੀ ਸਕੀਮਾਂ ਬਣਾਉਣ ਲੱਗੇ ਕਿ ਸੀਤਲ ਸਿੰਘ ਨੂੰ ਠੰਢਾ ਕਿਵੇਂ ਕੀਤਾ ਜਾਵੇ? ਨੱਥਾ ਸਿੰਘ ਦੇ ਮਿੱਤਰ-ਮੇਲੀ, ਉਸ ਨੂੰ ਉਥੋਂ ਬਾ-ਹਿਫ਼ਾਜ਼ਤ ਉਠਾ ਕੇ ਲੈ ਜਾਣ ਦੀਆਂ ਤਰਕੀਬਾਂ ਸੋਚਣ ਲੱਗੇ। ਕੁਝ ਤਮਾਸ਼ਬੀਨ ਕਿਸਮ ਦੇ ਬੰਦੇ ਇਹ ਚਾਹੁੰਦੇ ਸਨ ਕਿ ਕਦੋਂ ਦੋਵੇਂ ਜਣੇ ਗੁੱਥਮ-ਗੁੱਥਾ ਹੋਣ ਅਤੇ ਨੱਥਾ ਸਿੰਘ ਦੀ ਪੱਗ ਖਿਲਰੀ ਪਈ ਹੋਵੇ। ਉਹਦੀ ਦਾੜ੍ਹੀ ਦੇ ਵਾਲ ਸੀਤਲ ਸਿੰਘ ਦੇ ਹੱਥਾਂ ਵਿਚ ਹੋਣ। ਨੱਥਾ ਸਿੰਹੁ ਦੇ ਮੂੰਹ 'ਚੋਂ ਖ਼ੂਨ ਦੀਆਂ ਤਤ੍ਹੀਰੀਆਂ ਵਗਣ ਲੱਗ ਪੈਣ...! ਜਿਵੇਂ ਕਿਸੇ ਕਤਲ ਦਾ ਫ਼ੈਸਲਾ ਸੁਣਨ ਲਈ ਅਦਾਲਤ ਵਿਚ ਹਾਜ਼ਰ ਬੰਦੇ ਜੱਜ ਦੇ ਚਿਹਰੇ 'ਤੇ ਨਜ਼ਰਾਂ ਗੱਡੀ ਖੜ੍ਹੇ ਹੁੰਦੇ ਹਨ, ਇਸੇ ਤਰ੍ਹਾਂ ਸਾਰੀ ਸੱਥ, ਸੀਤਲ ਸਿੰਘ ਵੱਲੋਂ ਗਾਲ੍ਹ ਦੇ ਜਵਾਬ ਵਿਚ ਕੀਤੇ ਜਾਣ ਵਾਲੇ ਸੰਭਾਵੀ ਹਮਲੇ ਦਾ ਅਨੁਮਾਨ ਲਾਉਣ ਲੱਗੀ।

ਫ਼ੁਰਤੀ ਨਾਲ ਸੀਤਲ ਉਠਿਆ। ਨਾਸਾਂ ਫੁਲਾ ਕੇ ਸੱਪ ਵਾਂਗ ਫੁੰਕਾਰਾ ਮਾਰਿਆ। ਚੌਂਤਰੇ ਉਪਰ ਖੋਲ੍ਹ ਕੇ ਰੱਖੀ ਹੋਈ ਆਪਣੀ ਧੌੜੀ ਦੀ ਜੁੱਤੀ ਵੱਲ ਅਹੁਲਿਆ। ਦੰਦ ਕਰੀਚਦਿਆਂ ਨੱਥਾ ਸਿੰਘ ਵੱਲ ਦੇਖ ਕੇ ਖੰਘੂਰਾ ਮਾਰਿਆ। ਕ੍ਰੋਧ ਨਾਲ ਭਰੇ-ਪੀਤੇ ਨੇ ਸਾਰੇ ਜ਼ੋਰ ਨਾਲ ਲਾਗੇ ਦੀ ਕੰਧ 'ਤੇ ਥੁੱਕਿਆ। ਸਾਰਿਆਂ ਦੇ ਦੇਖਦੇ-ਦੇਖਦੇ ਉਸ ਨੇ ਜੁੱਤੀ ਪੈਰੀਂ ਫਸਾਈ ਤੇ ਆਪਣੇ ਘਰ ਵੱਲ ਜਾਂਦੀ ਗਲੀ ਤੁਰ ਗਿਆ। ਦੇਖਣ ਵਾਲੇ ਹੱਕੇ-ਬੱਕੇ ਰਹਿ ਗਏ! ਸੀਤਲ ਦਾ ਅਜਿਹਾ ਵਿਹਾਰ ਦੇਖ ਕੇ ਉਨ੍ਹਾਂ ਨੂੰ ਜਾਪਣ ਲੱਗਾ ਜਿਵੇਂ ਉਹ ਸਾਰੇ ਜਣੇ ਕੋਈ ਨਾਟਕ ਜਾਂ ਫਿਲਮੀ-ਦ੍ਰਿਸ਼ ਦੇਖ ਕੇ ਹਟੇ ਹੋਣ। 'ਇਹ ਕਿਵੇਂ ਹੋ ਗਿਆ?' ਇਸ ਸਵਾਲ ਦੇ ਜਵਾਬ ਵਜੋਂ ਸਾਰਿਆਂ ਨੇ ਆਪੋ-ਆਪਣੇ ਕਿਆਫ਼ੇ ਲਾਏ।

ਇਸ ਅੱਲੋਕਾਰੀ ਘਟਨਾ ਮਗਰੋਂ ਜਿਹੜੇ ਲੋਕਾਂ ਨੇ ਸੀਤਲ ਸਿੰਘ ਨੂੰ 'ਦੇਵਤਾ ਸਰੂਪ' ਬਣ ਗਿਆ ਅਨੁਮਾਨਿਆ ਸੀ, ਉਨ੍ਹਾਂ ਦਾ ਭਰਮ ਕੁਝ ਦਿਨਾਂ ਬਾਅਦ ਉਦੋਂ ਟੁੱਟ ਗਿਆ ਜਦੋਂ ਉਸ ਨੇ ਮਾਮੂਲੀ ਜਿਹੀ ਗੱਲ ਪਿੱਛੇ ਹੋਏ ਤਕਰਾਰ ਕਾਰਨ ਹੱਟੀ ਵਾਲੇ ਸ਼ਰੀਫ਼ ਲਾਲੇ ਨੂੰ ਹਸਪਤਾਲ ਦਾਖ਼ਲ ਕਰਵਾਉਣ ਜੋਗਾ ਕਰ ਦਿੱਤਾ। ਆਪਣੀ ਆਦਤ ਅਨੁਸਾਰ ਉਹ ਕਿਸੇ ਨਾ ਕਿਸੇ ਨਾਲ ਸਿੰਗ ਫਸਾਈ ਰੱਖਦਾ ਪਰ ਉਸ ਨੇ ਨੱਥਾ ਸਿੰਘ ਤੋਂ ਖਾਧੀ ਭੈਣ ਦੀ ਗਾਲ੍ਹ ਨੂੰ ਅਣਗੌਲਿਆ ਹੀ ਕਰ ਦਿੱਤਾ। ਆਸ ਦੇ ਉਲਟ ਉਸ ਨੇ ਇਹ 'ਫ਼ਰਾਖ਼ ਦਿਲੀ' ਕਿਉਂ ਦਿਖਾਈ? ਸਾਰਾ ਪਿੰਡ ਹੈਰਾਨ ਸੀ ਪਰ ਉਸ ਨੂੰ ਸਿੱਧਾ ਪੁੱਛ ਲੈਣ ਦੀ ਹਿੰਮਤ ਕੋਈ ਨਾ ਕਰਦਾ।

ਪਿੰਡ ਵਾਸੀਆਂ ਨੇ ਇਕ ਹੋਰ ਅਚੰਭਾ ਉਦੋਂ ਦੇਖਿਆ ਜਦੋਂ ਕੁਝ ਦਿਨ ਬੀਮਾਰ ਰਹਿ ਕੇ ਚੜ੍ਹਾਈ ਕਰ ਗਏ ਨੱਥਾ ਸਿੰਘ ਦਾ ਅੰਤਿਮ ਸੰਸਕਾਰ ਕੀਤਾ ਜਾਣ ਲੱਗਾ। ਚਿਖ਼ਾ ਉਤੇ ਪਈ ਮ੍ਰਿਤਕ ਨੱਥਾ ਸਿੰਘ ਦੀ ਦੇਹ ਉਪਰ ਸੀਤਲ ਸਿੰਘ ਨੇ ਪੀਲੇ ਰੰਗ ਦਾ ਦੋ-ਢਾਈ ਮੀਟਰ ਕੱਪੜਾ ਪਾ ਕੇ, ਉਹਦੇ ਪੈਰਾਂ 'ਤੇ ਝੁਕ ਕੇ ਮੱਥਾ ਟੇਕਿਆ, "ਚੰਗਾ ਬਈ ਗੁਰੂਆ, ਭੁੱਲ-ਚੁੱਕ ਮੁਆਫ਼ ਕਰੀਂ!" ਭਰੜਾਈ ਆਵਾਜ਼ ਵਿਚ ਇੰਜ ਕਹਿ ਕੇ ਉਹ ਪਰਨੇ ਨਾਲ ਅੱਖਾਂ ਪੂੰਝਦਾ ਹੋਇਆ ਚਿਖ਼ਾ ਤੋਂ ਪਿੱਛੇ ਹਟ ਗਿਆ। ਪਿੰਡਵਾਸੀਆਂ ਨੇ ਵੈਰਾਗ ਵਿਚ ਆਇਆ ਸੀਤਲ ਸਿੰਘ ਪਹਿਲੀ ਵਾਰ ਦੇਖਿਆ।

"ਹੋਊ ਕੋਈ ਵਿਚਲੀ ਗੱਲ!" ਦੇਖਣ ਵਾਲਿਆਂ ਦੇ ਮਨਾਂ ਵਿਚ ਇਹ ਇਕ ਹੋਰ ਸ਼ੰਕਾ ਉਠ ਖੜ੍ਹਾ ਹੋਇਆ। ਲੋਕਾਂ ਨੇ ਗਾਲ੍ਹ ਹਜ਼ਮ ਕਰਨ ਵਾਲੇ ਅਚੰਭੇ ਅਤੇ ਮ੍ਰਿਤਕ ਨੱਥਾ ਸਿੰਘ ਨੂੰ 'ਗੁਰੂਆ' ਕਹਿ ਕੇ ਮੱਥਾ ਟੇਕਣ ਵਾਲੀ ਕਿਰਿਆ ਵਿਚਾਲੇ ਭਾਂਤ-ਸੁਭਾਂਤੀਆਂ ਕੜੀਆਂ ਜੋੜਨੀਆਂ ਸ਼ੁਰੂ ਕਰ ਦਿੱਤੀਆਂ। ਪਤਾ ਨਹੀਂ ਹੋਰ ਕਿੰਨੀਆਂ ਕੁ ਖੰਭਾਂ ਦੀਆਂ ਡਾਰਾਂ ਬਣੀ ਜਾਣੀਆਂ ਸਨ, ਜੇ ਕਿਤੇ ਸੀਤਲ ਸਿੰਘ ਇਨ੍ਹਾਂ ਗੁੱਝੀਆਂ ਗੱਲਾਂ ਦੇ ਆਪਣੇ ਭੇਤ ਨਾ ਖੋਲ੍ਹਦਾ।

ਜਿਵੇਂ ਪਿੰਡਾਂ ਵਿਚ ਸਹਿਚਾਰ ਵਾਲੀ ਰਵਾਇਤ ਹੈ ਕਿ ਸੋਗ ਵਾਲੇ ਪਰਿਵਾਰ ਦਾ ਧੀਰਜ ਬੰਨ੍ਹਾਉਣ ਵਾਸਤੇ ਆਂਢ-ਗੁਆਂਢ ਅਤੇ ਮੇਲ-ਮਿਲਾਪ ਵਾਲੇ ਸੱਜਣ-ਮਿੱਤਰ ਦੇਰ ਰਾਤ ਤਕ ਬੈਠੇ ਗੱਲਾਂ-ਬਾਤਾਂ ਕਰਦੇ ਰਹਿੰਦੇ ਹਨ। ਇਵੇਂ ਹੀ ਮ੍ਰਿਤਕ ਨੱਥਾ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਉਣ ਵਾਸਤੇ ਇਕ ਰਾਤ ਪਿੰਡ ਦੇ ਸਰਕਰਦਾ ਬੰਦੇ ਇਕੱਠੇ ਹੋਏ ਬੈਠੇ ਸਨ। ਗੁਜ਼ਰ ਗਏ ਬਜ਼ੁਰਗ ਦੇ ਸਾਊਪੁਣੇ ਅਤੇ ਆਪਣੇ ਪਰਿਵਾਰ ਲਈ ਘਾਲੀਆਂ ਘਾਲਣਾਵਾਂ ਦੀ ਚਰਚਾ ਹੋ ਰਹੀ ਸੀ। ਇਸ ਸੋਗ ਸਭਾ ਵਿਚ ਸੀਤਲ ਸਿੰਘ ਨੂੰ ਬੈਠਾ ਦੇਖ ਕੇ, ਇਕ ਘੁਣਤਰੀ ਬੰਦੇ ਨੇ 'ਟਕੋਰਨੁਮਾ' ਗੱਲ ਚਲਾਈ... "ਦੇਖ ਲਓ ਬਈ, ਆਪਣੇ ਜਥੇਦਾਰ ਸੀਤਲ ਸਿੰਹੁ ਹੋਣਾ ਮੋਹਰੇ, ਮਜ਼ਾਲ ਐ ਕਿ ਕੋਈ ਖੰਘ ਵੀ ਜਾਵੇ! ਪਰ ਸਾਡੇ ਬਾਈ ਨੱਥਾ ਸਿੰਹੁ ਦਾ ਰੋਅਬ-ਦਾਬ ਈ ਐਨਾ ਸੀ ਕਿ ਇਨ੍ਹਾਂ (ਸੀਤਲ ਸਿੰਘ) ਨੇ ਉਹਦੀ ਗਾਲ੍ਹ ਨੂੰ ਘਿਉ ਵਾਂਗ ਹੀ ਪੀ ਲਿਆ! ਸਦਕੇ ਜਾਈਏ...!! ਇੱਦਾਂ ਦੇ 'ਨਰ' ਬੰਦੇ ਰੋਜ਼ ਰੋਜ਼ ਨਹੀਂ ਜੰਮਦੇ!!!"

ਦਰਅਸਲ 'ਸਿਫ਼ਤਾਂ ਨਾਲ ਲੱਦੇ ਪਏ' ਇਸ ਵਾਕ ਵਿਚ ਮ੍ਰਿਤਕ ਨੱਥਾ ਸਿੰਘ ਦੀ ਸੋਭਾ ਘੱਟ ਪਰ ਮੋਹਰੇ ਜਿਊਂਦੇ-ਜਾਗਦੇ ਬੈਠੇ ਸੀਤਲ ਸਿੰਹੁ ਲਈ 'ਉਕਸਾਹਟ' ਵਧੇਰੇ ਸੀ। ਕਹਿਣ ਵਾਲੇ ਨੇ ਇਸ ਅੰਦਾਜ਼ ਨਾਲ 'ਤੀਰ ਮਾਰਿਆ' ਕਿ ਸੀਤਲ ਸਿੰਹਾਂ ਦੱਸ ਤਾਂ ਸਹੀ, ਤੂੰ ਇਤਨਾ ਅੜਬੰਗ ਹੋ ਕੇ ਵੀ ਉਸ ਦਿਨ ਗਾਲ਼ ਕਿਵੇਂ ਸਹਿ ਗਿਆ? ਉਹੀ ਗੱਲ ਹੋਈ। ਸਾਰਿਆਂ ਦੀਆਂ ਨਿਗਾਹਾਂ ਆਪਣੇ ਵੱਲ ਸਿੱਧੀਆਂ ਹੋਈਆਂ ਦੇਖ ਕੇ, ਸ਼ਾਇਦ ਸੀਤਲ ਵੀ ਵਿਚਲੀ ਗੱਲ ਭਾਂਪ ਗਿਆ। ਮਾਨੋ ਇਸ 'ਸੇਕ' ਨਾਲ ਉਸ ਦੇ ਅੰਦਰ ਪਿਆ 'ਯਾਦਾਂ ਦਾ ਘਿਉ' ਪੰਘਰ ਗਿਆ। ਆਪਣੇ ਪੈਰਾਂ ਨੂੰ ਮੋਟੇ ਕੰਬਲ ਨਾਲ ਢਕਦਿਆਂ ਉਸ ਨੇ ਜਿਹੜਾ ਅਤੀਤ ਸਭ ਦੇ ਸਾਹਮਣੇ ਬਿਆਨਿਆ, ਉਸ ਦਾ ਸਾਰ-ਅੰਸ਼ ਕੁਝ ਅਜਿਹਾ ਸੀ:

"ਸੀਤਲ ਸਿੰਘ ਜਿਹਦਾ ਬਚਪਨ ਦਾ ਨਾਂ ਜੰਗੀ ਸੀ, ਹੋਸ਼ ਸੰਭਾਲਦਿਆਂ ਹੀ ਮਾਂ-ਮਹਿੱਟਰ ਹੋ ਗਿਆ। ਥੋੜ੍ਹੇ ਅਰਸੇ ਬਾਅਦ ਸਿਰ ਤੋਂ ਪਿਉ ਦਾ ਸਾਇਆ ਵੀ ਉਠ ਗਿਆ। ਭੈੜੀ ਸੋਹਬਤ ਕਰਕੇ ਅਨਪੜ੍ਹ ਜੰਗੀ ਵਿਗੜਦਾ ਗਿਆ। ਡੰਗਰ ਚਾਰਨੇ, ਸ਼ਰਾਬ ਕੱਢਣੀ ਤੇ ਮਿੱਤਰ-ਮੇਲੀਆਂ ਨਾਲ ਮੌਜ-ਮਸਤੀ ਕਰਨੀ, ਇਹ ਉਸ ਦਾ ਕਿੱਤਾ ਬਣ ਗਿਆ। ਰੋਡ-ਭੋਡ ਹੋ ਕੇ ਸਿਗਰਟਾਂ-ਹੁੱਕਾ ਵੀ ਪੀਣ ਲੱਗ ਪਿਆ। ਮੇਲਿਆਂ-ਛਿੰਝਾਂ ਵਿਚ ਜਾ ਕੇ ਬੱਕਰੇ ਬੁਲਾਉਣੇ ਅਤੇ ਖਰਮਸਤੀਆਂ ਕਰਨੀਆਂ ਉਸ ਦਾ ਸ਼ੁਗਲ ਬਣ ਗਿਆ।

ਇਕ ਦਿਨ ਖੇਤੋਂ ਘਰ ਨੂੰ ਵਾਪਸ ਆ ਰਹੇ ਨੱਥਾ ਸਿੰਘ ਨੇ ਇਸ ਨੂੰ ਡੰਗਰਾਂ ਮਗਰ ਭੱਜਦਾ ਦੇਖ ਲਿਆ। ਉਹ ਇਸ ਨੂੰ ਕਹਿੰਦੇ, "ਉਇ ਜੰਗੀ, ਜੇ ਪਸ਼ੂ ਚਰਾਉਣ ਦੇ ਨਖਿੱਧ ਕੰਮ ਤੋਂ ਛੁਟਕਾਰਾ ਪਾਉਣੈ ਤੇ ਸਵਰਗ ਦੇ ਨਜ਼ਾਰੇ ਲੁੱਟਣੇ ਐਂ ਤਾਂ ਚੱਲ ਮੇਰੇ ਨਾਲ!"

ਅਸਲ ਵਿਚ ਉਨ੍ਹੀਂ ਦਿਨੀਂ ਦਿੱਲੀ ਵਾਇਸਰਾਏ ਦੀ ਕੋਠੀ ਬਣਾਉਣ ਲਈ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਇਕ ਕੰਧ ਢਾਹ ਦਿੱਤੀ ਗਈ ਸੀ। ਪੰਥ ਨੇ ਇਸ ਸਰਕਾਰੀ ਧੱਕੇਸ਼ਾਹੀ ਵਿਰੁਧ ਮੋਰਚਾ ਲਾ ਦਿੱਤਾ। ਭਾਈ ਨੱਥਾ ਸਿੰਘ ਕੁਝ ਦਿਨਾਂ ਬਾਅਦ ਆਪਣੇ ਕੁਝ ਹੋਰ ਸਾਥੀਆਂ ਸਮੇਤ ਮੋਰਚੇ ਵਿਚ ਗ੍ਰਿਫਤਾਰ ਹੋਣ ਜਾ ਰਹੇ ਸਨ। 'ਸਵਰਗ ਦੇ ਨਜ਼ਾਰੇ ਲੁੱਟਣ' ਦੇ ਲਾਲਚ ਵਿਚ ਜੰਗੀ ਨੇ ਇਸ ਜਥੇ ਨਾਲ ਜਾਣ ਦੀ ਹਾਮੀ ਭਰ ਦਿੱਤੀ। ਸਮੇਤ ਜੰਗੀ ਗ੍ਰਿਫ਼ਤਾਰ ਹੋ ਕੇ ਇਹ ਜਥਾ ਕਰਨਾਲ ਜੇਲ੍ਹ ਪਹੁੰਚ ਗਿਆ। ਮੋਰਚੇ ਦੇ ਵਾਲੰਟੀਅਰਾਂ ਲਈ ਸਿੱਖ ਸੰਗਤਾਂ ਵੱਲੋਂ ਫਲ-ਫਰੂਟ ਦੇ ਟੋਕਰੇ ਅਤੇ ਖੁੱਲ੍ਹੀ ਮਠਿਆਈ ਪਹੁੰਚਾਈ ਜਾਂਦੀ। ਨਹਾਉਣ-ਧੋਣ ਨੂੰ ਮੁਸ਼ਕੀ ਸਾਬਣ-ਤੇਲ, ਨਾ ਕੋਈ ਕੰਮ ਨਾ ਕਾਰ। ਸਵੇਰੇ ਸ਼ਾਮ ਦੀਵਾਨ ਸਜਦਾ।

ਜੰਗੀ ਨੂੰ ਜੇਲ੍ਹ ਵਿਚ ਪਹੁੰਚ ਕੇ ਪਤਾ ਲੱਗਾ ਕਿ ਜਿਸ ਨੂੰ ਮੈਂ 'ਹਜਾਮਤ ਕਰਾਉਣੀ' ਆਖਦਾ ਹਾਂ, ਸਿੰਘ ਤਾਂ ਇਸ ਨੂੰ 'ਰੋਮਾਂ ਦੀ ਬਿਅਦਬੀ' ਕਹਿੰਦੇ ਨੇ! ਨੱਥਾ ਸਿੰਘ ਨੇ ਸਭ ਤੋਂ ਪਹਿਲਾਂ ਇਸ ਨੂੰ ਪੱਗ ਬੰਨ੍ਹਣੀ ਸਿਖਾਈ। ਫਿਰ ਗੁਰਮੁਖੀ ਦੇ ਅੱਖਰ ਲਿਖਣੇ-ਪੜ੍ਹਨੇ ਸਿਖਾਏ। ਮੋਰਚਾ ਲੰਮਾ ਹੋ ਗਿਆ। ਉਨ੍ਹਾਂ ਇਸ ਨੂੰ 'ਪੰਜ ਗ੍ਰੰਥੀ' ਦੀ ਸੰਥਿਆ ਵੀ ਪੂਰੀ ਕਰਵਾ ਦਿੱਤੀ। ਮੁੱਕਦੀ ਗੱਲ, ਜੰਗੀ ਖ਼ੁਦ ਹੀ ਅੰਮ੍ਰਿਤ-ਪਾਨ ਕਰਨ ਲਈ ਵੀ ਤਿਆਰ ਹੋ ਗਿਆ। ਜੇਲ੍ਹ ਤੋਂ ਬਾਹਰ ਆਉਣ ਵੇਲੇ ਉਹ ਜੰਗੀ ਸੀਤਲ ਸਿੰਘ ਬਣ ਚੁੱਕਾ ਸੀ!

"ਸਿਆਣਿਆਂ ਤੋਂ ਸੁਣਿਐਂ ਕਿ ਜਿਹਦੇ ਕੋਲੋਂ ਇਕ ਅੱਖਰ ਵੀ ਸਿਖਿਆ ਹੋਵੇ, ਉਹਦਾ ਗੁਰੂ ਜਿੰਨਾ ਆਦਰ ਕਰੋ। ਬਾਈ ਨੱਥਾ ਸਿੰਹੁ ਨੇ ਤਾਂ ਮੈਨੂੰ ਗੰਵਾਰ-ਡੰਗਰ ਨੂੰ ਪੂਰੇ ਪੈਂਤੀ ਅੱਖਰ ਪੜ੍ਹਾ ਕੇ ਬੰਦੇ ਦੀ ਜੂਨੇ ਪਾਇਆ। ਉਹਦੇ ਲਈ ਤਾਂ ਮੇਰਾ ਸਿਰ ਵੀ ਹਾਜ਼ਰ ਸੀ। ...ਕੋਈ ਹੋਰ ਹੁੰਦਾ ਤਾਂ ਮੈਂ ਕੱਚਾ ਨਾ ਖਾ ਜਾਂਦਾ!"

ਇਉਂ ਲੱਗਿਆ ਜਿਵੇਂ ਇਸ ਆਤਮ-ਕਥਾ ਦਾ ਅਖੀਰਲਾ ਵਾਕ ਸੀਤਲ ਸਿੰਘ ਦੇ ਅੰਦਰ ਬੈਠੇ 'ਜੰਗੀ' ਨੇ ਬੋਲਿਆ ਹੋਵੇ!



## ਵਿਅੰਗ

### ਸੁਲੱਖਣਾ ਮੂੰਹ

ਨਿਗਾਹ ਮਾਰਦਾ ਆਈਂ ਵੇ,
ਮੇਰੀ ਕੀਮਤੀ ਸ਼ੈਅ ਗੁਆਚੀ...।
ਨਿਗਾਹ ਮਾਰਦਾ ਆਈਂ ਵੇ,
ਬਹੁ ਮੁੱਲੀ ਸ਼ੈਅ ਗੁਆਚੀ...।

ਪਿੰਡ ਦੀ ਫਿਰਨੀ 'ਤੇ ਇਲਾਕੇ ਦੇ ਮੰਤਰੀ ਜੀ, ਗਲ ਵਿਚ ਢੋਲਕੀ ਪਾ ਕੇ ਵਜਾਉਂਦੇ ਹੋਏ, ਗਾਉਂਦੇ ਜਾ ਰਹੇ ਸਨ। ਉਨ੍ਹਾਂ ਦਾ ਪੁੱਤਰ ਚਿਮਟਾ ਵਜਾਉਂਦਾ ਨਾਲ ਨਾਲ ਲੰਮੀ ਹੇਕ ਲਾਉਂਦਾ ਜਾ ਰਿਹਾ ਸੀ। ਮਗਰ ਮਗਰ ਕੁਝ ਝੋਲੀ ਚੁੱਕ ਲੋਕ ਵਾਜਾ ਵਜਾਉਂਦੇ ਤਾਲ ਮੇਲਣ ਦੀ ਕੋਸ਼ਿਸ਼ ਕਰ ਰਹੇ ਸਨ। ਜੋ ਕੋਈ ਵੀ ਸੁਣਦਾ, ਉਨ੍ਹਾਂ ਦੇ ਮਗਰ ਤੁਰ ਪੈਂਦਾ, ਇਸ ਤਰ੍ਹਾਂ ਕਾਫੀ ਵੱਡਾ ਕਾਫਲਾ ਬਣ ਗਿਆ ਸੀ।

ਅਮਲੀ ਮਗਰ-ਮਗਰ ਸੋਚਦਾ ਜਾ ਰਿਹਾ ਸੀ ਕਿ ਨੇਤਾ ਜੀ ਦੀ ਅਜਿਹੀ ਕਿਹੜੀ ਸ਼ੈਅ ਗੁਆਚੀ ਹੋ ਸਕਦੀ ਹੈ, ਜੋ ਇਹ ਪੰਜਾਂ ਸਾਲਾਂ ਬਾਅਦ ਇੰਜ ਰੌਲਾ ਪਾਉਂਦਾ ਜਾ ਰਿਹਾ ਹੈ? ਅਖੀਰ ਉਸ ਨੇ ਨੇਤਾ ਜੀ ਦੇ ਅੱਗੇ ਹੋ ਕੇ ਪੁੱਛ ਹੀ ਲਿਆ, "ਜਨਾਬ ਅਜਿਹੀ ਕਿਹੜੀ ਚੀਜ਼ ਗੁਆਚੀ ਐ? ਜ਼ਰਾ ਸਾਨੂੰ ਖੋਲ੍ਹ ਕੇ ਦੱਸੋ ਤਾਂ ਕਿ ਅਸੀਂ ਉਸ ਹਿਸਾਬ ਨਾਲ ਨਿਗਾਹ ਮਾਰੀਏ, ਬਾਰੀਕਬੀਨੀ ਨਾਲ!"

"ਅਮਲੀਆ ਕੀ ਪੁੱਛਦੈਂ, ਮੈਂ ਤਾਂ ਕੱਖੋਂ ਹੌਲਾ ਹੋਇਆ ਪਿਆਂ, ਜਦੋਂ ਦਾ ਮੇਰਾ ਈਮਾਨ ਗੁਆਚਿਆ," ਨੇਤਾ ਜੀ ਨੇ ਮੱਥੇ 'ਤੇ ਹੱਥ ਮਾਰ ਕੇ ਕਿਹਾ।

"ਜਨਾਬ ਇਹ ਤਾਂ ਬਹੁਤ ਬਾਰੀਕ ਜਿਹੀ ਸੋਹਲ ਚੀਜ਼ ਐ। ਇਹ ਤਾਂ ਨਸ਼ੇ-ਪੱਤੇ ਵਿਚ ਟੂੰਨ ਹੋ ਕੇ ਹੀ ਲੱਭੀ ਜਾ ਸਕਦੀ ਐ, ਮੋਟੀ ਮੋਟੀ ਨਿਗਾਹ ਮਾਰਿਆਂ ਤਾਂ ਕੱਖ ਪੱਲੇ ਨੀਂ ਪੈਣੈ, ਜਿਵੇਂ ਤੁਸੀਂ ਵੋਟਾਂ ਵੇਲੇ ਟੂੰਨ ਕਰਕੇ ਵੋਟਾਂ ਲਈਆਂ ਸਨ, ਐਨ ਉਸੇ ਤਰ੍ਹਾਂ ਇਹ ਕੰਮ ਬਣ ਸਕਦੈ। ਪੂਰੀ ਨੀਝ ਲਾਇਆਂ, ਹੋਰ ਤਾਂ ਕੋਈ ਰਾਹ ਨਹੀਂ।"

"ਅਮਲੀਆ ਉਹ ਤਾਂ ਤੇਰੀ ਗੱਲ ਠੀਕ ਐ। ਤੂੰ ਬੰਦਾ ਵੀ ਤਜਰਬੇਕਾਰ ਏਂ ਪਰ ਪੰਗਾ ਇਕ ਹੋਰ ਵੀ ਏ। ਦੂਜੀ ਪਾਰਟੀ 'ਚ ਰਲਣ ਕਰਕੇ ਮੇਰੀ ਅਣਖ ਵੀ ਖੋ ਗਈ ਏ।"

"ਨਹੀਂ ਜਨਾਬ, ਇਹ ਨਹੀਂ ਹੋ ਸਕਦਾ, ਇਹ ਤਾਂ ਤੁਹਾਨੂੰ ਭੁਲੇਖਾ ਈ ਪਿਐ। ਈਮਾਨਦਾਰੀ ਦੇ ਨਾਲ ਅਣਖ ਨਹੀਂ ਖੋਈ ਹੋਣੀ। ਜੇ ਕਿਸੇ ਦੀਆਂ ਇਹ ਦੋਵੇਂ ਚੀਜ਼ਾਂ ਖੋ ਜਾਣ ਤਾਂ ਉਹ ਜ਼ਿੰਦਾ ਨਹੀਂ ਰਹਿ ਸਕਦਾ, ਤੁਸੀਂ ਤਾਂ ਢੋਲਕੀ ਵਜਾਉਂਦੇ ਫਿਰਦੇ ਓ!"

"ਅਮਲੀਆ ਤੇਰੇ ਜਿਹੇ ਹਮਦਰਦਾਂ ਕਰਕੇ ਤੁਰੇ ਫਿਰਦੇ ਆਂ। ਨਹੀਂ ਤਾਂ ਹੁਣ ਨੂੰ ਰਾਮ ਨਾਮ ਸਤਿ ਹੋ ਜਾਣੀ ਸੀ।"

"ਐਵੇਂ ਥੋੜ੍ਹੀ ਕੀਤਿਆਂ ਥੋਡੀ ਰਾਮ ਨਾਮ ਸਤਿ ਨਹੀਂ ਹੋ ਸਕਦੀ। ਜਿਸ ਦੀ ਅਣਖ ਗੁਆਚ ਜਾਵੇ ਉਹ ਤਾਂ ਉਂਜ ਹੀ ਢੀਠ ਹੋ ਜਾਂਦੈ। ਅਜਿਹੇ ਬੰਦੇ ਛੇਤੀ ਕੀਤਿਆਂ ਨਹੀਂ ਪੂਰੇ ਹੁੰਦੇ।"

"ਅਮਲੀਆ, ਜੇ ਤੁਸੀਂ ਇਕ ਵਾਰ ਹੋਰ, ਮੈਨੂੰ ਮੌਕਾ ਦੇ ਦਿਓ ਤਾਂ ਮੇਰੀ ਉਮਰ ਵਧ ਸਕਦੀ ਐ!"

"ਮੌਕਾ ਤਾਂ ਦੇਵਾਂਗੇ ਹੀ ਜਨਾਬ, ਥੋਡੇ ਜਿਹੇ ਗ਼ੈਰਤ ਵਾਲੇ ਸੇਵਕ ਸਾਨੂੰ ਮੋਇਆਂ ਦੀ ਮੰਡੀ 'ਚੋਂ ਮਿਲਣੇ ਨੇ। ਨਾਲੇ ਜਿੰਨਾ ਚਿਰ ਤੁਹਾਡੀ ਗੱਦੀ ਦਾ ਵਾਰਸ ਪੁੱਤਰ, ਗੱਦੀ 'ਤੇ ਨਹੀਂ ਬੈਠਦਾ, ਉਨਾ ਚਿਰ ਤਾਂ ਤੁਹਾਨੂੰ ਗੱਡੀ ਤੇ ਗੱਦੀ ਛੱਡਣੀ ਵੀ ਨਹੀਂ ਚਾਹੀਦੀ।"

"ਅਮਲੀਆ, ਤੇਰਾ ਮੂੰਹ ਸੁਲੱਖਣਾ ਹੋਵੇ-ਮੈਂ ਇਸ ਨੂੰ ਸੋਨੇ ਨਾਲ ਭਰ ਦੇਊਂਗਾ!!"

***-ਅਵਤਾਰ ਸਿੰਘ ਹੰਸਰਾ***

## ਗੁਰਬਾਣੀ ਗਿਆਨ

# ਮੂ ਲਾਲਨ ਸਿਉ ਪ੍ਰੀਤ ਬਨੀ

ੴ ਸਤਿਗੁਰ ਪ੍ਰਸਾਦਿ॥
ਬਿਲਾਵਲ ਮਹਲਾ ੫
ਮੂ ਲਾਲਨ ਸਿਉ ਪ੍ਰੀਤ ਬਨੀ। ਰਹਾਉ॥
ਤੋਰੀ ਨ ਤੂਟੈ ਛੋਰੀ ਨਾ ਛੂਟੈ ਐਸੀ ਮਾਧੋ ਖਿੰਚ ਤਨੀ॥
ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰ ਕਿਰਪਾ ਪ੍ਰਭ ਅਪਨੀ॥
ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾਕੀ ਬਾਤ ਸੁਨੀ॥
ਜਨ ਨਾਨਕ ਦਾਸਨ ਦਾਸ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪਨੀ॥

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਵਿਚ ਉਸ ਪ੍ਰਭੂ ਨਾਲ ਅਪਨੀ ਪ੍ਰੀਤ ਦਾ ਕਿੰਨਾ ਸੋਹਣਾ ਵਰਨਣ ਕਰਦੇ ਹਨ: ਮੂ ਲਾਲਨ ਸਿਉ ਪ੍ਰੀਤ ਬਨੀ। ਹੇ ਭਾਈ! ਮੇਰਾ ਪਿਆਰ, ਮੇਰੀ ਪ੍ਰੀਤ ਤਾਂ ਉਸ ਸੋਹਣੇ ਲਾਲਨ, ਪ੍ਰਭੂ ਨਾਲ ਪੈ ਗਈ ਹੈ ਜੋ ਸਾਰੇ ਸੰਸਾਰ ਦਾ ਮਾਲਿਕ ਹੈ ਅਤੇ ਸਭ ਜੀਵਾਂ ਦਾ ਪ੍ਰਾਣ-ਆਧਾਰ ਵੀ ਹੈ। ਗੁਰੂ ਜੀ ਫਰਮਾਉਂਦੇ ਹਨ:

ਤੋਰੀ ਨ ਤੂਟੈ ਛੋਰੀ ਨਾ ਛੂਟੈ ਐਸੀ ਮਾਧੋ ਖਿੰਚ ਤਨੀ॥
ਦਿਨਸੁ ਰੈਨਿ ਮਨ ਮਾਹਿ ਬਸਤੁ ਹੈ ਤੂ ਕਰ ਕਿਰਪਾ ਪ੍ਰਭ ਅਪਨੀ॥

ਹੇ ਭਾਈ! ਮੇਰੇ ਉਸ ਸੋਹਣੇ ਪ੍ਰੀਤਮ ਨੇ ਪਿਆਰ ਦੀ ਡੋਰੀ ਨੂੰ ਐਸਾ ਕੱਸਿਆ ਹੋਇਆ ਹੈ ਕਿ ਉਹ ਡੋਰ ਨਾ ਹੀ ਹੁਣ ਤੋੜਿਆਂ ਟੁੱਟਦੀ ਹੈ ਅਤੇ ਨਾ ਹੀ ਉਸ ਡੋਰ ਨੂੰ ਹੁਣ ਛੱਡਿਆ ਜਾ ਸਕਦਾ ਹੈ। ਇਹ ਪ੍ਰਭੂ ਦੀ ਪ੍ਰੀਤ ਹੁਣ ਅਪਨੀ ਸਿਖ਼ਰ 'ਤੇ ਹੈ ਅਤੇ ਦਿਨ-ਰਾਤ ਹੀ ਇਹ ਪ੍ਰੇਮ ਮੇਰੇ ਮਨ ਵਿਚ ਨਿਵਾਸ ਕਰਦਾ ਹੈ। ਹੇ ਮੇਰੇ ਪ੍ਰਭ ਜੀਉ, ਤੁਸੀਂ ਆਪਣੀ ਕ੍ਰਿਪਾ ਮੇਰੇ 'ਤੇ ਬਣਾਈ ਰੱਖੋ ਤਾਂ ਕਿ ਮੇਰਾ ਇਹ ਪ੍ਰੇਮ ਮੇਰੀ ਇਹ ਪ੍ਰੀਤ ਸਦਾ ਹੀ ਕਾਇਮ ਰਹੇ।

ਬਲਿ ਬਲਿ ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾਕੀ ਬਾਤ ਸੁਨੀ॥
ਜਨ ਨਾਨਕ ਦਾਸਨ ਦਾਸ ਕਹੀਅਤ ਹੈ ਮੋਹਿ ਕਰਹੁ ਕ੍ਰਿਪਾ ਠਾਕੁਰ ਅਪਨੀ॥

ਹੇ ਭਾਈ! ਮੈਂ ਉਸ ਸਿਆਮ ਸੁੰਦਰ ਭਾਵ ਸੋਹਣੇ ਪ੍ਰਭੂ ਜੀ ਤੋਂ ਬਲਿਹਾਰ ਜਾਂਦਾ ਹਾਂ ਜਿਸ ਬਾਰੇ ਮੈਂ ਇਹ ਸੁਣਿਆ ਹੋਇਆ ਹੈ ਕਿ ਉਸ ਮਾਲਿਕ ਪ੍ਰਭੂ ਦੀ ਸਿਫ਼ਤ ਕੋਈ ਵੀ ਨਹੀਂ ਕਰ ਸਕਦਾ ਕਿਉਂਕਿ ਉਸ ਪ੍ਰਭੂ ਦੀ ਮਹਿਮਾ ਬੇਅੰਤ ਹੈ, ਕੁਝ ਵੀ ਕਹਿਣ ਤੋਂ ਪਰ੍ਹੇ ਹੈ। ਹੇ ਮੇਰੇ ਪ੍ਰਭ ਜੀਉ, ਇਹ ਤੇਰਾ ਸੇਵਕ ਨਾਨਕ ਜੋ ਆਪ ਦੇ ਦਾਸਾਂ ਦਾ ਵੀ ਦਾਸ ਹੈ, ਉਸ ਉਤੇ ਅਪਨੀ ਕ੍ਰਿਪਾ ਬਣਾਈ ਰੱਖੋ ਤਾਂ ਕਿ ਜੋ ਆਪ ਜੀ ਨਾਲ ਪ੍ਰੀਤ ਹੈ, ਸਦਾ ਹੀ ਬਣੀ ਰਹੇ।

ਆਓ, ਦੇਹਧਾਰੀ ਗੁਰੂਆਂ ਨੂੰ ਤੱਜ ਕੇ ਸ਼ਬਦ ਗੁਰੂ ਨਾਲ ਜੁੜੀਏ!

***-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ।***

# ਲੋਕਾਂ ਦੇ ਨੁਮਾਇੰਦੇ ਦਿੱਲੀ ਜਾ ਕੇ ਇਹ ਗੁਲ ਖਿਲਾਉਂਦੇ ਨੇ...

ਰੰਜ ਲੀਡਰ ਕੋ ਬੜਾ ਹੈ ਕੌਮ ਕਾ,
ਮਗਰ ਆਰਾਮ ਕੇ ਸਾਥ।
ਗ਼ਮ-ਇ-ਕੌਮ ਮੇਂ ਖਾਤੇ ਹੈਂ ਡਿਨਰ,
ਹੁੱਕਾਮ ਕੇ ਸਾਥ।

ਇਹ ਸ਼ਿਅਰ ਅਸੀਂ ਬਚਪਨ ਵਿਚ ਪਹਿਲੀ ਵਾਰੀ ਕਿਸੇ ਅਖ਼ਬਾਰ ਵਿਚ ਪੜ੍ਹਿਆ ਸੀ ਅਤੇ ਉਸ ਤੋਂ ਬਾਅਦ ਵੀ ਕਈ ਵਾਰ ਪੜ੍ਹ ਚੁੱਕੇ ਹਾਂ। ਹਾਲਾਂਕਿ ਇਹ ਪਤਾ ਅੱਜ ਤਕ ਨਹੀਂ ਲੱਗ ਸਕਿਆ ਕਿ ਇਸ ਨੂੰ ਲਿਖਣ ਵਾਲਾ ਕੌਣ ਸੀ ਪਰ ਇਹ ਜਾਣੇ ਬਿਨਾਂ ਵੀ ਕਿ ਲਿਖਣ ਵਾਲਾ ਕਿਹੜਾ ਸੀ, ਇਸ ਦੀ ਅਸਲ ਭਾਵਨਾ ਨੂੰ ਅਸੀਂ ਭਾਰਤ ਦੀ ਰਾਜਨੀਤੀ ਵਿਚ ਕਈ ਵਾਰ ਅਮਲ ਵਿਚ ਵੇਖ ਚੁੱਕੇ ਹਾਂ ਤੇ ਹੁਣ ਫਿਰ ਵੇਖ ਰਹੇ ਹਾਂ। ਇਹੋ ਜਿਹੇ

**ਜਤਿੰਦਰ ਪਨੂੰ**

ਬਹੁਤ ਆਗੂ ਹਨ ਜਿਹੜੇ ਜਦੋਂ ਲੋਕਾਂ ਸਾਹਮਣੇ ਬੋਲਦੇ ਹਨ ਤਾਂ ਇੰਜ ਲਗਦਾ ਹੈ ਕਿ ਹਕੂਮਤ ਤੋਂ ਬਹੁਤ ਸਤੇ ਹੋਏ ਹਨ ਪਰ ਜਦੋਂ ਉਹ ਲੋਕਾਂ ਸਾਹਮਣੇ ਨਹੀਂ ਹੁੰਦੇ ਤਾਂ ਉਸੇ ਹਕੂਮਤ ਦੇ ਅਹਿਲਕਾਰਾਂ ਨਾਲ ਨੇੜਲੇ ਰਿਸ਼ਤੇਦਾਰਾਂ ਵਾਂਗ ਮਿਲਦੇ ਹਨ। ਕਈਆਂ ਦੀਆਂ ਰਿਸ਼ਤੇਦਾਰੀਆਂ ਵੀ ਆਪਸ ਵਿਚ ਹਨ। ਪਾਰਲੀਮੈਂਟ ਵਿਚ ਜਿਨ੍ਹਾਂ ਨੂੰ ਅਸੀਂ ਇਕ-ਦੂਜੇ ਵੱਲ ਬਾਂਹਾਂ ਟੰਗ ਕੇ ਵਧਦਾ ਵੇਖਦੇ ਹਾਂ, ਕੁਝ ਹੋਰ ਲੋਕ ਦੋਹਾਂ ਨੂੰ ਫੜ ਕੇ ਰੋਕਦੇ ਵੀ ਹਨ, ਬਾਹਰ ਆ ਕੇ ਓਹੋ ਆਪੋ ਵਿਚ ਹਾਸਾ-ਮਜ਼ਾਕ ਕਰ ਰਹੇ ਹੁੰਦੇ ਹਨ। ਅੰਦਰ ਦੀ ਲੜਾਈ ਬਾਹਰ ਆ ਕੇ ਮਿੱਤਰਤਾ ਵਿਚ ਨਹੀਂ ਬਦਲ ਜਾਂਦੀ, ਅਸਲ ਵਿਚ ਅੰਦਰ ਹੀ ਬਹੁਤੇ ਸੱਜਣ ਉਹ ਦੋਸਤਾਨਾ ਮੈਚ ਖੇਡ ਰਹੇ ਹੁੰਦੇ ਹਨ ਜਿਹੜਾ ਆਮ ਆਦਮੀ ਦੀ ਸਮਝ ਵਿਚ ਨਹੀਂ ਆਉਂਦਾ। ਓਥੇ ਹਰ ਵਕਤ ਦੀ ਲੜਾਈ ਨਹੀਂ ਹੁੰਦੀ, ਇਹ ਤਾਂ ਸਿਰਫ਼ ਉਦੋਂ ਹੁੰਦੀ ਹੈ ਜਦੋਂ 'ਤੂੰ ਜਾਂ ਮੈਂ' ਵਿਚੋਂ ਕਿਸੇ ਕੁਰਸੀ ਮੱਲਣੀ ਹੁੰਦੀ ਹੈ। ਅੱਗੇ-ਪਿੱਛੇ



ਏ. ਰਾਜਾ

ਬਥੇਰਾ ਕੁਝ ਦੋਹਾਂ ਪਾਸਿਆਂ ਤੋਂ ਰਲ-ਮਿਲ ਕੇ ਚੱਲਦਾ ਹੈ ਤੇ ਇਕ-ਦੂਜੇ ਦੇ ਕੰਮ ਵੀ ਕੱਢੇ-ਕਢਾਏ ਜਾਂਦੇ ਹਨ।

ਪਿਛਲੇ ਸਾਲ ਅਸੀਂ ਇਕ ਵਾਰੀ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦੇ ਕ੍ਰਿਕਟ ਵਾਲੇ ਤਮਾਸ਼ੇ ਦਾ ਨਜ਼ਾਰਾ ਮਾਣ ਚੁੱਕੇ ਹਾਂ। ਸਾਰਾ ਕੁਝ ਢਕਿਆ ਰਿੱਝਦਾ ਪਿਆ ਸੀ, ਕਿਸੇ ਨੇ ਗੱਲ ਨਹੀਂ ਸੀ ਛੇੜੀ। ਰੌਲਾ ਉਦੋਂ ਪੈ ਗਿਆ ਜਦੋਂ ਦੋ ਧਿਰਾਂ ਦੇ ਰਿਸ਼ਤੇਦਾਰਾਂ ਨੇ ਪੈਸੇ ਲਈ ਜ਼ਿਆਦਾ ਹਾਬੜ ਦਿਖਾ ਕੇ ਸਾਰੀ 'ਖੇਡ' ਬੇਪਰਦ ਕਰ ਛੱਡੀ। ਸ਼ਸ਼ੀ ਥਰੂਰ ਦੀ ਸਹੇਲੀ ਜਿਹੜੀ ਬਾਅਦ ਵਿਚ ਉਸ ਦੀ ਪਤਨੀ ਬਣ ਗਈ, ਨੇ ਕਰੋੜਾਂ ਦੀ ਕਮਾਈ ਵਾਲੀ ਟੀਮ ਨੂੰ ਆਪਣੇ ਵੱਕਾਰ ਦਾ ਸਵਾਲ ਬਣਾ ਲਿਆ ਤੇ ਫਿਰ ਇਕ ਪਿੱਛੋਂ ਦੂਜੇ ਦੀਆਂ ਰਿਸ਼ਤੇਦਾਰੀਆਂ ਦਾ ਸਾਰਾ ਖਿੱਦੋ ਹੀ ਖਿੱਲਰ ਗਿਆ ਸੀ। ਉਦੋਂ ਅਚਾਨਕ ਇਸ ਵਿਚ ਇਕ ਮੋੜ ਆਇਆ, ਜਦੋਂ ਦੇਸ਼ ਦੀਆਂ ਦੋਵੇਂ ਮੁੱਖ ਪਾਰਟੀਆਂ ਭੇੜ ਭਿੜਨ ਦੀ ਥਾਂ ਅਚਾਨਕ ਇਸ ਮੁੱਦੇ ਨੂੰ ਹੀ ਛੱਡ ਗਈਆਂ ਤੇ ਹੋਰ ਮੁੱਦੇ ਚੁੱਕ ਤੁਰੀਆਂ। ਅਸਲ ਵਿਚ ਕ੍ਰਿਕਟ ਦੀ ਖੇਡ ਨਾਲ ਜੁੜੇ ਇਕ ਕਾਂਗਰਸੀ ਐਮ.ਪੀ. ਅਤੇ ਭਾਰਤੀ ਜਨਤਾ ਪਾਰਟੀ ਦੇ ਇਕ ਸਾਬਕਾ ਵਜ਼ੀਰ ਜੋ ਹੁਣ ਐਮ.ਪੀ. ਹੈ, ਦੀ ਕੁੜਮਾਚਾਰੀ ਦੀ ਸਾਂਝ ਨੇ ਦੋਵਾਂ ਧਿਰਾਂ ਦੇ ਸਿੰਗ ਫਸਣ ਤੋਂ ਰੋਕ ਦਿੱਤੇ ਸਨ। ਉਨ੍ਹਾਂ ਦੋਵਾਂ ਨੇ ਆਪੋ-ਆਪਣੀ ਪਾਰਟੀ ਨੂੰ ਮਨਾ ਲਿਆ ਕਿ ਜੇ ਰੌਲਾ ਪਾਇਆ ਤਾਂ ਨੁਕਸਾਨ ਦੂਜੀ ਧਿਰ ਦੇ ਬੰਦੇ ਦਾ ਵੀ ਹੋਣਾ ਹੈ ਤੇ 'ਆਪਣਾ' ਬੰਦਾ ਵੀ ਮਾਰਿਆ ਜਾ ਸਕਦਾ ਹੈ। ਇਥੇ ਆ ਕੇ ਝਾਰਖੰਡ ਕੇਸ ਵਿਚ ਨਰਸਿਮਹਾ ਰਾਓ ਵੱਲੋਂ ਵਰਤਿਆ ਫਾਰਮੂਲਾ ਸਾਰਿਆਂ ਨੇ ਅਪਣਾ ਲਿਆ ਕਿ 'ਕਾਨੂੰਨ ਆਪਣਾ ਕੰਮ ਕਰਦਾ ਰਹੇਗਾ।' ਇਹ ਵੀ ਅਸਲ ਵਿਚ ਸੌਦਾ ਹੀ ਸੀ।

ਭਾਰਤ ਦਾ ਹੁਣ ਤਕ ਦਾ ਸਭ ਤੋਂ ਵੱਡਾ ਸਕੈਂਡਲ ਪਾਰਲੀਮੈਂਟ ਦੇ ਮੌਜੂਦਾ ਇਜਲਾਸ ਵਿਚ ਅੜਿੱਕੇ ਦਾ ਕਾਰਨ ਬਣਿਆ ਪਿਆ ਹੈ। ਮਾਮਲਾ ਪੌਣੇ ਦੋ ਲੱਖ ਕਰੋੜ ਰੁਪਏ ਦਾ ਹੈ ਜਿਸ ਵਿਚੋਂ ਸੱਠ ਹਜ਼ਾਰ ਕਰੋੜ ਰੁਪਏ ਤੋਂ ਵੱਧ ਤਾਂ ਉਸ ਵਕਤ ਦਾ ਟੈਲੀਕਾਮ ਮੰਤਰੀ ਏ. ਰਾਜਾ ਇਕੱਲਾ ਹੀ ਛਕ ਗਿਆ ਸੁਣੀਂਦਾ ਹੈ। ਇਸ ਮਾਮਲੇ ਵਿਚ ਸਭ ਤੋਂ ਵੱਧ ਮਾਰ ਖਾਧੀ ਹੈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ, ਜਿਸ ਬਾਰੇ ਹਰ ਕੋਈ ਮੰਨਦਾ ਹੈ ਕਿ ਉਹ ਖ਼ੁਦ ਬੇਈਮਾਨ ਨਹੀਂ ਪਰ ਬੇਈਮਾਨਾਂ ਦੀ ਬਰਾਤ ਦਾ ਮੋਹਰੀ ਬਣਨਾ ਉਸ ਨੂੰ ਮਹਿੰਗਾ ਪੈ ਰਿਹਾ ਹੈ। ਦੇਖਣ ਨੂੰ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਸਭ ਕੁਝ ਹਾਕਮ ਧਿਰ ਵਾਲੇ ਪਾਸਿਓਂ ਹੀ ਹੋਇਆ ਹੋਵੇ ਪਰ ਹੌਲੀ-ਹੌਲੀ ਇਸ ਦੇ ਅੰਦਰੋਂ ਵੀ ਕਈ ਕੁਝ ਹੋਰ ਨਿਕਲਣ ਲੱਗ ਪਿਆ ਹੈ। ਹੁਣ ਵਿਰੋਧੀ ਧਿਰ ਵਿਚੋਂ ਕੁਝ ਬੰਦੇ ਵੀ ਇਸ ਸਕੈਂਡਲ ਬਾਰੇ ਜ਼ੁਬਾਨ ਦੱਬਣ ਲੱਗ ਪਏ ਹਨ ਜਿਹੜੇ ਅਸਲ ਵਿਚ ਵੇਲੇ-ਕੁਵੇਲੇ ਆਪਣੀ ਜੇਬ ਗਰਮ ਕਰਨ ਵਾਲਿਆਂ ਨੂੰ ਬਚਾਉਣਾ ਚਾਹੁੰਦੇ ਹਨ।

ਲੋਕਾਂ ਨੂੰ ਤਾਂ ਉਸ ਵੇਲੇ ਵੀ ਹੈਰਾਨੀ ਹੋਈ ਸੀ ਜਦੋਂ ਭਾਜਪਾ ਆਗੂ ਅਰੁਣ ਸ਼ੋਰੀ ਨੇ ਇਕ ਦਿਨ ਇਹ ਖ਼ੁਲਾਸਾ ਕੀਤਾ ਸੀ ਕਿ ਉਸ ਦੀ ਪਾਰਟੀ ਨੇ ਉਸ ਦਾ ਪਾਰਲੀਮੈਂਟ ਵਿਚ ਬੋਲਣ ਦਾ ਹੱਕ ਖੋਹ ਲਿਆ ਹੈ। ਹੋਇਆ ਇਹ ਕਿ ਰਾਤ ਨੂੰ ਭਾਜਪਾ ਦੀ ਮੀਟਿੰਗ ਵਿਚ ਅਗਲੇ ਦਿਨ ਦੇ ਬੁਲਾਰਿਆਂ ਦੇ ਨਾਂ ਤੈਅ ਹੋਏ ਤਾਂ ਉਨ੍ਹਾਂ ਵਿਚ ਅਰੁਣ ਸ਼ੋਰੀ ਦਾ ਨਾਂ ਮੁੱਢ ਵਿਚ ਸੀ। ਉਹ ਸਾਧਾਰਨ ਬੰਦਾ ਨਹੀਂ। 'ਇੰਡੀਅਨ ਐਕਸਪ੍ਰੈਸ' ਅਖ਼ਬਾਰ ਦਾ ਚੀਫ਼ ਐਡੀਟਰ ਰਹਿ ਚੁੱਕਾ ਹੈ ਤੇ ਅਟਲ ਬਿਹਾਰੀ ਵਾਜਪਾਈ ਸਰਕਾਰ ਵੇਲੇ ਉਹ ਭਾਜਪਾ ਵੱਲੋਂ ਕੇਂਦਰ ਦਾ ਮੰਤਰੀ ਹੁੰਦਾ ਸੀ। ਰਾਤ ਨੂੰ ਨਾਂ ਤੈਅ ਹੋਣ ਕਰਕੇ ਉਹ ਅੱਧੀ ਰਾਤ ਤਕ ਤਿਆਰੀ ਕਰਦਾ ਰਿਹਾ ਤੇ ਸਵੇਰੇ ਜਦੋਂ ਪਾਰਲੀਮੈਂਟ ਵਿਚ ਪੁੱਜਾ ਤਾਂ ਉਥੇ ਉਸ ਨੂੰ ਇਹ ਹੁਕਮ ਹੋ ਗਿਆ ਕਿ ਤੇਰੀ ਥਾਂ ਭਾਜਪਾ ਦਾ ਸਾਬਕਾ ਕੌਮੀ ਪ੍ਰਧਾਨ ਵੈਂਕਈਆ ਨਾਇਡੂ ਬੋਲੇਗਾ। ਅਰੁਣ ਸ਼ੋਰੀ ਨੇ ਗੱਲ ਮੰਨ ਲਈ ਪਰ ਉਦੋਂ ਉਹ ਹੈਰਾਨ ਰਹਿ ਗਿਆ ਜਦੋਂ ਵੈਂਕਈਆ ਨਾਇਡੂ ਨੇ ਉਸ ਵਾਲੇ ਪੈਂਤੜੇ ਤੋਂ ਇਕਦਮ ਉਲਟ ਤਕਰੀਰ ਕਰ ਕੇ ਅਗਲੀ ਬਹਿਸ ਦਾ ਪੜੁੱਲ ਬੰਨ੍ਹ ਦਿੱਤਾ। ਸਾਫ਼ ਸੀ ਕਿ ਵੈਂਕਈਆ ਨਾਇਡੂ ਦੀ ਤਕਰੀਰ ਹੀ ਸਾਰੀ ਖੇਡ ਨੂੰ ਪਲਟਣ ਲਈ ਕਰਵਾਈ ਗਈ ਸੀ ਕਿਉਂਕਿ ਜੇ ਰਾਤ ਨੂੰ ਹੋਈ ਸਹਿਮਤੀ ਮੁਤਾਬਕ ਅਰੁਣ ਸ਼ੋਰੀ ਨੇ ਤਕਰੀਰ ਕੀਤੀ ਹੁੰਦੀ ਤਾਂ ਇਕ ਜਿਹੋ ਜਿਹੇ ਵੱਡੇ ਘਰਾਣੇ ਨੂੰ ਨੁਕਸਾਨ ਪਹੁੰਚ ਜਾਣਾ ਸੀ ਜਿਸ ਕੋਲੋਂ ਚੋਣਾਂ ਵੇਲੇ ਵੱਡੇ ਗੱਫ਼ੇ ਦੋਵਾਂ ਮੁੱਖ ਰਾਜਸੀ ਪਾਰਟੀਆਂ ਨੂੰ ਮਿਲਦੇ ਹਨ। ਫਿਰ ਉਸ ਵੱਡੇ ਘਰਾਣੇ ਦੀ ਲੋਕ ਸੰਪਰਕ ਅਫਸਰ ਬੀਬੀ ਵੱਲੋਂ ਇਕ ਸੀਨੀਅਰ ਪੱਤਰਕਾਰ ਨਾਲ ਕੀਤੀ ਗੱਲਬਾਤ ਦੀ ਟੇਪ ਬਾਹਰ ਆ ਗਈ ਜਿਸ ਵਿਚ ਇਹ ਸਲਾਹ ਹੁੰਦੀ ਰਹੀ ਸੀ ਕਿ ਬਹਿਸ ਅਰੁਣ ਸ਼ੋਰੀ ਦੀ ਥਾਂ ਵੈਂਕਈਆ ਨਾਇਡੂ ਸ਼ੁਰੂ ਕਰੇ ਤਾਂ ਆਪਣਾ ਫ਼ਾਇਦਾ ਹੋ ਸਕਦਾ ਹੈ।

ਜਦੋਂ ਚੋਣਾਂ ਆਉਂਦੀਆਂ ਹਨ, ਦੋਵਾਂ ਵੱਡੀਆਂ ਪਾਰਟੀਆਂ ਨੂੰ ਇਸ ਗੱਲ ਦਾ ਯਤਨ ਕਰਨਾ ਪੈਂਦਾ ਹੈ ਕਿ ਉਹ ਵੱਧ ਤੋਂ ਵੱਧ ਸੀਟਾਂ ਜਿੱਤ ਕੇ ਰਾਜ ਮਹਿਲ ਦੇ ਨੇੜੇ ਪਹੁੰਚ ਜਾਣ ਤਾਂ ਜੋ 'ਭਾਨਮਤੀ ਦਾ ਕੁਨਬਾ' ਜੋੜ ਕੇ ਅਗਲਾ ਜੁਗਾੜ ਕਰ ਸਕਣ। ਇਸ ਕੰਮ ਲਈ ਉਨ੍ਹਾਂ ਨੂੰ ਘੱਟੋ-ਘੱਟ ਤਿੰਨ-ਤਿੰਨ ਸੌ ਸੀਟਾਂ ਲਈ ਆਪਣੇ ਸਿਰ ਫ਼ੈਸਲੇ ਵਾਲੀ ਲੜਾਈ ਲੜਨ ਵਾਸਤੇ ਕਰੋੜਾਂ ਰੁਪਏ ਚਾਹੀਦੇ ਹਨ। ਪਾਰਲੀਮੈਂਟ ਦੀ ਇਕ ਸੀਟ ਵੀ ਹੁਣ ਜਿੱਤ-ਹਾਰ ਦੀ ਰੇਖਾ ਦੇ ਨੇੜੇ ਪਹੁੰਚਣ ਲਈ ਘੱਟ ਤੋਂ ਘੱਟ ਦਸ ਕਰੋੜ ਮੰਗਦੀ ਹੈ ਅਤੇ ਵਧ ਕੇ ਸੌ ਕਰੋੜ ਰੁਪਏ ਤਕ ਵੀ ਮੰਗ ਸਕਦੀ ਹੈ। ਇਹ ਪੈਸੇ ਕਿਸੇ ਨੇ ਵੀ ਪੱਲਿਓਂ ਨਹੀਂ ਖ਼ਰਚਣੇ ਹੁੰਦੇ, ਉਨ੍ਹਾਂ ਪਿੱਛੇ ਥੈਲੀਸ਼ਾਹ ਆਣ ਕੇ ਪੈਸਾ ਲਾਉਂਦੇ ਹਨ। ਢਾਈ ਲੱਖ ਕਰੋੜ ਦੀ ਮਾਲਕੀ ਵਾਲਾ ਅੰਬਾਨੀ ਪਰਿਵਾਰ ਦਾ ਦੋਵਾਂ ਵਿਚੋਂ ਕੋਈ ਇਕ ਭਰਾ ਜੇ ਇਕ ਧਿਰ ਦੀਆਂ ਤਿੰਨ ਸੌ ਸੀਟਾਂ ਦਾ ਸਾਰਾ ਖ਼ਰਚਾ ਲਾ ਵੀ ਦੇਵੇ ਤਾਂ ਸਿਰਫ਼ ਤਿੰਨ ਹਜ਼ਾਰ ਕਰੋੜ ਲੱਗਣਗੇ ਜਿਹੜੇ ਬਾਅਦ ਵਿਚ ਇਸ ਨਾਲ ਸਿਫ਼ਰਾਂ ਲਾ ਕੇ ਕੱਢ ਸਕਦਾ ਹੈ। ਦੇਸ਼ ਆਜ਼ਾਦ ਹੋਣ ਦੇ ਦਿਨ ਤੋਂ ਇਹ ਕੰਮ ਸਰਮਾਏਦਾਰ ਕਰਦੇ ਆਏ ਹਨ। ਪਹਿਲਾਂ ਟਾਟਾ, ਬਿਰਲਾ, ਸਿੰਘਾਨੀਆ ਜਾਂ ਇਕ-ਦੋ ਹੋਰ ਘਰਾਂ ਦਾ ਨਾਂ ਵੱਜਦਾ ਹੁੰਦਾ ਸੀ, ਹੁਣ ਉਹ ਪਛੜ ਗਏ ਹਨ ਅਤੇ ਰਾਜਨੀਤਕ ਜੂਏਬਾਜ਼ੀ ਦੇ ਉਨ੍ਹਾਂ ਤੋਂ ਵੱਡੇ ਖਿਡਾਰੀ ਮੈਦਾਨ ਵਿਚ ਨੱਚਦੇ ਦਿਖਾਈ ਦਿੰਦੇ ਹਨ। ਚੋਣਾਂ ਲਈ ਉਹ ਪੈਸਾ ਇਹ ਖਿਡਾਰੀ ਆਪਣੇ ਹੱਥੀਂ ਨਹੀਂ ਦਿੰਦੇ, ਉਨ੍ਹਾਂ ਤਕ ਪਹੁੰਚ ਲਈ ਦੋਵਾਂ ਧਿਰਾਂ ਨੇ ਖ਼ਾਸ ਬੰਦੇ ਰੱਖੇ ਹੁੰਦੇ ਹਨ।



ਐਲ ਕੇ ਅਡਵਾਨੀ

ਭਾਜਪਾ ਵਿਚ ਪ੍ਰਮੋਦ ਮਹਾਜਨ ਦੇ ਕਤਲ ਤੋਂ ਮਗਰੋਂ ਇਹ ਗੱਲ ਵੀ ਲੜਾਈ ਦਾ ਮੁੱਦਾ ਬਣ ਗਈ ਸੀ ਕਿ ਹੁਣ ਫੰਡ ਉਗਰਾਹੁਣ ਦਾ ਕੰਮ ਕਿਸ ਆਗੂ ਦੇ ਜ਼ਿੰਮੇ ਲਾਉਣਾ ਹੈ? ਉਸ ਪਿੱਛੋਂ ਪਾਰਲੀਮੈਂਟ ਚੋਣਾਂ ਮੌਕੇ ਪਾਰਟੀ ਦਾ ਇਕ ਕੇਂਦਰੀ ਆਗੂ ਅਤੇ ਵਾਜਪਾਈ ਸਰਕਾਰ ਵੇਲੇ ਦਾ ਸਾਬਕਾ ਮੰਤਰੀ ਇਸ ਗੱਲ ਤੋਂ ਅੜੀ ਕਰ ਕੇ ਇਕ ਹਫ਼ਤਾ ਘਰ ਬੈਠਾ ਰਿਹਾ ਸੀ ਕਿ ਉਸ ਦੇ ਨਾਲ ਫ਼ਲਾਣਾ ਬੰਦਾ ਕਿਉਂ ਲਾਇਆ ਗਿਆ ਹੈ? ਜਿਸ ਦੂਜੇ ਬੰਦੇ ਬਾਰੇ ਰੇੜਕਾ ਪਿਆ ਸੀ, ਉਹ ਇਨ੍ਹਾਂ ਕੰਮਾਂ ਵਿਚ ਪ੍ਰਮੋਦ ਮਹਾਜਨ ਦਾ ਜੋੜੀਦਾਰ ਹੁੰਦਾ ਸੀ ਤੇ ਪਿਛਲੇ ਦਿਨੀਂ ਜਦੋਂ ਕਾਮਨਵੈਲਥ ਖੇਡਾਂ ਦੇ ਭ੍ਰਿਸ਼ਟਾਚਾਰ ਵਿਰੁਧ ਕਾਰਵਾਈ ਹੋਣ ਲੱਗੀ ਤਾਂ ਪਹਿਲਾ ਛਾਪਾ ਉਸੇ ਭਾਜਪਾ ਆਗੂ ਦੇ ਘਰ ਵੱਜਾ ਸੀ। ਇਕ ਸੌ ਤੀਹ ਕਰੋੜ ਰੁਪਏ ਦਾ ਕਾਮਨਵੈਲਥ ਖੇਡਾਂ ਦਾ ਕੰਮ ਉਸ ਨੇ ਆਪਣੇ ਰਿਸ਼ਤੇਦਾਰ ਨੂੰ ਅੱਗੇ ਲਾ ਕੇ ਬਣਾਈ ਉਸ ਕੰਪਨੀ ਨੂੰ ਦਿਵਾਇਆ ਸੀ ਜਿਸ ਦਾ ਹੁਣ ਐਡਰੈਸ ਨਹੀਂ ਲੱਭ ਰਿਹਾ। ਭਾਜਪਾ ਅੰਦਰ ਇਹ ਲੜਾਈ ਵੀ ਪੈ ਚੁੱਕੀ ਹੈ ਕਿ ਇਹ ਬੰਦਾ ਤਾਂ ਦਾਗ਼ੀ ਹੋ ਗਿਆ, ਅਗਲੀ ਵਾਰੀ ਮਾਇਆ ਦਾ ਗਜ਼ਾ ਕਰਨ ਹੁਣ ਕਿਸ ਨੂੰ ਅੱਗੇ ਲਾਉਣਾ ਹੈ? ਜਿਹੜਾ ਕੰਮ ਭਾਜਪਾ ਅੰਦਰ ਹੁੰਦਾ ਹੈ, ਉਹ ਕਾਂਗਰਸ ਦੇ ਅੰਦਰ ਵੀ ਹੁੰਦਾ ਹੈ, ਛੋਟੀਆਂ ਪਾਰਟੀਆਂ ਅੰਦਰ ਵੀ। ਹੋਰ ਤਾਂ ਹੋਰ ਅਕਾਲੀ ਦਲ ਵਰਗੀਆਂ ਖੇਤਰੀ ਪਾਰਟੀਆਂ ਅੰਦਰ ਵੀ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਇਕ ਵਾਰੀ ਤੰਬਾਕੂ ਦਾ ਕਾਰੋਬਾਰ ਕਰਦੀ ਭਾਰਤ ਦੀ ਇਕ ਕੰਪਨੀ ਦੇ ਚੋਣ ਚੰਦਿਆਂ ਦੀ ਸੂਚੀ ਬਾਹਰ ਆਈ ਤਾਂ ਉਸ ਵਿਚ ਬਾਦਲ ਅਕਾਲੀ ਦਲ ਦਾ ਨਾਂ ਵੇਖ ਕੇ ਲੋਕ ਹੈਰਾਨ ਰਹਿ ਗਏ ਸਨ। ਅਕਾਲੀ ਦਲ ਨੂੰ ਸਫ਼ਾਈ ਦੇਣੀ ਪਈ ਸੀ ਕਿ ਉਸ ਕੰਪਨੀ ਨੇ ਬਾਕੀ ਰਾਜਸੀ ਪਾਰਟੀਆਂ ਨੂੰ ਚੋਣ ਚੰਦਾ ਦਿੱਤਾ ਤਾਂ ਸਾਨੂੰ ਵੀ ਦੇ ਦਿੱਤਾ, ਇਸ ਵਿਚ ਗ਼ਲਤ ਗੱਲ ਕੋਈ ਨਹੀਂ। ਸਵਾਲ ਅੱਗੋਂ ਇਹ ਪੁੱਛਿਆ ਗਿਆ ਸੀ ਕਿ ਅਕਾਲੀ ਦਲ ਸਿੱਖਾਂ ਦਾ ਪ੍ਰਤੀਨਿਧ ਹੋਣ ਵਜੋਂ ਤੰਬਾਕੂ ਦੇ ਪੱਕੇ ਨਿਖੇਧ ਦਾ ਹਮਾਇਤੀ ਹੈ, ਉਸ ਕੰਪਨੀ ਤੋਂ ਚੋਣ ਚੰਦਾ ਲੈਣ ਮਗਰੋਂ ਜੇ ਕੱਲ੍ਹ ਨੂੰ ਪਾਰਲੀਮੈਂਟ ਵਿਚ ਉਸ ਦੇ ਹਿਤਾਂ ਦਾ ਸਵਾਲ ਖੜ੍ਹਾ ਹੋ ਗਿਆ, ਅਕਾਲੀ ਦਲ ਉਸ ਦਾ ਅਤੇ ਉਸ ਦੇ ਬਹਾਨੇ ਤੰਬਾਕੂ ਦਾ ਵਕੀਲ ਬਣ ਕੇ ਬੋਲੇਗਾ ਕਿ ਵਿਰੋਧ ਕਰੇਗਾ? ਇਹ ਸਵਾਲ ਵਾਰ ਵਾਰ ਪੁੱਛਿਆ ਗਿਆ ਸੀ ਪਰ ਬਾਦਲ ਅਕਾਲੀ ਦਲ ਨੇ ਇਸ ਨੂੰ ਉਨ੍ਹਾਂ ਸਵਾਲਾਂ ਦੀ ਸੂਚੀ ਵਿਚ ਪਾ ਦਿੱਤਾ ਸੀ ਜਿਨ੍ਹਾਂ ਦੇ ਜਵਾਬ ਦੇਣ ਦੀ ਲੋੜ ਨਹੀਂ ਹੁੰਦੀ।

ਪਿੱਛੇ ਜਿਹੇ ਭਾਰਤ ਦੇ ਅੱਜ ਦੇ ਸਭ ਤੋਂ ਵੱਡੇ ਉਦਯੋਗਪਤੀ ਬਣ ਚੁੱਕੇ ਦੋਵੇਂ ਅੰਬਾਨੀ ਭਰਾਵਾਂ ਦੀ ਆਪੋ ਵਿਚ ਅਣਬਣ ਹੋ ਗਈ ਸੀ। ਇਨ੍ਹਾਂ ਦੋਵਾਂ ਦੇ ਹਿੱਸੇ ਜਿਹੜੀਆਂ ਕੰਪਨੀਆਂ ਆਈਆਂ, ਉਨ੍ਹਾਂ ਵਿਚੋਂ ਇਕ ਭਰਾ ਦੀ ਕੰਪਨੀ ਨੇ ਦੂਜੇ ਨੂੰ ਆਪਣੀ ਕੰਪਨੀ ਦੀ ਕੱਢੀ ਹੋਈ ਗੈਸ ਵੇਚਣ ਦਾ ਸੌਦਾ ਕੀਤਾ ਹੋਇਆ ਸੀ ਜਿਸ ਵਿਚ ਗੈਸ ਦੇ ਭਾਅ ਵੀ ਲਿਖੇ ਹੋਏ ਸਨ। ਅਣਬਣ ਹੋਈ ਅਤੇ ਹਿਤਾਂ ਦਾ ਟਕਰਾਓ ਸ਼ੁਰੂ ਹੋਇਆ ਤਾਂ ਗੈਸ ਦੇਣ ਵਾਲੇ ਨੇ ਗੈਸ ਦਾ ਵੱਧ ਮੁੱਲ ਮੰਗ ਲਿਆ। ਦੂਜਾ ਭਰਾ ਇਸ ਵਿਰੁਧ ਅਦਾਲਤ ਵਿਚ ਚਲਾ ਗਿਆ ਤੇ ਫਿਰ ਇਹ ਮੁੱਦਾ ਪਾਰਲੀਮੈਂਟ ਦੀ ਬਹਿਸ ਦਾ ਆਧਾਰ ਵੀ ਬਣ ਗਿਆ। ਜਿਨ੍ਹਾਂ ਨੇ ਗੈਸ ਵੇਚਣ ਵਾਲੇ ਦਾ ਪੱਖ ਲੈਣਾ ਸੀ, ਉਹ ਇਹੀ ਕਹੀ ਜਾਣ ਕਿ ਸੌਦਾ ਤਾਂ ਸੌਦਾ ਹੈ, ਇਸ ਵਿਚ ਅਦਲਾ-ਬਦਲੀ ਨਹੀਂ ਕੀਤੀ ਜਾ ਸਕਦੀ ਤੇ ਦੂਜੇ ਇਹ ਕਹੀ ਜਾਣ ਕਿ ਗੈਸ ਇਸ ਦੇਸ਼ ਦੀ ਕੁਦਰਤੀ ਦਾਤ ਹੈ ਜੋ ਇਸ ਦੇਸ਼ ਦੇ ਲੋਕਾਂ ਵੀ ਵਰਤਣੀ ਹੈ। ਇਸ ਲਈ ਇਸ ਦਾ ਮੁੱਲ ਦੋ ਭਰਾਵਾਂ ਦੀ ਸੌਦੇਬਾਜ਼ੀ ਉਤੇ ਨਹੀਂ ਛੱਡਿਆ ਜਾ ਸਕਦਾ; ਸਰਕਾਰ ਨੂੰ ਤੈਅ ਕਰਨਾ ਚਾਹੀਦਾ ਹੈ। ਸਰਕਾਰ ਵਿਚ ਇਹ ਮਹਿਕਮਾ ਦੋਵਾਂ ਭਰਾਵਾਂ ਦੇ ਮਰਹੂਮ ਪਿਤਾ ਧੀਰੂ ਭਾਈ ਅੰਬਾਨੀ ਦੇ ਪੁਰਾਣੇ ਜੋੜੀਦਾਰ ਕੋਲ ਸੀ ਤੇ ਉਹ ਖ਼ੁਦ ਇਕ ਭਰਾ ਨਾਲ ਨੇੜਤਾ ਰੱਖਦਾ ਹੋਣ ਕਰਕੇ ਪਤਾ ਸੀ ਕਿ ਉਸ ਦਾ ਪੱਖ ਪੂਰ ਸਕਦਾ ਹੈ। ਹੈਰਾਨੀ ਵਾਲੀ ਗੱਲ ਇਹ ਕਿ ਦੋ ਭਰਾਵਾਂ ਦੀ ਲੜਾਈ ਵਿਚ ਸੌਦੇ ਉਤੇ ਕਾਇਮ ਰਹਿਣ ਦਾ ਅਸਲ ਵੀ ਚੇਤੇ ਆ ਗਿਆ ਤੇ ਦੇਸ਼ ਦੀ ਕੁਦਰਤੀ ਦਾਤ ਜਾਂ ਲੋਕਾਂ ਦੇ ਹਿਤਾਂ ਦਾ ਵੀ ਚੇਤਾ ਆ ਗਿਆ। ਇਸ ਸੌਦੇਬਾਜ਼ੀ ਦਾ ਉਦੋਂ ਵੀ ਸਰਕਾਰ ਅਤੇ ਵਿਰੋਧੀ ਧਿਰ, ਦੋਵਾਂ ਨੂੰ ਪਤਾ ਸੀ ਪਰ ਕੋਈ ਇਸ ਬਾਰੇ ਬੋਲਿਆ ਹੀ ਨਹੀਂ ਸੀ।

ਚਲੰਤ ਅੜਿੱਕੇ ਦੌਰਾਨ ਹਾਕਮ ਧਿਰ ਦੇ ਬੁਲਾਰੇ ਮੁਨੀਸ਼ ਤਿਵਾੜੀ ਨੇ ਇਕ ਦਿਨ ਵਿਰੋਧੀ ਧਿਰ ਉਤੇ ਵਿਅੰਗ ਕਰਦਿਆਂ ਉਸ ਨੂੰ ਮਾਓਵਾਦੀਆਂ ਦੀ ਏਜੰਟੀ ਕਰਨ ਵਾਲੀ ਕਹਿ ਦਿੱਤਾ। ਅੱਗੋਂ ਭਾਜਪਾ ਦੇ ਬੁਲਾਰੇ ਪ੍ਰਕਾਸ਼ ਜਾਵੜੇਕਰ ਨੇ ਕਾਂਗਰਸੀਆਂ ਨੂੰ 'ਕੁਆਤਰੋਚੀ ਦੇ ਏਜੰਟ' ਆਖ ਕੇ ਚਿੜਾਇਆ। ਪ੍ਰਕਾਸ਼ ਜਾਵੜੇਕਰ ਦੀ ਇਹ ਗੱਲ ਗ਼ਲਤ ਨਹੀਂ ਕਿ ਬੋਫ਼ੋਰਜ਼ ਤੋਪ ਸੌਦੇ ਦੇ ਮਾਮਲੇ ਵਿਚ ਕੁਆਤਰੋਚੀ ਨੂੰ ਬਚਾਉਣ ਲਈ ਕਾਂਗਰਸ ਦਾ ਇਕ ਹਿੱਸਾ ਲਗਾਤਾਰ ਯਤਨ ਕਰਦਾ ਰਿਹਾ ਹੈ ਪਰ ਇਹ ਅੱਧਾ ਸੱਚ ਹੈ। ਪੂਰਾ ਸੱਚ ਇਹ ਹੈ ਕਿ ਇਸੇ ਮੁਕੱਦਮੇ ਦੀ ਇਕ ਹੋਰ ਧਿਰ ਹਿੰਦੂਜਾ ਭਾਈ ਵੀ ਸਨ। ਉਨ੍ਹਾਂ ਤਿੰਨਾਂ ਭਰਾਵਾਂ ਵਿਰੁਧ ਭਾਜਪਾ ਵਾਲਿਆਂ ਨੇ ਕਦੇ ਵੀ ਰੌਲਾ ਨਹੀਂ ਪਾਇਆ। ਪਹਿਲਾਂ ਇਸ ਦਾ ਕਾਰਨ ਇਹ ਸਮਝਿਆ ਜਾਂਦਾ ਸੀ ਕਿ ਉਹ ਅਟਲ ਬਿਹਾਰੀ ਵਾਜਪਾਈ ਦੇ ਨੇੜੂ ਹੋਣ ਕਰਕੇ ਲਿਹਾਜ਼ ਦੇ ਹੱਕਦਾਰ ਬਣੇ ਹੋਏ ਹਨ ਪਰ ਸਮਾਂ ਪਾ ਕੇ ਉਹ ਲਾਲ ਕ੍ਰਿਸ਼ਨ ਅਡਵਾਨੀ ਲਈ ਵੀ ਕੰਮ ਦੇ ਬੰਦੇ ਬਣ ਗਏ।

ਜਦੋਂ ਅਡਵਾਨੀ ਸਾਹਿਬ ਵਿਰੋਧੀ ਧਿਰ ਦੇ ਆਗੂ ਹੁੰਦੇ ਸਨ, ਗੌਰੀ ਨਾਂ ਦੀ ਇਕ ਕੁੜੀ ਇਨ੍ਹਾਂ ਦੀ ਸਹਾਇਕ ਵਜੋਂ ਕੰਮ ਕਰਦੀ ਸੀ ਤੇ ਫਿਰ ਹੌਲੀ-ਹੌਲੀ ਸਹਾਇਕ ਤੋਂ ਅੱਗੇ ਵਧ ਕੇ ਪਰਿਵਾਰ ਦੀ ਨੂੰਹ ਬਣ ਗਈ। ਕੁਝ ਸਮੇਂ ਬਾਅਦ ਅਡਵਾਨੀ ਜੀ ਦੇ ਪੁੱਤਰ ਜਯੰਤ ਅਤੇ ਗੌਰੀ ਦੀ ਅਣਬਣ ਹੋ ਗਈ। ਨੂੰਹ ਨੇ ਉਸ ਵਕਤ ਦੇ ਉਪ ਪ੍ਰਧਾਨ ਮੰਤਰੀ ਅਡਵਾਨੀ ਵਿਰੁਧ ਉਹ ਚਿੱਠੀ ਦਾਗ਼ ਦਿੱਤੀ ਜਿਸ ਵਿਚਲੇ ਸਾਰੇ ਮਾਮਲੇ ਨੂੰ ਜੇ ਸਮੇਟਿਆ ਨਾ ਜਾਂਦਾ ਤਾਂ ਓਸੇ ਚਿੱਠੀ ਨੇ ਭਾਜਪਾ ਦੀ ਅਗਲੀ ਸਾਰੀ ਚੋਣ ਮੁਹਿੰਮ ਦੀ ਫੂਕ ਕੱਢ ਦੇਣੀ ਸੀ। ਮਾਮਲਾ ਨਜਿੱਠਣ ਲਈ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਦੇ ਇਕ ਅਧਿਕਾਰੀ ਨੂੰ ਅਡਵਾਨੀ ਜੀ ਨੇ ਅੱਗੇ ਲਾਇਆ ਤਾਂ ਉਸ ਦੀ ਬੋਲ-ਬਾਣੀ ਨੇ ਹੋਰ ਵੀ ਬਲਦੀ ਉਤੇ ਤੇਲ ਪਾ ਦਿੱਤਾ। ਅੰਤ ਨੂੰ ਜਦੋਂ ਹਾਲਤ ਹੱਥੋਂ ਨਿਕਲਦੀ ਦੇਖੀ, ਬਰਤਾਨਵੀ ਅਦਾਲਤ ਵੱਲੋਂ ਅਡਵਾਨੀ ਜੀ ਨੂੰ ਪੈਂਖੜ ਪੈਣ ਦੇ ਹਾਲਾਤ ਬਣ ਗਏ, ਉਦੋਂ ਹਿੰਦੂਜਾ ਭਰਾਵਾਂ ਨੇ ਉਹ ਮਾਮਲਾ ਸੰਭਾਲਿਆ ਸੀ ਤੇ ਉਹ ਕਹਿੰਦੇ ਹਨ ਕਿ ਵੱਡਾ ਖ਼ਰਚਾ ਕਰ ਕੇ 'ਅਸੀਂ ਉਹ ਕੰਮ ਆਪਣੀ ਮਾਤ-ਭੂਮੀ ਭਾਰਤ ਦੇ ਹਿਤਾਂ ਖ਼ਾਤਰ' ਕੀਤਾ ਸੀ। ਜੇ ਹਿੰਦੂਜਾ ਭਰਾਵਾਂ ਨੇ ਇੰਨਾ ਕੰਮ 'ਮਾਤ ਭੂਮੀ ਦੇ ਹਿਤਾਂ ਖ਼ਾਤਰ' ਕਰ ਦਿੱਤਾ ਤਾਂ ਫਿਰ ਮਾਤ-ਭੂਮੀ ਦੀ ਇਕ ਅਦਾਲਤ ਵਿਚ ਉਨ੍ਹਾਂ ਵਿਰੁਧ ਚੱਲ ਰਿਹਾ ਬੋਫ਼ੋਰਜ਼ ਤੋਪ ਸੌਦੇ ਵਾਲਾ ਕੇਸ ਵੀ ਪ੍ਰਧਾਨ ਮੰਤਰੀ ਵਾਜਪਾਈ ਅਤੇ ਸੀ.ਬੀ.ਆਈ. ਦੇ ਇੰਚਾਰਜ ਉਪ ਪ੍ਰਧਾਨ ਮੰਤਰੀ ਅਡਵਾਨੀ ਦੇ ਹੁੰਦਿਆਂ ਖਾਰਜ ਹੋ ਜਾਣਾ ਕਿਸੇ ਨੂੰ ਹੈਰਾਨੀ ਵਾਲਾ ਨਹੀਂ ਲੱਗਣਾ ਚਾਹੀਦਾ।

ਅਸੀਂ ਸਾਧਾਰਨ ਲੋਕ ਹਾਂ, ਸਾਧਾਰਨ ਗੱਲਾਂ ਕਰਨ ਵਾਲੇ। ਦਿੱਲੀ ਦੇ ਰੰਗ ਬੜੇ ਨਿਰਾਲੇ ਹਨ। ਇੰਨੇ ਨਿਰਾਲੇ ਕਿ ਅਸੀਂ ਸੁਫ਼ਨੇ ਵਿਚ ਵੀ ਨਹੀਂ ਸੋਚ ਸਕਦੇ। ਇਸੇ ਦਿੱਲੀ ਬਾਰੇ ਪੈਂਤੀ ਕੁ ਸਾਲ ਪਹਿਲਾਂ ਇਕ ਵਾਰੀ ਇਹ ਗੱਲ ਵੀ ਸੁਣੀ ਗਈ ਸੀ ਕਿ ਉਥੇ ਪਾਰਲੀਮੈਂਟ ਵਿਚ ਬੈਠਣ ਵਾਲੇ ਅੱਸੀ ਕੁ ਮੈਂਬਰ ਆਪਣੀ ਸਰਕਾਰੀ ਤਨਖ਼ਾਹ ਅਤੇ ਭੱਤਿਆਂ ਦੇ ਨਾਲ ਨਾਲ ਦੇਸ਼ ਦੇ ਵੱਡੇ ਉਦਯੋਗਪਤੀ ਘਰਾਣਿਆਂ ਤੋਂ ਵੀ ਹਰ ਮਹੀਨੇ ਬੱਧੀ ਹੋਈ ਤਨਖ਼ਾਹ ਲੈਂਦੇ ਹਨ। ਜਿਸ ਦਿਨ ਮੁੰਬਈ ਉਤੇ ਹੁਣ ਤਕ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਹਮਲਾ ਹੋਇਆ, ਉਸ ਦਿਨ ਉਸ ਹੋਟਲ ਵਿਚ ਚਾਰ ਪਾਰਲੀਮੈਂਟ ਮੈਂਬਰ ਵੀ ਠਹਿਰੇ ਹੋਏ ਸਨ। ਉਹ ਇਕ ਮਾਮਲੇ ਦੀ ਪੜਚੋਲ ਕਰਨ ਦੀ ਪਾਰਲੀਮੈਂਟ ਮੈਂਬਰ ਦੀ ਜ਼ਿੰਮੇਵਾਰੀ ਨਿਭਾਉਣ ਗਏ ਸਨ ਤੇ ਉਨ੍ਹਾਂ ਦਾ ਇਹੋ ਜਿਹੇ ਦੌਰੇ ਸਮੇਂ ਸਰਕਾਰੀ ਰੈਸਟ ਹਾਊਸ ਵਿਚ ਠਹਿਰਨਾ ਬਣਦਾ ਸੀ ਪਰ ਉਹ ਤਾਜ ਹੋਟਲ ਠਹਿਰੇ ਸਨ ਜਿਸ ਦਾ ਇਕ ਰਾਤ ਦਾ ਕਿਰਾਇਆ ਇਕ ਲੱਖ ਰੁਪਏ ਤੋਂ ਵੱਧ ਬਣਦਾ ਹੈ। ਇਹ ਪੈਸੇ ਉਨ੍ਹਾਂ ਨੇ ਪੱਲਿਓਂ ਨਹੀਂ ਸਨ ਦੇਣੇ, ਦੇਣ ਵਾਲਿਆਂ ਦੇਣੇ ਸਨ ਤੇ ਪਾਰਲੀਮੈਂਟ ਮੈਂਬਰ ਇਹ ਕਿਸੇ ਇਕ ਪਾਰਟੀ ਦੇ ਨਹੀਂ, ਵੱਖੋ-ਵੱਖ ਪਾਰਟੀਆਂ ਦੇ ਸਨ। ਹਾਕਮ ਧਿਰ ਵਿਚੋਂ ਵੀ ਤੇ ਵਿਰੋਧੀ ਧਿਰ ਦੇ ਵੀ। ਹਮਲੇ ਦੌਰਾਨ ਇਹ ਗੱਲ ਸਾਹਮਣੇ ਆ ਜਾਣ ਦੇ ਬਾਵਜੂਦ ਦਬਾ ਦਿੱਤੀ ਗਈ ਤਾਂ ਸਿਰਫ਼ ਇਸ ਲਈ ਕਿ ਉਥੇ 'ਤੂੰ ਵੀ ਚੋਰ ਤੇ ਮੈਂ ਵੀ ਚੋਰ' ਦੇ ਆਸਰੇ ਕੰਮ ਚੱਲਦਾ ਹੈ। ਦੁੱਖ ਦੀ ਗੱਲ ਹੈ ਕਿ ਦਿੱਲੀ ਜਾ ਕੇ ਮਜ਼ੇ ਮਾਣਨ ਵਾਲੇ ਇਨ੍ਹਾਂ ਲੋਕਾਂ ਨੂੰ ਸਾਡੇ ਦੇਸ਼ ਦੇ ਆਮ ਲੋਕ ਅਜੇ ਵੀ ਆਪਣੇ ਪ੍ਰਤੀਨਿਧ ਸਮਝੀ ਜਾਂਦੇ ਹਨ।


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਕੈਂਸਰ ਬਣ ਚੁੱਕਾ ਡੇਰਾਵਾਦ ਕੌਮ ਲਈ ਖਤਰਾ-ਸਿੱਖ ਵਿਦਵਾਨ

**ਨਿਊ ਯਾਰਕ:** ਅਜੋਕੇ ਸਮੇਂ ਵਿਚ ਸਿੱਖ ਪੰਥ ਨੂੰ ਜਿੰਨਾ ਖਤਰਾ ਬਾਹਰੀ ਬਿਪਰਵਾਦੀ ਤਾਕਤਾਂ ਤੋਂ ਹੈ ਉਨਾ ਹੀ ਖਤਰਾ ਸਿੱਖ ਪੰਥ ਦੇ ਅੰਦਰਲੀਆਂ ਸੁਆਰਥੀ ਤਾਕਤਾਂ ਤੋਂ ਹੈ ਜਿਨ੍ਹਾਂ ਦੀ ਡੋਰੀ ਆਪੋ ਆਪਣੇ ਸੁਆਰਥਾਂ ਨਾਲ ਬੱਝੇ ਸਿਆਸਤਦਾਨਾਂ ਦੇ ਹੱਥ ਹੈ। ਇਹ ਵਿਚਾਰ ਵੱਖ ਵੱਖ ਪੰਥਕ ਵਿਦਵਾਨਾਂ ਨੇ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਵਲੋਂ ਇਥੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਚ 27 ਅਤੇ 28 ਨਵੰਬਰ ਨੂੰ ਕਰਵਾਈ ਗਈ ਇਕ ਵਿਚਾਰ ਗੋਸ਼ਟੀ ਵਿਚ ਪੇਸ਼ ਕੀਤੇ।
















ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਮੁਖੀ ਰਹੇ ਉਘੇ ਸਿੱਖ ਵਿਦਵਾਨ ਡਾ. ਬਲਕਾਰ ਸਿੰਘ ਨੇ ਆਪਣਾ ਪਰਚਾ ਪੜ੍ਹਦਿਆਂ ਇਸ ਗੱਲ 'ਤੇ ਅਫਸੋਸ ਜ਼ਾਹਰ ਕੀਤਾ ਕਿ ਸਿੱਖ-ਸੰਸਥਾਵਾਂ ਦਾ ਸਿਆਸੀ-ਅਪਹਰਣ ਹੋ ਜਾਣ ਕਰਕੇ ਸਿੱਖ ਸੰਸਥਾਵਾਂ ਲੋੜੀਂਦੀ ਭੂਮਿਕਾ ਨਹੀਂ ਨਿਭਾ ਰਹੀਆਂ। ਸਿੱਖ ਸਦਾ ਹੀ ਸੰਘਰਸ਼ ਵਿਚ ਰਹੇ ਹਨ, ਇਹ ਸੰਘਰਸ਼ ਪਹਿਲਾਂ ਵਿਰੋਧੀਆਂ ਨਾਲ ਹੁੰਦਾ ਸੀ ਅਤੇ ਇਸ ਵੇਲੇ ਆਪਣਿਆਂ ਨਾਲ ਕਰਨ ਦੇ ਹਾਲਾਤ ਪੈਦਾ ਹੋ ਗਏ ਹਨ। ਸਿੱਖ ਕੌਮ ਵਿਰੋਧੀਆਂ ਨਾਲ ਚੜ੍ਹਦੀ ਕਲਾ ਵਿਚ ਲੜਦੀ ਆਈ ਹੈ ਅਤੇ ਜੇਤੂ-ਤਰਕ ਦੀ ਮਾਲਕ ਰਹੀ ਹੈ ਪਰ ਆਪਣਿਆ ਨਾਲ ਲੜਨ ਵਾਸਤੇ ਲੋੜੀਂਦੀ ਮਾਨਸਿਕਤਾ ਸਿੱਖ ਭਾਈਚਾਰੇ ਵਿਚ ਪੈਦਾ ਨਹੀਂ ਹੋਈ। ਗੁਰੂ ਅਵਸਰ ਬਖਸ਼ਦੇ ਹਨ ਅਤੇ ਇਸ ਵੇਲੇ ਵੀ ਆ ਰਹੀਆਂ ਸ਼੍ਰੋਮਣੀ ਕਮੇਟੀ ਚੋਣਾਂ ਸਾਰਿਆਂ ਲਈ ਇਮਤਿਹਾਨ ਦੀ ਘੜੀ ਲਗਦੀਆਂ ਹਨ। ਇਹ ਸਮੇਂ ਦੀ ਲੋੜ ਹੈ ਕਿ ਪੰਥਕ ਸੰਸਥਾਵਾਂ ਨੂੰ ਸਿੱਖ ਸਿਆਸਤਦਾਨਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਇਆ ਜਾਵੇ। ਇਸ ਨਾਲ ਇਹ ਗੱਲ ਵੀ ਜੁੜੀ ਹੋਈ ਹੈ ਕਿ ਸਿੱਖਾਂ ਦੀ ਜਨਮ ਭੂਮੀ ਪੰਜਾਬ ਵਿਚ ਸਿਆਸਤ ਦੀ ਥਾਂ ਪੰਥਕ ਬੋਲਬਾਲਿਆਂ ਦਾ ਮਾਹੌਲ ਪੈਦਾ ਹੋਵੇ। ਅਜਿਹਾ ਤਦ ਹੀ ਸੰਭਵ ਹੈ ਜੇ ਸਿਆਸਤਨੁਮਾ ਧਰਮੀ ਅਤੇ ਧਰਮਨੁਮਾ ਸਿਆਸਤਦਾਨਾਂ ਵਿਚਕਾਰ ਫਰਕ ਕਰ ਸਕਣ ਦੀ ਸਿੱਖ ਮਾਨਸਿਕਤਾ ਪ੍ਰਚੰਡ ਹੋ ਸਕੇ। ਪੰਥਕ ਫੈਸਲੇ ਲਗਾਤਾਰ ਗੁਰੂ-ਜੁਗਤਿ ਵਿਚ ਨਾ ਲਏ ਜਾਣ ਕਰਕੇ ਜੋ ਹਾਲਾਤ ਪੈਦਾ ਹੋਏ ਹਨ, ਉਨ੍ਹਾਂ ਨਾਲ ਪੰਥਕ ਮੁੱਦਿਆਂ ਦੀ ਨਿਸ਼ਾਨਦੇਹੀ ਮੁਸ਼ਕਲਾਂ ਅਤੇ ਭਟਕਣਾਂ ਦੇ ਸਨਮੁਖ ਆ ਗਈ ਹੈ। ਉਨ੍ਹਾਂ ਸੱਦਾ ਦਿੱਤਾ ਕਿ ਟਕਰਾਉ ਦੀ ਸਿਆਸਤ ਦੀ ਥਾਂ ਤੇ ਗੁਰੁ ਸਾਹਿਬਾਨ ਵਲੋਂ ਬਖਸ਼ੀਆਂ ਗੁਰ-ਜੁਗਤਾਂ ਦੀ ਅਗਵਾਈ ਵਿਚ ਪੈਰਾਂ-ਸਿਰ ਹੋਣ ਦੀ ਲਹਿਰ ਚਲਾਈ ਜਾਵੇ।

ਮੀਡੀਆ ਵਿਚ ਸਥਾਪਤ ਸ਼ਖਸੀਅਤ ਅਤੇ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਦੇ ਸਾਬਕਾ ਸਹਾਇਕ ਸੰਪਾਦਕ ਸ. ਕਰਮਜੀਤ ਸਿੰਘ ਚੰਡੀਗੜ੍ਹ ਨੇ ਮੀਡੀਆ ਦੇ ਸਿੱਖਾਂ ਉਤੇ ਪੈ ਰਹੇ ਪ੍ਰਭਾਵ ਦੀਆਂ ਪਰਤਾਂ ਫੋਲਦਿਆਂ ਰਮਾਇਣ ਅਤੇ ਮਹਾਭਾਰਤ ਸੀਰੀਅਲਾਂ ਦੇ ਹਵਾਲੇ ਨਾਲ ਦਸਿਆ ਕਿ ਭਾਰਤੀ ਮੀਡੀਆ ਬਿਪਰਵਾਦੀ ਸੋਚ ਦਾ ਪ੍ਰਤੀਨਿਧ ਵੀ ਹੈ ਅਤੇ ਪ੍ਰਚਾਰਕ ਵੀ। ਇਸ ਵਿਰੁਧ ਲੋੜੀਂਦੀ ਚੇਤਨਾ ਲਹਿਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸ਼ੁਰੂ ਹੋਈ ਸੀ। ਇਸ ਨੂੰ ਬਹਾਨਾ ਬਣਾ ਕੇ ਜੋ ਜ਼ੁਲਮ ਅਤੇ ਜਬਰ ਸਿੱਖਾਂ ਨਾਲ ਕੀਤਾ ਗਿਆ, ਉਸ ਦੇ ਜ਼ਖਮ ਅਜੇ ਰਿਸਦੇ ਹਨ। ਇਸ ਵਿਚੋਂ ਨਿਕਲਣ ਵਾਸਤੇ ਸਿੱਖ ਮੀਡੀਆ ਨੂੰ ਪੰਥਕ ਰੰਗ ਵਿਚ ਸਾਹਮਣੇ ਲਿਆਉਣ ਦੀ ਲੋੜ ਹੈ। ਅਜਿਹਾ ਕਰਦੇ ਵਕਤ ਇਹ ਧਿਆਨ ਵਿਚ ਰਖੇ ਜਾਣ ਦੀ ਲੋੜ ਹੈ ਕਿ ਇਸ ਦਾ ਸਿਆਸੀ ਲਾਹਾ ਲੈਣ ਵਾਲਿਆਂ ਅਤੇ ਵਪਾਰੀਕਰਨ ਕਰਨ ਵਾਲਿਆਂ ਤੋਂ ਕੌਮ ਨੂੰ ਬਚਾਉਣ ਦੀ ਚੇਤਨਾ ਮੁਹਿੰਮ ਚਲਾਈ ਜਾਵੇ।




ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ (ਕੈਨੇਡਾ) ਨੇ ਪੰਜਾਬ ਦੀ ਹਿੱਕ 'ਤੇ ਵਗਦੇ ਨਸ਼ਿਆਂ ਦੇ ਦਰਿਆ ਦੀ ਗੱਲ ਕਰਦਿਆਂ ਕਿਹਾ ਕਿ ਸਿੱਖੀ ਦੇ ਨਾਂ 'ਤੇ ਚਲਦੀਆਂ ਡੇਰੇਦਾਰੀਆਂ ਇਸ ਸਿੱਖ-ਮਾਰੂ ਮੁਹਿੰਮ ਨੂੰ ਰੋਕਣ ਵਿਚ ਇਸ ਕਰਕੇ ਨਾਕਾਮ ਹਨ ਕਿਉਂਕਿ ਉਹ ਆਪ ਸ਼ਬਦ-ਗੁਰੂ ਨਾਲੋਂ ਟੁਟੀਆਂ ਹੋਈਆਂ ਹਨ। ਸਿੱਖ-ਵਿਰੋਧੀ ਧਾਰਮਿਕ ਡੇਰੇਦਾਰੀਆਂ, ਜੋ ਖਾੜਕੂ ਲਹਿਰ ਨੂੰ ਢਾਹ ਲਾਉਣ ਲਈ ਸਰਕਾਰੀ ਏਜੰਸੀਆਂ ਦੀ ਸ਼ਹਿ 'ਤੇ ਸਾਹਮਣੇ ਆਈਆਂ ਸਨ, ਇਸ ਵੇਲੇ ਸਿੱਖਾਂ ਅਤੇ ਸਿੱਖੀ ਦਾ ਸਭ ਤੋਂ ਵਧ ਨੁਕਸਾਨ ਕਰ ਰਹੀਆਂ ਹਨ। ਆਪਣੀ ਗੱਲ ਦੀ ਪੁਸ਼ਟੀ ਲਈ ਨੂਰਮਹਿਲੀਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਰੌਂਗਟੇ ਖੜੇ ਕਰ ਦੇਣ ਵਾਲੇ ਤੱਥ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਦੋ ਕੁ ਸਾਲ ਪਹਿਲਾਂ ਮੋਰਿੰਡਾ ਨੇੜਲੇ ਪਿੰਡ ਲਠੇੜੀ ਦੀਆਂ ਬੀਬੀਆਂ ਨੇ ਇਕੱਠੀਆਂ ਹੋ ਕੇ ਸ਼ਰਾਬ ਦਾ ਠੇਕਾ ਪਿੰਡੋਂ ਚੁਕਵਾਇਆ ਅਤੇ ਨਸ਼ੇ ਵੇਚਣ ਦੀ ਦੁਕਾਨ ਬੰਦ ਕਰਵਾਈ। ਜੇ ਅਸੀਂ ਸਮਰੱਥ ਗੁਰੂ ਗੁਰੂ ਗ੍ਰੰਥ ਸਾਹਿਬ ਦਾ ਓਟ ਆਸਰਾ ਲੈ ਕੇ ਈਮਾਨਦਾਰੀ ਨਾਲ ਉਪਰਾਲਾ ਕਰੀਏ ਤਾਂ ਸੰਗਤੀ ਰੂਪ ਵਿਚ ਹਰ ਤਰ੍ਹਾਂ ਦੀ ਤਬਦੀਲੀ ਲਿਆਉਣ ਦੇ ਸਮਰੱਥ ਹੋ ਸਕਦੇ ਹਾਂ।

ਪੰਜਾਬ ਤੋਂ ਪਹੁੰਚੇ ਉਘੇ ਸਿੱਖ ਵਿਦਵਾਨ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਬਿਪਰਵਾਦ ਨੂੰ ਅਜਿਹਾ ਵਾਇਰਸ ਦੱਸਿਆ ਜਿਸ ਤੋਂ ਬਚਣਾ ਬਹੁਤ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਬਿਪਰ ਨੂੰ ਮਾਰਨ ਦੀ ਥਾਂ ਇਸ ਨਾਲ ਨਜਿਠਣ ਦੀ ਗੁਰਮਤਿ-ਜੁਗਤਿ ਨੂੰ ਆਮ ਸਿੱਖ ਤਕ ਲੈ ਕੇ ਜਾਣ ਦੀ ਲੋੜ ਹੈ। ਅਜਿਹਾ ਯਤਨ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸ਼ੁਰੂ ਹੋਇਆ ਸੀ। ਬਿਪਰ ਹਮੇਸ਼ਾਂ ਹੀ ਸਿੱਖੀ ਅੰਦਰ ਘੁਸਪੈਠ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਅੰਮ੍ਰਿਤਸਰ ਵਿਚ ਦੁਰਗਿਆਨਾ ਮੰਦਰ ਵੀ ਇਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਮਾਡਲ ਨੂੰ ਮੁੱਖ ਰੱਖ ਕੇ ਇਸੇ ਮਕਸਦ ਨਾਲ ਬਣਾਇਆ ਸੀ। ਇਹ ਲੋਕ ਕਾਮਯਾਬ ਇਸ ਕਰਕੇ ਨਹੀਂ ਹੋ ਰਹੇ ਕਿ ਦੁਰਗਿਆਨਾ ਮੰਦਿਰ ਸਿਰਫ ਚੂਨੇ ਅਤੇ ਇੱਟਾਂ ਦੀ ਇਮਾਰਤ ਹੈ ਅਤੇ ਦਰਬਾਰ ਸਾਹਿਬ ਨਾਲ ਸਿੱਖ ਫਲਸਫਾ ਅਤੇ ਸਿੱਖਾਂ ਦਾ ਈਮਾਨ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਬਿਪਰ ਸੋਚ ਨੇ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦਾ ਸੁਪਰੀਮ ਕੋਰਟ ਤੱਕ ਵਿਰੋਧ ਕੀਤਾ ਸੀ। ਇਥੇ ਹੀ ਬੱਸ ਨਹੀਂ, ਬਿਪਰਵਾਦੀਆਂ ਨੇ ਸੰਤ ਅਤਰ ਸਿੰਘ ਮਸਤੂਆਣੇ ਨੂੰ ਆਪਣੀਆਂ ਚਾਣਕੀਆ ਨੀਤੀਆਂ ਨਾਲ ਗੁਮਰਾਹ ਕਰ ਕੇ ਬਨਾਰਸ ਵਿਚ ਹਿੰਦੂ ਯੂਨੀਵਰਸਿਟੀ ਲਈ ਪੈਸਾ ਲੈ ਕੇ ਯੂਨੀਵਰਸਿਟੀ ਸਥਾਪਿਤ ਕਰ ਦਿਤੀ। ਅਖੀਰ ਵਿਚ ਉਨ੍ਹਾਂ ਕਿਹਾ ਕਿ ਇਸ ਤੋਂ ਛੁਟਕਾਰਾ ਪਾਉਣ ਲਈ ਖਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਅਧਿਆਤਮਕ ਸਾਂਝ ਪਾਉਣੀ ਜਰੂਰੀ ਹੈ।

ਭਾਈ ਸੁਰਜੀਤ ਸਿੰਘ ਮੁੰਧਲ ਨੇ ਇਕ ਜੋਸ਼ੀਲੀ ਕਵਿਤਾ ਰਾਹੀਂ ਸਿੱਖ ਸੰਘਰਸ਼ ਦੀਆਂ ਯਾਦਾਂ ਨੂੰ ਮੁੜ ਤਾਜਾ ਕਰਵਾ ਦਿੱਤਾ।

ਹਰਿੰਦਰ ਸਿੰਘ ਟੈਕਸਸ ਨੇ ਆਪਣਾ ਪਰਚਾ ਪੇਸ਼ ਕਰਦਿਆਂ ਕਿਹਾ ਕਿ ਸਿੱਖ ਕੌਮ ਆਪਣੀਆਂ ਸਮਸਿਆਵਾਂ ਨਾਲ ਨਜਿਠਣ ਲਈ ਤਿਆਰ ਨਹੀਂ ਹੈ ਕਿਉਂਕਿ ਸਿੱਖ ਅੱਜ ਆਪਣੇ ਅਸਲ ਤੋਂ ਟੁੱਟ ਕੇ ਦਿਸਦੀਆਂ ਚੀਜਾਂ ਵੱਲ ਦੌੜ ਪਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਛੋਟੇ-ਛੋਟੇ ਦੁਨਿਆਵੀ ਲਾਭਾਂ ਪਿਛੇ ਆਪਣੇ ਆਪ ਨੂੰ ਭੁੱਲੀ ਬੈਠੇ ਹਾਂ, ਇਹੋ ਸਾਡੀ ਸਮੱਸਿਆ ਹੈ ਤੇ ਖਾਲਸਾ ਉਹੋ ਹੈ ਜੋ ਨਿੱਤ ਨਵੀ ਜੰਗ ਲੜਦਾ ਹੈ। ਇਹ ਜੰਗ ਸਿੱਖ ਦੀ ਆਪਣੇ ਆਪੇ ਨਾਲ ਵਿਚਾਰਾਂ ਦੀ ਲੜਾਈ ਹੈ। ਜਿਨ੍ਹਾਂ ਵਿਚਾਰਾਂ ਸਦਕਾ ਅਸੀਂ ਆਪਣੀ ਅਸਲੀਅਤ ਭੁੱਲੀ ਬੈਠੇ ਹਾਂ, ਉਨ੍ਹਾਂ ਨੂੰ ਹਰਾਉਣਾ ਹੋਵੇਗਾ। ਉਨ੍ਹਾਂ ਦਾ ਸੰਦੇਸ਼ ਸੀ

*(ਬਾਕੀ ਅਗਲੇ ਸਫੇ 'ਤੇ)*









ਖਾਲਸੇ ਨੇ ਸਿਰਫ ਤੇ ਸਿਰਫ ਗੁਰੂ ਨਾਲ ਜੁੜਨਾ ਹੈ।

ਕੈਲੀਫੋਰਨੀਆ ਤੋਂ ਆਏ ਸਿੱਖ ਵਿਦਵਾਨ ਡਾ. ਤਰਲੋਚਨ ਸਿੰਘ ਨਾਹਲ ਨੇ ਸਿੱਖ ਧਰਮ ਨੂੰ ਦਰਪੇਸ਼ ਖਤਰਿਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਰੂਸ ਦੀ ਖੂਫੀਆ ਏਜੰਸੀ ਕੇ.ਜੀ.ਬੀ. ਨੇ ਇੰਦਰਾ ਗਾਂਧੀ ਨੂੰ ਸਿੱਧੀਆਂ ਰਿਪੋਰਟਾਂ ਵਿਚ ਸਿੱਖ ਸੰਘਰਸ਼ ਪਿੱਛੇ ਅਮਰੀਕਾ ਦੀ ਸੀ.ਆਈ.ਏ. ਅਤੇ ਪਾਕਿਸਤਾਨ ਦੀ ਆਈ.ਐਸ.ਆਈ. ਦਾ ਹੱਥ ਦਸ ਕੇ, ਸ਼੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਨ ਲਈ ਉਕਸਾਇਆ ਸੀ। ਡਾ. ਨਾਹਲ ਨੇ ਡੇਰਾਵਾਦ, ਭਾਰਤੀ ਟੀ.ਵੀ. ਚੈਨਲਾਂ, ਆਰੀਆ ਸਮਾਜ, ਕਮਿਊਨਿਸਟ ਵਿਚਾਰਧਾਰਾ ਨੂੰ ਵੀ ਸਿੱਖ ਧਰਮ ਲਈ ਖਤਰਿਆਂ ਵਿਚ ਗਿਣਿਆ।

ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਮੁੱਖ ਬੁਲਾਰੇ ਕੈਲੀਫੋਰਨੀਆ ਤੋਂ ਪਹੁੰਚੇ ਭਾਈ ਦਵਿੰਦਰ ਸਿੰਘ ਨੇ ਕਿਹਾ ਕਿ ਡੇਰਾਵਾਦ ਅੱਜ ਕੌਮ ਲਈ ਕੈਂਸਰ ਦਾ ਰੂਪ ਧਾਰਨ ਕਰ ਚੁੱਕਾ ਹੈ। ਪੁਜਾਰੀਵਾਦ ਦਾ ਬਦਲਵਾਂ ਰੂਪ ਅੱਜ ਇਥੇ ਕੌਮ ਦੀ ਆਰਥਿਕ ਲੁੱਟ-ਖਸੁੱਟ ਕਰ ਰਿਹੈ ਉਥੇ ਕੌਮ ਦੇ ਗਹਿਰ-ਗੰਭੀਰ ਮਸਲਿਆਂ ਨੂੰ ਵਿਸਾਰੀ ਬੈਠਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਡੇਰਿਆਂ ਤੋਂ ਪੰਥ ਦੇ ਭਲੇ ਲਈ ਕੀ ਆਸ ਰੱਖੋਗੇ ਜੋ ਆਪ ਹੀ ਸਿੱਖ ਰਹਿਤ ਮਰਿਯਾਦਾ ਤੋਂ ਬਾਗੀ ਹਨ। ਨਾਨਕਸਰ ਸੰਪਰਦਾ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਜੋ ਲੋਕ ਪੰਥ ਦਾ ਨਿਸ਼ਾਨ ਸਾਹਿਬ ਲਾਉਣ ਤੋਂ ਮੁਨਕਰ ਹਨ, ਜਿਨ੍ਹਾਂ ਨੇ ਗੁਰਦੁਆਰੇ ਦਾ ਨਾਂ ਬਦਲ ਕੇ ਠਾਠ ਰੱਖ ਲਿਆ ਹੋਵੇ, ਜੋ ਲੰਗਰ ਪ੍ਰਥਾ ਮੰਨਣ ਤੋਂ ਆਕੀ ਹੋਣ, ਅਜਿਹੇ ਠਾਠਾਂ ਤੋਂ ਕੌਮ ਦੇ ਭਲੇ ਦੀ ਆਸ ਰੱਖਣਾ ਸਮਾਂ ਖਰਾਬ ਵਾਲੀ ਗੱਲ ਹੈ। ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਅੱਜ ਆਮ ਸਿੱਖਾਂ ਦੇ ਮਨਾਂ ਵਿਚ ਇਤਿਹਾਸਕ ਗੁਰਧਾਮਾਂ ਦੀ ਮਹੱਤਤਾ ਘੱਟ ਰਹੀ ਹੈ ਤੇ ਠਾਠਾਂ ਦੀ ਚੜ੍ਹਤ ਵੱਧ ਰਹੀ ਹੈ। ਗੁਰੂ ਸਾਹਿਬ ਨੇ ਸਿੱਖਾਂ ਨੂੰ ਕਿਸੇ ਠਾਠ ਜਾਂ ਡੇਰੇ ਨਾਲ ਨਹੀਂ ਸਿਰਫ ਗੁਰੂ ਗ੍ਰੰਥ ਅਤੇ ਪੰਥ ਨਾਲ ਜੋੜਿਆ ਸੀ ਅਤੇ ਪੰਥ ਨੇ ਸਿੱਖੀ ਦੇ ਵਿਕਾਸ ਲਈ ਇਤਿਹਾਸਕ ਗੁਰਦੁਆਰੇ ਸਥਾਪਿਤ ਕੀਤੇ ਸਨ। ਇਸ ਪ੍ਰਕਿਰਿਆ ਨੂੰ ਠੱਲ ਪਾਉਣ ਲਈ ਸਾਨੂੰ ਵੱਡੇ ਪੱਧਰ 'ਤੇ ਗੁਰਮਤਿ ਲਹਿਰ ਉਭਾਰਨ ਦੀ ਲੋੜ ਹੈ।

ਸਟੇਜ ਸਕੱਤਰ ਦੀ ਸੇਵਾ ਪਹਿਲੇ ਦਿਨ ਭਾਈ ਭੁਪਿੰਦਰ ਸਿੰਘ ਬੋਪਾਰਾਏ ਅਤੇ ਦੂਸਰੇ ਦਿਨ ਗੁਰੂ ਘਰ ਦੇ ਸਕੱਤਰ ਸ. ਕੁਲਦੀਪ ਸਿੰਘ ਢਿੱਲੋਂ ਨੇ ਨਿਭਾਈ। ਸੈਮੀਨਾਰ ਦਾ ਅਰੰਭ ਸਿਆਟਲ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਜਸਵਿੰਦਰ ਸਿੰਘ ਗਰੇਵਾਲ ਨੇ ਕੀਤਾ ਅਤੇ ਦਸਿਆ ਕਿ ਪੱਛਮ ਵਿਚਲੇ ਸਿੱਖ ਭਾਈਚਾਰੇ ਨੂੰ ਆਪਣੀ ਸਿੱਖ ਪਛਾਣ ਦਾ ਸਿੱਕਾ ਮੰਨਵਾਉਣ ਲਈ ਸਮੇ ਦੇ ਹਾਣ ਦੀ ਅਕਾਦਮਿਕ ਯੋਗਤਾ ਉਸੇ ਤਰ੍ਹਾਂ ਹਾਸਲ ਕਰਨੀ ਪਵੇਗੀ ਜਿਵੇਂ ਯਹੂਦੀ ਕੌਮ ਦੇ ਵਾਰਸਾਂ ਨੂੰ ਕਰਨੀ ਪਈ ਸੀ। ਵਿਰਾਸਤ ਦੇ ਫਖਰ ਵਿਚ ਪ੍ਰਾਪਤ ਕੀਤੀ ਸਜੱਗਤਾ ਸਦਾ ਹੀ ਕੌਮਾਂ ਦੈ ਆਨ ਅਤੇ ਸ਼ਾਨ ਨੂੰ ਬਹਾਲ ਕਰਦੀ ਹੈ।

ਇਸ ਦੋ ਰੋਜ਼ਾ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਜਿਥੇ ਜਥੇਬੰਦੀ ਦੇ ਸਮੂਹ ਸੇਵਾਦਾਰਾਂ ਦੀ ਭੂਮਿਕਾ ਸ਼ਲਾਘਾਯੋਗ ਰਹੀ ਉਥੇ ਸਿੱਖ ਕਲਚਰਲ ਸੁਸਾਇਟੀ ਦੇ ਪ੍ਰਬੰਧਕਾਂ-ਪ੍ਰਧਾਨ ਭੁਪਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਕੰਗ, ਮੋਹਨ ਸਿੰਘ ਖੱਟੜਾ, ਹਰਬੰਸ ਸਿੰਘ ਢਿੱਲੋਂ ਅਤੇ ਵੇਕਅਪ ਖਾਲਸਾ ਦੇ ਭਾਈ ਕੁਲਦੀਪ ਸਿੰਘ ਕੰਗਣਵਾਲ ਨੇ ਵੀ ਭਰਵਾਂ ਸਹਿਯੋਗ ਦਿੱਤਾ। ਏ ਐਸ ਓ ਨੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।









ਇਨਸਾਈਕਲੋਪੀਡੀਆ 'ਸਿੱਖ ਇਤਿਹਾਸ ਦੀਆਂ ਪੈੜਾਂ' ਦੀ ਤਿਆਰੀ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਸ਼ਖਸੀਅਤਾਂ ਲਈ

ਸਨਮਾਨ ਸਮਾਰੋਹ

12 ਦਸੰਬਰ 2010
ਸਥਾਨ: ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ
ਰਿਚਮੰਡ ਹਿੱਲ, ਨਿਊ ਯਾਰਕ


ਬੀਬੀ ਇੰਦਰਜੀਤ ਕੌਰ ਖਾਲਸਾ
ਗੈਸਟ ਆਫ ਆਨਰ


ਜੌਹਨ ਸਿੰਘ ਗਿੱਲ
ਮੁੱਖ ਮਹਿਮਾਨ


ਭੁਪਿੰਦਰ ਸਿੰਘ ਬੋਪਾਰਾਏ
ਗੈਸਟ ਆਫ ਆਨਰ


ਸੰਤ ਸਿੰਘ ਛਤਵਾਲ
ਗੈਸਟ ਆਫ ਆਨਰ


ਰਾਜਿੰਦਰ ਸਿੰਘ ਸੀਤਲ
ਲੇਖਕ

ਲੇਖਕ ਨੇ ਇਸ ਪ੍ਰਾਜੈਕਟ ਰਾਹੀਂ ਜਿਥੇ ਸਿੱਖ ਕੌਮ ਉਪਰ ਪੈ ਰਹੇ ਚੰਗੇ ਤੇ ਮਾੜੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਹੈ, ਉਥੇ ਅਗੋਂ ਹੋ ਰਹੇ ਹਮਲਿਆਂ ਤੋਂ ਸੁਚੇਤ ਕਰਦਿਆਂ ਕਸੂਰਵਾਰਾਂ ਨੂੰ ਕਟਹਿਰੇ ਵਿਚ ਖੜਾ ਕਰਨ ਦਾ ਬਹੁਤ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਲੇਖਕ ਦੀ ਸੂਝ-ਬੂਝ ਅਤੇ ਦਲੇਰੀ ਦੀ ਦਾਦ ਦੇਣੀ ਬਣਦੀ ਹੈ। ਇਹ ਹਰ ਘਰ ਦਾ ਸ਼ਿੰਗਾਰ ਬਣਨ ਯੋਗ ਇਤਿਹਾਸਕ ਦਸਤਾਵੇਜ਼ ਹੈ ਜੋ ਆਉਣ ਵਾਲੀ ਪੀੜੀ ਲਈ ਮੀਲ ਪੱਥਰ ਸਾਬਤ ਹੋਏਗਾ।


ਗੁਰਮੁਖ ਸਿੰਘ ਦੋਸਾਂਝ


ਜੱਸੀ ਸਿੰਘ ਸਚਦੇਵਾ
(ਅਟਾਰਨੀ ਐਟ ਲਾਅ)

ਇਨਸਾਈਕਲੋਪੀਡੀਆ ਪ੍ਰਾਪਤ ਕਰਨ ਲਈ ਸੰਪਰਕ ਕਰੋ:
ਸੁਰਿੰਦਰ ਸਿੰਘ ਗਰਚਾ
ਫੋਨ: 734-673-4013
ਭੁਪਿੰਦਰ ਸਿੰਘ ਬੋਪਾਰਾਏ
ਫੋਨ: 917-902-2500
ਪਰਮਿੰਦਰ ਸਿੰਘ ਗਰੇਵਾਲ
ਫੋਨ: 530-682-5860


ਪਰਮਿੰਦਰ ਸਿੰਘ ਗਰੇਵਾਲ


ਸੁਰਿੰਦਰ ਸਿੰਘ ਗਰਚਾ

ਆਰਗੇਨਾਈਜ਼ਿੰਗ ਕਮੇਟੀ: ਰਘਬੀਰ ਸਿੰਘ ਸੁਭਾਨਪੁਰ, ਟਹਿਲ ਸਿੰਘ, ਗੁਰਦੇਵ ਸਿੰਘ ਕੰਗ, ਅਵਤਾਰ ਸਿੰਘ ਪੰਨੂ, ਜਰਨੈਲ ਸਿੰਘ ਗਿਲਜ਼ੀਆਂ, ਮਾਸਟਰ ਮਹਿੰਦਰ ਸਿੰਘ, ਪ੍ਰੀਤਮ ਸਿੰਘ ਗਿਲਜ਼ੀਆਂ, ਹਰਪਾਲ ਸਿੰਘ ਨਿਊ ਯਾਰਕ, ਸੁਰਿੰਦਰ ਸਿੰਘ ਕਾਲੜਾ (ਸ਼ਿਕਾਗੋ), ਮਲਕੀਤ ਸਿੰਘ ਧਾਮੀ, ਕੁਲਦੀਪ ਸਿੰਘ ਟੋਲੀਡੋ, ਹਿੰਮਤ ਸਿੰਘ ਸਰਪੰਚ

ਜਾਰੀ ਕਰਤਾ
ਸੁਰਿੰਦਰ ਸਿੰਘ ਗਰਚਾ
ਪਰਮਿੰਦਰ ਸਿੰਘ ਗਰੇਵਾਲ

# ਪਰਵਾਸੀ ਵੀਰ ਆਪਣੇ ਪਿੰਡਾਂ ਦੀ ਤਰੱਕੀ ਲਈ ਅੱਗੇ ਆਉਣ-ਜੋਬਨਜੀਤ ਸਿੰਘ

**ਅੰਮ੍ਰਿਤਸਰ:** ਵਿਦੇਸ਼ਾਂ ਵਿਚ ਵਸਦੇ ਪੰਜਾਬੀ ਆਪੋ ਆਪਣੇ ਪਿੰਡਾਂ ਦੇ ਵਿਕਾਸ ਲਈ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉਣ। ਖਾਸ ਕਰਕੇ ਪੀਣ ਵਾਲੇ ਸਾਫ ਪਾਣੀ ਦੀ ਘਾਟ ਦੂਰ ਕਰਨ ਲਈ ਆਪੋ ਆਪਣੇ ਪਿੰਡ ਵਿਚ ਵੱਧ ਤੋਂ ਵੱਧ ਸਬਮਰਸੀਬਲ ਪੰਪ ਲੁਆਉਣ ਤਾਂ ਜੋ ਪਿੰਡ ਵਾਸੀਆਂ ਨੂੰ ਗੰਦੇ ਪਾਣੀ ਤੋਂ ਬਚਾਇਆ ਜਾ ਸਕੇ। ਇਹ ਵਿਚਾਰ ਪ੍ਰਗਟਾਉਂਦਿਆਂ ਐਨ ਆਰ ਆਈ ਸਭਾ ਅਮਰੀਕਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਨੇ ਕਿਹਾ ਕਿ ਆਮ ਪੰਪ ਧਰਤੀ ਵਿਚ ਬਹੁਤੇ ਡੂੰਘੇ ਨਹੀਂ ਲਗਦੇ ਅਤੇ ਉਪਰਲਾ ਪਾਣੀ ਹੀ ਕੱਢਦੇ ਹਨ। ਪੀਣ ਲਈ ਵਰਤੇ ਜਾਣ ਕਰਕੇ ਇਹ ਪਾਣੀ ਕਈ ਬਿਮਾਰੀਆਂ ਦਾ ਕਾਰਨ ਬਣਦਾ ਹੈ।

ਇਥੇ 27 ਨਵੰਬਰ ਤੋਂ 2 ਦਸੰਬਰ ਤੱਕ ਹੋਈਆਂ 56ਵੀਆਂ ਨੈਸ਼ਨਲ ਸਕੂਲ ਖੇਡਾਂ ਦੇ ਆਖਰੀ ਦਿਨ ਮੁੱਖ ਮਹਿਮਾਨ ਦੇ ਤੌਰ 'ਤੇ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਬੌਬੀ ਨੇ ਆਖਿਆ ਕਿ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੀ ਸਾਰ ਜ਼ਰੂਰ ਲੈਣੀ ਚਾਹੀਦੀ ਹੈ ਕਿਉਂਕਿ ਇਕੱਲੀ ਸਰਕਾਰ ਬਹੁਤਾ ਕੁਝ ਨਹੀਂ ਕਰ ਸਕਦੀ। ਇਨ੍ਹਾਂ ਖੇਡਾਂ ਵਿਚ ਸਮੁੱਚੇ ਭਾਰਤ ਤੋਂ 32 ਸਟੇਟਾਂ ਦੇ 3800 ਖਿਡਾਰੀਆਂ ਨੇ ਹਿੱਸਾ ਲਿਆ ਅਤੇ ਪੰਜਾਬ ਸਮੁੱਚੇ ਤੌਰ 'ਤੇ ਚੈਂਪੀਅਨ ਬਣਿਆ।

ਇਸ ਮੌਕੇ ਪੰਜਾਬ ਦੇ ਸਿੱਖਿਆ ਅਤੇ ਪਰਵਾਸੀ ਮਾਮਲਿਆਂ ਬਾਰੇ ਮੰਤਰੀ ਜਥੇਦਾਰ ਸੇਵਾ ਸਿੰਘ ਸੇਖਵਾਂ ਨੇ ਪੰਜਾਬ ਦੇ ਜੇਤੂ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਖੇਡਾਂ ਵੱਲ ਹੋਰ ਦਿਲ ਲਾ ਕੇ ਧਿਆਨ ਦੇਣ ਲਈ ਪ੍ਰੇਰਨਾ ਦਿੱਤੀ। ਉਨ੍ਹਾਂ ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਵੀ ਕੀਤੀ।



## ਪੰਜਾਬ ਵਿਚ ਠੰਢ ਦਾ ਜ਼ੋਰ

**ਚੰਡੀਗੜ੍ਹ:** ਠੰਢੀਆਂ ਹਵਾਵਾਂ ਵਗਣ ਨਾਲ ਸੀਤ ਨੇ ਪੰਜਾਬ ਅਤੇ ਹਰਿਆਣਾ ਨੂੰ ਆਪਣੀ ਜਕੜ ਵਿਚ ਲੈ ਲਿਆ ਹੈ। ਹਰਿਆਣੇ ਦਾ ਹਿਸਾਰ ਵਾਲਾ ਇਲਾਕਾ ਜੋ ਗਰਮੀਆਂ ਦੌਰਾਨ ਸਭ ਤੋਂ ਵੱਧ ਗਰਮ ਹੁੰਦਾ, ਵਿਚ ਘੱਟੋ-ਘੱਟ 3.2 ਡਿਗਰੀ ਰਿਕਾਰਡ ਹੋਇਆ। ਪੰਜਾਬ ਵਿਚ ਲੁਧਿਆਣਾ ਦਾ ਘੱਟੋ-ਘੱਟ ਤਾਪਮਾਨ 4.4 ਡਿਗਰੀ, ਅੰਮ੍ਰਿਤਸਰ ਦਾ 5.4 ਤੇ ਪਟਿਆਲਾ ਦਾ 5 ਡਿਗਰੀ ਸੈਲਸੀਅਸ ਰਿਹਾ।













Are Worries Keeping You Awake?
*Watch Your Business AnyTime Any Place.*




Attention Business Owners!!

Are You Worried About Your Business When You`re Not There?

Watch your business from anywhere on iPhone with our new technology

QuikStop Shell am pm ELEVEN 76 Holiday Inn Denny's Arby's

ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ

Financing & Lease Options For 12, 24, 36 Months Available.

ਵਾਜਬ ਕੀਮਤ ਸਹੀ ਕੰਮ

DVR UNLIMITED

Call:1-(888) 233-4566 www.dvrunlimited.com



ਇਮੀਗ੍ਰੇਸ਼ਨ ਮਸਲਾ ਹੈ?
ਅਸੀਂ ਇਮੀਗ੍ਰੇਸ਼ਨ ਪ੍ਰੈਕਟਿਸ ਹੀ ਕਰਦੇ ਹਾਂ

We only practice Immigration Law
Cases published in the 9th Circuit Court of Appeals

Law Office of Inna Lipkin
Over 11 years of experience
By appointment only

ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰਨ ਲਈ ਕਾਲ ਕਰੋ
ਧਰਮ ਪਾਲ ਸ਼ਰਮਾ
ਫੋਨ:510-410-8382

*For appointment call*
Tel:415-672-3261
Fax: 650-364-3988

www.innalipkinimmigrationattorney.com
1690 Woodside Rd., Ste. 103, Redwood City, CA 94061






# ਸ਼੍ਰੋਮਣੀ ਕਮੇਟੀ ਦੀ ਵੋਟ ਸੂਚੀ ਵਿਚ ਮੁਸਲਮਾਨਾਂ ਨੂੰ ਬਣਾਇਆ ਸਿੰਘ

**ਮਾਨਸਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਵਿਚ ਮਾਨਸਾ ਜ਼ਿਲ੍ਹੇ ਵਿਚ ਘਪਲਾ ਸਾਹਮਣੇ ਆਇਆ ਹੈ। ਹਜ਼ਾਰਾਂ ਦੀ ਗਿਣਤੀ ਵਿਚ ਪਤਿਤ ਸਿੱਖ ਵੋਟਰ ਬਣ ਗਏ ਹਨ। ਅਜਿਹੇ ਸਬੂਤ ਵੀ ਮਿਲੇ ਹਨ ਜਿਨ੍ਹਾਂ ਵਿਚ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਸਿੰਘ ਬਣਾ ਕੇ ਉਨ੍ਹਾਂ ਦੀਆਂ ਵੋਟਾਂ ਬਣਾਈਆਂ ਗਈਆਂ ਹਨ। ਜਾਣਕਾਰੀ ਅਨੁਸਾਰ ਅਜਿਹਾ ਕਰਨ ਵਿਚ ਸੱਤਾਧਾਰੀ ਧਿਰ ਸ਼੍ਰੋਮਣੀ ਅਕਾਲੀ ਅਤੇ ਵਿਰੋਧੀ ਦਲਾਂ ਤੋਂ ਇਲਾਵਾ ਕਾਂਗਰਸ ਨਾਲ ਸਬੰਧਿਤ ਆਗੂ ਵੀ ਪਿੱਛੇ ਨਹੀਂ ਹਨ। ਅਜਿਹਾ ਮਾਮਲਾ ਸਾਹਮਣੇ ਆਉਣ 'ਤੇ ਭਾਵੇਂ ਇਹ ਧਿਰਾਂ ਇਕ-ਦੂਸਰੇ 'ਤੇ ਦੋਸ਼ ਲਗਾ ਰਹੀਆਂ ਹਨ ਪਰ ਤੱਥ ਇਹ ਹਨ ਕਿ ਇਹ ਸਭ ਆਪੋ-ਆਪਣੇ ਘਰਾਂ ਵਿਚ ਬਹਿ ਕੇ ਅਤੇ ਵਿਧਾਨ ਸਭਾ ਦੀਆਂ ਵੋਟਰ ਸੂਚੀਆਂ ਨੂੰ ਆਧਾਰ ਬਣਾ ਕੇ ਬਣਾਈਆਂ ਵੋਟਾਂ ਕਰਕੇ ਵਾਪਰਿਆ ਹੈ। ਪਿੰਡ ਮੌਜੋ ਕਲਾਂ ਅਤੇ ਮੌਜੋ ਖੁਰਦ ਵਿਚ ਵਿਧਾਨ ਸਭਾ ਹਲਕੇ ਵਾਲੀ ਵੋਟਰ ਸੂਚੀ ਵਿਚ ਰਾਜ ਖਾਂ ਪੁੱਤਰ ਸ਼ੇਰ ਖਾਂ, ਰਜ਼ੀਆ ਬੇਗਮ ਪਤੀ ਰਾਜ ਖਾਂ, ਸਰੀਫਰ ਪਤੀ ਲਾਲ ਦੀਨ, ਰਵੀ ਕੌਰ ਪਿਤਾ ਲਾਲ ਦੀਨ, ਮਾਘੀ ਖਾਂ ਪਿਤਾ ਲਾਲ ਦੀਨ, ਲਾਲ ਦੀਨ ਪਿਤਾ ਜੀਮਬਖ਼ਸ਼, ਗਗਨੀ ਪਤੀ ਮਾਲੀ ਖਾਂ ਨੂੰ ਸ਼੍ਰੋਮਣੀ ਕਮੇਟੀ ਵੋਟਰ ਸੂਚੀ ਵਿਚ ਰਾਜ ਸਿੰਘ ਪੁੱਤਰ ਸ਼ੇਰ ਸਿੰਘ, ਰਾਜ਼ੀਆ ਕੌਰ ਪਤਨੀ ਰਾਜ ਸਿੰਘ, ਸਰੀਫ ਕੌਰ ਪਤੀ ਰਾਜ ਸਿੰਘ, ਰਾਣੀ ਕੌਰ ਪਿਤਾ ਲਾਲ ਸਿੰਘ, ਮਾਘੀ ਸਿੰਘ ਪਿਤਾ ਲਾਲ ਸਿੰਘ, ਗਗਨ ਕੌਰ ਪਤੀ ਮਾਘੀ ਸਿੰਘ ਦੇ ਨਾਂ 'ਤੇ ਦਰਜ ਕੀਤਾ ਹੈ।

ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ, ਏਕ ਨੂਰ ਖਾਲਸਾ ਫੌਜ ਦੇ ਬਲਜਿੰਦਰ ਸਿੰਘ ਖਾਲਸਾ ਨੇ ਗੁਰਦੁਆਰਾ ਚੋਣ ਕਮਿਸ਼ਨ ਤੋਂ ਮੰਗ ਕੀਤੀ ਹੈ ਕਿ ਇਸ ਘਪਲੇ ਦੀ ਜਾਂਚ ਕਰਵਾ ਕੇ ਘਪਲੇ ਲਈ ਜ਼ਿੰਮੇਵਾਰ ਲੋਕਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

# ਟੱਬਰ ਦੇ 4 ਜੀਆਂ ਦੇ ਕਾਤਲ ਜਵਾਈ ਨੂੰ ਮੌਤ ਦੀ ਸਜ਼ਾ

**ਸ੍ਰੀ ਮੁਕਤਸਰ ਸਾਹਿਬ**: ਜਾਇਦਾਦ ਦੇ ਲਾਲਚ ਵਿਚ ਆਪਣੇ ਸਹੁਰੇ, ਸੱਸ, ਸਾਲੇਹਾਰ ਤੇ ਤਿੰਨ ਵਰ੍ਹਿਆਂ ਦੀ ਮਾਸੂਮ ਭਤੀਜੀ (ਸਾਲੇ ਦੀ ਧੀ) ਨੂੰ ਗੋਲੀਆਂ ਮਾਰ ਕੇ ਕਤਲ ਕਰਨ ਵਾਲੇ ਨੂੰ ਜ਼ਿਲ੍ਹਾ ਅਤੇ ਸੈਸ਼ਨ ਜੱਜ ਜੇ.ਐਸ. ਕਲਾਰ ਨੇ ਮੌਤ ਦੀ ਸਜ਼ਾ ਸੁਣਾਈ ਹੈ।

ਸਾਢੇ ਤਿੰਨ ਸਾਲ ਪਹਿਲਾਂ ਵਾਪਰੇ ਇਸ ਕਤਲ ਕਾਂਡ ਲਈ ਸ਼ਲਿੰਦਰ ਸਿੰਘ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤਾ ਗਿਆ ਗਿਆ ਸੀ। ਜ਼ਿਲ੍ਹਾ ਅਤੇ ਸੈਸ਼ਨ ਜੱਜ ਜੇ.ਐਸ. ਕਲਾਰ ਨੇ ਮੌਕੇ ਦੇ ਗਵਾਹ ਜ਼ਿਲ੍ਹਾ ਅਟਾਰਨੀ ਏ. ਕੇ. ਸਰਦਾਨਾ ਤੇ ਮੁਦਈ ਦੇ ਵਕੀਲ ਫਤਿਹ ਸਿੰਘ ਸੰਧੂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਇਸ ਕਤਲ ਕਾਂਡ ਦੇ ਦੋਸ਼ੀ ਨੂੰ 'ਐਕਸਟ੍ਰੀਮ ਪੈਨਲਟੀ ਆਫ ਡੈੱਥ' ਦਾ ਹੁਕਮ ਸੁਣਾ ਦਿੱਤਾ। ਸਜ਼ਾ ਸੁਣਾਏ ਜਾਣ ਤੋਂ ਬਾਅਦ ਪੁਲੀਸ ਦੋਸ਼ੀ ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਲੈ ਗਈ।

ਸ਼ਲਿੰਦਰ ਸਿੰਘ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਸ਼ਲਿੰਦਰ ਦਾ ਪਰਿਵਾਰ ਪਿੰਡ ਬਾਮ (ਮਲੋਟ) ਵਿਖੇ ਭਲਵਾਨਾਂ ਦੇ ਟੱਬਰ ਕਰਕੇ ਜਾਣਿਆ ਜਾਂਦਾ ਹੈ। ਸ਼ਲਿੰਦਰ ਸਿੰਘ ਹੈਮਰ ਥਰੋਅ ਦਾ ਖਿਡਾਰੀ ਸੀ ਤੇ ਪੁਲੀਸ ਵਿਭਾਗ 'ਚ ਨੌਕਰੀ ਕਰਦਾ ਸੀ ਪਰ ਕਿਸੇ ਕਾਰਨ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਉਸ ਦਾ ਚਾਚਾ ਸੁਖਵੰਤ ਸਿੰਘ ਏਸ਼ੀਆ ਪੱਧਰ ਦਾ ਹੈਮਰ ਥਰੋਅਰ ਰਿਹਾ ਹੈ। ਸ਼ਲਿੰਦਰ ਸਿੰਘ ਦਾ ਕੋਈ ਭੈਣ ਭਾਈ ਨਹੀਂ ਤੇ ਇਕੋ ਇਕ ਪੁੱਤਰ ਬਬਲੂ ਉਸ ਕੋਲ ਹੈ। ਕਤਲ ਕਾਂਡ ਤੋਂ ਬਾਅਦ ਘਰਵਾਲੀ ਪੇਕੇ ਰਹਿ ਰਹੀ ਹੈ। ਸਜ਼ਾ ਸੁਣਾਏ ਜਾਣ ਸਮੇਂ ਸ਼ਲਿੰਦਰ ਸਿੰਘ ਦੇ ਸਹੁਰੇ ਪਰਿਵਾਰ ਦਾ ਕੋਈ ਜੀਅ ਉਥੇ ਮੌਜੂਦ ਨਹੀਂ ਸੀ। ਸ਼ਲਿੰਦਰ ਸਿੰਘ ਦੇ ਰਾਜਵੰਤ ਸਿੰਘ ਨਾਲ ਸੰਪਰਕ ਕਰਨ 'ਤੇ ਦੱਸਿਆ ਕਿ ਉਹ ਇਸ ਫੈਸਲੇ ਦੇ ਖਿਲਾਫ ਹਾਈ ਕੋਰਟ 'ਚ ਅਪੀਲ ਕਰਨਗੇ। ਸ਼ਲਿੰਦਰ ਸਿੰਘ (35 ਸਾਲ) ਕਰੀਬ 10 ਸਾਲ ਪਹਿਲਾਂ ਪਿੰਡ ਗੰਧੜ (ਸ੍ਰੀ ਮੁਕਤਸਰ ਸਾਹਿਬ) ਵਿਖੇ ਸੁਰਿੰਦਰ ਕੌਰ ਨਾਲ ਵਿਆਹਿਆ ਸੀ। ਉਸਦੇ ਇਕ ਪੁੱਤਰ ਬਾਬਰ ਸਿੰਘ ਬਬਲੂ ਹੈ। ਸ਼ਲਿੰਦਰ ਸਿੰਘ ਦੇ ਸਾਲੇ ਗੁਰਪਾਲ ਸਿੰਘ ਨੇ 14 ਜੂਨ 2007 ਨੂੰ ਥਾਣਾ ਸਦਰ ਮੁਕਤਸਰ ਦੀ ਪੁਲੀਸ ਕੋਲ ਬਿਆਨ ਦਿੱਤਾ ਕਿ ਸਵੇਰੇ 9 ਕੁ ਵਜੇ ਪਿੰਡ ਗੰਧੜ ਆ ਕੇ ਸ਼ਲਿੰਦਰ ਸਿੰਘ ਨੇ ਆਪਣੇ ਸਹੁਰੇ ਸਾਧੂ ਸਿੰਘ ਸਰਾਂ (62 ਸਾਲ), ਸੱਸ ਜਸਵਿੰਦਰ ਕੌਰ (57 ਸਾਲ), ਸਾਲੇਹਾਰ ਸੁਰਿੰਦਰ ਕੌਰ (30 ਸਾਲ) ਅਤੇ ਸਾਲੇ ਦੀ ਧੀ ਹਰਮਨਜੋਤ ਕੌਰ (3 ਸਾਲ) ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ।

ਸ਼ਲਿੰਦਰ ਸਿੰਘ ਆਪਣੇ ਸਹੁਰੇ ਦੀ ਜ਼ਮੀਨ ਵਿੱਚੋਂ ਆਪਣੀ ਪਤਨੀ ਦਾ ਹਿੱਸਾ ਮੰਗਦਾ ਸੀ ਤੇ ਇਸ ਗੱਲ ਨੂੰ ਲੈ ਕੇ ਦੋਹਾਂ ਪਰਿਵਾਰਾਂ ਵਿੱਚ ਕਾਫੀ ਕਲੇਸ਼ ਚੱਲ ਰਿਹਾ ਸੀ। ਘਟਨਾ ਵਾਲੀ ਸਵੇਰ ਤੋਂ ਪੂਰਵਲੀ ਸ਼ਾਮ 13 ਜੂਨ 2007 ਨੂੰ ਵੀ ਉਸ ਨੇ ਪਤਨੀ ਦੀ ਕੁੱਟਮਾਰ ਕਰਨ ਮਗਰੋਂ ਉਸ ਨੂੰ ਅਤੇ ਆਪਣੇ ਪੁੱਤਰ ਬਾਬਰ ਸਿੰਘ ਬਬਲੂ ਨੂੰ ਆਪਣੀ ਕਾਰ 'ਚ ਬਿਠਾ ਕੇ ਪਿੰਡ ਸ਼ੇਰੇਵਾਲਾ ਵਿਖੇ ਉਤਾਰ ਦਿੱਤਾ ਸੀ ਜਿੱਥੋਂ ਉਹ ਦੋਵੇ ਮਾਂ-ਪੁੱਤ ਪੈਦਲ ਹੀ ਪਿੰਡ ਗੰਧੜ ਵਿਖੇ ਪੁੱਜੇ। 14 ਜੂਨ ਦੀ ਸਵੇਰ ਸ਼ਲਿੰਦਰ ਸਿੰਘ 12 ਬੋਰ ਦੋਨਾਲੀ ਬੰਦੂਕ ਲੈ ਕੇ ਮਾਰੂਤੀ ਕਾਰ 'ਤੇ ਆਪਣੇ ਸਹੁਰੇ ਪਿੰਡ ਆ ਗਿਆ ਤੇ ਆਉਂਦਿਆਂ ਹੀ ਉਸ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ।



*ਮੌਤ ਦੀ ਸਜ਼ਾ ਦੇ ਹੁਕਮ ਪਿਛੋਂ ਪੁਲਿਸ ਮੁਲਜ਼ਿਮ ਨੂੰ ਅਦਾਲਤ ’ਚੋਂ ਬਾਹਰ ਲਿਜਾਂਦੇ ਹੋਏ*

## ਦਾਜ ਨਾ ਮਿਲਣ 'ਤੇ ਜੱਜ ਨੇ ਮੰਗੇਤਰ ਨੂੰ ਕੁੱਟਿਆ

**ਦੇਵਾਸ (ਮੱਧ ਪ੍ਰਦੇਸ਼):** ਪੁਲਿਸ ਨੇ ਸ਼ਾਹਡੋਲ ਤੋਂ ਜੁਡੀਸ਼ਲ ਮੈਜਿਸਟਰੇਟ ਇੰਦਰ ਸਿੰਘ ਮਾਲਵੀਆ ਖ਼ਿਲਾਫ਼ ਦਾਜ ਮੰਗਣ ਅਤੇ ਮੰਗੇਤਰ ਦੀ ਕੁੱਟਮਾਰ ਕਰਨ ਦਾ ਮਾਮਲਾ ਦਰਜ ਕੀਤਾ ਹੈ। ਪੁਲਿਸ ਨੇ ਦੱਸਿਆ ਕਿ ਜਦੋਂ ਲੜਕੀ ਦੇ ਪਰਿਵਾਰ ਨੇ ਮਾਲਵੀਆ ਦੀ ਦਹੇਜ ਦੀ ਮੰਗ ਨਾ ਮੰਨੀ ਤਾਂ ਉਸ ਨੇ ਆਪਣੀ ਮੰਗੇਤਰ ਮੋਨਿਕਾ ਸੋਲੰਕੀ ਨੂੰ ਕੁੱਟ ਸੁੱਟਿਆ।

## ਪੰਜਾਬ ਦੇ ਮਸਲੇ ਕਾਂਗਰਸ ਤੇ ਅਕਾਲੀ ਦਲ ਦੇ ਏਜੰਡੇ 'ਤੇ ਹੀ ਨਹੀਂ: ਮਾਨ

ਚੰਡੀਗੜ੍ਹ: ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਹੈ ਕਿ ਕਾਂਗਰਸ ਅਤੇ ਸ਼੍ਰੋਮਣੀ



ਅਕਾਲੀ ਦਲ, ਦੋਹਾਂ ਜਮਾਤਾਂ ਦਾ ਪੰਜਾਬ ਅਤੇ ਸਿੱਖਾਂ ਦੇ ਹੱਕ-ਹਕੂਕ ਜਾਂ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦਾ ਕੋਈ ਏਜੰਡਾ ਨਹੀਂ। ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੀਤੀ ਟਿੱਪਣੀ ਕਿ ਪੰਜਾਬ ਦੀ ਸਿਆਸਤ ਵਿੱਚ ਦੋ ਮੁੱਖ ਜਮਾਤਾਂ ਕਾਂਗਰਸ ਅਤੇ ਅਕਾਲੀ ਦਲ ਤੋਂ ਇਲਾਵਾ ਕਿਸੇ ਵੀ ਤੀਜੀ ਧਿਰ ਦੀ ਹੋਂਦ ਨਹੀਂ, 'ਤੇ ਪ੍ਰਤੀਕਿਰਿਆ ਜ਼ਾਹਿਰ ਕਰ ਰਹੇ ਸਨ।

ਸ. ਮਾਨ ਨੇ ਕਿਹਾ ਕਿ ਦੋਵੇਂ ਜਮਾਤਾਂ ਕੇਵਲ ਸਿਆਸੀ ਸ਼ਕਤੀ ਪ੍ਰਾਪਤ ਕਰਨ ਅਤੇ ਸਿਆਸਤ ਉੱਤੇ ਆਪੋ-ਆਪਣੇ ਪਰਿਵਾਰਾਂ ਦੇ ਕਬਜ਼ੇ ਕਰਾਉਣ ਦੀ ਸੋਚ ਤੱਕ ਸੀਮਤ ਹਨ। ਅੱਜ ਤੱਕ ਦੋਵੇਂ ਜਮਾਤਾਂ ਪੰਜਾਬ ਅਤੇ ਸਿੱਖ ਕੌਮ ਦੇ ਕਿਸੇ ਇੱਕ ਵੀ ਮਸਲੇ ਨੂੰ ਹੱਲ ਨਹੀਂ ਕਰਵਾ ਸਕੀਆਂ। ਦੋਹਾਂ ਪਾਰਟੀਆਂ ਦੇ ਆਗੂ ਪੰਜਾਬ ਸਿਰ ਚੜ੍ਹੇ 71,000 ਕਰੋੜ ਰੁਪਏ ਦੇ ਕਰਜ਼ੇ ਵੀ ਖਤਮ ਨਹੀਂ ਕਰਵਾ ਸਕੇ, ਨਾ 1984 ਵਿੱਚ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਸਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਤੀਜੇ ਮੋਰਚੇ ਨੂੰ ਅੱਗੇ ਲਿਆਉਣ ਲਈ ਉਤਾਵਲੇ ਹਨ।

## ਸਿੱਖ ਵਫਦ ਨੇ ਵਾਈਟ ਹਾਊਸ ਦੇ ਅਧਿਕਾਰੀ ਪਾਸ ਸਿੱਖ ਮੁੱਦੇ ਉਠਾਏ

**ਬੇਕਰਜ਼ਫੀਲਡ:** ਵਾਈਟ ਹਾਊਸ ਵਿਚ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਲੋਕ ਸੰਪਰਕ ਅਧਿਕਾਰੀ ਡੈਰਨ ਪੌਲ ਮੋਂਟੇਰੀਓ ਲਾਸ ਏਂਜਲਸ ਆਏ ਤਾਂ ਸਿੱਖ ਭਾਈਚਾਰੇ ਦੇ ਇਕ ਵਫਦ ਨੇ ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਦਾ ਧਿਆਨ ਸਿੱਖ ਭਾਈਚਾਰੇ ਦੀਆਂ ਮੰਗਾਂ ਵਲ ਦਵਾਇਆ। ਇਹ ਮੁਲਾਕਾਤ ਲਾਸ ਏਂਜਲਸ ਦੇ ਗੁਰਦੁਆਰਾ ਵਰਮੌਂਟ ਵਿਖੇ ਹੋਈ। ਵਫਦ ਵਿਚ ਬੇਕਰਜ਼ਫੀਲਡ ਤੋਂ ਰੇਸ਼ਮ ਸਿੰਘ, ਡਾ. ਮਨਬੀਰ ਸਿੰਘ, ਸ. ਦਵਿੰਦਰ ਸਿੰਘ ਬੈਂਸ, ਸ੍ਰੀਮਤੀ ਅੰਮ੍ਰਿਤ ਕੌਰ ਬੈਂਸ ਅਤੇ ਸ੍ਰੀਮਤੀ ਤਰਨ ਕੌਰ ਸਿੰਘ ਸ਼ਾਮਲ ਸਨ। ਇਸ ਮੁਲਾਕਾਤ ਦਾ ਪ੍ਰਬੰਧ ਸ. ਰੇਸ਼ਮ ਸਿੰਘ ਅਤੇ ਐਲ ਸਬਰਾਂਟੇ ਤੋਂ ਸ. ਹਰਪ੍ਰੀਤ ਸਿੰਘ ਦੇ ਯਤਨਾਂ ਨਾਲ ਹੋ ਸਕਿਆ। ਸ. ਰੇਸ਼ਮ ਸਿੰਘ ਸਥਾਨਕ ਬਿਜਨਸਮੈਨ ਹਨ ਅਤੇ ਡੈਮੋਕਰੈਟ ਪਾਰਟੀ ਦੇ ਕਰਨ ਕਾਉਂਟੀ (ਬੇਕਰਜ਼ਫੀਲਡ) ਲਈ ਚੁਣੇ ਹੋਏ ਆਗੂ ਹਨ।

ਵਫਦ ਨੇ ਸ੍ਰੀ ਪੌਲ ਮੋਂਟੇਰੀਓ ਤੋਂ ਮੰਗ ਕੀਤੀ ਕਿ ਸਥਾਨਕ ਸਕੂਲਾਂ ਵਿਚ ਸਿੱਖ ਧਰਮ ਬਾਰੇ ਵੱਧ ਸਿੱਖਿਆ ਦਿਤੀ ਜਾਵੇ, ਵਾਈਟ ਹਾਊਸ ਵਿਚ ਸਿੱਖਾਂ ਦੀ ਸ਼ਮੂਲੀਅਤ ਵਧਾਈ ਜਾਵੇ, ਹੇਟ ਕਰਾਈਮ ਲਈ ਸਖਤ ਕਾਨੂੰਨ ਬਣਾਏ ਜਾਣ ਅਤੇ ਸੁਰੱਖਿਆ ਫੋਰਸਾਂ ਨੂੰ ਕਿਰਪਾਨ ਬਾਰੇ ਵੱਧ ਜਾਣਕਾਰੀ ਦਿਤੀ ਜਾਵੇ। ਇਸਤੋਂ ਇਲਾਵਾ ਏਅਰਪੋਰਟਾਂ ਤੇ ਦਸਤਾਰ ਸਬੰਧੀ ਸਿੱਖਾਂ ਨੂੰ ਆ ਰਹੀਆਂ ਮੁਸ਼ਕਿਲਾਂ ਵਲ ਵੀ ਉਨ੍ਹਾਂ ਦਾ ਧਿਆਨ ਦਵਾਇਆ ਗਿਆ।

ਸ੍ਰੀ ਮੋਂਟੇਰੀਓ ਨੇ ਭਰੋਸਾ ਦਵਾਇਆ ਕਿ ਉਹ ਇਨ੍ਹਾਂ ਮੁੱਦਿਆਂ ਵਲ ਉਚੇਚਾ ਧਿਆਨ ਦੇਣਗੇ ਅਤੇ ਵਫਦ ਨਾਲ ਸੰਪਰਕ ਵੀ ਕਾਇਮ ਰਖਣਗੇ। ਇਸ ਮੌਕੇ ਰਾਸ਼ਟਰਪਤੀ ਓਬਾਮਾ ਦੇ ਦਰਬਾਰ ਸਾਹਿਬ ਅੰਮ੍ਰਿਤਸਰ ਨਾ ਜਾ ਸਕਣ ਬਾਰੇ ਵੀ ਵਿਚਾਰ ਹੋਈ। ਸ੍ਰੀ ਮੋਂਟੇਰੀਓ ਨੇ ਕਿਹਾ ਕਿ ਸਮੇਂ ਦੀ ਘਾਟ ਅਤੇ ਪ੍ਰੋਗਰਾਮ ਵਿਚ ਪਹਿਲਾਂ ਸ਼ਾਮਲ ਨਾ ਹੋਣ ਕਰ ਕੇ ਸ੍ਰੀ ਓਬਾਮਾ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਨਹੀਂ ਜਾ ਸਕੇ। ਇਹ ਕਹਿਣਾ ਸਹੀ ਨਹੀਂ ਹੈ ਕਿ ਉਹ ਸਿਰ ਢਕਣ ਸਬੰਧੀ ਉਲਝਣ ਅਤੇ ਜਾਨ ਨੂੰ ਖਤਰੇ ਕਰ ਕੇ ਨਹੀਂ ਜਾ ਸਕੇ। ਉਹ ਹੁਣ ਵੀ ਦਰਬਾਰ ਸਾਹਿਬ ਦੇ ਦਰਸ਼ਨਾਂ ਦੇ ਚਾਹਵਾਨ ਹਨ।

# ਬਿਕਰਮ ਮਜੀਠੀਆ ਹੋਣਗੇ ਯੂਥ ਅਕਾਲੀ ਦਲ ਦੇ ਪ੍ਰਧਾਨ

**ਚੰਡੀਗੜ੍ਹ:** ਯੂਥ ਅਕਾਲੀ ਦਲ ਦੀ ਇਥੇ ਹੋਈ ਕਾਨਫਰੰਸ ਨੇ ਜਥੇਬੰਦੀ ਦੀ ਪ੍ਰਧਾਨਗੀ ਲਈ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਹੱਕ ਵਿਚ ਫਤਵਾ ਦੇ ਦਿੱਤਾ। ਅਕਾਲੀ ਲੀਡਰਸ਼ਿਪ ਵੱਲੋਂ ਪ੍ਰਧਾਨ ਥਾਪਣ ਲਈ ਹੁਣ ਰਸਮੀ ਐਲਾਨ ਬਾਕੀ ਰਹਿ ਗਿਆ ਹੈ। ਜਥੇਬੰਦੀ ਦੇ ਢਾਂਚੇ ਦਾ ਐਲਾਨ ਜਨਵਰੀ ਮਹੀਨੇ ਵਿਚ ਕੀਤਾ ਜਾਵੇਗਾ। ਯੂਥ ਅਕਾਲੀ ਦਲ ਦੀ ਸਥਾਪਨਾ ਬਾਅਦ ਇਹ ਪਹਿਲਾ ਮੌਕਾ ਹੋਵੇਗਾ ਜਦੋਂ ਇਸ ਦੀ ਪ੍ਰਧਾਨਗੀ ਮਾਝੇ ਨੂੰ ਜਾਵੇਗੀ।

ਸੂਬਾ ਪੱਧਰ ਦੀ ਕਾਨਫਰੰਸ ਸ੍ਰੀ ਮਜੀਠੀਆ ਦੀ ਹੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਜਥੇਬੰਦੀ ਦੇ ਬਾਨੀ ਪ੍ਰੇਮ ਸਿੰਘ ਚੰਦੂਮਾਜਰਾ ਦੇ ਇਲਾਵਾ ਸਾਬਕਾ ਪ੍ਰਧਾਨ ਅਮਰੀਕ ਸਿੰਘ ਆਲੀਵਾਲ ਅਤੇ ਸ਼ਰਨਜੀਤ ਸਿੰਘ ਢਿੱਲੋਂ ਵੀ ਹਾਜ਼ਰ ਸਨ। ਮੁੱਖ ਮੰਤਰੀ ਦੇ ਸਲਾਹਕਾਰ ਡਾ. ਦਲਜੀਤ ਸਿੰਘ ਚੀਮਾ ਅਤੇ ਐਸ.ਓ.ਆਈ. ਦੇ ਪ੍ਰਧਾਨ ਗੁਰਪ੍ਰੀਤ ਸਿੰਘ ਰਾਜੂ ਖੰਨਾ ਵੀ ਪੁੱਜੇ ਹੋਏ ਸਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਿਛਲੇ ਦਿਨੀਂ ਮਨਾਉਣ ਦੀ ਕੋਸ਼ਿਸ਼ ਦੇ ਬਾਵਜੂਦ ਯੂਥ ਦਲ ਦੇ ਨੇਤਾ ਕਿਰਨਬੀਰ ਸਿੰਘ ਕੰਗ ਇਸ ਕਾਨਫਰੰਸ ਤੋਂ ਗੈਰਹਾਜ਼ਰ ਰਹੇ।

ਇਸ ਮੌਕੇ ਸ੍ਰੀ ਆਲੀਵਾਲ, ਸ੍ਰੀ ਢਿੱਲੋਂ ਅਤੇ ਪ੍ਰੋ. ਚੰਦੂਮਾਜਰਾ ਨੇ ਆਪਣੀਆਂ ਤਕਰੀਰਾਂ ਵਿਚ ਇਹ ਗੱਲ ਆਖੀ ਕਿ ਸਮੇਂ ਦੀ ਲੋੜ ਹੈ ਕਿ ਬਿਕਰਮ ਸਿੰਘ ਮਜੀਠੀਆ ਨੂੰ ਯੂਥ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਜਾਵੇ। ਇਸ ਵੇਲੇ ਉਹ ਭਾਵੇਂ ਜਥੇਬੰਦੀ ਦੇ ਸਰਪ੍ਰਸਤ ਵੀ ਹਨ ਪਰ ਉਨ੍ਹਾਂ ਦੀ ਸਰਗਰਮੀ ਦੇ ਮੱਦੇਨਜ਼ਰ ਪ੍ਰਧਾਨਗੀ ਹੀ ਉਨ੍ਹਾਂ ਨੂੰ ਸੌਂਪੀ ਜਾਣੀ ਚਾਹੀਦੀ ਹੈ। ਇਸ 'ਤੇ ਸਾਰਿਆਂ ਨੇ ਹੱਥ ਖੜੇ ਕਰਕੇ ਸ੍ਰੀ ਮਜੀਠੀਆ ਨੂੰ ਪ੍ਰਧਾਨ ਬਣਾਉਣ ਦੇ ਹੱਕ ਵਿਚ ਫਤਵਾ ਦਿੱਤਾ।

ਸ੍ਰੀ ਮਜੀਠੀਆ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਕਾਨਫਰੰਸ ਉਨ੍ਹਾਂ ਨੇ ਪ੍ਰਧਾਨਗੀ ਲੈਣ ਲਈ ਨਹੀਂ ਸੀ ਬੁਲਾਈ। ਉਨ੍ਹਾਂ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਪ੍ਰਧਾਨਗੀ ਦਾ ਫੈਸਲਾ ਅਕਾਲੀ ਲੀਡਰਸ਼ਿਪ ਨੇ ਕਰਨਾ ਹੈ ਪਰ ਪਾਰਟੀ ਜਿਹੜੀ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਦੇਵੇਗੀ, ਪੂਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਜਨਵਰੀ ਵਿਚ ਯੂਥ ਦਲ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੰਤਵ ਲਈ ਸਾਰਿਆਂ ਨੂੰ ਭਰਤੀ ਕਰਨ ਦਾ ਸੱਦਾ ਦਿੱਤਾ ਗਿਆ। ਉਨ੍ਹਾਂ ਨੇ ਸਮਾਜਿਕ ਭਲਾਈ ਦੇ ਕੰਮਾਂ ਦਾ ਮੁੱਖ ਏਜੰਡਾ ਵੀ ਦਸਿਆ। ਉਨ੍ਹਾਂ ਕਿਹਾ ਇਕ ਪਿੰਡ ਵਿਚ ਇਕ ਬੱਚੀ ਦਾ ਯੂਥ ਦਲ ਵੱਲੋਂ ਮੁਫਤ ਵਿਆਹ ਕੀਤਾ ਜਾਵੇ ਤਾਂ 12500 ਮੁਫਤ ਵਿਆਹ ਸਾਲ ਵਿਚ ਹੋਣਗੇ।



*ਯੂਥ ਅਕਾਲੀ ਦਲ ਦੀ ਕਾਨਫਰੰਸ ਵਿਚ ਬਿਕਰਮ ਸਿੰਘ ਮਜੀਠੀਆ (ਵਿਚਕਾਰ), ਜਸਜੀਤ ਸਿੰਘ ਬਨੀ ਐਮ.ਐਲ.ਏ., ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸ਼ਰਨਜੀਤ ਸਿੰਘ ਢਿੱਲੋਂ ਅਤੇ ਅਮਰੀਕ ਸਿੰਘ ਆਲੀਵਾਲ ਇਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ*



ਕੈਪਟਨ ਅਮਰਿੰਦਰ ਸਿੰਘ

# ਪੰਜਾਬ ਦੇ ਸਭ ਤੋਂ ਧੜੱਲੇਦਾਰ ਆਗੂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ

# ਕੈਪਟਨ ਅਮਰਿੰਦਰ ਸਿੰਘ

## ਦਾ ਪਰਵਾਸੀ ਪੰਜਾਬੀਆਂ ਦੇ ਨਾਂ ਸੁਨੇਹਾ ਲੈ ਕੇ ਪਹੁੰਚੇ



ਸੁਖਪਾਲ ਸਿੰਘ ਖਹਿਰਾ

# ਸ. ਸੁਖਪਾਲ ਸਿੰਘ ਖਹਿਰਾ

*ਐਮ ਐਲ ਏ, ਹਲਕਾ ਭੁਲੱਥ (ਕਪੂਰਥਲਾ)*

## ਨੂੰ ਅਮਰੀਕਾ ਪਹੁੰਚਣ 'ਤੇ ਦਿਲੀ ਜੀ ਆਇਆਂ ਨੂੰ

## ਪੰਜਾਬ ਨੂੰ ਇਸ ਹੋਣਹਾਰ ਆਗੂ ਤੋਂ ਬਹੁਤ ਆਸਾਂ ਹਨ

# ਸਵਾਗਤੀ ਪਾਰਟੀ

**24 ਦਸੰਬਰ, 2010 ਸ਼ਾਮ 7 ਵਜੇ**

## ਇੰਡੀਆ ਹਾਊਸ

1521 W Schaumburg Rd,
Schaumburg, IL. 60194

**ਹੋਰ ਜਾਣਕਾਰੀ ਲਈ ਕਾਲ ਕਰੋ**

ਅਜੈਬ ਸਿੰਘ ਲੱਖਣ
ਫੋਨ:847-544-1788
ਸੰਤੋਖ ਸਿੰਘ ਡੀ.ਸੀ.
ਫੋਨ:847-338-3866
ਸਤਿੰਦਰ ਸੁਸਾਣਾ
ਫੋਨ:630-957-8243

*ਨੋਟ: ਸੀਟਾਂ ਸੀਮਤ ਹਨ, ਆਪਣੀ ਸੀਟ ਤੁਰਤ ਰਿਜ਼ਰਵ ਕਰਵਾਓ।*

### ਸ਼ਿਕਾਗੋ ਕਾਂਗਰਸ

ਅਜੈਬ ਸਿੰਘ ਲੱਖਣ, ਸੰਤੋਖ ਸਿੰਘ ਡੀ ਸੀ, ਨਰਿੰਦਰ ਸਿੰਘ ਸਰਾਂ, ਗਿਆਨ ਸਿੰਘ ਸੀਹਰਾ, ਸਤਿੰਦਰ ਸਿੰਘ ਸੁਸਾਣਾ, ਹਰਜਿੰਦਰ ਸਿੰਘ ਦਿਆਲ, ਮਹਿੰਦਰ ਸਿੰਘ ਰਕਾਲਾ, ਭੁਪਿੰਦਰ ਸਿੰਘ ਬਿੱਲਾ, ਅਸ਼ੋਕ ਕੁਮਾਰ ਯਸ਼ਪਾਲ ਮਾਇਰ, ਨੀਲ ਕੰਠ ਸ਼ਰਮਾ, ਅਜਮੇਰ ਸਿੰਘ ਪੰਨੂ।

### ਮਿਲਵਾਕੀ, ਵਿਸਕਾਨਸਿਨ ਕਾਂਗਰਸ

ਕੁਲਵੰਤ ਸਿੰਘ ਢਿੱਲੋਂ (ਪ੍ਰਧਾਨ), ਹਰਵਿੰਦਰ ਸਿੰਘ ਸਿੱਧੂ (ਮੀਤ ਪ੍ਰਧਾਨ), ਹਰਜੀਤ ਸਿੰਘ ਸੰਧਰ, ਜਗਦੀਸ਼ਰ ਸਿੰਘ ਕਲੇਰ, ਸਤਵਿੰਦਰ ਸਿੰਘ ਪੌਪੀ, ਬਹਾਦਰ ਸਿੰਘ ਬੋਪਾਰਾਏ, ਹਰਵਿੰਦਰ ਸਿੰਘ ਚਾਹਲ, ਪਰਮਜੀਤ ਸਿੰਘ ਬਿਲਕੂ, ਦਰਸ਼ਨ ਸਿੰਘ ਗਰੇਵਾਲ।

### ਇੰਡੀਆਨਾ ਕਾਂਗਰਸ

ਵਰਿੰਦਰ ਸਿੰਘ ਸ਼ਾਹੀ (ਪ੍ਰਧਾਨ), ਦਰਸ਼ਨ ਸਿੰਘ ਦਰੜ (ਮੀਤ ਪ੍ਰਧਾਨ), ਮਨਜੀਤ ਸਿੰਘ ਨਾਗਰਾ, ਸੰਦੀਪ ਸਿੰਘ ਲਾਡੀ, ਪ੍ਰਿਥਪਾਲ ਸਿੰਘ ਘੋਤੜਾ।

### ਓਹਾਇਓ ਕਾਂਗਰਸ

ਚਮਕੌਰ ਸਿੰਘ (ਪ੍ਰਧਾਨ ਕਾਂਗਰਸ ਓਹਾਇਓ), ਮੁਖਤਿਆਰ ਸਿੰਘ ਸੇਖੋਂ, ਗੁਰਜੰਟ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਸੁੱਖੀ, ਦਵਿੰਦਰ ਸਿੰਘ ਹੈਪੀ (ਡੇਅਟਨ), ਰੂਬੀ (ਡੇਅਟਨ), ਕਰਤਾਰ ਸਿੰਘ ਮਾਸਟਰ (ਡੇਅਟਨ), ਸੁਖਵੀਰ ਸੁੱਖੀ, ਹਰਬੰਸ ਗਿੱਲ, ਅਮਨਦੀਪ ਧਾਰਨੀ, ਸੁਖਦੇਵ ਰਕਬਾ, ਚਮਕੌਰ ਚੱਕਰ, ਪਰਮਜੀਤ ਸਿੰਘ ਸਿਨਸਿਨੈਟੀ, ਹਰਪ੍ਰੀਤ ਸਿੰਘ ਸਿਨਸਿਨੈਟੀ, ਅਵਤਾਰ ਸਿੰਘ ਸਪਰਿੰਗਫੀਲਡ-ਸਕੱਤਰ।

### ਨਿਊ ਯਾਰਕ ਕਾਂਗਰਸ

ਮੰਗਲ ਸਿੰਘ ਸ਼ਾਹੀ, ਮਲਕੀਤ ਸਿੰਘ।

### ਮਿਸ਼ੀਗਨ ਕਾਂਗਰਸ

ਲਾਲੀ ਧਾਲੀਵਾਲ ਅਤੇ ਪਾਲੀ ਧਾਲੀਵਾਲ, ਕਰਨ ਗਿੱਲ, ਇੰਦਰਜੀਤ ਬਾਠ, ਪਲਵਿੰਦਰ ਬਾਠ, ਅਵਤਾਰ ਸਿੰਘ, ਨਿਰਮਲ ਸਿੰਘ ਹੇਅਰ, ਜਸਵੰਤ ਸਿੰਘ ਚਾਹਲ ਤੇ ਕੁਲਵਿੰਦਰ ਗਿੱਲ।

### ਕੈਲੀਫੋਰਨੀਆ

ਦਸ਼ਮੇਸ਼ ਟਰੱਕ ਡਰਾਈਵਿੰਗ ਸਕੂਲ, ਸੁਰਜੀਤ ਸਿੰਘ ਪੰਨੂ।

### ਵਾਸ਼ਿੰਗਟਨ ਕਾਂਗਰਸ

ਚੰਨਾ ਆਲਮਗੀਰ ਅਤੇ ਕਮੇਟੀ।

### ਮਿਸੀਸਿਪੀ ਕਾਂਗਰਸ

ਮਨਦੀਪ ਸਿੰਘ, ਆਦਰ ਮਾਨ, ਚੰਦਰਪਾਲ ਖੁਰਾਣਾ, ਪਵਨ ਕੁਮਾਰ ਅਰੋੜਾ, ਸੁਖਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਥਿੰਦ, ਨੀਲਮ ਸਿੰਘ ਸਿੱਧੂ ਅਤੇ ਕਮੇਟੀ।

### ਅਰਕਨਸਾਸ ਕਾਂਗਰਸ

ਦਲਜੀਤ ਸਿੰਘ ਚਾਹਲ, ਚਰਨ ਸਿੰਘ ਸੋਮਲ, ਅਮਰਜੀਤ ਸਿੰਘ ਕੰਗ, ਪਰਮਿੰਦਰ ਸਿੰਘ ਗਿੱਲ, ਰਾਜਿੰਦਰਪਾਲ ਸਿੰਘ ਚਾਹਲ ਅਤੇ ਕਮੇਟੀ।

### ਸੇਂਟ ਲੁਇਸ (ਮਿਜ਼ੌਰੀ)

ਸੁਖਚੈਨ ਸਿੰਘ ਅਤੇ ਕਮੇਟੀ।

**Issued by:Indian National Overseas Congress IL ®**

# ਅੱਧੀ ਦੁਨੀਆਂ ਭਾਰਤੀ ਆਗੂਆਂ ਨੂੰ ਨਹੀਂ ਜਾਣਦੀ!

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਭਾਵੇਂ ਇਕ ਪਾਸੇ ਭਾਰਤ ਨੂੰ ਵਿਸ਼ਵ ਦੀ ਉੱਭਰਦੀ ਸ਼ਕਤੀ ਹੋਣ ਦਾ ਜ਼ੋਰਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਅੱਧੀ ਦੁਨੀਆ ਭਾਰਤੀ ਆਗੂਆਂ ਨੂੰ ਜਾਣਦੀ ਹੀ ਨਹੀਂ। ਬੜੀ ਹਾਸੋਹੀਣੀ ਗੱਲ ਹੈ ਕਿ ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਵਿਚ ਸਥਾਈ ਸੀਟ ਹਾਸਲ ਕਰਨ ਲਈ ਆਲਮੀ ਆਗੂ ਦੇ ਤੌਰ 'ਤੇ ਆਪਣੀ ਪਛਾਣ ਉਭਾਰਨ 'ਚ ਲੱਗਾ ਹੋਇਆ ਹੈ ਪਰ ਇਕ ਨਵੇਂ ਸਰਵੇਖਣ ਵਿਚ ਕਿਹਾ ਗਿਆ ਹੈ ਕਿ ਭਾਰਤੀ ਲੀਡਰਸ਼ਿਪ ਨੂੰ ਦੁਨੀਆ ਬਹੁਤਾ ਨਹੀਂ ਜਾਣਦੀ। ਇਕ ਜਨਮਤ ਖੋਜ ਗਰੁੱਪ 'ਗੈਲੁਪ' ਨੇ ਕਿਹਾ ਹੈ ਕਿ ਸਰਵੇ ਤਹਿਤ ਦੁਨੀਆ ਦੇ ਤਕਰੀਬਨ ਅੱਧੇ ਵਸਨੀਕਾਂ (44 ਫੀਸਦੀ) ਨੇ ਭਾਰਤੀ ਲੀਡਰਸ਼ਿਪ ਬਾਰੇ ਨਾਵਾਕਫੀ ਜ਼ਾਹਰ ਕੀਤੀ ਹੈ ਜਦਕਿ ਬਾਕੀ ਅੱਧ ਦਾ ਪ੍ਰਤੀਕਰਮ ਵੀ ਮਿਲਿਆ ਜੁਲਿਆ ਰਿਹਾ ਹੈ। 2009 ਵਿਚ 110 ਦੇਸ਼ਾਂ ਵਿਚ ਕਰਵਾਏ ਇਸ ਸਰਵੇਖਣ ਮੁਤਾਬਕ 22 ਫੀਸਦੀ ਲੋਕਾਂ ਨੇ ਭਾਰਤੀ ਲੀਡਰਸ਼ਿਪ ਦੀ ਪ੍ਰੋੜਤਾ ਕੀਤੀ ਜਦਕਿ 27 ਫੀਸਦੀ ਲੋਕਾਂ ਨੇ ਇਸ ਨੂੰ ਰੱਦ ਕੀਤਾ। ਸਾਬਕਾ ਸੋਵੀਅਤ ਸੰਘ, ਅਮਰੀਕੀ ਤੇ ਯੂਰਪੀ ਮਹਾਂਦੀਪਾਂ ਵਿਚ ਅੱਧ ਤੋਂ ਵੱਧ ਲੋਕਾਂ ਦਾ ਭਾਰਤੀ ਲੀਡਰਸ਼ਿਪ ਪ੍ਰਤੀ ਕੋਈ ਮਤ ਨਹੀਂ ਹੈ। ਕੁੱਲ ਮਿਲਾ ਕੇ ਸਬ-ਸਹਾਰਾ ਅਫਰੀਕਾ ਤੇ ਮੱਧ ਪੂਰਬ ਤੇ ਉੱਤਰੀ ਅਫਰੀਕੀ ਖੇਤਰਾਂ ਦੇ ਵਸਨੀਕ ਭਾਰਤੀ ਲੀਡਰਸ਼ਿਪ ਬਾਰੇ ਜ਼ਿਆਦਾ ਮਤ ਰੱਖਦੇ ਹਨ।

ਗੈਲੁਪ ਨੇ ਕਿਹਾ ਕਿ ਅਫਗਾਨਿਸਤਾਨ, ਬੰਗਲਾਦੇਸ਼ ਤੇ ਪਾਕਿਸਤਾਨ ਜਿਹੇ ਨੇੜਲੇ ਗੁਆਂਢੀਆਂ ਤੋਂ ਪਰੇ ਭਾਰਤੀ ਲੀਡਰਸ਼ਿਪ ਬਾਰੇ ਬਹੁਤਾ ਨਹੀਂ ਜਾਣਿਆ ਜਾਂਦਾ। ਉਂਝ ਖਿੱਤੇ ਅੰਦਰ ਮਤ ਰੱਖਣ ਵਾਲੇ ਲੋਕਾਂ ਵਿਚੋਂ ਜ਼ਿਆਦਾਤਰ ਇਸ ਦੀ ਪ੍ਰੋੜਤਾ ਕਰਦੇ ਹਨ। ਖਾਸ ਕਰਕੇ ਅਫਗਾਨਿਸਤਾਨ ਤੇ ਪੂਰਬੀ ਏਸ਼ੀਆ ਵਿਚ ਇਹ ਹਾਲਾਤ ਹਨ।

ਗੁਆਂਢ 'ਚ ਭਾਰਤ ਨੂੰ ਸਭ ਤੋਂ ਵੱਧ ਪ੍ਰੋੜਤਾ ਅਫਗਾਨਿਸਤਾਨ (54 ਫੀਸਦੀ) ਵਿਚ ਮਿਲਦੀ ਹੈ ਜਿਸ ਤੋਂ ਬਾਅਦ ਸ੍ਰੀਲੰਕਾ (48 ਫੀਸਦੀ), ਬੰਗਲਾਦੇਸ਼ (46 ਫੀਸਦੀ) ਤੇ ਸਿੰਗਾਪੁਰ (44 ਫੀਸਦੀ) ਆਉਂਦੇ ਹਨ। ਪਾਕਿਸਤਾਨ ਵਿਚ ਸਰਵੇਖਣ ਅਧੀਨ ਆਏ ਲੋਕਾਂ ਵਿਚੋਂ 66 ਫੀਸਦੀ ਨੇ ਭਾਰਤੀ ਲੀਡਰਸ਼ਿਪ ਨੂੰ ਰੱਦ ਕੀਤਾ ਜਦਕਿ ਸਿਰਫ ਸੱਤ ਫੀਸਦੀ ਨੇ ਉਸ ਦੀ ਤਈਦ ਕੀਤੀ। ਗੈਲੁਪ ਅਨੁਸਾਰ ਪਾਕਿਸਤਾਨ ਵਿਚ ਤਾਂ ਭਾਰਤੀ ਲੀਡਰਸ਼ਿਪ ਲਈ ਹਾਲਾਤ ਚੁਣੌਤੀਪੂਰਨ ਹਨ ਹੀ ਪਰ ਫਿਲਪੀਨਜ਼, ਮਲੇਸ਼ੀਆ ਤੇ ਹਾਂਗਕਾਂਗ ਵਿਚ ਭਾਰਤੀ ਲੀਡਰਸ਼ਿਪ ਦੇ ਵਿਰੋਧੀਆਂ ਦੀ ਬਹੁਤਾਤ ਹੈ। ਭਾਰਤੀ ਲੀਡਰਸ਼ਿਪ ਨੂੰ ਸਭ ਤੋਂ ਵੱਧ ਨੰਬਰ ਸਬ-ਸਹਾਰਾ ਖਿੱਤੇ ਵਿਚ ਮਿਲਦੇ ਹਨ। ਉਂਝ ਖਿੱਤੇ ਅੰਦਰ ਅਮਰੀਕੀ ਲੀਡਰਸ਼ਿਪ ਲਈ 87 ਫੀਸਦੀ ਤੇ ਚੀਨੀ ਲੀਡਰਸ਼ਿਪ ਲਈ 65 ਫੀਸਦੀ ਹਮਾਇਤ ਹੈ।

ਭਾਰਤੀ ਲੀਡਰਸ਼ਿਪ ਨੂੰ ਨਕਾਰਨ ਦੀ ਸਭ ਤੋਂ ਜ਼ਿਆਦਾ ਦਰ ਮੱਧ ਪੂਰਬ ਤੇ ਉੱਤਰੀ ਅਫਰੀਕੀ ਖਿੱਤੇ ਵਿਚ ਪਾਈ ਗਈ ਹੈ ਹਾਲਾਂਕਿ ਜਿਨ੍ਹਾਂ ਖਾੜੀ ਦੇਸ਼ਾਂ ਵਿਚ ਪਰਵਾਸੀ ਭਾਰਤੀਆਂ ਦੀ ਚੋਖੀ ਸੰਖਿਆ ਹੈ ਉਥੇ ਰਲਿਆ ਮਿਲਿਆ ਮਤ ਪਾਇਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਸੰਯੁਕਤ ਅਰਬ ਅਮੀਰਾਤ ਜਿਥੇ ਅੰਦਾਜ਼ਨ 20 ਲੱਖ ਭਾਰਤੀ ਰਹਿੰਦੇ ਹਨ, ਵਿਚ ਇਕ ਤਿਹਾਈ ਲੋਕ ਭਾਰਤੀ ਲੀਡਰਸ਼ਿਪ ਦੀ ਪ੍ਰੋੜਤਾ ਕਰਦੇ ਹਨ ਤੇ ਇਕ ਤਿਹਾਈ ਨਕਾਰਦੇ ਹਨ। ਧਿਆਨ ਰੱਖਣ ਵਾਲੀ ਗੱਲ ਇਹ ਹੈ ਕਿ ਖਾੜੀ ਦੇਸ਼ਾਂ ਵਿਚ ਸਰਵੇਖਣ ਦੌਰਾਨ ਸਿਰਫ ਅਰਬ ਨਾਗਰਿਕਾਂ ਤੇ ਅਰਬ ਪਰਵਾਸੀਆਂ ਦੀ ਹੀ ਰਾਏ ਜਾਣੀ ਗਈ ਤੇ ਪਰਵਾਸੀ ਭਾਰਤੀਆਂ ਨੂੰ ਇਸ ਵਿਚ ਸ਼ਾਮਲ ਨਹੀਂ ਕੀਤਾ ਗਿਆ।

# ਮੁੰਬਈ ਕਾਂਡ ਮਗਰੋਂ ਪਾਕਿਸਤਾਨੀ ਕੈਂਪਾਂ 'ਤੇ ਹੋ ਸਕਦਾ ਸੀ ਹਮਲਾ

**ਲੰਡਨ:** ਮੁੰਬਈ ਹਮਲਿਆਂ ਮਗਰੋਂ ਬਰਤਾਨਵੀ ਸਫ਼ੀਰਾਂ ਨੂੰ ਖ਼ਦਸ਼ੇ ਸਨ ਕਿ ਸਖ਼ਤ ਪ੍ਰਤੀਕਿਰਿਆ ਦੇ ਰੂਪ ਵਿਚ ਭਾਰਤ ਨੂੰ ਮਕਬੂਜ਼ਾ ਕਸ਼ਮੀਰ ਵਿਚਲੇ ਅਤਿਵਾਦੀਆਂ ਦੇ ਸਿਖਲਾਈ ਕੈਂਪਾਂ ਉੱਤੇ ਹਵਾਈ ਹਮਲੇ ਕਰਨੇ ਪੈਣਗੇ ਜਦਕਿ ਅਮਰੀਕੀ ਸਫ਼ੀਰਾਂ ਨੇ ਪੇਸ਼ੀਨਗੋਈ ਨੂੰ 'ਵਧਾ-ਚੜ੍ਹਾਅ ਕੇ ਦਿੱਤੀ ਪ੍ਰਤੀਕਿਰਿਆ' ਕਹਿ ਕੇ ਖ਼ਾਰਜ ਕਰ ਦਿੱਤਾ ਸੀ। ਇਹ ਖੁਲਾਸਾ ਅਮਰੀਕੀ ਸਫ਼ਾਰਤੀ ਸੁਨੇਹਿਆਂ ਦੇ ਵਿਕੀਲੀਕਸ ਵੱਲੋਂ ਜਾਰੀ ਅੰਸ਼ਾਂ 'ਚ ਕੀਤਾ ਗਿਆ ਹੈ।

'ਗਾਰਡੀਅਨ' ਅਖ਼ਬਾਰ ਨੇ ਇਨ੍ਹਾਂ ਲੀਕ ਹੋਏ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਬਰਤਾਨਵੀ ਅਧਿਕਾਰੀਆਂ ਕੋਲ ਸਬੂਤ ਸਨ ਕਿ ਲਸ਼ਕਰ-ਏ-ਤੋਇਬਾ ਹੋਰ ਹਮਲਿਆਂ ਦੀ ਤਿਆਰੀ ਵਿਚ ਹੈ ਤੇ ਭਾਰਤ ਨੂੰ ਸਫ਼ਾਰਤੀ ਯਤਨਾਂ ਦੀ ਬਜਾਏ ਬਲ ਦੀ ਵਰਤੋਂ ਕਰਨ ਦੀ ਲੋੜ ਪਏਗੀ। ਉਸ ਵੇਲੇ ਦੇ ਵਿਦੇਸ਼ ਮੰਤਰੀ ਡੇਵਿਡ ਮਿਲੀਬੈਂਡ ਨੂੰ ਰੋਹ 'ਚ ਆਏ ਆਪਣੇ ਭਾਰਤੀ ਹਮਰੁਤਬਾ ਪ੍ਰਣਬ ਮੁਖਰਜੀ ਨਾਲ ਫੋਨ 'ਤੇ ਗੱਲਬਾਤ ਕਰਨ ਲਈ ਕਾਫੀ ਸੰਘਰਸ਼ ਕਰਨਾ ਪਿਆ ਸੀ।

ਮੁੰਬਈ ਹਮਲਿਆਂ ਮਗਰੋਂ ਇਸਲਾਮਾਬਾਦ ਵਿਚਲੇ ਬਰਤਾਨਵੀ ਅਧਿਕਾਰੀਆਂ ਨੂੰ ਪੂਰਾ ਡਰ ਸੀ ਕਿ ਘਰੇਲੂ ਦਬਾਅ ਦੇ ਚੱਲਦਿਆਂ ਨਵੀਂ ਦਿੱਲੀ ਨੂੰ ਘੱਟੋ-ਘੱਟ ਮਕਬੂਜ਼ਾ ਕਸ਼ਮੀਰ ਵਿਚਲੇ ਸਿਖਲਾਈ ਕੈਂਪਾਂ ਉੱਤੇ ਤਾਂ ਹਵਾਈ ਹਮਲੇ ਕਰਨੇ ਪੈਣਗੇ। ਬਰਤਾਨਵੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮਕਬੂਜ਼ਾ ਕਸ਼ਮੀਰ ਵਿਚ ਬਰਤਾਨੀਆ ਦੇ 500,000 ਬਰਤਾਨਵੀ-ਪਾਕਿ ਨਾਗਰਿਕਾਂ ਦਾ ਫ਼ਿਕਰ ਸੀ। ਅਮਰੀਕਾ ਨੇ ਬਰਤਾਨੀਆ ਦੀ ਇਸ ਪ੍ਰਤੀਕਿਰਿਆ ਨੂੰ ਖ਼ਾਰਜ ਕਰਦਿਆਂ ਇਹ ਮੰਨਿਆ ਸੀ ਕਿ ਪਾਕਿਸਤਾਨ ਨੂੰ ਲਸ਼ਕਰ-ਏ-ਤੋਇਬਾ ਵਿਰੁੱਧ ਸਖ਼ਤ ਕਾਰਵਾਈ ਤਾਂ ਕਰਨੀ ਚਾਹੀਦੀ ਹੈ।

'ਗਾਰਡੀਅਨ' ਅਨੁਸਾਰ ਮੱਧ ਦਸੰਬਰ ਵਿਚ ਤਾਂ ਮਿਲੀਬੈਂਡ ਤੇ ਇਸਲਾਮਾਬਾਦ ਵਿਚ ਹਾਈ ਕਮਿਸ਼ਨਰ ਰਾਬਰਟ ਬ੍ਰਿੰਡਲੇ ਨੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐਸ.ਆਈ. ਦੇ ਮੁਖੀ ਜਨਰਲ ਸ਼ੁਜਾ ਪਾਸ਼ਾ ਨੂੰ ਭਾਰਤ ਦੌਰੇ ਦੀ ਸਲਾਹ ਦੇ ਦਿੱਤੀ ਸੀ ਜੋ ਫੌਰੀ ਨਾਮਨਜ਼ੂਰ ਕਰ ਦਿੱਤੀ ਗਈ।

## ਬਰਤਾਨਵੀ ਸਿੱਖ ਨੇ ਮੁਕੱਦਮਾ ਜਿੱਤਿਆ

ਲੰਡਨ: ਬਰਤਾਨੀਆ ਵਿਚ ਇਕ ਸਿੱਖ ਨੇ ਆਪਣੇ ਮਾਲਕ ਖ਼ਿਲਾਫ਼ ਧਾਰਮਿਕ ਤੌਰ 'ਤੇ ਪ੍ਰੇਸ਼ਾਨ ਕਰਨ ਦਾ ਮੁਕੱਦਮਾ ਜਿੱਤ ਲਿਆ ਹੈ। ਹੁਣ ਅਗਲੇ ਸਾਲ ਫਰਵਰੀ ਵਿਚ ਅਦਾਲਤ ਇਸ ਸਿੱਖ ਨੂੰ ਹਰਜ਼ਾਨਾ ਅਦਾ ਕਰਨ ਬਾਰੇ ਸੁਣਵਾਈ ਕਰੇਗੀ।

ਜ਼ਿਕਰਯੋਗ ਹੈ ਕਿ ਮਹਿੰਦਰ ਸਿੰਘ ਬੱਲ ਜਿਸ ਥਾਂ 'ਤੇ ਕੰਮ ਕਰਦਾ ਸੀ ਉੱਥੇ ਉਸ ਨਾਲ ਕੰਮ ਕਰਦੀ ਇਕ ਔਰਤ ਸੂ ਰਮਜਨ ਕੋਲੇ ਨੇ 2007 ਵਿਚ ਇਕ ਹੋਰ ਮੁਲਾਜ਼ਮ ਨੂੰ ਕਿਹਾ ਕਿ ਉਹ ਆਪਣਾ ਰਿਮੋਟ ਕੰਟਰੋਲ ਵਾਲਾ ਹੈਲੀਕਾਪਟਰ ਬੱਲ ਦੀ ਪੱਗ 'ਤੇ ਉਤਾਰ ਦੇਵੇ। ਇਸ ਦੀ ਸ਼ਿਕਾਇਤ ਬੱਲ ਨੇ ਆਪਣੇ ਮਾਲਕ ਨੂੰ ਕਰ ਦਿੱਤੀ ਪਰ ਕੋਈ ਕਾਰਵਾਈ ਨਾ ਹੋਣ 'ਤੇ ਉਹ ਅਦਾਲਤ 'ਚ ਚਲਾ ਗਿਆ।

ਅਦਾਲਤ ਵੱਲੋਂ ਕਰਵਾਈ ਜਾਂਚ-ਪੜਤਾਲ ਮਗਰੋਂ ਬੱਲ ਦੇ ਦੋਸ਼ ਸਹੀ ਪਾਏ ਗਏ। ਇਸ ਸਿੱਖ ਨੇ ਅਦਾਲਤ ਨੂੰ ਦੱਸਿਆ ਕਿ ਉਸ ਨੂੰ ਹੋਰ ਵੀ ਕਈ ਭੱਦੇ ਮਜ਼ਾਕ ਕੀਤੇ ਗਏ। ਤਿੰਨ ਸਾਲਾਂ ਦੀ ਕਾਨੂੰਨੀ ਲੜਾਈ ਲੜਨ ਮਗਰੋਂ ਬੱਲ ਨੇ ਮੁਕੱਦਮਾ ਜਿੱਤ ਲਿਆ।

## ਮਲੇਸ਼ੀਆਈ ਸਰਕਾਰ ਔਰਤਾਂ 'ਤੇ ਮਿਬਰਬਾਨ

ਕੁਆਲਾਲੰਪੁਰ: ਮਲੇਸ਼ਿਆਈ ਸਰਕਾਰ ਨੇ ਔਰਤਾਂ ਨੂੰ ਜਿਣਸੀ ਸ਼ੋਸ਼ਣ ਤੋਂ ਨਿਜ਼ਾਤ ਦਿਵਾਉਣ ਲਈ ਗੁਲਾਬੀ ਰੇਲ ਗੱਡੀਆਂ ਤੋਂ ਬਾਅਦ ਹੁਣ ਔਰਤਾਂ ਲਈ ਵਿਸ਼ੇਸ਼ ਬੱਸਾਂ ਦੀ ਸੇਵਾ ਸ਼ੁਰੂ ਕੀਤੀ ਹੈ।

ਟਰਾਂਸਪੋਰਟ ਵਿਭਾਗ ਨੇ ਇਹ ਸਹੂਲਤ ਔਰਤਾਂ ਨੂੰ ਮਰਦਾਂ ਨਾਲੋਂ ਵੱਖਰਾ ਸਫਰ ਕਰਨ ਤੇ ਛੇੜਛਾੜ ਦੇ ਮਾਮਲਿਆਂ ਤੋਂ ਮੁਕਤੀ ਪਾਉਣ ਦੇ ਮਕਸਦ ਤਹਿਤ ਦਿੱਤੀ ਹੈ। ਸਰਕਾਰੀ ਬੱਸ ਕੰਪਨੀ ਰੈਪਿਡ ਕੇ.ਐਲ. ਨੇ ਮਲੇਸ਼ੀਆ ਦੀ ਰਾਜਧਾਨੀ 'ਚ ਸੱਤ ਰੂਟਾਂ 'ਤੇ ਮਹਿਲਾ ਯਾਤਰੀਆਂ ਲਈ ਵਿਸ਼ੇਸ਼ ਸੇਵਾਵਾਂ ਸ਼ੁਰੂ ਕੀਤੀਆਂ ਹਨ। ਫਰਮ ਦੇ ਚੀਫ ਆਪਰੇਟਿੰਗ ਅਫਸਰ ਮੁਹੰਮਦ ਰੈਜ਼ਲੈਂਡ ਮੁਹੰਮਦ ਹੁਸੈਨ ਨੇ ਦੱਸਿਆ ਕਿ ਖਪਤਕਾਰਾਂ ਖਾਸ ਤੌਰ 'ਤੇ ਔਰਤਾਂ ਕੋਲੋਂ ਮਿਲੇ ਸੁਝਾਵਾਂ ਦੇ ਮੱਦੇਨਜ਼ਰ ਇਹ ਸੇਵਾ ਸ਼ੁਰੂ ਕੀਤੀ ਗਈ ਹੈ। ਸਫਰ ਦੇ ਸਿਖਰ ਸਮੇਂ ਦੌਰਾਨ ਔਰਤਾਂ ਨੂੰ ਕਾਫੀ ਦਿੱਕਤਾਂ ਆਉਂਦੀਆਂ ਹਨ।

ਉੱਤਰੀ ਤੇਰੰਗਨੂ ਸੂਬੇ ਦਾ ਕਹਿਣਾ ਹੈ ਕਿ ਉਹ ਮੱਧ ਪੂਰਬੀ ਸੈਲਾਨੀਆਂ ਨੂੰ ਆਕਰਸ਼ਤ ਕਰਨ ਦੇ ਮਕਸਦ ਤਹਿਤ ਵਾਟਰਫਾਲ ਸਥਾਪਤ ਕਰੇਗਾ ਜਿਥੇ ਔਰਤਾਂ ਆਜ਼ਾਦੀ ਨਾਲ ਘੁੰਮ-ਫਿਰ ਸਕਣਗੀਆਂ ਤੇ ਨਹਾ ਸਕਣਗੀਆਂ। ਇਕ ਹੋਰ ਉੱਤਰੀ ਸੂਬੇ ਕੇਲੰਤਨ ਨੇ ਇਕ ਕਾਨੂੰਨ ਦੀ ਵਿਵਸਥਾ ਕੀਤੀ ਹੈ ਜਿਸ ਤਹਿਤ ਦੁਕਾਨਾਂ ਵਿਚ ਔਰਤਾਂ-ਮਰਦਾਂ ਦੀਆਂ ਕਤਾਰਾਂ ਵੱਖਰੀਆਂ ਹੋਣਗੀਆਂ। ਜ਼ਿਕਰਯੋਗ ਹੈ ਕਿ ਮਲੇਸ਼ੀਆ ਦੀ ਦੋ ਕਰੋੜ 80 ਲੱਖ ਆਬਾਦੀ ਦਾ 60 ਫੀਸਦੀ ਤੋਂ ਵੱਧ ਹਿੱਸਾ ਮੁਸਲਮਾਨ ਭਾਈਚਾਰੇ ਦਾ ਹੈ। ਇਥੇ ਚੀਨੀ ਤੇ ਭਾਰਤੀ ਵੀ ਵੱਡੀ ਸੰਖਿਆ ਵਿਚ ਰਹਿ ਰਹੇ ਹਨ।

## ਅਮਰੀਕਾ ਤੋਂ ਆਇਆ ਭਾਰਤੀ ਜੋੜਾ ਗ੍ਰਿਫ਼ਤਾਰ

**ਰਾਜਾਸਾਂਸੀ:** ਇਥੋਂ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਅਮਰੀਕਾ ਤੋਂ ਆਏ ਇਕ ਭਾਰਤੀ ਮੂਲ ਜੋੜੇ ਨੂੰ ਕਾਗਜ਼ਾਤ ਸਹੀ ਨਾ ਹੋਣ ਕਰਕੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਗ੍ਰਿਫ਼ਤਾਰ ਕਰਕੇ ਸਥਾਨਕ ਪੁਲਿਸ ਹਵਾਲੇ ਕਰ ਦਿੱਤਾ ਹੈ ਜਿਨ੍ਹਾਂ ਵਿਰੁੱਧ ਮੁਕੱਦਮਾ ਦਰਜ ਕਰ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ ਹੈ। ਥਾਣਾ ਏਅਰਪੋਰਟ ਦੇ ਮੁਖੀ ਨੀਰਜ ਕੁਮਾਰ ਨੇ ਉਕਤ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਲੰਧਰ ਜ਼ਿਲ੍ਹੇ ਦੇ ਪਿੰਡ ਪ੍ਰਾਗਪੁਰ ਦੇ ਰਹਿਣ ਵਾਲੇ ਪਰਮਜੀਤ ਸਿੰਘ ਪੁੱਤਰ ਪਿਆਰਾ ਸਿੰਘ ਤੇ ਉਸ ਦੀ ਪਤਨੀ ਸੁਰਿੰਦਰ ਕੌਰ ਕੋਈ ਦਸ ਕੁ ਵਰ੍ਹੇ ਪਹਿਲਾਂ ਕਥਿਤ ਤੌਰ 'ਤੇ ਜਾਅਲੀ ਕਾਗਜ਼ਾਤ ਰਾਹੀਂ ਅਮਰੀਕਾ ਗਿਏ ਸਨ। ਉਨ੍ਹਾਂ ਦੱਸਿਆ ਕਿ ਇਸ ਜੋੜੇ ਨੇ

Quik Signs
Signs * Graphics * Wraps

ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ

ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ ।
ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ
Specialized in English, Spanish, Hindi & Punjabi



ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ
ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)
ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।
ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ
ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।
ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।
ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।
ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।

ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.
ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।
Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

# ਖੁਸ਼ਵੰਤ ਸਿੰਘ ਦੀ ਆਖ਼ਰੀ ਕਿਤਾਬ 'ਦਿ ਸਨਸੈਟ ਕਲੱਬ' ਰਿਲੀਜ਼

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਆਪਣੀ ਨਵੀਂ ਕਿਤਾਬ 'ਦਿ ਸਨਸੈਟ ਕਲੱਬ' ਰਿਲੀਜ਼ ਕਰਦਿਆਂ 96 ਸਾਲਾ ਮਕਬੂਲ ਲੇਖਕ ਖੁਸ਼ਵੰਤ ਸਿੰਘ ਨੇ ਕਿਹਾ "ਹੈ ਇਹ ਉਨ੍ਹਾਂ ਦੀ ਆਖਰੀ ਕਿਤਾਬ ਹੈ। ਉਨ੍ਹਾਂ ਕਿਹਾ, "ਮੈਂ ਹੁਣ 96 ਸਾਲ ਦਾ ਹੋ ਗਿਆ ਹਾਂ ਤੇ ਮੈਂ ਨਹੀਂ ਜਾਣਦਾ ਕਿ ਮੈਂ ਹੋਰ ਕਿੰਨਾ ਲੰਬਾ ਚਿਰ ਨਿਭ ਸਕਾਂਗਾ। ਹੁਣ ਮੈਂ ਵਿਹਲਾ ਰਹਿਣਾ ਸਿੱਖ ਰਿਹਾ ਹਾਂ ਤੇ ਨਾਲ ਹੀ ਧਿਆਨ ਲਾਉਣਾ ਸਿੱਖ ਰਿਹਾ ਹਾਂ। ਜੇ ਮੈਂ 100 ਸਾਲ ਦਾ ਹੋ ਗਿਆ ਤਾਂ ਮੈਂ ਖੁਸ਼ਕਿਸਮਤ ਹੋਵਾਂਗਾ।"

ਬਜ਼ੁਰਗ ਲੇਖਕ ਤੇ ਕਾਲਮ ਨਵੀਸ ਖੁਸ਼ਵੰਤ ਸਿੰਘ ਵੱਲੋਂ ਹਾਲੀਆ ਲਿਖਤਾਂ ਉਤੇ ਆਧਾਰਤ ਕਿਤਾਬ ਵਿਚ ਤਿੰਨ ਬਜ਼ੁਰਗ ਦੋਸਤਾਂ ਦੀ ਜ਼ਿੰਦਗੀ ਦੇ ਪਿਛਲੇ ਪੜਾਅ ਦੇ ਸਾਲਾਂ ਦਾ ਜ਼ਿਕਰ ਰੌਚਕ ਢੰਗ ਨਾਲ ਕੀਤਾ ਗਿਆ ਹੈ ਤੇ ਇਸ ਦੇ ਨਾਲ ਹੀ ਕਿਤਾਬ ਤੋਂ ਭਾਰਤੀ ਜਿਉਣ ਢੰਗ ਦੀ ਇਕ ਝਲਕ ਵੀ ਮਿਲਦੀ ਹੈ।

'ਦਿ ਸਨਸੈਟ ਕਲੱਬ' ਨਾਮੀ ਇਹ ਕਿਤਾਬ ਰਿਲੀਜ਼ ਕਰਨ ਦੀ ਰਸਮ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪਤਨੀ ਗੁਰਸ਼ਰਨ ਕੌਰ ਨੇ ਨਿਭਾਈ। ਇਸ ਮੌਕੇ ਬੀਬੀ ਗੁਰਸ਼ਰਨ ਕੌਰ ਨੇ ਕਿਹਾ ਕਿ ਇਸ ਕਿਤਾਬ ਨੂੰ ਰਿਲੀਜ਼ ਕਰਨ ਦਾ ਸੁਭਾਗ ਹਾਸਲ ਹੋਣਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਖੁਸ਼ਵੰਤ ਸਿੰਘ ਨੇ ਉਨ੍ਹਾਂ ਨੂੰ ਇਕ ਲੇਖਕ ਬਣਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਇਸ ਲਈ ਸਮਾਂ ਤੇ ਇਰਾਦਾ ਵੀ ਚਾਹੀਦਾ ਹੈ।

ਇਸ ਦੇ ਨਾਲ ਹੀ ਉਨ੍ਹਾਂ ਦੱਸਿਆ "ਕਿ ਉਨ੍ਹਾਂ ਦੀ ਵਿਚਕਾਰਲੀ ਧੀ ਉਨ੍ਹਾਂ ਬਾਰੇ ਕਿਤਾਬ ਲਿਖ ਰਹੀ ਹੈ। ਇਸ ਦਾ ਕੰਮ ਜਾਰੀ ਹੈ।"ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਕਿਤਾਬ ਦੇ ਕੁਝ ਕਾਂਡ ਪੜ੍ਹੇ ਹਨ। ਇਸ ਵਿਚ ਤਿੰਨ ਦੋਸਤਾਂ ਦੀ ਕਹਾਣੀ ਹੈ ਜਿਹੜੇ 80ਵਿਆਂ ਦੀ ਉਮਰ ਵਿਚ ਹਨ। ਇਹ ਰੋਜ਼ਾਨਾ ਢਲਦੀ ਸ਼ਾਮ ਵੇਲੇ ਲੋਧੀ ਗਾਰਡਨਜ਼ ਵਿਖੇ ਇਕ ਬੈਂਚ ਉਤੇ ਇਕੱਠੇ ਬੈਠ ਜਾਂਦੇ ਹਨ ਤੇ ਦਿਨ ਭਰ ਦੀਆਂ ਖ਼ਬਰਾਂ ਤੇ ਆਪਣੇ ਖ਼ਿਆਲਾਤ ਸਾਂਝੇ ਕਰਦੇ ਸਨ। ਉਹ ਸਭ ਕਾਸੇ ਬਾਰੇ ਗੱਲਾਂ ਕਰਦੇ ਹਨ ਜਿਵੇਂ ਪਿਆਰ, ਚਾਹਤ, ਸੈਕਸ ਤੇ ਧਰਮ ਤੇ ਸਿਆਸਤ ਵਿਚ ਹੋਣ ਵਾਲੇ ਘਪਲੇ। ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਕਿਤਾਬ ਦਾ ਉਵੇਂ ਹੀ ਆਨੰਦ ਮਾਣਿਆ ਜਿਵੇਂ ਉਨ੍ਹਾਂ ਦੇ ਕਾਲਮਾਂ ਦਾ ਮਾਣਦੀ ਹੈ।"

ਸ੍ਰੀ ਖੁਸ਼ਵੰਤ ਸਿੰਘ ਨੇ ਵ੍ਹੀਲਚੇਅਰ 'ਤੇ ਬੈਠਿਆਂ ਹੀ ਸਮਾਗਮ ਵਿਚ ਸ਼ਿਰਕਤ ਕੀਤੀ। ਉਨ੍ਹਾਂ ਪੁਰਾਣੇ ਵੇਲੇ ਨੂੰ ਚੇਤੇ ਕਰਦਿਆਂ ਬੀਬੀ ਗੁਰਸ਼ਰਨ ਕੌਰ ਬਾਰੇ ਦੱਸਿਆ ਕਿ "ਜਦੋਂ ਵੀ ਉਹ ਆਪਣੀ ਕੋਈ ਕਿਤਾਬ ਜਾਰੀ ਕਰਦੇ ਸਨ ਤਾਂ ਉਹ (ਬੀਬੀ ਗੁਰਸ਼ਰਨ ਕੌਰ) ਸਮਾਗਮ ਵਿਚ ਪੁੱਜਦੇ ਸਨ। ਕਈ ਵਾਰ ਸੱਦਿਆ ਵੀ ਨਹੀਂ ਸੀ ਹੁੰਦਾ। ਉਨ੍ਹਾਂ ਕਿਹਾ ਕਿ ਉਹ ਕਿਸੇ ਬਾਲੀਵੁੱਡ ਸਟਾਰ ਨਾਲੋਂ ਵੀ ਵੱਧ ਭੀੜ ਖਿੱਚ ਸਕਦੇ ਹਨ।

ਕਿਤਾਬ ਜਾਰੀ ਕਰਨ ਤੋਂ ਪਹਿਲਾਂ ਵੀਡੀਓ ਵੀ ਦਿਖਾਈ ਗਈ। ਇਸ ਵਿਚ ਪੱਤਰਕਾਰਾਂ, ਸੰਪਾਦਕਾਂ, ਲੇਖਕਾਂ, ਸਰਗਰਮ ਲੋਕਾਂ ਤੇ ਖੁਸ਼ਵੰਤ ਸਿੰਘ ਦੇ ਰਸੋਈਏ, ਦਰਜ਼ੀ ਤੇ ਟਾਈਪਿਸਟ ਨੂੰ ਬੋਲਦਿਆਂ ਦਿਖਾਇਆ ਗਿਆ ਹੈ ਜਿਨ੍ਹਾਂ ਲੇਖਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਪੱਤਰਕਾਰ ਐਮ.ਜੇ. ਅਕਬਰ ਤੇ ਸ਼ਾਇਰ ਤੇ ਲੇਖਕ ਵਿਕਰਮ ਸੇਠ ਦੇ ਵਿਚਾਰ ਵੀ ਵੀਡੀਓ 'ਚ ਸ਼ਾਮਲ ਸਨ।




*ਬੀਬੀ ਗੁਰਸ਼ਰਨ ਕੌਰ ਅਤੇ ਲੇਖਕ ਕਿਤਾਬ ਰਿਲੀਜ਼ ਕਰਦੇ ਹੋਏ*

# ਗੁਜਰਾਤ ਕਤਲੇਆਮ: ਜਾਂਚ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ

**ਨਵੀਂ ਦਿੱਲੀ:** ਗੁਜਰਾਤ ਕਤਲੇਆਮ ਜਿਸ ਵਿਚ ਸੈਕੜੇ ਮੁਸਲਮਾਨਾਂ ਨੂੰ ਮਾਰ ਦਿੱਤਾ ਗਿਆ ਸੀ ਅਤੇ ਹਜ਼ਾਰਾਂ ਬੇਘਰ ਹੋ ਗਏ ਸਨ, ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਸਾਬਕਾ ਕਾਂਗਰਸੀ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਦੀ ਪਤਨੀ ਜ਼ਕੀਆ ਜਾਫ਼ਰੀ ਵੱਲੋਂ ਲਗਾਏ ਗਏ ਇਨ੍ਹਾਂ ਦੋਸ਼ਾਂ ਦੀ ਜਾਂਚ ਪੂਰੀ ਕਰ ਲਈ ਗਈ ਹੈ ਕਿ ਮੁੱਖ ਮੰਤਰੀ ਨਰਿੰਦਰ ਮੋਦੀ ਤੇ ਉਸ ਦੇ ਨੇਤਾਵਾਂ ਨੇ ਦੰਗਾਕਾਰੀਆਂ ਦੀ ਮੱਦਦ ਕੀਤੀ ਤੇ ਇਨ੍ਹਾਂ ਨੂੰ ਭਾਵਕਾਇਆ ਸੀ ਜਿਸ ਕਾਰਨ ਉਸ ਦੇ ਖਾਵੰਦ ਦੀ ਹੱਤਿਆ ਹੋਈ। ਇਸ ਬਾਰੇ ਸੁਪਰੀਮ ਕੋਰਟ ਨੂੰ ਜਾਣੂ ਕਰਵਾਇਆ ਗਿਆ ਹੈ।

ਐਸ.ਆਈ.ਟੀ. ਨੇ ਆਪਣੀ ਤਾਜ਼ਾ ਰਿਪੋਰਟ ਜਸਟਿਸ ਡੀ.ਕੇ. ਜੈਨ ਦੀ ਅਗਵਾਈ ਵਾਲੇ ਵਿਸ਼ੇਸ਼ ਬੈਂਚ ਨੂੰ ਸੌਂਪ ਦਿੱਤੀ ਹੈ। ਇਸ ਰਿਪੋਟ ਵਿਚ ਹੀ ਜਾਂਚ ਪੂਰੀ ਹੋਣ ਦੀ ਗੱਲ ਆਖੀ ਗਈ ਹੈ। ਬੈਂਚ ਮੁਤਾਬਕ ਅਗਲੀ ਕਾਰਵਾਈ ਕਾਨੂੰਨ ਮੁਤਾਬਕ ਕੀਤੀ ਜਾਵੇਗੀ। ਬੈਂਚ ਵਿਚ ਜਸਟਿਸ ਪੀ. ਸਤਸ਼ਿਵਮ ਤੇ ਜਸਟਿਸ ਆਫਤਾਬ ਆਲਮ ਵੀ ਹਨ। ਬੀਬੀ ਜ਼ਕੀਆ ਨੇ ਆਪਣੀ ਸ਼ਿਕਾਇਤ ਵਿਚ ਦੋਸ਼ ਲਗਾਇਆ ਸੀ ਕਿ ਨਰਿੰਦਰ ਮੋਦੀ ਅਤੇ 62 ਜਣਿਆਂ ਨੇ ਦੰਗਾਕਾਰੀਆਂ ਦੀ ਮਦਦ ਕੀਤੀ। ਇਨ੍ਹਾਂ ਵਿਚ ਕੈਬਨਿਟ ਮੰਤਰੀ, ਪੁਲੀਸ ਤੇ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਸਨ। ਇਨ੍ਹਾਂ ਨੇ ਦੰਗਾਕਾਰੀਆਂ ਨੂੰ ਭੜਕਾਇਆ। ਇਸ ਕਤਲੇਆਮ ਵਿਚ ਇਕ ਹਜ਼ਾਰ ਜਾਨਾਂ ਗਈਆਂ ਸਨ। ਦੰਗਾਕਾਰੀਆਂ ਨੇ ਜ਼ਕੀਆ ਦੇ ਪਤੀ ਅਹਿਸਾਨ ਜਾਫਰੀ ਸਣੇ 69 ਜਣਿਆਂ ਨੂੰ ਅਹਿਮਦਾਬਾਦ ਵਿਖੇ ਗੁਲਬਰਗ ਸੁਸਾਇਟੀ ਵਿਚ ਮਾਰ ਦਿੱਤਾ ਸੀ। ਇਸ ਮਾਮਲੇ ਵਿਚ ਵਿਸ਼ੇਸ਼ ਜਾਂਚ ਟੀਮ ਨੇ ਮੋਦੀ ਤੋਂ ਪੁੱਛ-ਪੜਤਾਲ ਵੀ ਕੀਤੀ ਸੀ।

ਯਾਦ ਰਹੇ ਕਿ ਸੁਪਰੀਮ ਕੋਰਟ ਨੇ 27 ਅਪਰੈਲ 2007 ਵਿਚ ਵਿਸ਼ੇਸ਼ ਜਾਂਚ ਟੀਮ ਨੂੰ ਜ਼ਕੀਆ ਦੀ ਸ਼ਿਕਾਇਤ ਬਾਰੇ ਜਾਂਚ ਕਰਨ ਲਈ ਆਖਿਆ ਸੀ। ਮਰਹੂਮ ਕਾਂਗਰਸੀ ਆਗੂ ਦੀ ਪਤਨੀ ਨੇ ਦੋਸ਼ ਲਾਇਆ ਸੀ ਕਿ 2002 ਦੇ ਫਰਵਰੀ ਤੇ ਮਈ ਮਹੀਨਿਆਂ ਵਿਚਕਾਰ ਰਾਜ ਸਰਕਾਰ ਦੀ ਸ਼ਹਿ ਨਾਲ ਆਮ ਬੰਦਿਆਂ ਦੇ ਜਾਨ-ਮਾਲ ਦਾ ਨੁਕਸਾਨ ਹੋਇਆ।

ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਗ੍ਰਹਿ ਰਾਜ ਮੰਤਰੀ ਗੋਰਧਨ ਜ਼ਦਾਫੀਆ, ਭਾਜਪਾ ਆਗੂ ਆਈ.ਕੀ. ਜੜੇਜਾ, ਸਾਬਕਾ ਭਾਜਪਾ ਵਿਧਾਇਕ ਕਾਲੂ ਮਲੀਵਾਦ ਤੇ ਵਿਧਾਇਕ ਅਨਿਲ ਪਟੇਲ, ਸਾਬਕਾ ਆਈ.ਪੀ.ਐਸ. ਅਧਿਕਾਰੀ ਆਰ.ਵੀ. ਸ੍ਰੀਕੁਮਾਰ, ਸਮਾਜ ਸੇਵਿਕਾ ਤੀਸਤਾ ਸੀਤਲਵਾੜ, ਆਈ.ਜੀ. ਸ਼ਿਵਾਨੰਦ ਝਾਅ ਕੁਝ ਹੋਰ ਸੀਨੀਅਰ ਪੁਲੀਸ ਅਧਿਕਾਰੀਆਂ ਤੇ ਸਿਆਸੀ ਆਗੂਆਂ ਸਣੇ ਕਾਫੀ ਲੋਕਾਂ ਤੋਂ ਪੁੱਛ-ਪੜਤਾਲ ਕੀਤੀ ਗਈ ਸੀ। ਸੁਪਰੀਮ ਕੋਰਟ ਨੇ 26 ਅਕਤੂਬਰ ਨੂੰ ਵਿਸ਼ੇਸ਼ ਅਦਾਲਤ ਨੂੰ ਗੁਲਬਰਗ ਸੁਸਾਇਟੀ ਮਾਮਲੇ ਦੀ ਸੁਣਵਾਈ ਜਾਰੀ ਰੱਖਣ ਦੇ ਹੁਕਮ ਦਿੰਦਿਆਂ ਕਿਹਾ ਸੀ ਕਿ ਉਹ ਇਸ ਮਾਮਲੇ 'ਤੇ ਆਪਣਾ ਫੈਸਲਾ ਨਾ ਸੁਣਾਏ।

'ਅੰਕਲ ਜੱਜਾਂ' ਦਾ ਮਾਮਲਾ

# ਸੁਪਰੀਮ ਕੋਰਟ ਦੀਆਂ ਟਿੱਪਣੀਆਂ ਤੋਂ ਅਲਾਹਾਬਾਦ ਹਾਈ ਕੋਰਟ 'ਬੇਚੈਨ'

**ਅਲਾਹਾਬਾਦ:** ਸੁਪਰੀਮ ਕੋਰਟ ਦੇ ਬੈਂਚ ਵੱਲੋਂ ਕੀਤੀਆਂ ਗੰਭੀਰ ਟਿੱਪਣੀਆਂ ਕਾਰਨ 'ਬੇਚੈਨ' ਅਲਾਹਾਬਾਦ ਹਾਈਕੋਰਟ ਨੇ ਇਨ੍ਹਾਂ ਟਿੱਪਣੀਆਂ ਨੂੰ ਰਿਕਾਰਡ 'ਚੋਂ ਹਟਵਾਉਣ ਲਈ ਸਰਵਉੱਚ ਅਦਾਲਤ 'ਚ ਜਾਣ ਦਾ ਫ਼ੈਸਲਾ ਕੀਤਾ ਹੈ। ਹਾਈ ਕੋਰਟ ਦਾ ਕਹਿਣਾ ਹੈ ਕਿ ਜੇਕਰ ਕੁਝ ਇਕ 'ਗੰਦੀਆਂ ਮੱਛੀਆਂ' ਤਲਾਬ ਵਿਚ ਹਨ ਤਾਂ ਇਸ ਦਾ ਅਰਥ ਇਹ ਨਹੀਂ ਕਿ ਇੱਥੇ ਸਮੁੱਚਾ ਤਲਾਬ ਹੀ ਗੰਦਾ ਹੋ ਗਿਆ ਹੈ।

ਸੂਤਰਾਂ ਨੇ ਅੱਜ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ 26 ਨਵੰਬਰ ਨੂੰ ਕੀਤੀਆਂ ਟਿੱਪਣੀਆਂ ਦੇ ਮੱਦੇਨਜ਼ਰ ਹਾਈਕੋਰਟ ਦੇ ਜੱਜਾਂ ਦੀ ਮੀਟਿੰਗ ਹੋਈ। ਮੀਟਿੰਗ ਵਿਚ ਟਿੱਪਣੀਆਂ ਉਪਰ ਨਾਰਾਜ਼ਗੀ ਪ੍ਰਗਟਾਈ ਗਈ। ਇਸ ਮੌਕੇ ਫੈਸਲਾ ਹੋਇਆ ਕਿ ਇਨ੍ਹਾਂ ਟਿੱਪਣੀਆਂ ਨੂੰ ਰਿਕਾਰਡ ਵਿਚੋਂ ਕਢਵਾਉਣ ਲਈ ਸਰਵਉੱਚ ਅਦਾਲਤ ਦਾ ਦਰ ਖੜਕਾਇਆ ਜਾਵੇ।

ਪਿਛਲੇ ਹਫਤੇ ਸੁਪਰੀਮ ਕੋਰਟ ਦੇ ਜਸਟਿਸ ਮਾਰਕੰਡੇ ਕਾਟਜੂ ਤੇ ਜਸਟਿਸ ਗਿਆਨ ਸੁਧਾ ਮਿਸ਼ਰਾ ਨੇ ਅਲਾਹਾਬਾਦ ਹਾਈ ਕੋਰਟ ਬਾਰੇ ਕਿਹਾ ਸੀ ਕਿ ਇਸ ਵਿਚ ਗੜਬੜ ਹੈ ਤੇ ਸਮੁੱਚੇ ਢਾਂਚੇ ਨੂੰ ਸਾਫ-ਸੁਥਰਾ ਕਰਨ ਦੀ ਲੋੜ ਹੈ। ਸਰਵਉੱਚ ਅਦਾਲਤ ਨੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਕਿਹਾ ਸੀ ਕਿ ਉਹ ਜੱਜਾਂ ਦੇ ਤਬਾਦਲੇ ਕਰਕੇ ਤੇ ਹੋਰ ਸਖ਼ਤ ਕਦਮ ਚੁੱਕੇ। ਅਲਾਹਾਬਾਦ ਹਾਈ ਕੋਰਟ ਦੇ ਸੀਨੀਅਰ ਵਕੀਲ ਰਵੀ ਕਿਰਨ ਜੈਨ ਨੇ ਕਿਹਾ ਕਿ ਹਾਈ ਕੋਰਟ ਦੇ ਜੱਜਾਂ ਨੂੰ ਸੁਪਰੀਮ ਕੋਰਟ ਵਿਚ ਮਾਣਹਾਨੀ ਪਟੀਸ਼ਨ ਪਾਉਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਦਾ ਜੋ ਨੁਕਸਾਨ ਹੋਇਆ ਹੈ ਉਸ ਦੀ ਭਰਪਾਈ ਇਸੇ ਪਟੀਸ਼ਨ ਨਾਲ ਹੀ ਸੰਭਵ ਹੈ। ਉਨ੍ਹਾਂ ਕਿਹਾ ਕਿ ਜੇਕਰ ਅਲਾਹਾਬਾਦ ਹਾਈ ਕੋਰਟ ਇਹ ਸਮਝਦੀ ਹੈ ਕਿ ਰਿਕਾਰਡ ਵਿਚੋਂ ਸੁਪਰੀਮ ਕੋਰਟ ਵੱਲੋਂ ਕੀਤੀਆਂ ਟਿੱਪਣੀਆਂ ਕਢਵਾ ਦਿੱਤੀਆਂ ਜਾਣ ਤਾਂ ਸਭ ਕੁਝ ਠੀਕ ਹੋ ਜਾਵੇਗਾ ਤਾਂ ਇਹ ਬੜੀ ਗਲਤ ਸੋਚ ਹੈ ਕਿਉਂਕਿ ਜੋ ਨੁਕਸਾਨ ਹੋਣਾ ਸੀ ਉਹ ਹੋ ਚੁੱਕਾ ਹੈ। ਸੁਪਰੀਮ ਕੋਰਟ ਨੇ ਆਪਣੇ 12 ਸਫਿਆਂ ਦੇ ਫੈਸਲੇ ਵਿਚ ਕਿਹਾ ਸੀ ਕਿ ਅਲਾਹਾਬਾਦ ਹਾਈ ਕੋਰਟ ਵਿਚਲੇ 'ਅੰਕਲ ਜੱਜ' ਆਪਣੇ ਨੇੜਲੇ ਵਕੀਲਾਂ ਦੀ ਮਰਜ਼ੀ ਮੁਤਾਬਕ ਫੈਸਲੇ ਸੁਣਾ ਰਹੇ ਹਨ।


NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

Global Multi Services

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739

Financing Available For Buying Trucks

Cell:(510) 557-6988, Ph:209-982-9996

# ਏਸ਼ਿਆਈ ਖੇਡਾਂ ਦਾ ਲੇਖਾ ਜੋਖਾ



ਖੇਡ ਜਗਤ

**ਪ੍ਰਿੰ. ਸਰਵਣ ਸਿੰਘ**

ਏਸ਼ਿਆਈ ਖੇਡਾਂ ਦੁਨੀਆਂ ਦੀ ਦੋ ਤਿਹਾਈ ਆਬਾਦੀ ਯਾਨਿ ਚਾਰ ਅਰਬ ਲੋਕਾਂ ਦੀਆਂ ਖੇਡਾਂ ਹਨ। ਇਨ੍ਹਾਂ ਵਿਚ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲੇ ਦੋਵੇਂ ਮੁਲਕ ਚੀਨ ਤੇ ਭਾਰਤ ਅਤੇ 43 ਹੋਰ ਮੁਲਕ ਭਾਗ ਲੈਂਦੇ ਹਨ ਜਿਨ੍ਹਾਂ 'ਚ ਕੋਰੀਆ ਤੇ ਜਪਾਨ ਜ਼ਿਕਰਯੋਗ ਹਨ। ਗੁਆਂਗਝੂ ਦੀਆਂ ਖੇਡਾਂ 'ਚੋਂ ਮੈਡਲ ਜਿੱਤਣ ਵਿਚ ਚੀਨ ਫਿਰ ਸਭ ਤੋਂ ਉਪਰ ਰਿਹਾ ਹੈ। ਨਿੱਕੇ ਹੁੰਦੇ ਸੁਣਦੇ ਸਾਂ ਕਿ ਚੀਨੇ ਨਿੱਕੇ ਕੱਦਾਂ ਤੇ ਫੀਨੇ ਨੱਕਾਂ ਵਾਲੇ ਕਮਜ਼ੋਰ ਬੰਦੇ ਹਨ ਜਿਨ੍ਹਾਂ 'ਚੋ ਬਹੁਤੇ ਫੀਮ ਤੇ ਹੋਰ ਨਸ਼ਿਆਂ ਦੇ ਘੋਰੀ ਹਨ।

ਪਹਿਲਾਂ ਪਹਿਲ ਮਲਾਇਆ, ਸਿੰਗਾਪੁਰ ਤੇ ਹਾਂਗਕਾਂਗ ਗਏ ਬਾਬੇ ਚੀਨਣਾਂ ਵਿਆਹ ਲਿਆਏ ਸਨ ਯਾਨਿ ਚੀਨਣਾਂ ਚੀਨਿਆਂ ਨੂੰ ਛੱਡ ਕੇ ਪੰਜਾਬੀਆਂ ਦੇ ਲੜ ਲੱਗ ਤੁਰੀਆਂ ਸਨ। ਉਦੋਂ ਕਿਸੇ ਦੇ ਖ਼ਾਬ ਖਿਆਲ ਵਿਚ ਵੀ ਨਹੀਂ ਸੀ ਕਿ ਚੀਨੇ ਐਨੇ ਤਕੜੇ ਹੋ ਜਾਣਗੇ ਪਈ ਖੇਡਾਂ 'ਚ ਕਿਸੇ ਨੂੰ ਡਾਹੀ ਨਹੀਂ ਦੇਣਗੇ। ਦੋ ਸਾਲ ਪਹਿਲਾਂ ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚ ਚੀਨ ਨੇ ਕੁਲ ਦੁਨੀਆਂ 'ਤੇ ਲੱਤ ਫੇਰ ਦਿੱਤੀ ਸੀ। ਉਸ ਨੇ ਅਮਰੀਕਾ ਤੇ ਰੂਸ ਵਰਗੇ ਮੁਲਕਾਂ ਤੋਂ ਕਿਤੇ ਵੱਧ ਤਮਗੇ ਜਿੱਤੇ ਸਨ।

1951 ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਤੋਂ ਲੈ ਕੇ 1970 ਦੀਆਂ ਛੇਵੀਆਂ ਏਸ਼ਿਆਈ ਖੇਡਾਂ ਤਕ ਚੀਨ ਖੇਡਾਂ ਵਿਚ ਸ਼ਾਮਲ ਨਹੀਂ ਸੀ ਹੋਇਆ। ਉਦੋਂ ਉਹ ਓਲੰਪਿਕ ਖੇਡਾਂ ਵਿਚ ਵੀ ਭਾਗ ਨਹੀਂ ਸੀ ਲੈਂਦਾ ਕਿਉਂਕਿ ਯੂ. ਐਨ. ਓ. ਨੇ ਲੋਕ ਚੀਨ ਦੀ ਥਾਂ ਫਾਰਮੂਸਾ ਨੂੰ ਮਾਨਤਾ ਦਿੱਤੀ ਹੋਈ ਸੀ। ਚੀਨ ਨੇ 1974 ਤੋਂ ਏਸ਼ਿਆਈ ਖੇਡਾਂ ਵਿਚ ਭਾਗ ਲੈਣਾ ਸ਼ੁਰੂ ਕੀਤਾ। ਤਹਿਰਾਨ ਵਿਖੇ ਉਹ ਮੈਡਲ ਜਿੱਤਣ ਵਿਚ ਜਪਾਨ ਤੇ ਇਰਾਨ ਤੋਂ ਪਿੱਛੇ ਤੀਜੇ ਥਾਂ ਰਿਹਾ ਸੀ। 1978 ਦੀਆਂ ਖੇਡਾਂ ਵਿਚ ਉਹ ਦੂਜੇ ਸਥਾਨ 'ਤੇ ਆ ਗਿਆ। ਉਦੋਂ ਤਕ ਜਪਾਨ ਹੀ ਪਹਿਲੇ ਸਥਾਨ 'ਤੇ ਆ ਰਿਹਾ ਸੀ। 1982 ਦੀਆਂ ਨੌਵੀਆਂ ਏਸ਼ਿਆਈ ਖੇਡਾਂ ਤੋਂ 2010 ਦੀਆਂ ਸੋਲਵੀਆਂ ਖੇਡਾਂ ਤਕ ਚੀਨ ਪਹਿਲੇ ਸਥਾਨ 'ਤੇ ਆ ਰਿਹੈ।

ਚੀਨ ਨੇ ਹੁਣ ਤਕ 1190 ਸੋਨੇ, 792 ਚਾਂਦੀ, 570 ਕਾਂਸੀ ਤੇ ਕੁਲ 2552 ਤਮਗੇ ਜਿੱਤੇ ਹਨ। ਜਪਾਨ ਨੇ 910-913-835 ਕੁਲ 2658, ਦੱਖਣੀ ਕੋਰੀਆ ਨੇ 617-531-674 ਕੁਲ 1822, ਇਰਾਨ ਨੇ 138-142-158 ਕੁਲ 438, ਭਾਰਤ ਨੇ 128-169-261 ਕੁਲ 558, ਕਜ਼ਾਖਿਸਤਾਨ ਨੇ 110-118-167 ਕੁਲ 395 ਤੇ ਥਾਈਲੈਂਡ ਨੇ 109-148-206 ਕੁਲ 463 ਤਮਗੇ ਜਿੱਤੇ ਹਨ। ਏਸ਼ੀਆ ਵਿਚ ਭਾਰਤ ਦਾ ਸੋਨ ਤਮਗੇ ਜਿੱਤਣ 'ਚ ਪੰਜਵਾਂ ਤੇ ਕੁਲ ਤਮਗੇ ਜਿੱਤਣ ਵਿਚ ਚੌਥਾ ਸਥਾਨ ਹੈ। ਇਹ ਵਰਣਨਯੋਗ ਹੈ ਕਿ ਚੀਨ ਨੇ ਇਹ ਮੈਡਲ ਦਸ ਏਸ਼ਿਆਈ ਖੇਡਾਂ 'ਚੋਂ ਜਿੱਤੇ ਜਦ ਕਿ ਕਜ਼ਾਖਿਸਤਾਨ ਤੋਂ ਬਿਨਾਂ ਬਾਕੀ ਮੁਲਕ ਸੋਲਾਂ ਏਸ਼ਿਆਈ ਖੇਡਾਂ ਵਿਚੋਂ ਜਿੱਤ ਸਕੇ। ਇੰਡੀਆ ਤੋਂ ਅੱਡ ਹੋਏ ਮੁਲਕ ਪਾਕਿਸਤਾਨ ਨੇ 37-48-76 ਕੁਲ 161 ਤੇ ਉਸ ਤੋਂ ਅੱਡ ਹੋਏ ਬੰਗਾ ਦੇਸ਼ ਨੇ 1-4-4 ਕੁਲ 9 ਤਮਗੇ ਹੀ ਜਿੱਤੇ ਹਨ।

ਇਕ ਗੱਲ ਹੋਰ ਨੋਟ ਕਰਨ ਵਾਲੀ ਹੈ ਕਿ ਗੁਆਂਗਝੂ ਦੀਆਂ ਖੇਡਾਂ ਵਿਚ ਚੀਨ ਦੇ 199 ਸੋਨ ਤਮਗਿਆਂ ਵਿਚੋਂ ਮਰਦਾਂ ਦੇ 74, ਔਰਤਾਂ ਦੇ 113 ਤੇ 12 ਤਮਗੇ ਸਾਂਝੇ ਹਨ। ਚੀਨ ਦੇ ਸਮੁੱਚੇ ਤਮਗਿਆਂ ਵਿਚ ਮਰਦਾਂ ਦੇ 178, ਔਰਤਾਂ ਦੇ 221 ਤੇ 17 ਤਮਗੇ ਸਾਂਝੇ ਹਨ। ਉਂਜ ਔਰਤਾਂ ਦੇ ਈਵੈਂਟ ਮਰਦਾਂ ਨਾਲੋਂ ਘੱਟ ਸਨ। ਔਰਤਾਂ ਚੀਨ ਵਿਚ ਵੱਡੀ ਸ਼ਕਤੀ ਵਜੋਂ ਉਭਰੀਆਂ ਹਨ। ਭਾਰਤ ਦੇ 14 ਸੋਨ ਤਮਗਿਆਂ ਵਿਚ 5 ਤਮਗੇ ਔਰਤਾਂ ਦੇ ਅਤੇ ਕੁਲ 64 ਤਮਗਿਆਂ ਵਿਚ 41 ਮਰਦਾਂ ਦੇ, 20 ਔਰਤਾਂ ਦੇ ਤੇ 3 ਸਾਂਝੇ ਹਨ। ਇਰਾਨ ਦੇ 20 ਸੋਨ ਤਮਗਿਆਂ ਵਿਚ ਔਰਤਾਂ ਦਾ ਇਕੋ ਸੋਨ ਤਮਗਾ ਹੈ ਤੇ ਕੁਲ 59 ਵਿਚ 45 ਮਰਦਾਂ ਤੇ 14 ਔਰਤਾਂ ਦੇ ਹਨ।

ਪਾਕਿਸਤਾਨ ਦੇ ਕੁਲ 8 ਮੈਡਲਾਂ ਵਿਚੋਂ ਵੀ ਔਰਤਾਂ ਨੇ ਇਕੋ ਮੈਡਲ ਜਿੱਤਿਆ ਹੈ ਜੋ ਸੋਨੇ ਦਾ ਹੈ। ਥਾਈਲੈਂਡ ਐਸਾ ਮੁਲਕ ਹੈ ਜੀਹਦੇ ਕੁਲ 52 ਮੈਡਲਾਂ ਵਿਚ ਔਰਤਾਂ ਦੇ 32, ਮਰਦਾਂ ਦੇ 16 ਤੇ 4 ਮੈਡਲ ਸਾਂਝੇ ਹਨ। 2006 ਦੀਆਂ ਖੇਡਾਂ ਕਤਰ ਵਿਚ ਹੋਈਆਂ ਸਨ। ਉਸ ਨੇ 4 ਸੋਨੇ 5 ਚਾਂਦੀ ਤੇ 7 ਕਾਂਸੀ ਦੇ ਤਮਗੇ ਜਿੱਤੇ ਹਨ ਜਿਨ੍ਹਾਂ 'ਚ ਔਰਤਾਂ ਦਾ ਕੋਈ ਤਮਗਾ ਨਹੀਂ। ਮੁਸਲਮਾਨ ਮੁਲਕਾਂ ਵਿਚ ਮਰਦਾਂ ਦੇ ਮੁਕਾਬਲੇ ਔਰਤਾਂ ਦੇ ਤਮਗੇ ਕਾਫੀ ਘੱਟ ਹਨ। ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਕਿਨ੍ਹਾਂ ਦੇਸ਼ਾਂ ਦੀਆਂ ਔਰਤਾਂ ਖੇਡਾਂ ਖੇਡਣ ਲਈ ਕਿੰਨੀਆਂ ਆਜ਼ਾਦ ਹਨ?

ਚਾਰ ਸਾਲ ਪਹਿਲਾਂ ਦੋਹਾ ਦੀਆਂ 15ਵੀਆਂ ਏਸ਼ਿਆਈ ਖੇਡਾਂ ਵਿਚ 423 ਖੇਡ ਕਰਤਬਾਂ ਦੇ ਮੁਕਾਬਲੇ ਹੋਏ ਸਨ। ਚੀਨ ਨੇ 166-87-63, ਦੱਖਣੀ ਕੋਰੀਆ ਨੇ 58-53-82, ਜਪਾਨ ਨੇ 50-71-77 ਤੇ ਭਾਰਤ ਨੇ 10-17-26 ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤੇ ਸਨ। ਉਥੇ ਤਮਗਾ ਸੂਚੀ ਵਿਚ ਭਾਰਤ ਦਾ ਅੱਠਵਾਂ ਸਥਾਨ ਸੀ। 1951 ਵਿਚ ਨਵੀਂ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਨੇ 17 ਸੋਨੇ, 17 ਚਾਂਦੀ ਤੇ 18 ਕਾਂਸੀ ਦੇ ਤਮਗੇ ਜਿੱਤ ਕੇ ਜਪਾਨ ਤੋਂ ਪਿੱਛੇ ਦੂਜਾ ਸਥਾਨ ਹਾਸਲ ਕੀਤਾ ਸੀ। ਉਦੋਂ ਭਾਰਤ ਨੇ ਅਥਲੈਟਿਕ ਖੇਡਾਂ ਵਿਚ 10 ਸੋਨੇ, 12 ਚਾਂਦੀ ਤੇ 12 ਕਾਂਸੀ ਦੇ ਮੈਡਲ ਜਿੱਤੇ ਸਨ। ਉਦੋਂ ਤੋਂ ਲੈ ਕੇ ਭਾਰਤ ਦੇ ਖਿਡਾਰੀਆਂ ਨੇ ਵਧੇਰੇ ਮੈਡਲ ਅਥਲੈਟਿਕਸ ਵਿਚ ਹੀ ਜਿੱਤੇ ਹਨ। ਅਜਿਹਾ ਦੋ ਚਾਰ ਵਾਰ ਹੀ ਹੋਇਆ ਕਿ ਨਿਸ਼ਾਨੇਬਾਜ਼ੀ, ਮੁੱਕੇਬਾਜ਼ੀ, ਕੁਸ਼ਤੀ ਤੇ ਟੈਨਿਸ ਵਿਚ ਵੀ ਭਾਰਤੀ ਖਿਡਾਰੀਆਂ ਨੇ ਚੰਗੀ ਕਾਰਗੁਜ਼ਾਰੀ ਵਿਖਾਈ। ਹੁਣ ਤਕ ਭਾਰਤ ਹਾਕੀ ਤੇ ਫੁਟਬਾਲ ਵਿਚ ਦੋ ਵਾਰ ਗੋਲਡ ਮੈਡਲ ਜਿੱਤ ਸਕਿਆ ਤੇ ਕਬੱਡੀ ਦੇ ਗੋਲਡ ਮੈਡਲ ਹਰ ਵਾਰ ਹੀ ਜਿੱਤਿਆ। ਐਤਕੀਂ ਭਾਰਤੀ ਹਾਕੀ ਟੀਮ ਗੋਲਡ ਮੈਡਲ ਜਿੱਤ ਸਕਦੀ ਸੀ ਪਰ ਬਦਕਿਸਮਤੀ ਨਾਲ ਸੈਮੀ ਫਾਈਨਲ ਮੈਚ ਵਿਚ ਮਲੇਸ਼ੀਆ ਦੀ ਟੀਮ ਹੱਥੋਂ ਗੋਲਡਨ ਗੋਲ ਨਾਲ ਹਾਰ ਗਈ। ਉਂਜ ਉਸ ਨੇ ਗੋਲਡ ਮੈਡਲ ਦੇ ਦਾਅਵੇਦਾਰ ਸਮਝੇ ਜਾਂਦੇ ਦੱਖਣੀ ਕੋਰੀਆ ਤੇ ਪਾਕਿਸਤਾਨ ਨੂੰ ਹਰਾ ਦਿੱਤਾ ਤੇ ਕਾਂਸੀ ਦਾ ਤਮਗਾ ਜਿੱਤਿਆ। ਫੁੱਟਬਾਲ ਵਿਚ ਹੁਣ ਭਾਰਤ ਕਿਤੇ ਨਹੀਂ ਰੜਕ ਰਿਹਾ।

ਏਸ਼ਿਆਈ ਖੇਡਾਂ ਵਿਚ ਭਾਰਤ ਦਾ ਸਥਾਨ ਦੂਜੇ ਰੈਂਕ ਤੋਂ ਲੈ ਕੇ ਬਾਰ੍ਹਵੇਂ ਰੈਂਕ ਤਕ ਰਿਹਾ ਹੈ। 1990 ਵਿਚ ਬੀਜਿੰਗ ਦੀਆਂ 11ਵੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਕੇਵਲ ਕਬੱਡੀ ਦਾ ਹੀ ਇਕ ਗੋਲਡ ਮੈਡਲ ਜਿੱਤ ਸਕਿਆ ਸੀ ਤੇ ਉਹ ਬਾਰ੍ਹਵੇਂ ਸਥਾਨ 'ਤੇ ਚਲਾ ਗਿਆ ਸੀ। ਸੋਵੀਅਤ ਰੂਸ ਦੇ ਖਿੰਡ ਜਾਣ ਨਾਲ ਕਜ਼ਾਖਿਸਤਾਨ, ਉਜ਼ਬੇਕਸਤਾਨ ਤੇ ਕੁਝ ਹੋਰ ਮੁਲਕ ਏਸ਼ਿਆਈ ਖੇਡਾਂ ਵਿਚ ਭਾਗ ਲੈਣ ਲੱਗ ਪਏ ਜਿਸ ਨਾਲ ਮੁਕਾਬਲੇ ਹੋਰ ਵੀ ਸਖ਼ਤ ਹੋ ਗਏ। ਹੁਣ ਤਕ ਦੋ ਵਾਰ ਭਾਰਤ, ਚਾਰ ਵਾਰ ਥਾਈਲੈਂਡ, ਦੋ ਵਾਰ ਚੀਨ, ਦੋ ਵਾਰ ਜਪਾਨ, ਦੋ ਵਾਰ ਦੱਖਣੀ ਕੋਰੀਆ ਤੇ ਇਕ-ਇਕ ਵਾਰ ਫਿਲਪੀਨ, ਇੰਡੋਨੇਸ਼ੀਆ, ਇਰਾਨ ਤੇ ਕਤਰ ਵਿਚ ਏਸ਼ਿਆਈ ਖੇਡਾਂ ਹੋਈਆਂ ਹਨ। 17ਵੀਆਂ ਏਸ਼ਿਆਈ ਖੇਡਾਂ 2014 ਵਿਚ ਰਿਪਬਲਿਕ ਆਫ਼ ਕੋਰੀਆ ਦੇ ਸ਼ਹਿਰ ਇੰਚੋਨ ਵਿਚ ਹੋਣਗੀਆਂ। 18ਵੀਆਂ ਖੇਡਾਂ 2019 ਵਿਚ ਕਰਾਈਆਂ ਜਾਣਗੀਆਂ ਜਿਨ੍ਹਾਂ ਲਈ ਸ਼ਹਿਰ ਦੀ ਚੋਣ ਕੀਤੀ ਜਾਣੀ ਹੈ। ਅੱਗੇ ਤੋਂ ਖੇਡਾਂ ਦੀ ਗਿਣਤੀ 35 ਤਕ ਸੀਮਤ ਕੀਤੀ ਜਾਵੇਗੀ ਅਤੇ ਇਹ ਕਾਮਨਵੈਲਥ ਖੇਡਾਂ ਤੋਂ ਇਕ ਸਾਲ ਪਿਛੋਂ ਤੇ ਓਲੰਪਿਕ ਖੇਡਾਂ ਤੋਂ ਇਕ ਸਾਲ ਪਹਿਲਾਂ ਹੋਇਆ ਕਰਨਗੀਆਂ।



ਗੁਆਂਗਝੂ ਵਿਚ 42 ਖੇਡਾਂ ਦੇ 476 ਈਵੈਂਟਸ ਦੇ ਮੁਕਾਬਲੇ ਹੋਏ ਜਿਨ੍ਹਾਂ ਵਿਚ 45 ਮੁਲਕਾਂ ਦੇ ਖਿਡਾਰੀਆਂ ਨੇ ਭਾਗ ਲਿਆ। ਏਸ਼ੀਆ ਦਾ 46ਵਾਂ ਮੁਲਕ ਇਸਰਾਈਲ 1974 ਤੋਂ ਏਸ਼ਿਆਈ ਖੇਡਾਂ ਦੀ ਬਰਾਦਰੀ 'ਚੋਂ ਬਾਹਰ ਕੱਢਿਆ ਹੋਇਐ। ਇਨ੍ਹਾਂ ਖੇਡਾਂ ਵਿਚ ਚੀਨ ਨੇ 199-119-98, ਰਿਪਬਲਿਕ ਆਫ਼ ਕੋਰੀਆ ਨੇ 76-65-91, ਜਪਾਨ ਨੇ 48-74-94, ਇਰਾਨ ਨੇ 20-14-25, ਕਜ਼ਾਖਿਸਤਾਨ ਨੇ 18-23-38, ਭਾਰਤ ਨੇ 14-17-33, ਤੈਪਈ ਚੀਨ ਨੇ 13-16-38, ਉਜ਼ਬੇਕਸਤਾਨ ਨੇ 11-22-23, ਥਾਈਲੈਂਡ ਨੇ 11-9-32 ਤੇ ਮਲੇਸ਼ੀਆ ਨੇ 9-18-14 ਸੋਨੇ, ਚਾਂਦੀ ਤੇ ਕਾਂਸੀ ਦੇ ਤਮਗੇ ਜਿੱਤੇ ਹਨ। ਪਾਕਿਸਤਾਨ 3 ਸੋਨੇ, 2 ਚਾਂਦੀ ਤੇ 3 ਤਾਂਬੇ ਦੇ ਤਮਗੇ ਹੀ ਜਿੱਤ ਸਕਿਆ। ਕ੍ਰਿਕਟ ਦਾ ਗੋਲਡ ਮੈਡਲ ਫਾਈਨਲ ਮੈਚ ਵਿਚ ਬੰਗਲਾ ਦੇਸ਼ ਨੇ ਅਫਗਾਨਿਸਤਾਨ ਨੂੰ ਹਰਾ ਕੇ ਜਿੱਤਿਆ। ਇਸ ਤੋਂ ਪਹਿਲਾਂ ਬੰਗਲਾ ਦੇਸ਼ ਨੇ ਸ੍ਰੀਲੰਕਾ ਨੂੰ ਤੇ ਅਫਗਾਨਿਸਤਾਨ ਨੇ ਪਾਕਿਸਤਾਨ ਨੂੰ ਹਰਾਇਆ ਸੀ। ਭਾਰਤ ਦੀ ਕ੍ਰਿਕਟ ਟੀਮ ਨੇ ਏਸ਼ਿਆਈ ਖੇਡਾਂ 'ਚ ਭਾਗ ਲੈਣਾ ਜ਼ਰੂਰੀ ਨਹੀਂ ਸੀ ਸਮਝਿਆ। ਸ਼ਾਇਦ ਹਾਰ ਜਾਣ ਦਾ ਡਰ ਹੋਵੇ ਪਰ ਬਹਾਨਾ ਬਣਾ ਲਿਆ ਕਿ ਨਿਊਜ਼ੀਲੈਂਡ ਨਾਲ ਟੈਸਟ ਸੀਰੀਜ਼ ਖੇਡਣੀ ਹੈ!

ਭਾਰਤ ਦੇ ਲੋਕਾਂ ਤੇ ਮੀਡੀਏ ਨੂੰ ਸਮਝਣਾ ਚਾਹੀਦਾ ਹੈ ਕਿ ਜਿਸ ਭਾਰਤੀ ਕ੍ਰਿਕਟ ਦੇ ਉਹ ਦੀਵਾਨੇ ਹੋਏ ਫਿਰਦੇ ਹਨ ਉਸ ਨੂੰ ਏਸ਼ਿਆਈ ਖੇਡਾਂ 'ਚ ਪਹਿਲੀ ਵਾਰ ਸ਼ਾਮਲ ਕੀਤੀ ਕ੍ਰਿਕਟ ਖੇਡਣ ਦੀ ਕੋਈ ਪਰਵਾਹ ਹੀ ਨਹੀਂ! ਕੀ ਅਜਿਹੀ ਖੇਡ ਨੂੰ ਭਾਰਤੀਆਂ ਦੇ ਸਿਰ ਚੜ੍ਹਾਈ ਰੱਖਣਾ ਅਤੇ ਬਾਕੀ ਸਾਰੀਆਂ ਖੇਡਾਂ ਨਾਲੋਂ ਵੱਧ ਪੈਸਾ, ਸਾਧਨ ਤੇ ਸਮਾਂ ਇਸ ਉਤੇ ਜ਼ਾਇਆ ਕਰਨਾ ਯੋਗ ਹੈ? ਜਿਹੜੇ ਚਾਰ ਅਰਬ ਲੋਕਾਂ 'ਚ ਪ੍ਰਥਮ ਰਹੇ, ਉਹ ਹੀਰੋ ਹਨ ਜਾਂ ਅੱਠ ਦਸ ਮੁਲਕਾਂ 'ਚ ਹੀ ਖੇਡੀ ਜਾਣ ਵਾਲੀ ਖੇਡ ਕ੍ਰਿਕਟ ਦੇ ਖਿਡਾਰੀ ਹੀਰੋ ਹਨ? ਦੇਸ਼ਵਾਸੀਆਂ ਨੂੰ ਖੇਡਾਂ ਤੇ ਖਿਡਾਰੀਆਂ ਵੱਲ ਵਾਜਬ ਰਵੱਈਆ ਅਪਨਾਉਣ ਦੀ ਲੋੜ ਹੈ।

ਪਿਛਲੇ ਮਹੀਨੇ ਦਿੱਲੀ ਦੀਆਂ ਕਾਮਨਵੈਲਥ ਖੇਡਾਂ 'ਚ ਭਾਰਤ ਨੇ 38 ਸੋਨੇ, 27 ਚਾਂਦੀ ਤੇ 36 ਕਾਂਸੀ ਦੇ ਤਮਗੇ ਜਿੱਤ ਕੇ ਮੈਡਲ ਸੂਚੀ ਵਿਚ ਆਸਟ੍ਰੇਲੀਆ ਤੋਂ ਪਿੱਛੇ ਦੂਜਾ ਸਥਾਨ ਹਾਸਲ ਕੀਤਾ ਸੀ। ਉਦੋਂ ਤੋਂ ਹੀ ਉਮੀਦ ਸੀ ਕਿ ਭਾਰਤ ਗੁਆਂਗਝੂ ਦੀਆਂ ਏਸ਼ਿਆਈ ਖੇਡਾਂ ਵਿਚ ਵੀ ਚੰਗੀ ਕਾਰਗੁਜ਼ਾਰੀ ਵਿਖਾਵੇਗਾ। ਇਹ ਵਿਖਾਈ ਵੀ ਕਾਫੀ ਹੱਦ ਤਕ ਚੰਗੀ। ਹੁਣ ਤਕ ਹੋਈਆਂ ਸੋਲਾਂ ਏਸ਼ਿਆਈ ਖੇਡਾਂ 'ਚ ਭਾਰਤੀ ਖਿਡਾਰੀਆਂ ਨੇ ਸਰਬੋਤਮ ਸਥਾਨ ਤਾਂ ਕਦੇ ਵੀ ਨਹੀਂ ਹਾਸਲ ਕੀਤਾ। ਇਕ ਵਾਰ ਦੂਜਾ ਸਥਾਨ, ਇਕ ਵਾਰ ਤੀਜਾ, ਪੰਜ ਵਾਰ ਪੰਜਵਾਂ, ਤਿੰਨ ਵਾਰ ਛੇਵਾਂ, ਇਕ ਵਾਰ ਸੱਤਵਾਂ, ਤਿੰਨ ਵਾਰ ਅੱਠਵਾਂ, ਇਕ ਵਾਰ ਨੌਵਾਂ ਤੇ ਇਕ ਵਾਰ ਬਾਰ੍ਹਵਾਂ ਸਥਾਨ ਹਾਸਲ ਕੀਤਾ ਹੈ। ਐਤਕੀਂ ਇਹ ਛੇਵੇਂ ਸਥਾਨ 'ਤੇ ਹੈ। ਚੀਨ, ਕੋਰੀਆ ਤੇ ਜਪਾਨ ਤਾਂ ਖ਼ੈਰ ਖੇਡਾਂ 'ਚ ਭਾਰਤ ਤੋਂ ਕਾਫੀ ਅੱਗੇ ਹਨ ਪਰ ਇਰਾਨ ਤੇ ਕਜ਼ਾਖਿਸਤਾਨ ਤੋਂ ਤਾਂ ਭਾਰਤ ਨੂੰ ਅੱਗੇ ਨਿਕਲਣਾ ਹੀ ਚਾਹੀਦਾ ਹੈ। ਹੋਰ ਦੋ ਸਾਲਾਂ ਤਕ ਲੰਡਨ ਦੀਆਂ ਓਲੰਪਿਕ ਖੇਡਾਂ ਆ ਰਹੀਆਂ ਹਨ। ਉਥੋਂ ਭਾਰਤ ਨੂੰ ਦਰਜਨ ਤੋਂ ਵੱਧ ਮੈਡਲ ਜਿੱਤਣ ਦਾ ਟੀਚਾ ਰੱਖਣਾ ਚਾਹੀਦੈ। ਕਾਮਨਵੈਲਥ ਖੇਡਾਂ ਵਿਚ ਭਾਰਤ ਨੇ ਮੈਡਲਾਂ ਦੀ ਸੈਂਚਰੀ ਮਾਰ ਲਈ ਹੈ ਪਰ ਏਸ਼ਿਆਈ ਖੇਡਾਂ ਵਿਚ ਇਹ ਅਜੇ 64 ਮੈਡਲਾਂ ਤਕ ਪੁੱਜਾ ਹੈ। ਜੇ 2014 ਦੀਆਂ ਏਸ਼ਿਆਈ ਖੇਡਾਂ ਵਿਚ ਭਾਰਤ ਮੈਡਲਾਂ ਦੀ ਸੈਂਚਰੀ ਮਾਰ ਲਵੇ ਤਾਂ ਕਹਿ ਸਕਾਂਗੇ ਕਿ ਭਾਰਤ ਖੇਡਾਂ ਵਿਚ ਤਰੱਕੀ ਦੇ ਰਾਹ ਉਤੇ ਹੈ।

ਦੇਸ਼ ਆਜ਼ਾਦ ਹੋਣ ਸਮੇਂ ਭਾਰਤ ਖੇਡਾਂ ਵਿਚ ਚੀਨ ਤੋਂ ਅੱਗੇ ਸੀ। ਕੋਰੀਆ ਤੋਂ ਵੀ ਅੱਗੇ ਸੀ। ਫਿਰ ਕੀ ਵਜ੍ਹਾ ਹੈ ਕਿ ਭਾਰਤ ਖੇਡਾਂ ਵਿਚ ਚੀਨ, ਦੱਖਣੀ ਕੋਰੀਆ ਤੇ ਜਪਾਨ ਤੋਂ ਏਨਾ ਪਿਛੇ ਹੈ? ਹੁਣ ਤਾਂ ਸਾਰੀ ਦੁਨੀਆਂ ਇਕ ਪਿੰਡ ਵਾਂਗ ਹੈ। ਕਿਸੇ ਦੇਸ਼ ਦਾ ਕੁਝ ਵੀ ਇਕ ਦੂਜੇ ਤੋਂ ਗੁੱਝਾ ਨਹੀਂ। ਇਕ ਦੂਜੇ ਤੋਂ ਟੈਕਨਾਲੋਜੀ ਲਈ ਦਿੱਤੀ ਜਾ ਰਹੀ ਹੈ। ਕੀ ਭਾਰਤ ਲਈ ਚੀਨ ਦੇ ਖੇਡ ਢਾਂਚੇ ਨੂੰ ਜਾਨਣਾ ਤੇ ਅਪਨਾਉਣਾ ਔਖਾ ਹੈ? ਚੀਨ ਨਾਲ ਭਾਰਤ ਦੇ ਸਬੰਧ ਵੀ ਕੋਈ ਮਾੜੇ ਨਹੀਂ। ਲੋੜ ਹੈ ਭਾਰਤ ਵਿਚ ਵੀ ਚੀਨੀ ਖੇਡ ਸਿਸਟਮ ਅਪਨਾਇਆ ਜਾਵੇ ਅਤੇ ਅਗਲੀਆਂ ਕਾਮਨਵੈਲਥ, ਏਸ਼ਿਆਈ ਤੇ ਓਲੰਪਿਕ ਖੇਡਾਂ ਵਿਚ ਵੱਧ ਮੈਡਲ ਜਿੱਤੇ ਜਾਣ। ਜਿਵੇਂ ਕਾਮਨਵੈਲਥ ਖੇਡਾਂ ਵਿਚ ਹਰਿਆਣੇ ਦੇ ਖਿਡਾਰੀਆਂ ਨੇ ਚੰਗੀ ਕਾਗੁਜ਼ਾਰੀ ਵਿਖਾਈ ਸੀ ਉਵੇਂ ਗੁਆਂਗਝੂ ਦੀਆਂ ਖੇਡਾਂ ਵਿਚ ਕੇਰਲਾ ਦੇ ਖਿਡਾਰੀਆਂ ਨੇ ਬਿਹਤਰ ਕਾਰਗੁਜ਼ਾਰੀ ਵਿਖਾਈ ਹੈ। ਪੰਜਾਬ ਲਈ ਇਹ ਸ਼ੀਸ਼ਾ ਹੈ।

## ਮਾਇਆਵਤੀ ਦੀ ਮੌਜ:ਨੋਇਡਾ ਪਾਰਕ ਪ੍ਰਾਜੈਕਟ ਨੂੰ ਹਰੀ ਝੰਡੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਦੇ ਪਸੰਦੀਦਾ ਪ੍ਰਾਜੈਕਟ 'ਨੋਇਡਾ ਪਾਰਕ' ਦੀ ਉਸਾਰੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਸ ਪਾਰਕ ਵਿਚ ਦਲਿਤ ਆਗੂਆਂ ਡਾ. ਭੀਮ ਰਾਓ ਅੰਬੇਦਕਰ ਅਤੇ ਕਾਂਸੀ ਰਾਮ ਦੇ ਬੁੱਤ ਲਗਾਏ ਜਾਣੇ ਹਨ।

ਦੇਸ਼ ਦੀ ਸਰਬਉਚ ਅਦਾਲਤ ਨੇ ਪਾਰਕ ਦੀ ਉਸਾਰੀ ਦੇ ਹੱਕ ਵਿਚ ਫੈਸਲਾ ਦਿੰਦਿਆਂ ਕਿਹਾ ਕਿ ਇਹ ਪਾਰਕ ਜੰਗਲੀ ਜ਼ਮੀਨ ਤਹਿਤ ਨਹੀਂ ਆਉਂਦਾ। ਚੀਫ਼ ਜਸਟਿਸ ਐਸ. ਐਚ ਕਪਾਡੀਆ, ਜਸਟਿਸ ਅਫਤਾਬ ਆਲਮ ਅਤੇ ਜਸਟਿਸ ਕੇ. ਐਸ. ਰਾਧਾਕ੍ਰਿਸ਼ਨਨ 'ਤੇ ਅਧਾਰਤ ਬੈਂਚ ਨੇ ਕਿਹਾ ਕਿ ਉਹ ਇਸ ਸਿੱਟੇ 'ਤੇ ਪੁੱਜੇ ਹਨ ਕਿ ਪਾਰਕ ਜੰਗਲੀ ਜ਼ਮੀਨ ਉਪਰ ਨਹੀਂ ਉਸਾਰਿਆ ਜਾ ਰਿਹਾ। ਜੱਜਾਂ ਨੇ ਆਪਣੇ ਫ਼ੈਸਲੇ ਵਿਚ ਇਸ ਪਾਰਕ ਦੇ ਓਖਲਾ ਪੰਛੀ ਰੱਖ ਦੇ ਨੇੜੇ ਹੋਣ ਉਪਰ ਚਿੰਤਾ ਪ੍ਰਗਟਾਈ ਹੈ। ਜੱਜਾਂ ਨੇ ਕਿਹਾ ਹੈ ਕਿ ਪਾਰਕ ਦੀ ਉਸਾਰੀ ਲਈ ਨਿਰਧਾਰਤ ਸ਼ਰਤਾਂ ਅਤੇ ਦਿਸ਼ਾ ਨਿਰਦੇਸ਼ ਸਖਤੀ ਨਾਲ ਲਾਗੂ ਕਰਨੇ ਪੈਣਗੇ।

ਬੈਂਚ ਨੇ ਕਿਹਾ ਹੈ ਕਿ ਪੱਕੀ ਉਸਾਰੀ ਕੁੱਲ ਜ਼ਮੀਨ ਦੇ 25 ਫੀਸਦੀ ਹਿੱਸੇ ਤੋਂ ਵੱਧ ਨਹੀਂ ਹੋਣੀ ਚਾਹੀਦੀ। ਬਾਕੀ ਬਚਦੀ 75 ਫ਼ੀਸਦੀ ਜ਼ਮੀਨ ਵਿਚੋਂ 50 ਫ਼ੀਸਦੀ ਉਪਰ ਓਖਲਾ ਪੰਛੀਆਂ ਦੀ ਰੱਖ ਵਾਲੇ ਪਾਸੇ ਦਰੱਖਤ ਲਾਏ ਜਾਣਗੇ ਤੇ 25 ਫ਼ੀਸਦੀ ਜ਼ਮੀਨ ਉਪਰ ਘਾਹ ਲਾਇਆ ਜਾਵੇਗਾ। ਬੈਂਚ ਨੇ ਕਿਹਾ ਹੈ ਕਿ 3 ਮੈਂਬਰੀ ਕਮੇਟੀ ਨਿਰਧਾਰਤ ਸ਼ਰਤਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕੰਮ ਕੀਤੇ ਜਾਣ ਨੂੰ ਯਕੀਨੀ ਬਣਾਵੇਗੀ। ਤਿੰਨ ਮੈਂਬਰੀ ਕਮੇਟੀ ਵਿਚ ਇਕ ਮੈਂਬਰ ਵਾਤਾਵਰਨ ਤੇ ਜੰਗਲਾਤ ਮੰਤਰਾਲੇ, ਇਕ ਅਦਾਲਤ ਦੁਆਰਾ ਨਾਮਜ਼ਦ ਤੇ ਇਕ ਮੈਂਬਰ ਨੋਇਡਾ ਅਥਾਰਿਟੀ ਦਾ ਚੇਅਰਮੈਨ ਹੋਵੇਗਾ।

ਇਸੇ ਦੌਰਾਨ ਪਾਰਕਾਂ ਅਤੇ ਬੁੱਤਾਂ ਦੀ ਉਸਾਰੀ ਲਈ ਪੈਸੇ ਦੀ ਦੁਰਵਰਤੋਂ ਦੇ ਦੋਸ਼ਾਂ ਦੀ ਪਰਵਾਹ ਨਾ ਕਰਦਿਆਂ ਮੁੱਖ ਮੰਤਰੀ ਮਾਇਆਵਤੀ ਨੇ ਡਾਕਟਰ ਬੀ.ਆਰ ਅੰਬੇਡਕਰ ਨੂੰ ਸ਼ਰਧਾਂਜਲੀ ਵਜੋਂ ਉਨ੍ਹਾਂ ਦੇ ਜਨਮ ਦਿਨ 'ਤੇ 2 ਹੋਰ ਪਾਰਕਾਂ ਦਾ ਉਦਘਾਟਨ ਕਰ ਦਿੱਤਾ। ਇਹ ਪਾਰਕ ਸ਼ਹਿਰ ਦੇ ਗੋਮਤੀ ਖੇਤਰ ਵਿਚ ਹਨ ਜਿਥੇ ਪਹਿਲਾਂ ਹੀ ਡਾ. ਅੰਬੇਡਕਰ ਦੇ ਨਾਂ 'ਤੇ ਸ਼ਾਨਦਾਰ ਯਾਦਗਾਰ ਹੈ। ਸਰਕਾਰ ਨੇ ਇਨ੍ਹਾਂ ਪਾਰਕਾਂ ਲਈ 150 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਇਨ੍ਹਾਂ ਪਾਰਕਾਂ ਵਿਚ ਰੋਸ਼ਨੀ, ਸੰਗੀਤ ਅਤੇ ਰੰਗਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਇਕੱਲੇ ਸੰਗੀਤ ਫ਼ੁਹਾਰੇ ਦੀ ਕੀਮਤ 2.5 ਕਰੋੜ ਰੁਪਏ ਹੈ। ਚੇਤੇ ਰਹੇ ਕਿ ਮਾਇਆਵਤੀ ਉਤੇ ਇਹ ਦੋਸ਼ ਲਗਾਤਾਰ ਲੱਗ ਰਹੇ ਹਨ ਕਿ ਉਹ ਸਿਆਸੀ ਮੁਫ਼ਾਦਾਂ ਲਈ ਅਜਿਹੀਆਂ ਪਾਰਕਾਂ ਉਸਾਰ ਰਹੀ ਹੈ।

## ਬਟਾਲਾ ਦੇ ਦੋ ਨੌਜਵਾਨਾਂ ਦੀ ਜਰਮਨੀ 'ਚ ਮੌਤ

**ਬਟਾਲਾ:** ਰੋਜ਼ੀ-ਰੋਟੀ ਖਾਤਰ ਜਰਮਨੀ ਗਏ ਬਟਾਲਾ ਦੇ ਦੋ ਨੌਜਵਾਨਾਂ ਦੀ ਕਾਰ ਹਾਦਸੇ 'ਚ ਮੌਤ ਹੋ ਗਈ। ਮੁਹੱਲਾ ਡੌਲਾ ਨੰਗਲ ਦਾ ਨੌਜਵਾਨ ਅਵਤਾਰ ਸਿੰਘ (30 ਸਾਲ) ਪੁੱਤਰ ਪਰਮਿੰਦਰ ਸਿੰਘ ਆਰੇ ਵਾਲੇ ਅਤੇ ਮਨਿੰਦਰ ਸਿੰਘ (26 ਸਾਲ) ਪੁੱਤਰ ਮਨਜੀਤ ਸਿੰਘ ਵਾਸੀ ਬੌਲੀ ਇੰਦਰਜੀਤ ਸਿੰਘ ਕੰਮ ਤੋਂ ਵਾਪਸ ਆਪਣੇ ਕੁਆਰਟਰ ਵੱਲ ਜਾ ਰਹੇ ਸਨ ਤਾਂ ਉਨ੍ਹਾਂ ਦੀ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ ਜਿਸ ਨਾਲ ਦੋਵਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

# ਕਲਾਕਾਰਾਂ ਦੀਆਂ ਧਮਕੀਆਂ ਤੇ ਸਾਡੀ ਮਾਨਸਿਕਤਾ



ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*
*ਫੋਨ: 91-98141-78883

ਪਿਛਲੇ ਕਈ ਦਿਨਾਂ ਤੋਂ ਮੂਡ ਬੜਾ ਖਰਾਬ ਚੱਲ ਰਿਹੈ। ਗਾਲ੍ਹਾਂ ਦੇ ਗੱਫੇ ਵਧ ਰਹੇ ਨੇ ਤੇ ਸੋਧਣ ਦੀਆਂ ਤਰਕੀਬਾਂ 'ਚ ਵੀ ਵਾਧਾ ਹੁੰਦਾ ਜਾ ਰਿਹੈ। ਜਿਨ੍ਹਾਂ ਦੇ ਗਾਉਣ 'ਤੇ ਕਿੰਤੂ ਕਰੀਦੈ, ਉਹ ਬੜੇ ਵਿੰਗੇ ਨੇ। ਫੋਨ ਕਰ-ਕਰ ਆਖਦੇ ਨੇ, 'ਜਿਸ ਦਿਨ ਟੱਕਰ ਗਿਆ ਐਸਾ ਸੱਚ ਬੁਲਾਵਾਂਗੇ ਕਿ ਚੇਤੇ ਰੱਖੇਂਗਾ।' ਸੁਰਾਂ ਦੇ ਵੈਰੀ ਦੋ-ਤਿੰਨ ਜਣੇ ਤਾਂ ਲੋਕਾਂ ਕੋਲ ਆਖ ਰਹੇ ਨੇ, 'ਲੱਤਾਂ ਤੋੜਨੀਆਂ ਇਹਦੀਆਂ, ਕਦੇ ਸਾਡੇ ਗੀਤਾਂ 'ਚ ਨੁਕਸ ਕੱਢਦੈ ਤੇ ਕਦੇ ਪਰਦੇ ਵਾਲੀਆਂ ਗੱਲਾਂ ਤੋਂ ਪਰਦਾ ਚੁੱਕ ਦਿੰਦੈ।'

ਉਨ੍ਹਾਂ ਦੇ ਬੋਲ-ਕੁਬੋਲ ਤਕਲੀਫ ਜ਼ਰੂਰ ਦਿੰਦੇ ਨੇ ਪਰ ਹਾਲੇ ਤੱਕ ਇਰਾਦਾ ਢੇਰੀ ਕਰਨ ਦੇ ਸਮਰੱਥ ਨਹੀਂ ਹੋਏ। ਉਹ ਖਾਲੀ ਭਾਂਡੇ ਨੇ, ਜਿਨ੍ਹਾਂ ਖੜਕਣਾ ਹੀ ਖੜਕਣਾ ਏ। ਝੂਠ ਬੋਲ ਕੇ, ਖੁਸ਼ਾਮਦ ਕਰਕੇ ਸ਼ਾਬਾਸ਼ ਲੈਣ ਨਾਲੋਂ ਸੱਚ ਲਿਖ ਕੇ ਗਾਲ੍ਹਾਂ ਸੁਣਨੀਆਂ ਘਿਓ ਦੀਆਂ ਨਾਲਾਂ ਨਾਲੋਂ ਘੱਟ ਨਹੀਂ। ਇਹ ਸੋਚਣ ਵਾਲੇ 'ਤੇ ਨਿਰਭਰ ਕਰਦੈ ਕਿ ਉਸ ਨੇ ਆਪਣੀ ਆਲੋਚਨਾ ਨੂੰ ਕਿਹੜੇ ਸੰਦਰਭ 'ਚ ਲਿਆ ਹੈ। ਸਿਆਣਾ ਬੰਦਾ ਆਲੋਚਨਾ ਤੋਂ ਸਬਕ ਸਿੱਖਦੈ ਤੇ ਮੂਰਖਮੱਤਾ ਭੜਕਣ ਲੱਗਦੈ। ਤੁਸੀਂ ਕਿਸੇ ਨੂੰ ਅਵਾਜ਼ਾਂ ਮਾਰੀ ਜਾਂਦੇ ਓ ਪਰ ਉਹ ਨਹੀਂ ਸੁਣਦਾ। ਪੰਜ-ਚਾਰ ਵਾਰ ਇੰਜ ਕਰਨ ਤੋਂ ਬਾਅਦ ਥੋੜ੍ਹਾ ਤਲਖ਼ ਹੋ ਕੇ ਬੁਲਾਉਂਦੇ ਹੋ ਤੇ ਅਗਲਾ ਝੱਟ 'ਹਾਂ ਜੀ' ਆਖ ਦਿੰਦੈ। ਜਿਹੜੇ ਕਲਾਕਾਰਾਂ ਬਾਰੇ ਅਸੀਂ ਕੌੜਾ ਲਿਖਿਆ, ਉਨ੍ਹਾਂ ਨੂੰ ਬੜੀ ਵਾਰ ਪਿਆਰ ਵਾਲੀ ਹਾਕ ਮਾਰੀ, 'ਇੰਜ ਨਹੀਂ ਕਰਨਾ ਚਾਹੀਦਾ, ਪੰਜਾਬ 'ਚ ਸਿਰਫ ਹੁੜਮੱਤੇ ਨਹੀਂ ਵਸਦੇ, ਧੀਆਂ ਵਾਲੇ ਘਰ ਵੀ ਨੇ, ਭੈਣਾਂ ਵਾਲੇ ਵੀ...ਹਰ ਕਿਸੇ ਨੂੰ ਮਾਸ਼ੂਕ ਬਣਾਉਣ ਦੀ ਇੱਛਾ ਪਾਲਣੀ ਸਿਆਣੀ ਗੱਲ ਨਹੀਂ...ਚੰਗਾ ਗਾਇਆ ਕਰੋ।' ਪਰ ਜਦੋਂ ਉਨ੍ਹਾਂ ਇਸ ਰਾਇ ਨੂੰ ਟਿੱਚ ਜਾਣਿਆ ਤਾਂ ਪਾਠਕਾਂ ਨਾਲ ਵਿਚਾਰ ਸਾਂਝੇ ਕਰਨ ਲਈ ਕਲਮ ਚੁੱਕਣੀ ਪਈ ਤੇ ਹੁਣ ਉਹ 'ਹਾਂ ਜੀ' ਵੀ ਏਸ ਅੰਦਾਜ਼ 'ਚ ਕਹਿ ਰਹੇ ਨੇ, ਜਿਵੇਂ ਸੰਘੀ ਘੁੱਟਣੀ ਹੋਵੇ।

ਬੜਾ ਚਿਰ ਪਹਿਲਾਂ ਇੱਕ ਨਾਮਵਰ ਗਵੱਈਏ ਨੇ ਰਾਇ ਦਿੱਤੀ ਸੀ, 'ਜਿਹੜੇ ਲੋਕ ਫੋਨ ਕਰਕੇ ਤੈਨੂੰ ਸ਼ਾਬਾਸ਼ ਦਿੰਦੇ ਨੇ, ਇਨ੍ਹਾਂ 'ਚੋਂ ਕੱਲ੍ਹ ਨੂੰ ਕਿਸੇ ਨੇ ਵੀ ਨਾਲ ਨਹੀਂ ਖੜ੍ਹਨਾ...ਜੇ ਕਿਸੇ ਨੇ ਕੋਈ ਨੁਕਸਾਨ ਕਰ ਦਿੱਤਾ ਤਾਂ ਕਿਵੇਂ ਦੇਵੇਂਗਾ ਸੱਭਿਆਚਾਰ ਨੂੰ ਸੁਥਰਾ ਰੱਖਣ ਵਾਲਾ ਹੋਕਾ।' ਹੋ ਸਕਦੈ ਉਹ ਆਪਣੀ ਥਾਂ ਸਹੀ ਹੋਵੇ ਪਰ ਗੱਲ ਤਾਂ ਅਸੂਲਾਂ ਦੀ ਏ। ਸਾਡਾ ਨੁਕਸਾਨ ਤਾਂ ਇਕੱਲੇ ਦਾ ਹੋਵੇਗਾ ਪਰ ਜਿਹੜਾ ਨੁਕਸਾਨ ਸਮਾਜ ਦਾ, ਗਾਇਕੀ ਦਾ ਹੋ ਰਿਹੈ, ਉਸਦੀ ਭਰਪਾਈ ਕਿਵੇਂ ਹੋਵੇਗੀ? ਕੋਈ ਇਸ ਵੱਲ ਕਿਉਂ ਨਹੀਂ ਖਿਆਲ ਕਰ ਰਿਹਾ।

ਮੈਂ ਜਦੋਂ ਵੀ ਮੰਦਾ ਬੋਲਣ ਵਾਲਿਆਂ ਨੂੰ ਡਾਇਰੀ ਦੇ ਪੰਨਿਆਂ 'ਤੇ ਲਿਖ ਉਨ੍ਹਾਂ ਵੱਲੋਂ ਕਹੀਆਂ ਗੱਲਾਂ ਦੀ ਜੁਗਾਲੀ ਕਰਦਾ ਹਾਂ ਤਾਂ ਹੌਸਲਾ ਵਧ ਜਾਂਦੈ ਕਿ 'ਥੋਥਾ ਚਨਾ ਬਾਜੇ ਘਨਾ' ਵਾਲੀ ਅਖੌਤ ਕਿੰਨੀ ਵਾਰ ਸੱਚ ਹੋਈ ਏ। ਕਿੰਨੀ ਵਾਰ ਕਰੋੜਪਤੀਆਂ ਨੇ ਰੋਡਪਤੀ ਨੂੰ 'ਵੇਖਣ' ਦੀ ਗੱਲ ਦੁਹਰਾਈ ਏ, ਕਿੰਨੀ ਵਾਰ ਆਪਣੀ ਪਹੁੰਚ ਨਾਲ 'ਕੁੱਝ ਕਰ ਦਿਖਾਉਣ' ਵਾਲੀ ਗੱਲ 'ਤੇ ਜ਼ੋਰ ਦਿੱਤੈ?

ਕਿਸੇ ਦਾ ਨਾਂ ਨਹੀਂ ਲਿਖਾਂਗਾ ਪਰ ਪਾਠਕ ਆਪੇ ਸਮਝ ਜਾਣਗੇ ਕਿ ਗੱਲ ਕੀਹਦੇ ਬਾਰੇ ਹੋ ਰਹੀ ਏ। ਜ਼ਰਾ ਦਿਮਾਗ਼ 'ਤੇ ਜ਼ੋਰ ਪਾਉਣਾ:

*ਕੁੱਝ ਵਰ੍ਹੇ ਪਹਿਲਾਂ ਪੰਜਾਬ ਦੇ ਇੱਕ ਗਾਉਣ ਵਾਲੇ ਨੇ ਆਪਣੀ ਘਰਵਾਲੀ ਨੂੰ ਕੁਟਾਪਾ ਚਾੜ੍ਹ ਦਿੱਤਾ। ਬੇਗਾਨੀ ਪਿੱਛੇ ਲੱਗ ਕੁਟਾਪਾ ਉਹ ਪਹਿਲਾਂ ਵੀ ਚਾੜ੍ਹਦਾ ਸੀ ਪਰ ਇਸ ਵਾਰ ਘਰਵਾਲੀ ਪ੍ਰੈਸ ਕਾਨਫਰੰਸ 'ਚ ਚਲੀ ਗਈ। ਕਲਾਕਾਰ ਦੀ ਮਿੱਟੀ ਪੱਟੀ ਗਈ ਕਿਉਂਕਿ ਉਹ 'ਦੇਵਤਾਨੁਮਾ' ਅਕਸ ਬਣਾ ਕੇ ਲੋਕਾਂ ਨੂੰ ਬੇਵਕੂਫ ਬਣਾ ਰਿਹਾ ਸੀ। ਗੀਤ ਧੁਰ ਕੀ ਬਾਣੀ ਵਰਗੇ ਹੁੰਦੇ ਸਨ, ਪਰ ਘਰੇਲੂ ਮਾਹੌਲ ਪੰਜਾਬ ਦੇ ਸੱਭਿਆਚਾਰ ਨਾਲੋਂ ਵੀ ਵਿਗੜਿਆ ਹੋਇਆ ਸੀ।




ਕਲਾਕਾਰ ਨੇ ਆਪਣੀ ਪਹੁੰਚ ਤੇ ਪੈਸੇ ਨਾਲ ਕਈ ਥਾਂਈਂ ਖ਼ਬਰਾਂ ਨਸ਼ਰ ਹੋਣ ਤੋਂ ਰੋਕ ਲਈਆਂ। ਗੱਲ ਸਾਡੇ ਤੱਕ ਅੱਪੜ ਗਈ। ਉਸਦੀ ਘਰਵਾਲੀ ਨੇ ਫੋਨ ਕਰਕੇ ਆਖਿਆ, 'ਮੇਰੀ ਕੋਈ ਨਹੀਂ ਸੁਣਦਾ...ਤੁਸੀਂ ਲੋਕਾਂ ਨੂੰ ਸੱਚਾਈ ਦੱਸੋ।'

ਜਦੋਂ ਕਲਾਕਾਰ ਨੂੰ ਪਤਾ ਲੱਗਾ ਕਿ ਹੁਣ ਗੱਲ ਉਹਦੇ ਤੱਕ ਅੱਪੜ ਗਈ, ਜਿਸ ਤੋਂ ਬਚਾਉਂਦੇ ਆਏ ਸਾਂ ਤਾਂ ਉਹਨੇ ਕਿਸੇ ਕੋਲੋਂ ਫੋਨ ਕਰਾਇਆ। ਆਖਿਆ, 'ਮੈਨੂੰ ਪਤੈ ਤੂੰ ਘਰੋਂ ਨਰਮ ਏਂ... ਆਪਣੀ ਕਿਤਾਬ ਛਪਵਾਉਣ ਲਈ ਦਰ ਦਰ ਠੋਕਰਾਂ ਖਾ ਰਿਹੈਂ...ਪੱਲੇ ਤੇਰੇ ਧੇਲਾ ਨਹੀਂ...ਤੂੰ ਸੇਵਾ ਪਾਣੀ ਲੈ, ਗੱਲ ਖਤਮ ਕਰ...ਕੁੱਝ ਨਹੀਂ ਲਿਖਣਾ।'

ਮੇਰੇ ਅੰਦਰਲੀ ਕਾਮਰੇਡੀ ਜਾਗ ਪਈ ਕਿ ਇਹ ਤਾਂ ਸ਼ਰ੍ਹੇਆਮ ਬੰਦਾ ਖਰੀਦਣ ਵਾਲੀ ਗੱਲ ਹੋਈ। ਜਿਹੜਾ ਬੰਦਾ ਘਰਵਾਲੀ ਦੀ ਅਵਾਜ਼ ਪੈਸੇ ਦੇ ਜ਼ੋਰ ਨਾਲ ਦਬਾਉਣੀ ਚਾਹੁੰਦੈ, ਉਹ ਆਮ ਲੋਕਾਂ ਨਾਲ ਕੇਹਾ ਵਿਹਾਰ ਕਰਦਾ ਹੋਵੇਗਾ? ਉਹਦੇ ਬਾਰੇ ਲਿਖਿਆ, ਲੋਕਾਂ ਨੂੰ ਉਹਦੇ ਬਾਰੇ ਚਾਨਣ ਹੋਇਆ ਤੇ ਹੁਣ ਉਹ ਜੁਗਤਾਂ ਲੜਾਉਂਦਾ ਰਹਿੰਦੈ ਕਿ ਕਿਹੜੇ ਵੇਲੇ ਮੌਕਾ ਮਿਲੇ ਤੇ ਇਹਨੂੰ ਸੋਧ ਦੇਵਾਂ।

ਪਾਠਕ ਆਪ ਸੋਚਣ ਕਿ ਗਲਤ ਕੀ ਕੀਤਾ ਅਸੀਂ?

*ਥੋੜ੍ਹਾ ਚਿਰ ਪਹਿਲਾਂ ਪੰਜਾਬ ਦੇ ਇੱਕ ਕਲਾਕਾਰ ਨੇ ਕੁੜੀਆਂ ਦੀ ਤੁਲਨਾ ਬੱਸਾਂ ਨਾਲ ਕਰਨ ਵਾਲਾ ਗੀਤ ਗਾਇਆ। ਬੋਲ ਸੀ, 'ਯਾਰੋ ਆਉਂਦੀਆਂ ਰਹਿੰਦੀਆਂ ਕੁੜੀਆਂ ਤੇ ਬੱਸਾਂ...।'

ਉਹਦੇ ਨਾਲ ਫੋਨ 'ਤੇ ਗੱਲਬਾਤ ਕੀਤੀ। ਸਮਝਾਇਆ ਕਿ ਏਦਾਂ ਦੇ ਗੀਤ ਨਹੀਂ ਗਾਈਦੇ, ਜਿਨ੍ਹਾਂ ਨਾਲ ਸਮਾਜ ਦੇ ਪੱਲੇ ਕੱਖ ਨਾ ਪਵੇ ਤੇ ਜਿਹੜਾ ਕੁੱਝ ਤੇਰੇ ਬੋਝੇ 'ਚ ਐ, ਉਹ ਸਾਰਾ ਖੂਹ ਖਾਤੇ ਪੈ ਜਾਵੇ। ਪਰ ਉਹ ਅੜ ਗਿਆ ਕਿ ਜੇ ਮੇਰੇ ਖਿਲਾਫ਼ ਲਿਖਿਆ ਤਾਂ ਮੈਂ ਅਤਿਵਾਦੀਆਂ ਵਾਲੀ ਕਰੂੰ। ਪੰਜਾਬ 'ਚੋਂ ਅਤਿਵਾਦ ਮੁੱਕ ਜਾਣਾ ਸੀ ਜੇ ਪੁਲਿਸ ਨਿਹੱਥਿਆਂ 'ਤੇ ਜ਼ੁਲਮ ਨਾ ਕਰਦੀ। ਬਿਲਕੁਲ ਉਵੇਂ ਜੇ ਮੇਰੇ ਵਰਗੇ 'ਨਿਹੱਥੇ' ਖਿਲਾਫ਼ ਕੁੱਝ ਲਿਖਿਆ ਤਾਂ ਮੈਂ ਵੱਧ ਗੰਦ ਪਾਊਂ।

ਉਹਦੀ ਏਸ ਸੋਚ ਬਾਰੇ ਅਖ਼ਬਾਰਾਂ 'ਚ ਲਿਖਣਾ ਪਿਆ ਤੇ ਨਤੀਜਾ ਇਹ ਨਿਕਲਿਆ ਕਿ ਅੱਜ ਤੱਕ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਤਾਂ ਕੀ ਹੋਣਾ ਸੀ, ਸਗੋਂ ਪ੍ਰਾਪਤੀ ਹੀ ਏਸ ਚੀਜ਼ ਨੂੰ ਮੰਨਣ ਲੱਗ ਗਿਐ ਕਿ ਮੇਰੇ ਖਿਲਾਫ਼ ਕਿਸੇ ਨੇ ਤਾਂ ਅੱਧੇ ਸਫ਼ੇ ਦਾ ਲੇਖ ਲਿਖਿਐ...ਜੇ ਮੇਰੇ 'ਚ ਕੋਈ ਕਲਾ ਹੈ ਤਾਂਹੀਓਂ ਮੇਰੀ ਵਿਰੋਧਤਾ ਹੋਈ।

ਹੁਣ ਤੁਸੀਂ ਦੱਸੋ ਸਾਨੂੰ ਲਿਖਣਾ ਚਾਹੀਦਾ ਸੀ ਕਿ ਨਹੀਂ?

*ਤਿੰਨ ਕੁ ਸਾਲ ਪਹਿਲਾਂ ਜਲੰਧਰ ਪ੍ਰੈਸ ਕਲੱਬ 'ਚ ਇੱਕ ਕਲਾਕਾਰ ਨੇ ਪ੍ਰੈਸ ਕਾਨਫਰੰਸ ਸੱਦੀ ਆਪਣੀ ਕੈਸਿਟ ਰਿਲੀਜ਼ ਕਰਨ ਲਈ। ਉਹਨੇ ਆਪਣੀ ਸ਼ੋਭਾ 'ਚ ਬੜਾ ਕੁੱਝ ਆਖਿਆ, ਇਹ ਵੀ ਕਿ 'ਮੈਂ ਅਮਰ ਸਿੰਘ ਸ਼ੌਕੀ ਨੂੰ ਉਸਤਾਦ ਮੰਨਦਾ ਹਾਂ, ਉਨ੍ਹਾਂ ਦੇ ਗੀਤ ਪੰਜਾਬੀ ਨੂੰ ਪ੍ਰਫੁੱਲਤ ਕਰਨ ਵਾਲੇ ਹੁੰਦੇ ਨੇ, ਮੈਂ ਵੀ ਪੰਜਾਬੀ ਮਾਂ ਬੋਲੀ ਦੀਆਂ ਮੀਡੀਆਂ ਗੁੰਦਣੀਆਂ ਚਾਹੁੰਦਾਂ।'

ਜਦੋਂ ਪੱਤਰਕਾਰਾਂ ਉਹਨੂੰ ਸਵਾਲ ਕੀਤਾ, 'ਤੇਰੀ ਕੈਸਿਟ ਦਾ ਰੈਪਰ ਵੀ ਪੂਰੇ ਦਾ ਪੂਰਾ ਅੰਗਰੇਜ਼ੀ 'ਚ ਐ, ਅੱਧੇ ਗੀਤਾਂ 'ਚ ਅੱਧੋਂ ਵੱਧ ਅੰਗਰੇਜ਼ੀ ਵਾਲਾ ਰਾਮ ਘਚੋਲਾ ਏ, ਏਦਾਂ ਕਿਵੇਂ ਸੇਵਾ ਹੋਵੇਗੀ ਮਾਂ ਬੋਲੀ ਦੀ?'

ਉਸਦੀ ਕੁੰਡੀ ਫਸ ਗਈ। ਜਦੋਂ ਉਹਦੇ ਪੰਜਾਬੀ ਪ੍ਰੇਮ ਬਾਰੇ ਲਿਖਿਆ ਤਾਂ ਉਹਨੇ ਭਾਲਣਾ ਸ਼ੁਰੂ ਕਰ ਦਿੱਤਾ ਕਿ ਇਹ ਲਿਖਣ ਵਾਲਾ ਰਹਿੰਦਾ ਕਿੱਥੇ ਏ?

*ਪਿੱਛੇ ਜਿਹੇ ਵਲੈਤ ਦਾ ਇੱਕ ਕਲਾਕਾਰ ਇੰਟਰਵਿਊ ਦੇਣ ਲਈ ਦਫ਼ਤਰ ਆਇਆ। 'ਤੁਹਾਨੂੰ ਗਾਇਕੀ ਦਾ ਸ਼ੌਕ ਕਿਵੇਂ ਪਿਆ?' ਦੇ ਜਵਾਬ 'ਚ ਬੋਲਿਆ, 'ਪਹਿਲਾਂ ਮੈਂ ਬਾਕਸਿੰਗ ਕਰਦਾ ਸੀ...ਇੱਕ ਦਿਨ ਰਿੰਗ 'ਚ ਮੋਢਾ ਹਿੱਲ ਗਿਆ...ਮੇਰੀ ਮੌਮ ਨੇ ਆਖਿਆ, 'ਹੁਣ ਤੂੰ ਬਾਕਸਿੰਗ ਕਰਨੀ ਬੰਦ ਕਰ, ਗਾਉਣਾ ਸ਼ੁਰੂ ਕਰ ਦੇ...ਤੇ ਮਾਅਰਾਜ ਦੀ ਕ੍ਰਿਪਾ ਨਾਲ ਉਸ ਦਿਨ ਤੋਂ ਮੈਂ ਗਾਉਣ ਲੱਗ ਗਿਆਂ।'

'ਪਰ ਤੁਸੀਂ ਮੌਮ ਨੂੰ ਆਖਣਾ ਸੀ ਕਿ ਮੈਨੂੰ ਗਾਉਣਾ ਨਹੀਂ ਆਉਂਦਾ, ਮੈਂ ਕੋਈ ਹੋਰ ਕੰਮ ਕਰ ਲੈਨਾਂ...ਕੋਈ ਹੋਰ ਬਿਜ਼ਨੈਸ!' ਸਵਾਲ ਕੀਤਾ।

'ਨਹੀਂ...ਨਹੀਂ...ਸੁਰੀਲਿਆਂ ਨੂੰ ਕੌਣ ਸੁਣਦੈ, ਮੈਨੂੰ ਪਤੈ ਮਾਰਕਿਟ 'ਚ ਕੀ ਚੱਲਦੈ...ਮੈਂ ਉਹੋ ਜਿਹਾ ਬਣਾਂਗਾ।'

ਸਾਡੀ ਜਾਚੇ ਉਸ ਦੀ ਉਹ ਕੈਸਿਟ ਪਰਿਵਾਰ ਦੇ ਪੂਰੇ ਮੈਂਬਰਾਂ ਨੇ ਵੀ ਨਹੀਂ ਸੁਣੀ ਹੋਣੀ ਤੇ ਜਦੋਂ ਉਹਦੇ ਗਾਇਕੀ ਸ਼ੌਕ ਬਾਰੇ ਲਿਖਿਆ ਤਾਂ ਉਹ ਵੀ ਵਿੰਗਾ ਹੋ ਗਿਆ।

*ਪੰਜਾਬ ਦਾ ਇੱਕ ਕਲਾਕਾਰ, ਜਿਹੜਾ ਪਹਿਲਾਂ ਵੀ ਅੱਯਾਸ਼ੀਆਂ ਕਰਕੇ ਵਾਹਵਾ ਨਾਮਣਾ ਖੱਟ ਚੁੱਕੈ, ਨੇ ਇੱਕ ਵਾਰ ਨਾਲ ਦੀ ਗਲੀ 'ਚ ਰਹਿੰਦੀ ਕੁੜੀ ਨੂੰ ਭਰਮਾ ਲਿਆ। ਖੂਬ ਮਨਆਈਆਂ ਕੀਤੀਆਂ। ਜਦੋਂ ਕੁੜੀ ਦਾ ਵਿਆਹ ਹੋ ਗਿਆ ਤਾਂ ਕਲਾਕਾਰ ਭੜਕ ਪਿਆ। ਉਹਦੇ ਸਹੁਰੀਂ ਜਾ ਕੇ ਕਹਿੰਦਾ, 'ਮੇਰੀ ਪਹੁੰਚ ਬਾਰੇ ਤੈਨੂੰ ਨਹੀਂ ਪਤਾ, ਜੇ ਮੈਂ ਚਾਹਵਾਂ ਤਾਂ ਤੈਨੂੰ ਮਿਰਜ਼ੇ ਵਾਂਗ ਚੱਕ ਕੇ ਲਿਜਾ ਸਕਦਾਂ।'

ਹੌਲੀ-ਹੌਲੀ ਉਹਦੀ ਕਰਤੂਤ ਖੁੱਲ੍ਹ ਗਈ ਤਾਂ ਅਸੀਂ ਲਿਖਣਾ ਬੇਹਤਰ ਸਮਝਿਆ ਤਾਂ ਜੁ ਲੋਕਾਈ ਨੂੰ ਪਤਾ ਲੱਗੇ ਕਿ ਸੁਰੀਲੇ ਕੰਠ ਵਾਲੇ ਗਾਲ੍ਹਾਂ ਦਾ ਮੀਂਹ ਵੀ ਵਰ੍ਹਾਉਂਦੇ ਨੇ ਤੇ 'ਰੱਬ ਵਰਗੇ ਸਰੋਤਿਆਂ' ਵਾਲੀ ਗੱਲ ਕਰਨ ਵਾਲੇ ਕਦੇ ਕਦੇ ਹਿਟਲਰ ਵਰਗੇ ਤਾਨਾਸ਼ਾਹ ਵੀ ਬਣਨ ਤੁਰ ਪੈਂਦੇ ਨੇ। ਉਹ ਕਲਾਕਾਰ ਏਨਾ ਦੁਖੀ ਐ ਕਿ ਮੈਨੂੰ ਥਾਂ-ਥਾਂ ਭੰਡਦੈ। ਇਹ ਵੀ ਆਖਦੈ ਕਿ ਇਨ੍ਹਾਂ ਲਿਖਣ ਵਾਲਿਆਂ ਨੇ ਸਮਾਜ ਨੂੰ ਸੇਧ ਦੇਣ ਦਾ ਠੇਕਾ ਲਿਐ, ਜੇ ਸਾਡੇ ਨਾਲ ਬਣਾ ਕੇ ਰੱਖਣ ਤਾਂ ਇਨ੍ਹਾਂ ਦਾ ਤੋਰੀ ਫੁਲਕਾ ਵੀ ਸੌਖਾ ਚੱਲੀ ਜਾਵੇ।

ਹੋਰ ਵੀ ਬੜਿਆਂ ਬਾਰੇ ਲਿਖਿਆ, ਜਿਨ੍ਹਾਂ ਮਾੜਾ ਗਾਇਆ। ਉਨ੍ਹਾਂ ਬਾਰੇ ਚੰਗਾ ਵੀ ਖੂਬ ਲਿਖਿਆ, ਜਿਹੜੇ ਚੰਗਾ ਗਾਉਂਦੇ ਨੇ, ਮਨੋਰੰਜਨ ਦੇ ਨਾਂ 'ਤੇ ਯੱਭਲੀਆਂ ਨਹੀਂ ਮਾਰਦੇ। ਵੈਸੇ ਹਾਲੇ ਤੱਕ ਮੈਨੂੰ ਇੰਜ ਨਹੀਂ ਜਾਪਿਆ ਕਿ ਸੱਚ ਲਿਖ ਕੇ ਕੋਈ ਗਲਤੀ ਕੀਤੀ ਏ ਤੇ ਬਾਕੀ ਪਾਠਕਾਂ ਦਾ ਹੁੰਗਾਰਾ ਦੱਸ ਦਿੰਦੈ ਕਿ ਇਹ ਲਿਖ ਕੇ ਗਲਤ ਕੀਤਾ ਜਾਂ ਸਹੀ।

ਆਪਣੇ ਲੇਖਾਂ ਵਿਚ ਵਾਰ-ਵਾਰ ਇਸ ਗੱਲ ਦਾ ਜ਼ਿਕਰ ਕੀਤੈ ਕਿ ਕਲਾਕਾਰ ਜਿੰਨਾ ਚਿਰ ਤਿਕੜਮ ਲੜਾਉਣ, ਦੂਜਿਆਂ ਦੇ ਪੈਰ ਮਿੱਧਣ ਤੇ ਕੁੜੀਆਂ ਚਿੜੀਆਂ ਪਿੱਛੇ ਵਕਤ ਖਰਾਬ ਕਰਨਾ ਬੰਦ ਨਹੀਂ ਕਰਨਗੇ ਤੇ ਇਹ ਵਕਤ ਆਪਣੀ ਗਾਇਕੀ ਨੂੰ ਨਿਖਾਰਨ ਤੇ ਚੰਗੇ ਮੈਟਰ ਦੀ ਭਾਲ 'ਤੇ ਨਹੀਂ ਖਰਚਣਗੇ ਤਾਂ ਇਨ੍ਹਾਂ ਦਾ ਕੁਝ ਨਹੀਂ ਸੰਵਰਨਾ।

ਕੱਲ੍ਹ ਤੱਕ ਜਿਹੜੇ ਕਲਾਕਾਰ ਕਹਿੰਦੇ ਸਨ ਕਿ ਕਿਤਾਬ ਛਪਵਾਉਣ ਲਈ ਇਹਨੂੰ ਦਰ-ਦਰ ਠੋਕਰਾਂ ਖਾਣੀਆਂ ਪੈ ਰਹੀਆਂ ਨੇ, ਉਨ੍ਹਾਂ ਨੂੰ ਇਹ ਵੀ ਦੱਸ ਦੇਈਏ ਕਿ ਕਿਤਾਬ ਨਵੀਂ ਵੀ ਤਿਆਰ ਹੈ ਤੇ ਉਸ ਵਿਚ ਉਨ੍ਹਾਂ ਪ੍ਰਸਿੱਧ ਗਵੱਈਆਂ ਦੇ ਗਾਇਕੀ ਵਿਸ਼ਲੇਸ਼ਣ ਹਨ, ਜਿਹੜੇ ਇਸ ਜਹਾਨ ਤੋਂ ਰੁਖਸਤ ਹੋ ਗਏ ਨੇ। ਜੇਬ 'ਚ ਸਾਡੇ ਸੱਚਮੁੱਚ ਹੀ ਦੁਆਨੀ ਨਹੀਂ ਪਰ ਕਿਸੇ ਉਸ ਕਲਾਕਾਰ ਤੋਂ ਉਮੀਦ ਨਹੀਂ ਰੱਖਦੇ ਜਿਹੜੇ ਗਾਉਂਦੇ ਮਾੜਾ ਨੇ ਤੇ ਕਮਾਉਂਦੇ ਚੋਖਾ ਨੇ। ਜੇ ਛਪਣੀ ਹੋਈ ਤਾਂ ਆਪੇ ਛਪ ਜਾਵੇਗੀ, ਗਲਤ ਨੂੰ ਸਹੀ ਕਹਿਣ ਦੀ ਗਲਤੀ ਕਦੇ ਨਹੀਂ ਕਰਨੀ।

ਟੀ.ਵੀ. ਚੈਨਲਾਂ 'ਤੇ 'ਪਾਰਲੀਮੈਂਟ ਤੱਕ ਪਹੁੰਚ ਬੱਲੀਏ ਨੀਂ ਤੇਰੇ ਵੈਲੀ ਯਾਰ ਦੀ', 'ਹਿਟਲਰ ਬਣ ਗਿਆ ਸੋਹਣੀਏ ਨੀਂ ਤੇਰੀ ਰਾਖੀ ਕਰਦਾ' ਸਮੇਤ ਕਈ ਇਹੋ ਜਿਹੇ ਗੀਤ ਚੱਲ ਰਹੇ ਨੇ, ਜਿਹੜੇ ਕਿੰਤੂ ਦੇ ਹੱਕਦਾਰ ਨੇ। ਜਦੋਂ ਇਨ੍ਹਾਂ ਬਾਰੇ ਲਿਖਿਆ ਜਾਵੇਗਾ ਤਾਂ ਵਾਹਵਾ ਖੁਲਾਸੇ ਹੋਣੇ ਕੁਦਰਤੀ ਨੇ, ਇਹੋ ਜਿਹੇ ਗਾਉਣ ਵਾਲਿਆਂ ਦੀ ਆਰਤੀ ਤਾਂ ਉਤਾਰੀ ਨਹੀਂ ਜਾ ਸਕਦੀ।

ਕਲਾਕਾਰਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਮੇਰਾ ਪਿੱਛਾ ਕਰਕੇ ਵਕਤ ਗੁਆਉਣ ਦੀ ਥਾਂ ਇਹ ਵੇਲਾ ਚੰਗੇ ਪਾਸੇ ਲਾਉਣ। ਧੀਆਂ ਨੂੰ ਬਚਾਉਣ, ਪੰਜਾਬ ਦੇ ਵਿਗੜਦੇ ਹਾਲਾਤ 'ਤੇ ਚਾਨਣ ਪਾਉਣ, ਬੇਰੁਜ਼ਗਾਰੀ ਤੇ ਹੋਰ ਭਖਦੇ ਮਸਲਿਆਂ ਨੂੰ ਗੀਤਾਂ ਜ਼ਰੀਏ ਉਭਾਰਨ ਕਿਉਂਕਿ ਇਹ ਉਹ ਪੰਜਾਬ ਨਹੀਂ ਰਿਹਾ, ਜਿਸ ਦੀਆਂ ਗੀਤਾਂ ਵਿਚ ਤਾਰੀਫ਼ਾਂ ਕੀਤੀਆਂ ਜਾ ਰਹੀਆਂ ਨੇ। ਪੰਜਾਬ ਬਰਬਾਦੀ ਦੇ ਕੰਢੇ 'ਤੇ ਪਹੁੰਚ ਰਿਹੈ ਤੇ ਅਸੀਂ ਆਪਣੇ ਫ਼ਾਇਦੇ ਖਾਤਰ ਮੁੰਡਿਆਂ ਨੂੰ ਕੁੜੀਆਂ ਚੁੱਕਣ ਦੀ ਸਲਾਹ ਦੇ ਰਹੇ ਹਾਂ, ਜੱਟਾਂ ਨੂੰ ਬੰਦੂਕਾਂ ਭਰ ਕੇ ਰੱਖਣ ਤੇ ਗੰਡਾਸੇ ਚੰਡਣ ਦੀ ਰਾਇ ਦੇ ਰਹੇ ਹਾਂ, ਪੜ੍ਹਨ ਦੀ ਥਾਂ ਇਸ਼ਕ ਲਈ ਮਰ ਮਿਟਣ ਦੀਆਂ ਤਰਕੀਬਾਂ ਦੱਸ ਰਹੇ ਹਾਂ, ਪੰਜਾਬ ਦੀਆਂ ਮਾਣਮੱਤੀਆਂ ਮੁਟਿਆਰਾਂ ਦੇ ਸਿਰਾਂ 'ਤੇ ਚੁੰਨੀ ਦੀ ਗੱਲ ਕਰਨ ਦੀ ਥਾਂ ਉਨ੍ਹਾਂ ਦੇ ਕੱਪੜੇ ਉਤਾਰਨ ਦੀਆਂ ਕੋਸ਼ਿਸ਼ਾਂ 'ਚ ਜੁਟੇ ਹੋਏ ਹਾਂ।

ਹਾਲੇ ਵੀ ਸੰਭਲਣ ਦੀ ਲੋੜ ਹੈ ਤੇ ਜੇ ਨਾ ਸੰਭਲੇ, ਏਸੇ ਤਰ੍ਹਾਂ ਗਾਉਂਦੇ ਰਹੇ ਤਾਂ ਪੜ੍ਹਨ ਵਾਲਿਆਂ ਨੇ ਵੀ ਪੜ੍ਹਦੇ ਰਹਿਣਾ ਹੈ ਤੇ ਲਿਖਣ ਵਾਲਿਆਂ ਨੇ ਇੰਜ ਹੀ ਲਿਖਦੇ ਰਹਿਣਾ ਹੈ।

# ਸਾਲ 2010 ਲਈ ਟੈਕਸ ਕਿਵੇਂ ਬਚਾਈਏ? ਕੁਝ ਸੁਝਾਅ

ਟੈਕਸ ਸਵਾਲ

**ਮੋਹਨ ਸਿੰਘ***

ਵਿੱਤੀ ਸਾਲ 2010 ਕੁਝ ਹੀ ਹਫਤਿਆਂ ਵਿਚ ਪੂਰਾ ਹੋਣ ਵਾਲਾ ਹੈ। ਹੇਠਾਂ ਦਿੱਤੇ ਕੁਝ ਸੁਝਾਅ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਆਪਣੀ ਆਮਦਨ ਦਾ ਬਿਹਤਰ ਪ੍ਰਬੰਧ ਕਰਕੇ ਅਤੇ ਵੱਖ ਵੱਖ ਟੈਕਸ ਛੋਟਾਂ ਦਾ ਲਾਭ ਉਠਾ ਕੇ ਆਮਦਨ ਟੈਕਸ ਬਚਾਉਣ ਵਿਚ ਮਦਦ ਕਰ ਸਕਦੇ ਹਨ। ਟੈਕਸਦਾਤੇ ਕੁਝ ਆਮਦਨ ਸਬੰਧੀ ਜਮ੍ਹਾਂ ਪੂੰਜੀ ਜੋ ਕਿ 31 ਦਸੰਬਰ 2010 ਤੋਂ ਪਹਿਲਾਂ ਕਰਨੀ ਜ਼ਰੂਰੀ ਹੈ, ਆਪਣੀ ਆਮਦਨ ਅਤੇ ਟੈਕਸ ਦਰ ਦੇ ਹਿਸਾਬ ਨਾਲ ਜਮ੍ਹਾਂ ਕਰ ਸਕਦੇ ਹਨ।

ਜੇ ਤੁਸੀਂ ਪੱਕੇ ਮੁਲਾਜ਼ਮ ਹੋ ਅਤੇ ਰੁਜ਼ਗਾਰਦਾਤਾ (ਇੰਪਲਾਇਰ) ਤੁਹਾਨੂੰ 401ਕੇ ਰਿਟਾਇਰਮੈਂਟ ਸਬੰਧੀ ਪਾਲਿਸੀ ਦੀ ਪੇਸ਼ਕਸ਼ ਕਰ ਰਿਹਾ ਹੈ ਤਾਂ ਇਸ ਸਾਲ ਤੁਸੀਂ 16,650 ਡਾਲਰ ਆਪਣੀ ਆਮਦਨ ਵਿਚੋਂ ਰਿਟਾਇਰਮੈਂਟ ਅਕਾਊਂਟ 401ਕੇ/403 ਵਿਚ ਪਾ ਸਕਦੇ ਹੋ ਜੋ ਕਿ ਸਿੱਧੇ ਤੌਰ 'ਤੇ ਤੁਹਾਡੀ ਟੈਕਸਯੋਗ ਆਮਦਨ ਵਿਚੋਂ ਕੱਟ ਹੋ ਜਾਵੇਗੀ ਅਤੇ ਤੁਹਾਨੂੰ ਟੈਕਸ ਦੀ ਬਚਤ ਹੋਵੇਗੀ।

ਜੇ ਤੁਹਾਡਾ ਰੁਜ਼ਗਾਰਦਾਤਾ 401ਕੇ ਆਫਰ ਨਹੀਂ ਕਰ ਰਿਹਾ ਤਾਂ ਤੁਸੀਂ ਰੋਥ ਆਈ ਆਰ ਏ ਪਲਾਨ ਮੁਤਾਬਕ 5000 ਡਾਲਰ ਤੱਕ ਦੀ ਰਕਮ ਆਪਣੇ ਰਿਟਾਇਰਮੈਂਟ ਅਕਾਊਂਟ ਵਿਚ ਜਮ੍ਹਾਂ ਕਰਵਾ ਸਕਦੇ ਹੋ। ਅਗਰ ਤੁਹਾਡੀ ਉਮਰ 50 ਸਾਲ ਤੋਂ ਉਪਰ ਹੈ ਤਾਂ ਇਸ ਖਾਤੇ ਵਿਚ 6000 ਡਾਲਰ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਹ ਰਕਮ ਤੁਹਾਡੀ ਟੈਕਸਯੋਗ ਆਮਦਨ ਵਿਚੋਂ ਕਟ ਜਾਏਗੀ ਅਤੇ ਤੁਹਾਨੂੰ ਟੈਕਸ ਵਿਚ ਬਚਤ ਹੋਵੇਗੀ।

ਟੈਕਸਦਾਤਾ ਵਲੋਂ ਬੱਚਿਆਂ ਦੀ ਪੜ੍ਹਾਈ ਵਾਸਤੇ 529 ਪਲਾਨ ਤਹਿਤ 2000 ਡਾਲਰ ਪ੍ਰਤੀ ਵਿਦਿਆਰਥੀ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਹ ਰਕਮ ਵੀ ਟੈਕਸਯੋਗ ਆਮਦਨ ਵਿਚੋਂ ਘਟ ਜਾਏਗੀ।

ਅਗਰ ਤੁਹਾਡਾ ਵਿਆਹ 31 ਦਸੰਬਰ 2010 ਤੋਂ ਪਹਿਲਾਂ ਹੋਇਆ ਹੈ ਅਤੇ ਵਿਆਹੇ ਜੋੜੇ ਵਿਚੋਂ ਕਿਸੇ ਕੋਲ ਸੋਸ਼ਲ ਸਕਿਉਰਿਟੀ ਨੰਬਰ ਨਹੀਂ ਹੈ ਤਾਂ ਟੈਕਸ ਫਾਈਲ ਕਰਨ ਸਮੇਂ ਇਕੱਠਿਆਂ ਟੈਕਸ ਰਿਟਰਨ ਭਰੀ ਜਾ ਸਕਦੀ ਹੈ। ਤੁਹਾਨੂੰ ਟੈਕਸ ਆਈ ਡੀ ਲੈਣੀ ਪਵੇਗੀ ਜਿਸ ਵਾਸਤੇ ਤੁਸੀਂ ਪਹਿਲਾਂ ਵੀ ਅਪਲਾਈ ਕਰ ਸਕਦੇ ਹੋ।

ਅਗਰ ਤੁਸੀਂ ਆਪਣਾ ਪਹਿਲਾ ਘਰ ਖਰੀਦ ਰਹੇ ਹੋ ਤਾਂ ਆਪਣੇ 401 ਰਿਟਾਇਰਮੈਂਟ ਅਕਾਊਂਟ ਵਿਚੋਂ 10,000 ਡਾਲਰ ਤੱਕ ਦੀ ਰਕਮ ਕਢਾ ਸਕਦੇ ਹੋ। ਇਹ ਰਕਮ ਤੁਹਾਡੀ ਆਮਦਨ ਵਿਚ ਸ਼ਾਮਲ ਹੋਵੇਗੀ ਪਰ ਕੋਈ ਪੈਨਲਟੀ ਨਹੀਂ ਲੱਗੇਗੀ ਅਤੇ ਨਾ ਹੀ ਵਾਪਸ ਕਰਨ ਦੀ ਜ਼ਰੂਰਤ ਹੈ।

ਅਗਰ ਤੁਹਾਡਾ ਆਪਣਾ ਬਿਜ਼ਨਸ ਹੈ, ਤੁਸੀਂ 50 ਸੈਂਟ ਪ੍ਰਤੀ ਮੀਲ ਦੇ ਹਿਸਾਬ ਨਾਲ ਆਪਣੀ ਕਾਰ ਜਾਂ ਵੈਨ ਦਾ ਖਰਚਾ ਪਾ ਸਕਦੇ ਹੋ। ਇਸ ਵਾਸਤੇ ਲੌਗ ਬੁੱਕ ਰੱਖਣੀ ਜ਼ਰੂਰੀ ਹੈ।

ਅਗਰ ਤੁਸੀਂ ਆਪਣਾ ਪਰਿਵਾਰ ਅਮਰੀਕਾ ਵਿਚ ਸਪਾਂਸਰ ਕਰਨਾ ਹੈ ਤਾਂ ਦੋ ਮੈਂਬਰਾਂ ਦੀ ਆਮਦਨ 2010 ਦੇ ਸਾਲ ਦੇ ਅੰਕੜਿਆਂ ਮੁਤਾਬਕ 18,213 ਡਾਲਰ ਹੋਣੀ ਲਾਜ਼ਮੀ ਹੈ। ਜੇ ਅੱਠ ਮੈਂਬਰ ਸਪਾਂਸਰ ਕਰਨੇ ਹੋਣ ਤਾਂ ਆਮਦਨ 46,263 ਡਾਲਰ (ਐਡਜਸਟੀਬਲ ਗਰੌਸ ਇਨਕਮ) ਹੋਣੀ ਚਾਹੀਦੀ ਹੈ। ਜੇ ਤੁਹਾਡੀ ਆਮਦਨ ਪੂਰੀ ਨਹੀਂ ਹੈ ਤਾਂ ਤੁਸੀਂ ਕੋ-ਸਪਾਂਸਰ ਦੀ ਮਦਦ ਲੈ ਸਕਦੇ ਹੋ। ਇਹ ਵੇਰਵਾ ਇਸ ਕਰਕੇ ਦਿੱਤਾ ਜਾ ਰਿਹਾ ਹੈ ਕਿ ਕਈ ਪੰਜਾਬੀ ਵੀਰ ਆਪਣੇ ਪਰਿਵਾਰਾਂ ਨੂੰ ਸਪਾਂਸਰ ਕਰਦੇ ਹਨ ਅਤੇ ਉਨ੍ਹਾਂ ਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ।

ਅਗਰ ਸਾਲ 2010 ਵਿਚ ਤੁਹਾਡੇ ਪਾਸ ਕੁਝ ਸ਼ੇਅਰ ਜਾਂ ਬਾਂਡ ਹਨ ਅਤੇ ਇਨ੍ਹਾਂ ਵਿਚੋਂ ਕੁਝ ਤੁਸੀਂ 31 ਦਸੰਬਰ 2010 ਤੋਂ ਪਹਿਲਾਂ ਖਰੀਦੇ/ਵੇਚੇ ਹਨ ਤਾਂ ਟੈਕਸ ਫਾਈਲ ਕਰਦੇ ਸਮੇਂ ਤੁਸੀਂ ਆਪਣਾ ਨੁਕਸਾਨ ਆਮਦਨ ਵਿਚੋਂ ਕਟਾ ਸਕਦੇ ਹੋ। ਅਗਰ ਸ਼ੇਅਰ ਇਕ ਸਾਲ ਤੋਂ ਪੁਰਾਣੇ ਹਨ ਤਾਂ ਨੁਕਸਾਨ ਨੂੰ ਪੂੰਜੀ ਨੁਕਸਾਨ (ਕੈਪੀਟਲ ਲੌਸ) ਗਿਣਿਆ ਜਾਵੇਗਾ ਜੋ ਕਿ 2-5 ਸਾਲ ਤੱਕ ਆਪਣੀ ਆਮਦਨ ਵਿਚੋਂ ਕਟਾਇਆ ਜਾ ਸਕਦਾ ਹੈ। ਅਗਰ ਤੁਹਾਡੇ ਸ਼ੇਅਰ ਇਕ ਸਾਲ ਤੋਂ ਘੱਟ ਪੁਰਾਣੇ ਹਨ ਤਾਂ ਤੁਹਾਡੀ ਆਮਦਨ ਮੁਤਾਬਕ ਉਸੇ ਹੀ ਸਾਲ ਡਿਡਕਸ਼ਨ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਤੁਸੀਂ ਆਪਣੇ ਲੇਖਾਕਾਰ ਦੀ ਸਲਾਹ ਲੈ ਸਕਦੇ ਹੋ।

ਅਗਰ ਤੁਸੀਂ ਕੋਈ ਬਿਜਨਸ ਆਪਣੇ ਘਰ ਵਿਚੋਂ ਕਰ ਰਹੇ ਹੋ ਤਾਂ ਅਨੁਪਾਤਕ ਰੂਪ ਵਿਚ ਇਸ ਦਾ ਖਰਚਾ ਘਟਾ ਸਕਦੇ ਹੋ। ਮਿਸਾਲ ਵਜੋਂ ਟੈਲੀਫੋਨ ਖਰਚ, ਹੋਮ ਇੰਸ਼ੋਰੈਂਸ, ਹੋਮ ਮੇਂਟੇਨੈਂਸ ਆਦਿ।

ਅਗਰ ਤੁਹਾਡੀ ਨੌਕਰੀ ਤੋਂ ਆਮਦਨ 150,000 ਡਾਲਰ ਤੋਂ ਵੱਧ ਹੈ ਤਾਂ ਹਰ ਤਿਮਾਹੀ ਤੁਹਾਨੂੰ ਪੇਸ਼ਗੀ ਟੈਕਸ ਜਮ੍ਹਾਂ ਕਰਾਉਣਾ ਪਵੇਗਾ। ਜੇ ਤੁਸੀਂ ਪੇਸ਼ਗੀ ਟੈਕਸ ਅਦਾ ਨਹੀਂ ਕਰਦੇ ਤਾਂ ਸਾਲ ਦੇ ਅੰਤ ਵਿਚ ਤੁਹਾਨੂੰ ਵਿਆਜ ਅਤੇ ਜੁਰਮਾਨੇ ਸਹਿਤ ਟੈਕਸ ਅਦਾ ਕਰਨਾ ਪਵੇਗਾ।

ਜੇ ਤੁਸੀਂ ਕੋਈ ਨਵਾਂ ਬਿਜਨਸ ਸ਼ੁਰੂ ਕੀਤਾ ਹੈ ਤਾਂ 5000 ਡਾਲਰ ਤੱਕ ਦੇ ਖਰਚ ਦੀ ਤੁਸੀਂ ਪਹਿਲੇ ਸਾਲ ਟੈਕਸ ਕਟੌਤੀ ਲੈ ਸਕਦੇ ਹੋ। ਇਸ ਨਾਲ ਤੁਹਾਡੀ ਟੈਕਸਯੋਗ ਆਮਦਨ ਘੱਟ ਹੋਵੇਗੀ।

ਤੁਸੀਂ ਆਪੋ ਆਪਣੀ ਸਟੇਟ ਵਿਚ ਬੱਚਿਆਂ ਦੀ ਪੜ੍ਹਾਈ ਲਈ ਕਾਇਮ ਕੀਤੇ ਗਏ ਐਜੂਕੇਸ਼ਨ ਟਰਸਟ ਵਿਚ ਪੈਸਾ ਜਮ੍ਹਾਂ ਕਰਵਾ ਸਕਦੇ ਹੋ। ਮਿਸਾਲ ਵਜੋਂ ਮਿਸ਼ੀਗਨ ਵਿਚ ਰਹਿੰਦੇ ਲੋਕਾਂ ਲਈ ਮਿਸ਼ੀਗਨ ਐਜੂਕੇਸ਼ਨ ਟਰਸਟ (ਐਮ ਈ ਟੀ) ਹੈ। ਹਰ ਸਟੇਟ ਦਾ ਆਪਣਾ ਐਜੂਕੇਸ਼ਨ ਟਰਸਟ ਹੈ। ਤੁਸੀਂ ਆਪਣੇ ਬੱਚਿਆਂ ਦੀ ਕਾਲਜ ਦੀ ਪੜ੍ਹਾਈ ਲਈ ਇਸ ਟਰਸਟ ਵਿਚ ਪੈਸਾ ਜਮ੍ਹਾਂ ਕਰਵਾ ਸਕਦੇ ਹੋ ਜੋ ਕਿ ਸਟੇਟ ਟੈਕਸ ਲਈ ਡਿਡਕਟੀਬਲ ਹੈ ਪਰ ਫੈਡਰਲ ਟੈਕਸ ਲਈ ਨਹੀਂ।

ਆਪਣੇ ਅਗਲੇ ਲੇਖ ਵਿਚ ਮੈਂ ਮਿਸ਼ੀਗਨ ਐਜੂਕੇਸ਼ਨ ਟਰਸਟ ਬਾਰੇ ਲਿਖਾਂਗਾ। ਪਾਠਕਾਂ ਨੂੰ ਕੋਈ ਸਵਾਲ ਹੋਵੇ ਤਾਂ ਮੇਰੇ ਨਾਲ ਫੋਨ 248-982-2036 'ਤੇ ਸੰਪਰਕ ਕੀਤਾ ਜਾ ਸਕਦਾ ਹੈ।

*ਮੋਹਨ ਸਿੰਘ ਡਿਟਰਾਇਟ, ਮਿਸ਼ੀਗਨ ਵਿਚ ਰਹਿੰਦੇ ਟੈਕਸ ਮਾਹਿਰ ਹਨ ਅਤੇ ਉਨ੍ਹਾਂ ਨਾਲ ਉਨ੍ਹਾਂ ਦੀ ਈ-ਮੇਲ jhand_mohan@yahoo.com 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

# ਪੁੱਤਾਂ ਦਾ ਕਾਹਦਾ ਮਾਣ ਕਰਦੈਂ!

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaikalan.com

ਜਗਰਾਉਂ ਤੋਂ ਕੋਈ ਪੰਜ ਕੁ ਮੀਲ 'ਤੇ ਗੁਰੂ ਗੋਬਿੰਦ ਸਿੰਘ ਮਾਰਗ ਉਪਰ ਇਕ ਪਿੰਡ ਸਥਿਤ ਹੈ। ਇਸ ਪਿੰਡ ਨੂੰ ਦਸਵੇਂ ਪਾਤਸ਼ਾਹ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ। ਇਸ ਪਿੰਡ ਵਿਚ ਦੋ ਸਕੇ ਭਰਾ ਰਹਿੰਦੇ ਹਨ-ਵੱਡਾ ਜਾਗਰ ਤੇ ਛੋਟਾ ਸਾਗਰ। ਦੋਵੇਂ ਆਪਣਾ ਨਾਂ ਲਿਖਣ ਤੋਂ ਸਿਵਾਏ ਕੁਝ ਨਹੀਂ ਜਾਣਦੇ ਪਰ ਕਿਰਸਾਨੀ ਦਾ ਕੰਮ ਬਹੁਤ ਸੋਹਣਾ ਤੇ ਸੁਚੱਜਾ ਕਰਦੇ ਨੇ। ਦੋਵੇਂ ਪੂਰੇ ਸ਼ੌਕੀਨ ਗੱਭਰੂ, ਮਜ਼ਾਲ ਕਿ ਜੁੱਤੀ 'ਤੇ ਮਿੱਟੀ ਪੈ ਜਾਵੇ। ਕੰਮ ਵੇਲੇ ਮਿੱਟੀ ਨਾਲ ਮਿੱਟੀ ਹੋਏ ਰਹਿੰਦੇ, ਵਿਹਲੇ ਟਾਈਮ ਆਪਣੇ ਆਪ ਨੂੰ ਪੂਰਾ ਟਿੱਪ-ਟਾਪ ਰੱਖਦੇ। ਬਲਦਾਂ ਦੀ ਜੋੜੀ ਵੀ ਪੂਰੀ ਸ਼ੌਕੀਨ ਰੱਖਦੇ। ਦੋਵੇਂ ਭਰਾਵਾਂ ਦੀ ਪਾਈ ਹੋਈ ਵੱਟ ਗਜ ਵਾਂਗ ਸਿੱਧੀ ਹੁੰਦੀ, ਵਾਹੀ ਹੋਈ ਜ਼ਮੀਨ ਦਾ ਕੱਲਾ ਕੱਲਾ ਸਿਆੜ ਗਿਣਿਆ ਜਾ ਸਕਦਾ। ਕਣਕ ਦੀ ਵਾਢੀ ਵਿਚ ਉਹ ਕਿਸੇ ਨੂੰ ਅੱਗੇ ਨਾ ਲੰਘਣ ਦਿੰਦੇ। ਦੋਵੇਂ ਮਾਪਿਆਂ ਦੇ ਸਾਊ ਪੁੱਤ ਹਨ। ਜ਼ਮੀਨ ਇਕ ਥਾਂ ਹੋਣ ਕਰਕੇ ਫਸਲ-ਬਾੜੀ ਵੀ ਵਧੀਆ ਪੈਦਾ ਕਰ ਲੈਂਦੇ ਹਨ। ਖਰਚਾ ਵੀ ਥਾਂ ਸਿਰ ਕਰਦੇ, ਦਿਲ ਵਿਚ ਅੱਗੇ ਵਧਣ ਦੀ ਤਾਂਘ ਹਮੇਸ਼ਾ ਰੱਖਦੇ, ਕਹਿੰਦੇ ਨੇ ਕਿ ਜੱਟ ਦਾ ਪੁੱਤ ਜਦੋਂ ਹਲ ਦੀ ਹੱਥੀ ਫੜ੍ਹਨ ਜੋਗਾ ਹੋ ਜਾਵੇ ਫਿਰ ਉਸ ਦੇ ਵਿਆਹ ਦਾ ਫਿਕਰ ਹੋ ਜਾਂਦਾ ਹੈ। ਇਹ ਵੀ ਸਮਝਿਆ ਜਾਂਦਾ ਹੈ ਕਿ ਪੁੱਤ ਹੁਣ ਵਾਹੀ ਕਰਕੇ ਆਪਣਾ ਪਰਿਵਾਰ ਪਾਲ ਸਕਦਾ ਹੈ।

ਹੁਣ ਜਾਗਰ ਨੂੰ ਵੀ ਰਿਸ਼ਤੇ ਆਉਣ ਲੱਗੇ। ਮਾਪਿਆਂ ਨੇ ਜਿਥੇ ਥਾਂ ਵਧੀਆ ਮਿਲੀ, ਜਾਗਰ ਦਾ ਰਿਸ਼ਤਾ ਕਰ ਦਿੱਤਾ। ਜਾਗਰ ਦੀ ਘਰਵਾਲੀ ਪਿਆਰੋ ਸੋਹਣੀ-ਸੁਨੱਖੀ, ਲੰਮੀ-ਲੰਝੀ ਮੁਟਿਆਰ ਸੀ। ਸਚਿਆਰੀ ਵੀ ਪੁੱਜ ਕੇ, ਘਰ ਦਾ ਹਰ ਕੰਮ ਜਾਣਦੀ, ਕੱਢਾਈ, ਕਤਾਈ ਵਿਚ ਉਹ ਸਭ ਨੂੰ ਪਿਛੇ ਛੱਡ ਜਾਂਦੀ। ਜਾਗਰ ਦੇ ਵਿਹੜੇ ਆ ਕੇ ਪਿਆਰੋ ਨੇ ਚੰਨ ਵਾਂਗ ਚਾਨਣ ਕਰ ਦਿੱਤਾ। ਪਿਆਰੋ ਜਦੋਂ ਖੇਤ ਰੋਟੀ ਲੈ ਕੇ ਜਾਂਦੀ ਤਾਂ ਖੇਤਾਂ ਵਿਚ ਵਗਦੇ ਹਲ ਰੁਕ ਜਾਂਦੇ, ਚਲਦੇ ਖੂਹ ਖੜ੍ਹ ਜਾਂਦੇ, ਹਾਲੀ-ਪਾਲੀ ਆਨੀ ਬਹਾਨੀਂ ਪਿਆਰੋ ਨੂੰ ਤੱਕਣ ਦੀ ਕੋਸ਼ਿਸ਼ ਕਰਦੇ। ਪਿਆਰੋ ਖੇਤੋਂ ਮੁੜਦੀ ਸਾਗ ਤੋੜ ਕੇ ਲਿਆਉਂਦੀ।

ਪਿਆਰੋ ਦੇ ਸਿਰ 'ਤੇ ਟਿਕਾਇਆ ਸਾਗ ਭੋਰਾ ਵੀ ਨਾ ਹਿੱਲਦਾ। ਉਨ੍ਹਾਂ ਸਮਿਆਂ ਵਿਚ ਔਰਤ ਵਿਚ ਇਹ ਕਲਾ ਸੀ ਕਿ ਸਿਰ ਉਪਰ ਲੱਸੀ ਵਾਲਾ ਕੁੱਜਾ ਹੁੰਦਾ, ਕੁੱਜੇ ਉਪਰ ਰੋਟੀਆਂ ਟਿਕਾਈਆਂ ਹੁੰਦੀਆਂ। ਕੁੱਛੜ ਇਕ ਨਿਆਣਾ ਚੁੱਕਿਆ ਹੁੰਦਾ। ਮਜਾਲ ਕਿ ਲੱਸੀ ਦੀ ਇਕ ਘੁੱਟ ਵੀ ਡੁੱਲ੍ਹ ਜਾਵੇ, ਬਿਨਾਂ ਸਹਾਰਾ ਦਿੱਤਿਆਂ ਭੱਤਾ ਖੇਤ ਪਹੁੰਚ ਜਾਣਾ।

ਇਹ ਗੱਲ ਵੀ ਉਨ੍ਹਾਂ ਸਮਿਆਂ ਵਿਚ ਪ੍ਰਚਲਿਤ ਹੋਈ ਹੋਵੇਗੀ ਕਿ ਇਕ ਜੱਟ ਖੇਤ ਵਿਚ ਹਲ ਵਾਹ ਰਿਹਾ ਸੀ। ਉਸ ਦੀ ਘਰ ਵਾਲੀ ਸਿਰ ਉਪਰ ਲੱਸੀ ਤੇ ਰੋਟੀਆਂ ਰੱਖ ਕੇ ਉਸ ਨੂੰ ਖੇਤ ਦੇਣ ਜਾਂਦੀ ਸੀ। ਮੱਕੀ, ਕਪਾਹ ਲੱਕ ਲੱਕ ਹੋਣ ਕਰਕੇ ਜੱਟੀ ਨੇ ਵੱਟ ਦਾ ਸਹਾਰਾ ਲੈ ਕੇ ਤੁਰਨਾ ਸ਼ੁਰੂ ਕੀਤਾ। ਦੂਰੋਂ ਹੀ ਜੱਟ ਨੂੰ ਵੇਖ ਕੇ ਪਿਆਰ ਭਰੇ ਲਹਿਜੇ ਵਿਚ ਪੁੱਛਿਆ, "ਬੱਗੇ ਦੇ ਬਾਪੂ, ਕਿਹੜੀ ਵੱਟ ਤੁਰੀ ਆਵਾਂ?" ਜੱਟ ਜੱਟੀ ਨੂੰ ਵੇਖ ਕੇ ਦੁੱਗਣਾ ਹੋਇਆ ਬੋਲਿਆ, "ਬੱਗੇ ਦੀ ਮਾਂ ਨੱਕ ਦੀ ਸੇਧ ਆ ਜਾ।"

ਜੱਟੀ ਚਾਅ ਵਿਚ ਤੁਰਨ ਲੱਗੀ, ਵੱਟ ਤੋਂ ਪੈਰ ਤਿਲ੍ਹਕ ਗਿਆ। ਲੱਸੀ ਵਾਲਾ ਕੁੱਜਾ ਡਿੱਗ ਕੇ ਟੁੱਟ ਗਿਆ। ਰੋਟੀਆਂ ਖਿੰਡ ਗਈਆਂ। ਜੱਟੀ ਨੇ ਫਿਰ ਪੁੱਛਿਆ, "ਬੱਗੇ ਦੇ ਬਾਪੂ ਹੁਣ ਕਿਹੜੀ ਵੱਟ ਆਵਾਂ?" ਜੱਟ ਬੋਲਿਆ, "ਹੁਣ ਤਾਂ ਭੱਤਾ ਭੰਨਾ ਲਿਆ, ਜਿਹੜੀ ਮਰਜੀ ਵੱਟ ਤੁਰੀ ਆ।"

ਪਿਆਰੋ ਘਰ ਦਾ ਸਾਰਾ ਕੰਮ ਹੱਥਾਂ 'ਤੇ ਚੁੱਕੀ ਫਿਰਦੀ। ਸੱਸ, ਸਹੁਰਾ ਵੀ ਪਿਆਰੋ ਦੇ ਕੰਮਾਂ ਤੋਂ ਖੁਸ਼ ਸਨ। ਪਿਆਰੋ ਦੀ ਕੁੱਖੋਂ ਇਕ ਧੀ ਨੇ ਜਨਮ ਲਿਆ। ਘਰ ਵਿਚ ਮਾਤਮ ਛਾ ਗਿਆ। ਜਾਗਰ ਨੇ ਤਾਂ ਖੁਸ਼ੀ ਮਨਾਈ ਕਿ ਚਲੋ ਘਰ ਵਿਚ ਪਹਿਲਾ ਬੱਚਾ ਹੋਇਆ ਹੈ। ਹੁਣ ਸਾਗਰ ਨੂੰ ਵੀ ਰਿਸ਼ਤੇ ਆਉਣ ਲੱਗੇ, ਮਾਪਿਆਂ ਜਾਗਰ ਵਾਂਗ ਸਾਗਰ ਦਾ ਵੀ ਵਿਆਹ ਕਰ ਦਿੱਤਾ। ਸਾਗਰ ਦੀ ਘਰਵਾਲੀ ਤਾਰੋ, ਪਿਆਰੋ ਤੋਂ ਉਲਟ ਸੁਭਾਅ ਦੀ ਸੀ। ਪੰਜਾਂ ਭਾਈਆਂ ਦੀ ਇਕੱਲੀ ਭੈਣ ਹੋਣ ਕਰਕੇ ਲਾਡਾਂ ਨਾਲ ਪਲੀ ਹੋਈ ਸੀ ਤੇ ਘਰ ਦਾ ਕੋਈ ਵੀ ਕੰਮ ਸਿਖਾਇਆ ਨਹੀਂ ਸੀ ਗਿਆ। ਤਾਰੋ ਨੇ ਇਕ ਸਾਲ ਬਾਅਦ ਪੁੱਤ ਨੂੰ ਜਨਮ ਦਿੱਤਾ। ਘਰ ਵਿਚ ਖੁਸ਼ੀਆਂ ਮਨਾਈਆਂ ਗਈਆਂ। ਤਾਰੋ ਕਰਮਾਂ ਵਾਲੀ ਅਖਵਾਉਣ ਲੱਗੀ।

ਕਬੀਲਦਾਰੀ ਦੀ ਗਲੀ ਆਪਣੇ ਰਾਹ ਚੱਲਦੀ ਗਈ। ਹੁਣ ਪਿਆਰੋ ਦੇ ਦੂਜੀ ਕੁੜੀ ਹੋ ਗਈ। ਸੱਸ-ਸਹੁਰੇ ਨੇ ਤਾਅਨੇ ਦੇਣੇ ਸ਼ੁਰੂ ਕਰ ਦਿੱਤੇ। ਜਾਗਰ ਨੇ ਫਿਰ ਵਾਹਿਗੁਰੂ ਦੀ ਭੇਜੀ ਦਾਤ ਸਮਝ ਕੇ ਮਨ ਸਮਝਾ ਲਿਆ। ਪਿਆਰੋ ਦੀ ਦੂਜੀ ਧੀ ਤੋਂ ਬਾਅਦ ਤਾਰੋ ਦੀ ਘਰ ਵਿਚ ਪੁੱਛ-ਗਿੱਛ ਵਧ ਗਈ। ਤਾਰੋ ਮੂੰਹ ਪਾੜ੍ਹ ਨਿੱਤ ਬੋਲਣ ਲੱਗੀ, ਨਿੱਕੀ ਨਿੱਕੀ ਗੱਲ ਤੋਂ ਲੜਨ ਲੱਗੀ। ਕੁਦਰਤੀ ਗੱਲ ਕਿ ਜਦੋਂ ਜੱਟ ਦੇ ਪੁੱਤ ਰੋਟੀ ਸੁਖਾਲੀ ਖਾਣ ਲੱਗ ਜਾਂਦੇ ਹਨ ਫਿਰ ਲੜਾਈ ਪਤਾ ਨਹੀਂ ਘਰ ਕਿਵੇਂ ਵੜ ਜਾਂਦੀ ਐ। ਜਾਗਰ ਤੇ ਸਾਗਰ ਦੀ ਏਕਤਾ ਵਿਚ ਤਰੇੜ ਪੈਣੀ ਸ਼ੁਰੂ ਹੋ ਗਈ। ਆਮ ਤੌਰ 'ਤੇ ਵੇਖਿਆ ਗਿਆ ਹੈ ਕਿ ਜਦੋਂ ਭਰਾਵਾਂ ਦਾ ਇਕੱਠ ਹੁੰਦਾ ਹੈ, ਉਦੋਂ ਤਾਂ ਫੋਰਡ ਟਰੈਕਟਰ ਵਿਹੜੇ ਦਾ ਸ਼ਿੰਗਾਰ ਹੁੰਦਾ ਹੈ ਤੇ ਜਦੋਂ ਭਰਾਵਾਂ ਦੀ ਏਕਤਾ ਖਿੰਡ ਜਾਂਦੀ ਹੈ, ਫਿਰ ਕੱਲਾ ਕੱਲਾ ਪੰਜੀ-ਗਿਆਰਾਂ ਦਾ ਭਾਅ ਪੁੱਛਦਾ ਫਿਰਦਾ ਹੈ।

ਪਰਮਾਤਮਾ ਦੇ ਰੰਗ ਨਿਆਰੇ ਹਨ। ਤਾਰੋ ਦੇ ਦੂਜਾ ਪੁੱਤ ਹੋਇਆ ਤੇ ਪਿਆਰੋ ਦੇ ਤੀਜੀ ਧੀ। ਪਿਆਰੋ ਨੇ ਕੰਧਾਂ ਵਿਚ ਟੱਕਰਾਂ ਮਾਰ ਮਾਰ ਸਿਰ ਪਾੜ੍ਹ ਲਿਆ। ਰੱਬ ਨੂੰ ਗਾਲਾਂ ਕੱਢਣ ਲੱਗੀ ਕਿ ਰੱਬਾ ਆਹ ਕੀ ਕੀਤਾ, ਮੇਰੇ ਵਾਰੀ ਤੇਰੇ ਕੋਲ ਪੁੱਤ ਮੁੱਕ ਗਏ। ਪਹਿਲਾਂ ਨਹੀਂ ਪੁੱਤ ਦਿਤਾ, ਆਹ ਤੀਜੀ ਵਾਰ ਹੀ ਪੁੱਤ ਦਾ ਮੂੰਹ ਦਿਖਾ ਦਿੰਦਾ। ਪਿਆਰੋ ਹੰਭ ਹਾਰ ਕੇ ਸਬਰ ਦਾ ਘੁੱਟ ਪੀ ਗਈ। ਬੰਦਾ ਆਸ ਨਾਲ ਹੀ ਜਿਊਂਦਾ ਹੈ, ਜੇ ਆਸ ਹੀ ਨਾ ਪੂਰੀ ਹੋਵੇ ਤਾਂ ਸਾਹ ਵੀ ਲੈਣਾ ਮੁਸ਼ਕਲ ਹੋ ਜਾਂਦਾ ਹੈ। ਤਾਰੋ, ਪਿਆਰੋ ਦੀਆਂ ਧੀਆਂ ਨੂੰ ਵੱਗ ਦੱਸਦੀ, ਆਪਣੇ ਪੁੱਤਾਂ ਨੂੰ ਸੋਹਣੇ ਹੀਰੇ ਪਰਖਦੀ। ਪਿਆਰੋ ਸਭ ਕੁਖ ਸਹਿੰਦੀ ਸਬਰ ਕਰੀ ਰੱਖਦੀ।

ਜਾਗਰ ਨੂੰ ਮਾਪੇ ਦੂਜਾ ਵਿਆਹ ਕਰਵਾਉਣ ਲਈ ਜ਼ੋਰ ਪਾਉਂਦੇ, ਉਹ ਪੋਤਰੇ ਦਾ ਮੂੰਹ ਵੇਖਣਾ ਚਾਹੁੰਦੇ ਸਨ। ਜਾਗਰ ਕਹਿੰਦਾ ਕਿ ਕੀ ਗਰੰਟੀ ਹੈ ਕਿ ਨਵੀਂ ਆਈ ਮੇਰੇ ਲਈ ਪੁੱਤ ਨੂੰ ਜਨਮ ਦੇਵੇਗੀ। ਮੈਂ ਦੂਜਾ ਵਿਆਹ ਨਹੀਂ ਕਰਾਉਣਾ, ਜਾਗਰ ਮਾਪਿਆਂ ਨੂੰ ਆਖਰੀ ਫੈਸਲਾ ਸੁਣਾਉਂਦਾ। ਪਿਆਰੋ ਦੇ ਸਾਹ ਵਿਚ ਸਾਹ ਆਉਂਦੇ ਕਿ ਰੱਬ ਨੇ ਜੋ ਕੀਤਾ ਠੀਕ ਹੈ। ਸਿਰ ਦਾ ਸਾਈ ਤਾਂ ਮੇਰੇ ਨਾਲ ਹੈ। ਜੇ ਮੇਰੇ ਕਰਮਾਂ ਵਿਚ ਪੁੱਤ ਹੋਇਆ, ਰੱਬ ਆਪੇ ਦੇ ਦੇਵੇਗਾ। ਪਿਆਰੋ ਦਾ ਭਰਾ ਪਿਆਰੋ ਦੀ ਤੀਜੀ ਧੀ ਨੂੰ ਝੋਲੀ ਵਿਚ ਪੁਆ ਕੇ ਲੈ ਗਿਆ। ਆਪਣਾ ਇਕ ਪੁੱਤ ਪਿਆਰੋ ਦੀ ਝੋਲੀ ਪਾ ਗਿਆ। ਪਿਆਰੋ ਨੂੰ ਪੁੱਤ ਤਾਂ ਮਿਲ ਗਿਆ ਪਰ ਉਹ ਮੂੰਹੋਂ ਭੂਆ ਹੀ ਕਹਿੰਦਾ, ਪਿਆਰੋ ਪੁੱਤ ਦੇ ਮੂੰਹੋਂ ਮਾਂ ਸੁਣਨਾ ਚਾਹੁੰਦੀ ਸੀ।

ਨਿੱਤ ਦਿਨ ਦੇ ਝਗੜੇ ਤੋਂ ਤੰਗ ਆ ਕੇ ਜਾਗਰ ਅੱਡ ਹੋ ਗਿਆ। ਮਾਪਿਆਂ ਨੇ ਜਾਗਰ ਨੂੰ ਘਰ ਦਾ ਪਿਛਲਾ ਹਿੱਸਾ ਦੇ ਦਿੱਤਾ ਜਦੋਂਕਿ ਸਾਗਰ ਨੂੰ ਸੜਕ ਉਪਰ ਘਰ ਦਾ ਅਗਲਾ ਪਾਸਾ ਦਿੱਤਾ ਗਿਆ। ਦਸ ਕੁ ਫੁੱਟ ਦੀ ਜਾਗਰ ਨੂੰ ਗਲੀ ਛੱਡ ਦਿੱਤੀ। ਮਾਪੇ ਸਾਗਰ ਦੇ ਪੁੱਤ ਖਿਡਾਉਂਦੇ ਰਹਿੰਦੇ। ਮਾਪੇ ਵੀ ਉਸ ਮੰਜੇ 'ਤੇ ਬੈਠਦੇ ਹਨ ਜਿਥੇ ਪੁੱਤ ਸੁਖਾਲਾ ਹੋਵੇ। ਜਾਗਰ ਸਾਰੇ ਪਾਸਿਆਂ ਤੋਂ ਔਖਾ ਸੀ ਪਰ ਮਾਪਿਆਂ ਸਾਗਰ ਦਾ ਮੰਜਾ ਮੱਲਿਆ। ਪਿਆਰੋ ਦਾ ਭਤੀਜਾ ਨੇਕਾ ਜਾਗਰ ਨਾਲ ਖੇਤ ਕੰਮ ਕਰਵਾਉਂਦਾ। ਸਾਗਰ ਦੇ ਪੁੱਤ ਛੋਟੇ ਹੁੰਦੇ ਵੀ ਉਸ ਨੂੰ ਘੂਰਦੇ, ਤਾਰੋ ਪੁੱਤਾਂ ਦਾ ਮਾਣ ਕਰਕੇ ਗਲੀ ਵਿਚੋਂ ਹਿੱਕ ਤਾਣ ਕੇ ਤੁਰਦੀ। ਪਿਆਰੋ ਵਿਚੇ-ਵਿਚ ਕੁੜ੍ਹਦੀ ਰਹਿੰਦੀ।

ਹੁਣ ਪਿਆਰੋ ਚੌਥੀ ਵਾਰੀ ਮਾਂ ਬਣਨ ਵਾਲੀ ਸੀ। ਪਿਆਰੋ ਦੀ ਮਾਂ ਨੇ ਸੰਤਾਂ-ਸਾਧਾਂ ਦੇ ਜਾ ਕੇ ਮੱਥੇ ਟੇਕੇ, ਧਾਗੇ ਤਵੀਤ ਕਰਾਏ ਕਿ ਪਿਆਰੋ ਦੀ ਝੋਲੀ ਵਿਚ ਪੁੱਤ ਖੇਡੇ। ਜਾਗਰ ਨੂੰ ਵੀ ਪੂਰੀ ਆਸ ਸੀ ਕਿ ਐਤਕੀਂ ਪੁੱਤ ਹੀ ਹੋਵੇਗਾ। ਸੁਆਹ ਦੀ ਚੁਟਕੀ ਨਾਲ ਪੁੱਤ ਕਿੱਥੋਂ ਤੇ ਕਦੋਂ ਮਿਲੇ ਨੇ? ਆਸਾਂ 'ਤੇ ਪਾਣੀ ਫਿਰ ਗਿਆ ਜਦੋਂ ਚੌਥੀ ਧੀ ਆ ਵੱਜੀ। ਪਿਆਰੋ ਹਾਂ-ਨਾਂਹ ਕੁਝ ਨਹੀਂ ਬੋਲੀ, ਧੀ ਨੂੰ ਦੁੱਧ ਵੀ ਨਾ ਪਿਆਇਆ। ਜਿਵੇਂ ਪੱਥਰ ਹੋ ਗਈ ਹੋਵੇ, ਜਿਵੇਂ ਉਹ ਜਨਮ ਤੋਂ ਪੱਥਰ ਹੋਵੇ ਤੇ ਪੱਥਰਾਂ ਨੂੰ ਹੀ ਜਨਮ ਦਿੰਦੀ ਹੋਵੇ।

ਜਾਗਰ ਨੂੰ ਐਤਕੀਂ ਪੁੱਤ ਦੀ ਆਸ ਸੀ ਪਰ ਪਰਮਾਤਮਾ ਨੇ ਫਿਰ ਚੌਥੀ ਧੀ ਦੇ ਦਿੱਤੀ। ਜਾਗਰ ਨੇ ਇਸ ਧੀ ਨੂੰ ਪੁੱਤ ਸਮਝ ਲਿਆ। ਪਿਆਰੋ ਧੀ ਨੂੰ ਰਾਜੋ ਆਖਦੀ ਪਰ ਜਾਗਰ ਹਮੇਸ਼ਾ ਕਹਿੰਦਾ, ਇਹ ਤਾਂ ਮੇਰਾ ਰਾਜਾ ਪੁੱਤ ਐ। ਸਾਗਰ ਦੇ ਪੁੱਤ ਗੱਭਰੂ ਹੋ ਗਏ। ਜਾਗਰ ਦੀਆਂ ਧੀਆਂ ਵੀ ਮੁਟਿਆਰਾਂ ਹੋ ਗਈਆਂ। ਸਾਗਰ ਦੇ ਪੁੱਤ ਨੇਕੇ ਨਾਲ ਲੜਦੇ ਰਹਿੰਦੇ ਕਿ ਸਾਡੀ ਜ਼ਮੀਨ ਵਿਚ ਨਾ ਵੜ੍ਹ, ਤਾਏ ਮਰੇ ਤੋਂ ਬਾਅਦ ਸਾਡਾ ਹੱਕ ਹੈ। ਇਹ ਸਾਡੀ ਜ਼ਮੀਨ ਹੈ। ਕਈ ਵਾਰ ਲੜਾਈ ਵੀ ਹੋਈ। ਪਿਆਰੋ ਡਰਦੀ ਕਿ ਬੇਗਾਨੀ ਅੱਗ ਲੈ ਕੇ ਸੇਕੀ ਹੈ, ਕਿਤੇ ਕੋਈ ਨੁਕਸਾਨ ਹੀ ਨਾ ਹੋ ਜਾਵੇ। ਸਾਗਰ ਦੇ ਦੋਵੇਂ ਪੁੱਤਰ ਐਬੀ ਸੁਭਾਅ ਦੇ ਨਿਕਲੇ।

ਜਾਗਰ ਤੇ ਪਿਆਰੋ ਨੇ ਆਪਣੀ ਵੱਡੀ ਧੀ ਦਾ ਵਿਆਹ ਕਰ ਦਿੱਤਾ। ਉਸ ਦੇ ਸਹੁਰੇ ਬਹੁਤ ਚੰਗੇ ਨਿਕਲੇ। ਫਿਰ ਆਪਣੇ ਭਤੀਜੇ ਨੇਕੇ ਦਾ ਵਿਆਹ ਕਰ ਦਿੱਤਾ। ਪਰਮਾਤਮਾ ਦੇ ਰੰਗਾਂ ਨੂੰ ਹੰਢਾਉਂਦੀ ਹੋਈ ਪਿਆਰੋ ਨੇ ਫਿਰ ਦੂਜੀ ਧੀ ਦਾ ਵਿਆਹ ਕਰ ਦਿੱਤਾ। ਇਕ ਧੀ ਪਿਆਰੋ ਦੇ ਭਰਾ ਨੇ ਵਿਆਹ ਦਿੱਤੀ। ਹੁਣ ਪਿਛੇ ਚੌਥੀ ਧੀ ਰਾਜੋ ਵਿਆਹੁਣ ਵਾਲੀ ਸੀ।

ਸਾਗਰ ਨੇ ਪੁੱਤ ਵਿਆਹ ਲਿਆ, ਜਿਹੜਾ ਵਿਆਹ ਤੋਂ ਇਕ ਸਾਲ ਬਾਅਦ ਪਿੰਡ ਵਿਚਲੀ ਆਪਸੀ ਖਹਿਬਾਜ਼ੀ ਦੀ ਲੜਾਈ ਵਿਚ ਮਾਰਿਆ ਗਿਆ। ਉਸ ਦੀ ਘਰਵਾਲੀ ਛੋਟੇ ਦੇ ਸਿਰ ਧਰ ਦਿੱਤੀ। ਦੋਵਾਂ ਦੀ ਆਪਸ ਵਿਚ ਬਣੀ ਨਾ। ਪੇਕੇ ਧੀ ਦਾ ਸਾਮਾਨ ਚੁੱਕ ਕੇ ਲੈ ਗਏ। ਫਿਰ ਛੋਟੇ ਨੇ ਕਿੱਲਾ ਜ਼ਮੀਨ ਦਾ ਵੇਚ ਕੇ ਟਰੱਕ ਖਰੀਦ ਲਿਆ। ਗੁਹਾਟੀ ਨੂੰ ਟਰੱਕ ਚਲਾਉਂਦਾ ਹੋਇਆ ਆਪਣਾ ਸਰੀਰ ਅਫੀਮ 'ਤੇ ਚਲਾਉਣ ਲੱਗ ਪਿਆ। ਨਸ਼ਈ ਪੁੱਤ ਨੂੰ ਕਿਸੇ ਨੇ ਰਿਸ਼ਤਾ ਨਾ ਕਰਵਾਇਆ। ਤਾਰੋ ਤੇ ਸਾਗਰ ਸਭ ਦੀਆਂ ਮਿੰਨਤਾਂ ਕਰ ਕਰ ਥੱਕ ਗਏ।

ਇਧਰ ਜਾਗਰ ਦੇ ਤਿੰਨ ਜਵਾਈ ਵਾਰੀ ਵਾਰੀ ਗੇੜਾ ਮਾਰ ਜਾਂਦੇ। ਤਿੰਨੇ ਹੀ ਸੋਹਣੇ-ਸੁਨੱਖੇ ਵੈਸ਼ਨੂ ਜਵਾਈ ਜੋ ਜਾਗਰ ਤੇ ਪਿਆਰੋ ਨੂੰ ਮਾਂ-ਪਿਓ ਨਾਲੋਂ ਵੀ ਵੱਧ ਪਿਆਰ ਕਰਦੇ। ਜੇ ਇਕ ਜਵਾਈ ਹਾੜੀ ਬੀਜ ਗਿਆ, ਦੂਜੇ ਆ ਕੇ ਸਾਉਣੀ ਬੀਜ ਗਏ। ਜਾਗਰ ਨੇ ਚੌਥੀ ਧੀ ਰਾਜੋ ਦਾ ਵਿਆਹ ਕਰ ਦਿੱਤਾ। ਵਧੀਆ ਖਾਨਦਾਨ ਦਾ ਸਾਊ ਮੁੰਡਾ ਮਿਲਿਆ। ਰਾਜੋ ਨੇ ਸਹੁਰੇ ਪਰਿਵਾਰ ਵਿਚ ਜਾ ਕੇ ਘਰ ਦੀ ਨੁਹਾਰ ਹੀ ਬਦਲ ਦਿੱਤੀ। ਰਾਜੋ ਦੀ ਕੁੱਖੋਂ ਦੋ ਪੁੱਤਰਾਂ ਨੇ ਜਨਮ ਲਿਆ। ਫਿਰ ਰਾਜੋ ਦਾ ਘਰ ਵਾਲਾ ਅਮਰੀਕਾ ਆ ਗਿਆ। ਜਿਸ ਨੇ ਬਹੁਤ ਮਿਹਨਤ ਕਰਕੇ ਰਾਜੋ ਨੂੰ ਮਾਪਿਆਂ ਘਰ ਬਿਤਾਏ ਔਖੇ ਦਿਨ ਭੁਲਾ ਦਿੱਤੇ। ਪਿਆਰੋ ਦੇ ਸੱਤ ਦੋਹਤੇ ਤੇ ਇਕ ਦੋਹਤੀ ਹੋਈ। ਪਿਆਰੋ ਹੁਣ ਪਰਮਾਤਮਾ ਦਾ ਸ਼ੁਕਰ ਮਨਾਉਂਦੀ ਨਹੀਂ ਥੱਕਦੀ। ਸਾਗਰ ਦੇ ਨਸ਼ਈ ਪੁੱਤ ਨੇ ਐਕਸੀਡੈਂਟ ਕਰ ਲਿਆ। ਕਿਸੇ ਨੇ ਵੀ ਲੱਖ ਰੁਪਏ ਦੀ ਮਦਦ ਨਾ ਕੀਤੀ। ਸਾਗਰ ਤੇ ਉਸ ਦਾ ਪੁੱਤ ਰਾਜੋ ਕੋਲ ਆ ਕੇ ਰੋਣ ਲੱਗੇ। ਰਾਜੋ ਨੂੰ ਬੁੱਕਲ ਵਿਚ ਲੈ ਕੇ ਸਾਗਰ ਬੋਲਿਆ, "ਰਾਜੋ ਧੀਏ, ਸਾਨੂੰ ਮਾਫ ਕਰ ਦੇਹ, ਅਸੀਂ ਤੁਹਾਡੇ 'ਤੇ ਬਹੁਤ ਜ਼ੁਲਮ ਕੀਤਾ। ਬਾਈ ਨਾਲ, ਨੇਕੇ ਨਾਲ ਬਹੁਤ ਧੱਕਾ ਕਰਦੇ ਆਏ। ਹੁਣ ਸਾਨੂੰ ਇਕ ਲੱਖ ਰੁਪਿਆ ਵਿਆਜ ਉਤੇ ਦੇ ਦੇਹ, ਤੇਰੇ ਵੀਰ ਦਾ ਕੇਸ ਰਫਾ-ਦਫਾ ਕਰਵਾ ਦਈਏ।"

ਰਾਜੋ ਬੋਲੀ, "ਚਾਚਾ ਜੀ ਕੋਈ ਗੱਲ ਨਹੀਂ, ਪੈਸੇ ਤੁਸੀਂ ਬਿਨਾ ਵਿਆਜ ਲੈ ਜਾਓ ਪਰ ਬੰਦੇ ਦੇ ਦਿਨ ਸਦਾ ਇਕੋ ਜਿਹੇ ਨਹੀਂ ਰਹਿੰਦੇ। ਇਸ ਜੱਗ 'ਤੇ ਕਿਸ ਚੀਜ਼ ਦਾ ਮਾਣ ਕਰਨਾ? ਦੇਣ ਵਾਲਾ ਵੀ ਉਹੀ ਹੈ ਤੇ ਲਿਜਾਣ ਵਾਲਾ ਵੀ ਉਹੀ। ਧੀ ਨੂੰ ਤਾਂ ਪੇਕੇ ਚਾਹੀਦੇ ਹਨ, ਉਹ ਚਾਹੇ ਬਾਪੂ ਘਰ ਬਣ ਜਾਣ, ਚਾਹੇ ਚਾਚੇ ਘਰ। ਧੀਆਂ ਤਾਂ ਪੇਕਿਆਂ ਦੇ ਪਿਆਰ ਦੀਆਂ ਭੁੱਖੀਆਂ ਹੁੰਦੀਆਂ ਨੇ।" ਰਾਜੋ ਨੇ ਬੈਂਕ ਵਿਚੋਂ ਲੱਖ ਰੁਪਿਆ ਲਿਆ ਕੇ ਸਾਗਰ ਚਾਚੇ ਦੀ ਝੋਲੀ ਪਾ ਦਿੱਤਾ, "ਲੈ ਚਾਚਾ ਜੇ ਇਕ ਧੀ ਦੇ ਰੁਪਏ ਨਾਲ ਇਕ ਪੁੱਤ ਬਰੀ ਹੋ ਜਾਵੇ ਤਾਂ ਹੋਰ ਕੀ ਚਾਹੀਦੈ।" ਸਾਗਰ ਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ ਜਿਥੇ ਉਹ ਗਰਕ ਜਾਵੇ। ਦੋ ਪੁੱਤਾਂ ਬਦਲੇ ਇਕ ਰਾਜੋ ਵਰਗੀ ਧੀ ਹੀ ਦੇ ਦਿੰਦਾ, ਰੱਬਾ! ਤਾਂ ਆਹ ਦਿਨ ਨਾ ਦੇਖਣੇ ਪੈਂਦੇ। ਜਾਗਰ ਤੇ ਪਿਆਰੋ ਨੂੰ ਹੁਣ ਧੀਆਂ ਦਾ ਕੋਈ ਦੁੱਖ ਨਹੀਂ, ਪਰ ਸਾਗਰ ਇਕੱਲੇ ਪੁੱਤ ਦਾ ਭੁੰਨ ਕੇ ਖਿੱਲ੍ਹ ਬਣਾਇਆ ਪਿਆ ਹੈ ਤੇ ਤਾਰੋ ਦੇ ਸਿਰ ਵਿਚੋਂ ਤੂੜੀ ਨਹੀਂ ਨਿਕਲਦੀ।

# ਗੱਲ ਤੇਰੀ ਠੀਕ ਹੈ ਔਰਤ ਬਗੈਰ ਤਾਂ ਬੰਦਾ ਲੰਡਾ ਜੇਹਾ ਹੀ ਹੋ ਜਾਂਦਾ

ਗੱਜਣਵਾਲਾ ਸੁਖਮਿੰਦਰ

ਵੱਡੇ-ਵੱਡੇ ਹੋਟਲਾਂ 'ਚ ਮਹਿਮਾਨਾਂ ਨੂੰ ਖੁਸ਼ ਰੱਖਣ ਲਈ ਇਕ ਰਿਵਾਜ ਜਿਹਾ ਹੁੰਦਾ, ਜਿਥੇ ਜਨਤਾ ਬੀਅਰਾਂ ਤੇ ਦਾਰੂਆਂ ਦੇ ਪੈਗ ਬੜ੍ਹਕਾ ਰਹੀ ਹੁੰਦੀ ਐ, ਉਸੇ ਹਾਲ ਵਿਚ ਥੋੜ੍ਹੇ ਜਿਹੇ ਸਮੇਂ ਬਾਅਦ ਤਿੰਨ ਚਾਰ ਜਣੇ ਸਾਜ਼ ਸਾਮਾਨ ਲਿਆ ਹਲਕਾ-ਹਲਕਾ ਸੰਗੀਤ ਜਿਹਾ ਛੇੜ ਦਿੰਦੇ ਨੇ। ਅਸਾਂ ਅਜੇ ਦੋ-ਦੋ ਗਲਾਸੀਆਂ ਹੀ ਡਾਊਨ ਕੀਤੀਆਂ ਸਨ ਕਿ ਸੰਗੀਤ ਪਾਰਟੀ ਕਲਾਸੀਕਲ ਜਿਹੇ ਪਹਿਰਾਵੇ ਪਹਿਨੀ ਆ ਪਧਾਰੀ। ਸ਼ੁਰੂ 'ਚ ਤਾਂ ਉਨ੍ਹਾਂ ਗ਼ਜ਼ਲਾਂ ਵਗੈਰਾ ਛੂਹੀਆਂ ਸੀਗੀਆਂ ਤੇ ਫੇਰ ਐਂ ਜਾਪਿਆ ਜਿਵੇਂ ਉਨ੍ਹਾਂ ਸਾਨੂੰ ਪੱਗਾਂ ਵਾਲਿਆਂ ਨੂੰ ਵੇਖ ਕੇ ਜਾਣੀਦਾ ਸਾਡੇ ਵੀ ਕੁਝ ਪੱਲੇ ਪੈਜੇ, ਉਨ੍ਹਾਂ ਇਕ ਮਿੱਠੀ ਜਿਹੀ ਪੰਜਾਬੀ ਸੁਰ ਅਲਾਪਣੀ ਸ਼ੁਰੂ ਕਰ ਦਿੱਤੀ ਸੀ ਜਿਸ ਵਿਚ ਹੀਰ ਦੀ ਸੁੰਦਰਤਾ ਦਾ ਜ਼ਿਕਰ ਜ਼ੋਰਾਂ 'ਤੇ ਸੀ। ਬੱਸ ਧਰਤੀ ਦੀਆਂ ਤਰੰਗਾਂ ਦੇ ਕੰਨਾਂ ਵਿਚ ਵੜਨ ਦੀ ਦੇਰ ਸੀ ਕਿ ਘੱਲ ਕਲਾਂ ਵਾਲੇ ਸੌਦਾਗਰ ਦੇ ਸਰੀਰ ਵਿਚ ਖੁਸ਼ੀ ਦੇ ਖੇੜੇ ਨੇ ਝਰਨਾਹਟ ਜੇਹੀ ਫੇਰ ਦਿੱਤੀ। ਉਸ ਨੂੰ ਲੱਗਿਆ ਜਿਵੇਂ ਉਸ ਦੇ ਮਨ ਦੀ ਹੀ ਗੱਲ ਹੋਣ ਲੱਗ ਪਈ ਹੋਵੇ। ਰੀਝ ਨਾਲ ਸੁਣਦਿਆਂ ਐਸ ਤਰ੍ਹਾਂ ਖੁੱਭ ਗਿਆ, ਜਿਵੇਂ ਪੀਣ ਦੀ ਬਜਾਏ ਉਹ ਹੀਰ ਨੂੰ ਪੀ ਰਿਹਾ ਹੋਵੇ। ਪਰ ਅਖੀਰ ਵਿਚ, ਹੀਰ ਦੀ ਸੁੰਦਰਤਾ ਦੀ ਬਾਹਲੀ ਹੀ ਉਪਮਾ ਹੋਣ ਪਿੱਛੋਂ ਜਦ ਗੀਤ ਖਤਮ ਹੋ ਗਿਆ ਸੀ, ਸੁਰਾਂ ਬਦਲ ਗਈਆਂ ਤਾਂ ਪਤਾ ਨਹੀਂ ਉਹਦੇ ਚਿੱਤ ਵਿਚ ਕੀ ਆਇਆ ਕਿ ਆਪਣੇ ਮਨ ਨਾਲ ਨਿਰਣਾ ਜੇਹਾ ਕਰ ਕੇ ਆਪਣੇ ਆਪ ਨੂੰ ਹੀ ਆਂਹਦਾ, "ਸਾਨੂੰ ਤਾਂ ਬਈ ਵਿੰਗੀ-ਟੇਢੀ, ਪੜ੍ਹੀ-ਅਨਪੜ੍ਹੀ ਜਿਵੇਂ ਮਰਜ਼ੀ ਕਹਿਲੋ-ਕਰਲੋ, ਜਿਹੋ-ਜੇਹੀ ਵੀ ਹੈ, ਸਾਡੇ ਵਾਸਤੇ ਤਾਂ ਸਾਡੀ ਘਰਵਾਲੀ ਈ ਸਿਆਲਾਂ ਦੀ ਹੀਰ ਐ।"

ਪਿਛਲੇ ਹਫਤੇ ਬੋਹੜ ਥੱਲੇ ਬੈਠੇ ਸਾਂ ਤੇ ਗੱਪਸ਼ੱਪ ਚਲ ਰਿਹਾ ਸੀ। ਮਾਮਾ ਸੱਥ 'ਚ ਗੁਣਵੰਤਰੀ ਬਣਿਆ ਕਥਨ ਕਰ ਰਿਹਾ ਸੀ ਕਿ ਘਰ ਅਸਲ ਵਿਚ, ਔਰਤ ਨਾਲ ਹੀ ਹੁੰਦਾ ਐ। ਔਰਤ ਘਰ ਦੀ ਰੂਹ ਹੁੰਦੀ ਹੈ। ਜੇ ਘਰ ਭਰਿਆ-ਭਰਿਆ ਲਗਦਾ ਹੈ ਤਾਂ ਉਹ ਇਸ ਦੇ ਕਰ ਕੇ ਹੀ ਹੈ। ਕਿੰਨੀਆਂ ਅਮੀਰੀਆਂ ਹੋਣ, ਨੌਕਰ-ਚਾਕਰ ਲੱਖ ਅੱਗੇ-ਪਿੱਛੇ ਤੁਰੇ ਫਿਰਦੇ ਹੋਣ, ਬੰਦੇ ਦੀ ਦੁਨੀਆਂ ਔਰਤ ਨਾਲ ਹੀ ਹੁੰਦੀ ਹੈ। ਉਹਦੇ ਬਗੈਰ ਦੁਹਾਸਵੇਂ-ਤਿਹਾਸਵੇਂ ਕੋਈ ਨਹੀਂ ਸੋਂਹਦੇ। ਔਰਤ ਬਗੈਰ ਬੰਦੇ ਦੀ ਦੁਨੀਆਂ ਸੁੰਗੜ ਕੇ ਭੋਰਾ ਕੁ ਰਹਿ ਜਾਂਦੀ ਹੈ। ਭਾਣਜੇ ਬਾਜ਼ਾਰਾਂ ਵਿਚੋਂ ਹਰ ਪਦਾਰਥ ਮਿਲ ਸਕਦਾ ਹੈ ਪਰ ਵੇਲੇ ਕੁਵੇਲੇ ਠੰਢਾ-ਤੱਤਾ ਦੇਣ ਵਾਲੀ ਦੀਆਂ ਕੀਮਤਾਂ ਦੇ ਅਹਿਸਾਸ ਵੱਖਰੇ ਹੀ ਹੁੰਦੇ ਹਨ।"

ਮਾਮਾ ਅਜੇ ਬੋਲ ਕੇ ਹਟਿਆ ਸੀ ਤਾਂ 'ਘੋਗੀ' ਛੜਾ ਬੈਠਣ ਸਾਰ ਖੁੱਚ ਖੁਰਕ ਕੇ ਆਂਹਦਾ, "ਬਈ ਦੁਨੀਆ ਦੇ ਡਮਾਕ ਨੂੰ ਪਤਾ ਨਹੀਂ ਅੱਜਕੱਲ੍ਹ ਕੀ ਹੋ ਗਿਆ, ਹਰ ਇਕ ਜਨਾਨੀਆਂ ਦੇ ਹੇਜ 'ਚ ਵੈਰਾਗਿਆ ਪਿਆ। ਪਰਸੋਂ ਮੈਂ ਤੇ ਬਾਪੂ, ਜੈਮਲੇਵਾਲੇ ਸਿੰਗਾਪੁਰੀਏ ਭਰਪੂਰ ਸਿਹੁੰ ਦੀ ਘਰਵਾਲੀ ਮਰ ਗਈ ਆ ਨਾ, ਖਬਰ ਨੂੰ ਗਏ ਸੀ। ਜਦ ਬਾਪੂ ਨੇ ਆਖਿਆ ਕਿ ਸਾਨੂੰ ਤਾਂ ਅੱਜ ਹੀ ਪਤਾ ਲੱਗਾ ਬਈ ਵੀਹ-ਪੱਚੀ ਦਿਨ ਹੋਗੇ ਆ ਛਿੰਦਰਪਾਲ ਦੀ ਬੇਬੇ ਪੂਰੀ ਹੋ ਗਈ ਐ। ਮਾੜਾ-ਮੋਟਾ ਪਤਾ ਲੱਗ ਜਾਂਦਾ, ਭੋਗ 'ਤੇ ਆ ਜਾਂਦੇ ਤਾਂ ਮੂਹੜੇ 'ਤੇ ਢੋਅ ਲਾਈ ਬੈਠਾ ਸਿੰਗਾਪੁਰੀਆ ਬਾਹਲਾ ਈ ਪਲੱਤਣਾਂ ਫਿਰਿਆ ਜਿਹਾ ਮੂੰਹ ਬਣਾ ਕੇ ਆਂਹਦਾ ਕਿ ਮੋਠਾ ਸਿੰਹਾਂ ਅਖਬਾਰ 'ਚ ਤਾਂ ਕਢਾਤਾ ਸੀ। ਖੁਸ਼ੀ ਦੀ ਗੱਲ ਹੁੰਦੀ ਤਾਂ ਕਿਸੇ ਨੂੰ ਦੱਸਦੇ। ਬੱਸ ਕਿਸੇ ਕੋਲ ਗੱਲ ਕਰਨ ਨੂੰ ਜੀਅ ਹੀ ਨਹੀਂ ਕੀਤਾ। ਕਈ 'ਵੱਡੀ' ਕਰਨ ਬਾਬਤ ਆਖਦੇ ਸੀ ਬਈ ਬਲਵੰਤ ਕੁਰ ਪੋਤੇ-ਦੋਹਤਿਆਂ ਵਾਲੀ ਹੋ ਕੇ ਮਰੀ ਐ। ਪਰ ਮੈਂ ਈ ਏਹ ਆਖ ਕੇ ਰੋਕਤਾ ਸੀ ਕਿ ਮੇਰੇ ਘਰ ਦਾ ਤਾਂ ਵਾਹਣ ਹੋ ਗਿਐ, ਉਹ ਨ੍ਹੀ ਮਰੀ, ਮਰ ਤਾਂ ਮੈਂ ਗਿਐਂ। ਅਜੇ ਤੀਕ ਸਮਝ ਨਹੀਂ ਆ ਰਹੀ, ਇਹ ਬਣ ਕੀ ਗਿਆ। ਥੋਨੂੰ ਲੱਡੂ-ਜਲੇਬੀਆਂ ਦੀ ਬਣੀ ਐ। ਇਸ ਕਰਕੇ ਮੋਠਾ ਸਿੰਹਾਂ ਮੈਂ ਸੋਚਿਆ ਛੱਡ ਪਰ੍ਹਾਂ ਕੀ ਐਵੇਂ.... ਲੋਕਾਂ ਨੂੰ ਸੱਦੀ ਜਾਣੈ। ਮਾਮਾ ਸੱਚ ਕਰਕੇ ਜਾਣੀ ਅੱਜ ਕੱਲ੍ਹ ਸਿਆਣੇ ਬਿਆਣੇ ਵੀ, ਜਵਾਂ ਖੜਕ ਕੇ ਕੋਤਰ ਸੌ ਦੀਆਂ ਹੋ ਕੇ ਮਰੀਆਂ ਤੇ ਵੀ ਐਂ ਵੈਰਾਗ ਜੇਹਾ ਵਖਾਉਂਦੇ ਐ ਜਿਵੇਂ ਜੱਚਾ-ਬੱਚਾ ਸਣੇ, ਉਨੀਆਂ ਦੀ ਮਰਗੀ ਹੋਵੇ।"

ਘੋਗੀ ਨੇ ਗੱਲ ਖਤਮ ਕਰਕੇ ਦੂਜੀ ਖੁੱਚ ਖੁਰਕਣੀ ਸ਼ੁਰੂ ਹੀ ਕੀਤੀ ਸੀ ਕਿ ਸਭਿਆਚਾਰਕ ਗਰੁੱਪਇਜ਼ਮ ਦਾ ਸ਼ਿਕਾਰ ਹੋਇਆ ਸੁਖਦੇਵ ਫੌਜੀ ਤਿੜਕ ਕੇ ਬੋਲਿਆ, "ਜਾ ਓਏ ਬੈਠਾ ਰਹਿ ਵੱਡਾ ਪੰਚੈਤੀਆ, ਨਲੀ ਨਾ ਪੂੰਝਣ ਭੂਤਨੇ, ਪੁੱਤ ਬੋਹਲਾਂ ਦਾ ਰਾਖਾ। ਰੰਨ ਨ੍ਹੀਂ, ਕੰਨ ਨ੍ਹੀ, ਦੁਆਨੀ ਲਾਉਣੀ ਨੀ, ਤੱਤੀਆਂ-ਤੱਤੀਆਂ ਲਾਹ ਕੇ ਖੁਆਉਣ ਵਾਲੀ ਦਾ ਤੈਨੂੰ ਕੋਈ ਇਲਮ ਹੋਵੇ ਤਾਂ ਅੰਦਰ ਕੋਈ ਚਨੈਣ ਜਾਗੇ, ਬਈ.... ਔਰਤ ਕੀ ਹੁੰਦੀ ਐ, ਮਾਰੀ ਜਾਂਦਾ ਬੇਹੀਆਂ-ਤਬੇਹੀਆਂ ਖਾ ਕੇ... ਵੱਡਾ ਛੜਿਆਂ ਦਾ ਸਿਰਤਾਜ।"

ਫੌਜੀ ਨੇ ਅਜੇ ਆਪਣੀ ਸ਼ਬਦੀ ਹਾਜ਼ਰੀ ਲੁਆਈ ਹੀ ਸੀ ਕਿ ਘੋਨੇ ਕਾ ਜਲੌਰਾ ਮੈਨੂੰ ਆਂਹਦਾ, "ਬਾਈ ਜੀ, ਤਾਇਆ ਡੋਗਰ ਆ ਰਿਹਾ, ਏਹਦੀ ਘਰ ਵਾਲੀ ਬਸੰਤੋ ਪੂਰੀ ਤਰ੍ਹਾਂ ਖਾ-ਹੰਢਾ ਕੇ ਅੱਸੀਆਂ ਪਚਾਸੀਆਂ ਦੀ ਹੋ ਕੇ ਮਰੀ ਐ ਤੇ ਉਹਨੂੰ ਮਰੀ ਨੂੰ ਡੇਢ ਕੁ ਮਹੀਨਾ ਹੋ ਗਿਐ। ਪਰ ਤਾਏ ਡੋਗਰ ਦੇ ਚਿੱਤ ਵਿਚ ਅਜੇ ਤੀਕ ਤਾਈ ਓਵੇਂ ਹੀ ਬੈਠੀ ਹੈ, ਚਿੱਤ 'ਚੋਂ ਥੱਲੇ ਨਹੀਂ ਲੱਥ ਰਹੀ। ਤੂੰ ਐਂ ਕਰੀਂ ਜਦੋਂ ਬੋਹੜ ਥੱਲੇ ਆਣ ਕੇ ਬੈਠ ਗਿਆ ਨਾ, ਬੱਸ ਮਾੜੀ ਜਿੰਨੀ ਗੱਲ ਤੋਰਕੇ ਸੁੱਖ ਸਾਂਦ ਜੇਹੀ ਪੁੱਛ ਲੀਂ, ਫੇਰ ਵੇਖੀਂ ਮਾਮੇ ਦੀ ਕਥਨੀ 'ਚ ਕਿੰਨਾ ਕੁ ਸੱਚ ਹੈ।"

ਡੋਗਰ ਨਿਮੋਝੂਣਾ ਜੇਹਾ ਹੋ ਕੇ ਜਦ ਥੜ੍ਹੇ ਦੇ ਕਿਨਾਰੇ 'ਤੇ ਫੂਕ ਜੇਹੀ ਮਾਰ ਕੇ ਬੈਠ ਗਿਆ ਤਾਂ ਮੈਂ ਕਿਹਾ, "ਤਾਇਆ ਜੀ, ਕੈਸੇ ਹਾਲ-ਚਾਲ ਨੇ, ਮੈਨੂੰ ਤਾਂ ਹੁਣ ਐਥੇ ਆ ਕੇ ਪਤਾ ਲੱਗਿਆ ਬਈ ਤਾਈ ਜੀ...?" ਤੇ ਉਹ ਫਿਰ ਚਲ ਪਿਆ ਸੀ, "ਭਤੀਜ, ਕੀ ਦੱਸਾਂ ਆਉਂਦੀ ਤਾਂ ਕਹਿੰਦੇ ਨੂੰ ਸ਼ਰਮ ਜੇਹੀ ਈ ਐ ਪਰ ਐਂ ਲਗਦਾ ਜਿਵੇਂ ਘਰ 'ਚੋਂ ਤੁਲਸੀ ਦਾ ਬੂਟਾ ਪੱਟਿਆ ਗਿਆ ਹੋਵੇ। ਸਰੀਰ ਨੂੰ ਹੀ ਪਤਾ ਨਹੀਂ ਕੀ ਹੋਇਆ ਪਿਆ, ਉਹਦੇ ਬਗੈਰ ਮਿੱਟੀ ਜੇਹਾ ਹੀ ਹੋ ਗਿਆ। ਜਿਵੇਂ ਅੰਦਰ ਤਾਪ ਜੇਹਾ ਰਹਿਣ ਲਗ ਪਿਆ ਹੋਵੇ, ਸਾਰਾ ਦਿਨ ਚਿੱਤ ਮਧੋਲਿਆ ਜੇਹਾ ਹੀ ਰਹਿੰਦਾ। ਪਿਛਲੀ ਉਮਰ ਸੀ ਵਾਹਵਾ ਨਿੱਕੇ-ਨਿੱਕੇ ਘੈਣੇ ਜੇਹੇ ਪਾ ਕੇ ਟੈਮ ਸੋਹਣਾ ਨਿਕਲੀ ਜਾਂਦਾ ਸੀ। ਉਹਦੇ ਬਗੈਰ ਤਾਂ ਐਂ ਲੱਗਦਾ ਜਿਵੇਂ ਮੈਂ ਗੂੰਗਾ ਜੇਹਾ ਹੀ ਹੋ ਗਿਆ ਹੋਵਾਂ। ਭਤੀਜ ਜਦੋਂ ਉਹਦਾ ਚੇਤਾ ਆਉਂਦਾ ਨਾ, ਕਦੇ-ਕਦੇ ਜੀ ਕਰਦਾ ਭੁੱਬਾਂ ਮਾਰ ਕੇ ਰੋ ਪਾਂ। ਸੁਭਾਅ ਦੀ ਤਾਂ ਪਹਿਲੇ ਦਿਨੋ ਹੀ, ਬਾਹਲੀ ਹੀ ਚੰਗੀ ਸੀ। ਛੋਟੀ ਜਹੀ ਉਮਰ ਸੀ ਜਦੇ ਸਾਡਾ ਵਿਆਹ ਕਰਤਾ ਸੀ, ਦੋ ਕੁ ਸਾਲ ਬਾਅਦ ਅਖੇ ਕੁੜੀ ਉਮਰ 'ਚ ਅਜੇ ਛੋਟੀ ਆ, ਮੁਕਲਾਵਾ ਆ ਗਿਆ ਸੀ। ਚਾਹੇ ਅੱਲੜ ਜੇਹੀ ਹੀ ਸੀ ਪਰ ਹੁੰਦੜ ਹੇਲ ਬਹੁਤ ਸੀ। ਬਾਹਲੇ ਚੋਅਲ-ਮੋਅਲ ਦੇ ਦਿਨ ਸੀਗੇ। ਥੱਕਦੀ ਤਾਂ ਉਹ ਹੈ ਹੀ ਨਹੀਂ ਸੀ। ਬਹੁਤ ਬਲਿਆਰ ਔਰਤ ਸੀ ਬਈ। ਹੁਣ ਦੀਆਂ ਤਾਂ ਡੂਢ ਜੁਆਕ ਜੰਮ ਕੇ ਫੁੜਕ ਕੇ ਡਿੱਗ ਪੈਂਦੀਆਂ ਪਰ ਉਹਨੇ ਮਾਂ ਦੀ ਧੀ ਨੇ ਅੱਠ-ਦਸ ਜੰਮ ਕੇ ਵੀ ਪੱਚੀ-ਪੱਚੀ ਦਿਹਾੜੀਆਂ ਦੀਆਂ ਹੁਣ ਤੱਕ ਰੋਟੀਆਂ ਪਕਾਈਆਂ। ਭਤੀਜ ਜੁਆਕਾਂ ਦਾ ਮੋਹ ਤਾਂ ਹੁੰਦਾ ਈ ਐ, ਸਹੁਰੀ ਦੇ ਤੁਰ ਜਾਣ ਪਿੱਛੋਂ ਤਾਂ ਉਹਦੇ ਹੱਥ ਪਈ ਚੂਹੜਚੱਕ ਵਾਲੀ ਝੋਟੀ ਵੀ ਲੱਤ ਚੁੱਕ ਗਈ, ਉਹ ਵੀ ਮਿਲਣੋ ਹਟਗੀ। ਜਿਉਣਾ ਜੂਣਾ ਹੁਣ ਕਾਹਦਾ ਰਹਿ ਗਿਆ। ਬਸ ਓਸੇ ਘਰ 'ਚ ਕੰਧੀਂ ਕੌਅਲੀਂ ਵੱਜ ਕੇ ਵਕਤ ਜੇਹਾ ਪਾਸ ਕਰਨ ਵਾਲੀ ਗੱਲ ਹੋਈ ਪਈ ਐ।"

ਮਾਮਾ ਫੇਰ ਕਥਨ ਕਰਦਾ ਹੋਇਆ ਕਹਿਣ ਲੱਗਿਆ, "ਕੋਈ ਸਮਝੇ ਚਾਹੇ ਨਾ ਸਮਝੇ, ਭਾਣਜੇ ਸਾਕ-ਸਬੰਧੀਆਂ ਨਾਲ ਵਰਤਣਾ ਹੁੰਦੈ। ਬੰਦੇ ਨੂੰ ਐਨੀ ਸੂੰਹ ਕਿੱਥੇ। ਰਿਸ਼ਤਿਆਂ ਨੂੰ ਜੋੜੀ ਰੱਖਣ ਦੀ ਜਾਚ ਔਰਤ ਕੋਲ ਹੀ ਹੈ। ਗੱਲ ਏਹ ਐ ਬਈ ਬੰਦਾ ਚਾਹੇ ਕਿਸੇ ਵੀ ਉਮਰ 'ਚ ਹੋਵੇ, ਔਰਤ ਦੇ ਸਾਥ ਬਗੈਰ ਉਸ ਦੀ ਜ਼ਿੰਦਗੀ ਦੇ ਮੈਅਨੇ ਜੇਹੇ ਹੀ ਮੁੱਕ ਜਾਂਦੇ ਐਂ, ਲੱਗਣ ਲੱਗ ਪੈਂਦਾ ਜਿਵੇਂ ਔਰਤ ਬਗੈਰ ਬੰਦਾ ਲੰਡਾ ਜੇਹਾ ਤੁਰਿਆ ਫਿਰਦਾ ਹੋਵੇ।"

ਸੁਣ ਕੇ ਡੋਗਰ ਫੇਰ ਬੋਲਿਆ, 'ਮਾਮਾ ਗਣਵੰਤਰੀਆਂ, ਤੇਰਾ ਕਿਹਾ ਸਾਰਾ ਠੀਕ, ਪਰ ਸਿੰਗਾਪੁਰੀਏ ਸਰਦੇ ਪੁਜਦੇ ਨੇ, ਬਹੁਤ ਮਾੜੀ ਕੀਤੀ, ਉਹਨੂੰ ਜ਼ਰੂਰ ਵੱਡੀ ਕਰਨੀ ਬਣਦੀ ਸੀ। ਮੈਂ ਤਾਂ ਪਰੋਖੋਂ ਨਾ ਹੋਣ 'ਤੇ ਵੀ ਹੋਰ ਨਾ ਸਹੁਰੀ ਦੀ ਰੂਹ ਭਟਕਦੀ ਫਿਰੇ, ਚੌਲਾਂ ਦਾ ਕੜਾਹਿਆ ਕੱਢ ਕੇ ਖੁਆਤਾ ਸੀ। ਊਂ ਗੱਲ ਤੇਰੀ ਠੀਕ ਹੈ ਬੰਦਾ ਲੰਡਾ ਜੇਹਾ ਹੀ ਹੋ ਜਾਂਦਾ।'

**ਗ਼ਦਰ ਦੀਆਂ ਬਾਤਾਂ**

# ਵਾਸ਼ਿੰਗਟਨ 'ਚ ਹਿੰਦੋਸਤਾਨੀਆਂ ਦੀ ਇੱਜ਼ਤ ਅਤੇ ਬੇਇੱਜ਼ਤੀ

*3 ਫਰਵਰੀ 1914 ਨੂੰ '.ਗਦਰ' ਅਖ਼ਬਾਰ ਦੇ ਸਫਾ 5 'ਤੇ ਇਹ ਖ਼ਬਰ ਛਪੀ 'ਹੁਣ ਦੱਸੋ ਕੀ ਕਰੀਏ?' ਇਹ ਅਮਰੀਕਾ ਦੇ ਅਖ਼ਬਾਰਾਂ ਵਿਚ ਛਪੀ ਖ਼ਬਰ ਬਾਰੇ ਸੀ ਕਿ ਅਮਰੀਕਾ ਦੀ ਸਰਕਾਰ ਕਾਨੂੰਨ ਪਾਸ ਕਰਨ ਲੱਗੀ ਹੈ ਕਿ ਹਿੰਦੋਸਤਾਨੀਆਂ ਦਾ ਅਮਰੀਕਾ ਵਿਚ ਆਉਣਾ ਬੰਦ ਕੀਤਾ ਜਾਵੇ।*

*ਇਸ 'ਤੇ ਅਮਰੀਕਨ ਸਰਕਾਰ ਨਾਲ ਗੱਲਬਾਤ ਕਰਨ ਲਈ ਖ਼ਾਲਸਾ ਦੀਵਾਨ ਸੁਸਾਇਟੀ ਨੇ ਡੈਪੂਟੇਸ਼ਨ ਵਾਸ਼ਿੰਗਟਨ ਨੂੰ ਭੇਜਿਆ ਜਿਸ ਵਿਚ ਲਾਲਾ ਹਰਦਿਆਲ, ਪ੍ਰੋ. ਬੋਸ ਅਤੇ ਡਾ. ਬਿਸ਼ਨ ਸਿੰਘ ਸ਼ਾਮਲ ਸਨ। ਇਹ ਡੈਪੂਟੇਸ਼ਨ 4 ਫਰਵਰੀ 1914 ਨੂੰ ਸਾਨ ਫਰਾਂਸਿਸਕੋ ਤੋਂ ਤੁਰਿਆ। ਆਪਣਾ ਕੰਮ ਨਿਪਟਾ ਕੇ ਲਾਲਾ ਹਰਦਿਆਲ, ਡਾ. ਬਿਸ਼ਨ ਸਿੰਘ 26 ਫਰਵਰੀ ਨੂੰ ਵਾਪਸ ਸਾਨ ਫਰਾਂਸਿਸਕੋ ਪਹੁੰਚ ਗਏ ਅਤੇ ਪ੍ਰੋ. ਬੋਸ ਉਥੋਂ ਸਿੱਧੇ ਆਇਓਆ ਚਲੇ ਗਏ। ਲਾਲਾ ਹਰਦਿਆਲ ਨੇ ਆਉਂਦਿਆਂ ਹੀ ਲਾਮਿਸਾਲ ਲੇਖ 'ਆਜ਼ਾਦੀ ਅਤੇ ਤਰੱਕੀ ਦੇ ਅਸੂਲ' ਦੇ ਸਿਰਲੇਖ ਹੇਠ ਲਿਖਿਆ ਜਿਸ ਤੋਂ ਉਨ੍ਹਾਂ ਦੀ ਸੂਝ ਅਤੇ ਵਿਦਵਤਾ ਦਾ ਪਤਾ ਲਗਦਾ ਹੈ। ਪੇਸ਼ ਹੈ ਉਨ੍ਹਾਂ ਵੱਲੋਂ ਲਿਖੀ ਡੈਲੀਗੇਸ਼ਨ ਦੀ ਰਿਪੋਰਟ ਜੋ 10 ਫਰਵਰੀ, 1914 ਦੇ '.ਗਦਰ' ਅਖ਼ਬਾਰ ਵਿਚ ਛਪੀ ਸੀ।*

*ਪੇਸ਼ਕਸ਼: ਕਸ਼ਮੀਰ ਸਿੰਘ ਕਾਂਗਣਾ*



*ਲਾਲਾ ਹਰਦਿਆਲ*

**ਲਾਲਾ ਹਰਦਿਆਲ**

ਜਦ ਖ਼ਾਲਸਾ ਦੀਵਾਨ ਸੁਸਾਇਟੀ ਨੇ ਵਾਸ਼ਿੰਗਟਨ ਜਾਣ ਦੀ ਸੇਵਾ ਮੇਰੇ ਸਪੁਰਦ ਕੀਤੀ ਤਾਂ ਮੇਰੇ ਦਿਲ ਵਿਚ ਖ਼ਿਆਲ ਆਇਆ ਕਿ ਇਹ ਕੰਮ ਕਰਨ ਖ਼ਾਤਰ ਇਕ ਪਾਸੇ ਤਾਂ ਮੁਲਕ ਦਾ ਫ਼ਾਇਦਾ ਵੀ ਹੈ ਤੇ ਦੂਜੇ ਨਿਰਾਦਰ ਵੀ। ਫ਼ਾਇਦਾ ਇਹ ਹੈ ਕਿ ਜਿਹੜੇ ਇਲਜ਼ਾਮ ਅਹਿਮਕ ਤੇ ਬੇਵਕੂਫ਼ ਵਿਰੋਧੀ ਅਖ਼ਬਾਰਾਂ ਵਾਲਿਆਂ ਅਤੇ ਰਾਜ ਸਭਾ ਦੇ ਮੈਂਬਰਾਂ ਨੇ ਹਿੰਦੂਆਂ ਪੁਰ ਲਾਏ ਹਨ, ਉਨ੍ਹਾਂ ਦਾ ਜਵਾਬ ਦਿੱਤਾ ਜਾਵੇ ਅਤੇ ਹਿੰਦੋਸਤਾਨੀਆਂ ਦੇ ਹੱਕ ਮੰਗੇ ਜਾਣ ਅਤੇ ਨਾਲ ਹੀ ਬੇਇੱਜ਼ਤੀ ਇਹ ਹੈ ਕਿ ਸਾਡਾ ਕੋਈ ਸਫ਼ੀਰ ਜਾਂ ਕੌਂਸਲ ਵਾਸ਼ਿੰਗਟਨ ਵਿਚ ਨਹੀਂ ਹੈ ਜਿਹੜਾ ਸਾਡੀ ਵਕਾਲਤ ਕਰੇ। ਜੇ ਹੁੰਦਾ ਤਾਂ ਡੈਪੂਟੇਸ਼ਨ ਭੇਜਣ ਦੀ ਕੀ ਲੋੜ ਸੀ। ਇਸ ਤੋਂ ਬਗ਼ੈਰ ਤੀਹ ਕਰੋੜ ਆਦਮੀਆਂ ਦੇ ਮੁਲਕ ਵੱਲੋਂ ਐਵੇਂ ਗ਼ੁਲਾਮੀ ਦੀ ਹਾਲਤ ਵਿਚ ਆਜ਼ਾਦ ਕੌਮਾਂ ਦੀ ਰਾਜਧਾਨੀ ਵਿਚ ਜਾ ਕੇ ਸਿਰਫ਼ ਆਪਣੇ ਬੁਰੇ ਹਾਲਾਂ ਦੀ ਡੌਂਡੀ ਪਿੱਟਣੀ ਸੀ। ਲੋਕ ਇਹ ਵੀ ਕਹਿਣਗੇ ਕਿ ਗ਼ੁਲਾਮ ਹਿੰਦੂ ਆਏ ਹਨ। ਕਿਸੇ ਜਿੱਤ ਦੀ ਉਮੀਦ ਤਾਂ ਨਾ ਸੀ ਕਿਉਂਕਿ ਸਾਡਾ ਕੋਈ ਜ਼ੋਰ ਨਹੀਂ ਸੀ ਅਤੇ ਰਾਜਨੀਤੀ ਦੇ ਅਨੁਸਾਰ ਅਮਰੀਕਨ ਗਵਰਮਿੰਟ ਜੇ ਬਾਤ ਸੁਣੇ ਕਿਉਂਕਿ ਮੁਲਕੀ ਮਾਮਲਿਆਂ ਵਿਚ ਸਿਰਫ਼ ਅੰਗਰੇਜ਼ੀ ਕੌਂਸਲ ਦੇ ਰਾਹੀਂ ਬਾਤਚੀਤ ਕਰ ਸਕਦੇ ਹਾਂ। ਇਕ ਸਭਾ ਦੇ ਭੇਜੇ ਹੋਏ ਦੋ-ਤਿੰਨ ਆਦਮੀਆਂ ਦੀ ਰਾਜਨੀਤੀ ਦੇ ਮੈਦਾਨ ਵਿਚ ਕੋਈ ਕਦਰ ਨਹੀਂ ਹੈ। ਬਸ ਕੌਂਸਲ ਵਿਚ ਜਾਣਾ ਹੀ ਬੜਾ ਮੁਸ਼ਕਲ ਸੀ।

**ਜਿੱਤ:** ਪਰ ਨਤੀਜਾ ਇਹ ਹੋਇਆ ਕਿ ਉਮੀਦ ਤੋਂ ਜ਼ਿਆਦਾ ਜਿੱਤ ਹੋਈ। ਹਿੰਦੋਸਤਾਨ ਦੀ ਬਹੁਤ ਇੱਜ਼ਤ ਹੋਈ। ਹੌਲੀ-ਹੌਲੀ ਹੱਥ ਜੋੜਨ ਦੀ ਬਜਾਏ ਬੜੇ ਜ਼ੋਰ ਨਾਲ ਆਪਣੇ ਹੱਕ ਮੰਗੇ ਗਏ। ਜਿਹੜਾ ਕੰਮ ਕੁਝ ਆਦਮੀ ਬਗ਼ੈਰ ਕਿਸੇ ਗਵਰਮਿੰਟ ਦੇ ਨਹੀਂ ਸਨ ਕਰ ਸਕਦੇ, ਬੜੀ ਆਸਾਨੀ ਨਾਲ ਹੋ ਗਿਆ।

**ਆਜ਼ਾਦੀ ਦੀ ਲਾਮ ਡੋਰੀ:** ਇਹ ਪਹਿਲਾ ਡੈਪੂਟੇਸ਼ਨ ਹੈ ਜਿਹੜਾ ਹਿੰਦੋਸਤਾਨ ਵੱਲੋਂ ਪੂਰੇ ਦੇਸ਼ ਦੀ ਸਰਕਾਰ ਅੱਗੇ ਭੇਜਿਆ ਗਿਆ ਹੈ। ਕਲਕੱਤੇ ਅਤੇ ਲੰਡਨ ਤਕ ਅਰਜ਼ੀਆਂ ਲੈ ਕੇ ਭੱਜਣਾ ਸਿਰਫ਼ ਗ਼ੁਲਾਮੀ ਹੈ ਪਰ ਦੂਜੀਆਂ ਆਜ਼ਾਦ ਕੌਮਾਂ ਅੱਗੇ ਜਾ ਕੇ ਆਪਣੇ ਵਰਤਾਓ ਸ਼ੁਰੂ ਕਰ ਦੇਣੇ, ਰਾਜਨੀਤੀ ਦੇ ਮੈਦਾਨ ਵਿਚ ਪੈਰ ਰੱਖਣਾ ਹੈ। ਇਹ ਡੈਪੂਟੇਸ਼ਨ ਹਿੰਦੋਸਤਾਨ ਦੇ ਆਜ਼ਾਦ ਹੋਣ ਦੀ ਲਾਮ ਡੋਰੀ ਹੈ ਅਤੇ ਅਸੀਂ ਸੇਵਕ, ਹਿੰਦੋਸਤਾਨ ਕੌਂਸਲ ਸਾਂ। ਬਸ ਸਾਰੇ ਭਾਈਆਂ ਨੂੰ ਖ਼ੁਸ਼ ਹੋਣਾ ਚਾਹੀਦਾ ਹੈ ਕਿ ਅਸਾਡੀ ਪਹਿਲੀ ਕੋਸ਼ਿਸ਼ ਪੂਰੀ ਹੋਈ ਅਤੇ ਤਾਕਤ ਦੇ ਅਨੁਸਾਰ ਜਿੱਤ ਹੋਈ।

**ਪਗੜੀ ਦੀ ਸ਼ਾਨ:** ਡੈਪੂਟੇਸ਼ਨ ਵਿਚ ਤਿੰਨ ਸੇਵਕ ਸਨ-ਪ੍ਰੋ. ਬੋਸ ਜਿਹੜਾ ਆਇਓਆ ਯੂਨੀਵਰਸਿਟੀ ਵਿਚ ਰਾਜਨੀਤੀ ਪੜ੍ਹਾਉਂਦਾ ਹੈ, ਡਾ. ਬਿਸ਼ਨ ਸਿੰਘ ਅਤੇ ਹਰਦਿਆਲ।

ਕੈਲੀਫੋਰਨੀਆ ਤੋਂ ਲੈ ਕੇ ਵਾਸ਼ਿੰਟਗਟਨ ਤਕ ਜ਼ਮੀਨ ਬਰਫ਼ ਨਾਲ ਸਫ਼ੈਦ ਸੀ ਜਿਸ ਨੂੰ ਦੇਖ ਕੇ ਦਿਲ ਬੜਾ ਖ਼ੁਸ਼ ਹੁੰਦਾ ਸੀ। ਵਾਸ਼ਿੰਗਟਨ ਪਹੁੰਚ ਕੇ ਵਧੀਆ ਹੋਟਲ ਵਿਚ ਕਮਰੇ ਲਏ, ਭਈ ਡੈਪੂਟੇਸ਼ਨ ਦੀ ਸ਼ਾਨ ਰਹੇ ਕਿਉਂਕਿ ਉਥੇ ਸ਼ਾਨ ਨਾਲ ਰਹੇ ਬਗ਼ੈਰ ਕੰਮ ਨਹੀਂ ਬਣਨਾ ਸੀ। ਹੋਰ ਸਭ ਦੇ ਪਗੜੀਆਂ ਬੰਨ੍ਹੀਆਂ ਹੋਈਆਂ ਸਨ। ਫੇਰ ਤਾਂ ਹੱਦ ਹੀ ਹੋ ਗਈ। ਪਗੜੀ ਹੋਣ ਕਰਕੇ ਬਾਜ਼ਾਰਾਂ ਵਿਚ ਧੂੰਮ ਮਚ ਗਈ ਕਿ ਹਿੰਦੋਸਤਾਨੀ ਡੈਲੀਗੇਟ ਆਏ ਹਨ। ਇਕ ਸਾਹਿਬ ਨੇ ਪਗੜੀ 'ਤੇ ਸੁਨਹਿਰੀ ਤੁਰ੍ਹਾ ਲਾ ਲਿਆ। ਹਰ ਅਖ਼ਬਾਰ ਵਾਲੇ ਨੇ ਸਾਰਾ ਹਾਲ ਲਿਖਿਆ ਪਰ ਇਕ ਹੋਟਲ ਵਾਲੇ ਨੇ ਕਮਰਾ ਦੇਣ ਤੋਂ ਨਾਂਹ ਵੀ ਕਰ ਦਿੱਤੀ ਸੀ। ਇਹ ਇੱਜ਼ਤ ਦੇ ਨਾਲ ਬੇਇੱਜ਼ਤੀ ਵੀ ਹੋ ਗਈ।

**ਅਖ਼ਬਾਰਾਂ ਦੀ ਹਮਦਰਦੀ:** ਪਹਿਲੇ ਦਿਨ ਅਖ਼ਬਾਰਾਂ ਵਾਲਿਆਂ ਨਾਲ ਮਿਲਣਾ ਜ਼ਰੂਰੀ ਸੀ ਕਿਉਂਕਿ ਇਸ ਮੁਲਕ ਵਿਚ ਅਖ਼ਬਾਰਾਂ ਦਾ ਰਾਜ ਹੈ। ਜੇ ਅਖ਼ਬਾਰ ਸਾਡੇ ਜਾਣ ਦੀ ਖ਼ਬਰ ਨਾ ਲਿਖਦੇ ਤਾਂ ਫੇਰ ਕਿਸ ਨੇ ਪੁੱਛਣਾ ਸੀ ਅਤੇ ਗਵਰਮਿੰਟ ਬਿਲਕੁਲ ਖ਼ਿਆਲ ਨਾ ਕਰਦੀ। ਇਨ੍ਹਾਂ ਦੇਸ਼ਾਂ ਦਾ ਰਾਜ ਅਖ਼ਬਾਰਾਂ ਦੇ ਹੱਥਾਂ ਵਿਚ ਹੈ। ਬਸ ਅਸੀਂ ਘਰੋਂ ਅਖ਼ਬਾਰਾਂ ਵਾਲਿਆਂ ਦੀ ਭਾਲ ਵਿਚ ਗਏ। ਅਮਰੀਕਨ ਦੋਸਤਾਂ ਦੀ ਮਦਦ ਨਾਲ ਉਨ੍ਹਾਂ ਨਾਲ ਮਿਲੇ। ਉਨ੍ਹਾਂ ਨੇ ਵੀ ਪਗੜੀਆਂ ਦੇਖ ਕੇ ਕਿਹਾ ਕਿ ਬਾਤ ਤਾਂ ਅੱਛੀ ਹੈ। ਬੜੀ ਅੱਛੀ-ਅੱਛੀ ਖ਼ਬਰਾਂ ਬਣਗੀਆਂ। ਬਸ ਦੋਵਾਂ ਪਾਸਿਆਂ ਤੋਂ ਬਾਤਾਂ ਸ਼ੁਰੂ ਹੋ ਗਈਆਂ। ਜਦ ਉਸ ਨੇ ਪੁੱਛਿਆ ਕਿ ਤੁਸੀਂ ਕਿਸ ਦੇਸ਼ ਦੇ ਹੋ ਤਾਂ ਮੇਰੇ ਇਹ ਸ਼ਲੋਕ ਯਾਦ ਆਇਆ:

ਹਿੰਦੋਸਤਾਨ ਦੇ ਅਸੀਂ ਹਾਂ ਰਹਿਣ ਵਾਲੇ,
ਪੁੱਛੋ ਹਾਲ ਕੀ ਅਸਾਂ ਬੇਚਾਰਿਆਂ ਦਾ।
ਕਿਸੇ ਰੋਜ਼ ਸੀ ਬਾਗ਼ ਆਬਾਦ ਸਾਡਾ,
ਕਰਦੇ ਸੈਰ ਸੀ ਅਸੀਂ ਗ਼ੁਬਾਰਿਆਂ ਦਾ।
ਹੋਇਆ ਮਾਣ ਤਕਦੀਰ ਦਾ ਗੇੜ ਐਸਾ,
ਗੁਲਸ਼ਨ ਸੁੱਕਿਆ ਅੱਜ ਕਿਸਮਤ ਮਾਰਿਆਂ ਦਾ।
ਸਾਨੂੰ ਜਾਣ ਗ਼ਰੀਬ ਨਾ ਕਰੋ ਹਾਸੀ,
ਸਗੋਂ ਦੁੱਖ ਪੁੱਛੋ ਦੁੱਖ ਹਾਰਿਆਂ ਦਾ।

ਅੱਛਾ, ਫੇਰ ਆਪਣਾ ਹਾਲ ਸੁਣਾਇਆ। ਸ਼ਾਮ ਨੂੰ ਅਖ਼ਬਾਰ 'ਸਟਾਰ' ਵਿਚ ਚੰਗੀ ਰਿਪੋਰਟ ਛਪੀ। ਅਤੇ ਦੂਜੇ ਵੱਡੇ ਅਖ਼ਬਾਰਾਂ ਵਿਚ ਵੀ ਖ਼ਬਰ ਪੁੱਜ ਗਈ। ਹਮਦਰਦੀ ਦੀ ਖ਼ਾਤਰ ਅਪੀਲ ਕੀਤੀ ਗਈ ਜਿਸ ਦਾ ਇਹ ਫਲ ਹੋਇਆ ਕਿ ਸਵੇਰੇ ਦੋਵੇਂ ਵੱਡੇ ਅਖ਼ਬਾਰ 'ਹੈਰਲਡ' ਅਤੇ 'ਪੋਸਟ' ਵਿਚ ਵਧੀਆ ਲਿਖਿਆ ਗਿਆ। 'ਪੋਸਟ' ਨੇ ਤਾਂ ਡੈਪੂਟੇਸ਼ਨ ਦੀ ਖ਼ਬਰ ਅਤੇ ਸਾਡੇ ਸਵਾਲ ਨੂੰ ਪਹਿਲੇ ਸਫ਼ੇ 'ਤੇ ਰੱਖਿਆ। ਇਹ ਜਾਣਕਾਰੀ ਇੱਜ਼ਤ ਦਾ ਨਿਸ਼ਾਨ ਸੀ ਅਤੇ ਡੈਪੂਟੇਸ਼ਨ ਨੂੰ ਮੰਨਿਆ ਸੀ।

ਸਾਨੂੰ ਨਿਊਜ਼ ਪੇਪਰਾਂ ਦੀ ਹਮਦਰਦੀ ਨਾਲ ਬੜੀ ਖ਼ੁਸ਼ੀ ਹੋਈ। ਮਾਲੂਮ ਹੋਇਆ ਕਿ ਅਸਲ ਵਿਚ ਤਾਂ ਇਹ ਲੋਕ ਦਿਲੋਂ ਹਿੰਦੋਸਤਾਨ ਦੀ ਇੱਜ਼ਤ ਕਰਦੇ ਹਨ ਕਿਉਂਕਿ ਹਿੰਦੋਸਤਾਨ ਵਿਦਿਆ ਦਾ ਸਿਰ ਰਹਿ ਚੁੱਕਾ ਹੈ। ਨਹੀਂ ਤਾਂ ਡੈਪੂਟੇਸ਼ਨ ਦੀ ਬਾਤ ਨਾ ਸੁਣਦੇ। ਅਖ਼ਬਾਰਾਂ ਵਿਚ ਚੰਗੇ ਮਜ਼ਮੂਨ ਲਿਖਵਾਉਣੇ, ਪਹਿਲੀ ਮੰਜ਼ਿਲ ਸੇਵਕਾਂ ਨੇ ਅੱਛੀ ਤਰ੍ਹਾਂ ਮਾਰੀ।

**ਰਾਜ ਸਭਾ ਦੀ ਕਮੇਟੀ:** ਏਸ ਤੋਂ ਮਗਰੋਂ ਏਸ ਬਾਤ ਦੀ ਕੋਸ਼ਿਸ਼ ਸ਼ੁਰੂ ਹੋਈ ਕਿ ਡੈਪੂਟੇਸ਼ਨ ਦਾ ਅਸਲੀ ਮੁੱਦਾ ਪੂਰਾ ਹੋਵੇ। ਜਾਣੀ ਅਮਰੀਕਨ ਗਵਰਮਿੰਟ ਦੇ ਸਾਹਮਣੇ ਪੇਸ਼ ਹੋ ਕੇ ਆਪਣਾ ਹਾਲ ਸੁਣਾਈਏ। ਐਵੇਂ ਇਧਰ-ਉਧਰ ਅਖ਼ਬਾਰਾਂ ਵਿਚ ਛਪਾਉਣਾ ਤੇ ਕੋਈ ਫ਼ਾਇਦਾ ਨਹੀਂ ਸੀ। ਪਰ ਰਾਜ ਸਭਾ ਅੱਗੇ ਪੇਸ਼ ਹੋਣਾ ਕੋਈ ਆਸਾਨ ਬਾਤ ਨਹੀਂ ਸੀ। ਰਾਜਨੀਤੀ ਦੇ ਅਨੁਸਾਰ ਸਾਡੇ ਡੈਪੂਟੇਸ਼ਨ ਦਾ ਮੰਨਿਆ ਜਾਣਾ ਬਹੁਤ ਮੁਸ਼ਕਲ ਸੀ ਕਿਉਂਕਿ ਅਜਿਹੇ ਕੰਮ ਅੰਗਰੇਜ਼ੀ ਕੌਂਸਲ ਰਾਹੀਂ ਹੋਣੇ ਸਨ। ਬਸ ਡਰ ਇਹ ਸੀ ਕਿ ਅਮਰੀਕਨ ਗਵਰਮਿੰਟ ਕਿਤੇ ਜਵਾਬ ਨਾ ਦੇ ਦੇਵੇ ਅਤੇ ਕਹਿ ਨਾ ਦੇਵੇ ਕਿ ਅਸੀਂ ਇਹ ਬਾਤ ਤੁਸਾਂ 'ਤੇ ਨਹੀਂ ਸੁੱਟ ਸਕਦੇ। ਤੁਸੀਂ ਕੌਣ ਅਤੇ ਕਿੱਥੋਂ ਆਏ ਹੋ। ਅਸੀਂ ਤੁਹਾਡੇ ਡੈਪੂਟੇਸ਼ਨ ਨੂੰ ਨਹੀਂ ਮੰਨ ਸਕਦੇ। ਇਹ ਚਾਰ ਅਮਰੀਕਨ ਦੋਸਤਾਂ ਦੀ ਮਦਦ ਨਾਲ ਖੁੱਲ੍ਹ ਗਿਆ। ਪਹਿਲਾਂ ਤਾਂ ਮਿਸਟਰ ਬਰਨੱਟ ਪ੍ਰੈਜ਼ੀਡੈਂਟ ਰਾਜ ਸਭਾ ਦੀ ਮੁਲਾਕਾਤ ਹੋਈ। ਉਸ ਨੇ ਸ਼ੁਰੂ ਵਿਚ ਤਾਂ 'ਹਾਂ-ਹੂੰ' ਕੀਤੀ ਅਤੇ ਅਖ਼ਬਾਰ ਵਿਚ ਰੁੱਖਾ ਜਿਹਾ ਜਵਾਬ ਦਿੱਤਾ ਕਿ ਮੈਂ ਹਿੰਦੂ ਡੈਲੀਗੇਟਾਂ ਨਾਲ ਕੋਈ ਵਾਅਦਾ ਨਹੀਂ ਕੀਤਾ। ਪਰ ਬਾਅਦ ਵਿਚ ਜਦ ਅਖ਼ਬਾਰ ਸਾਡੀ ਤਰਫ਼ ਤੋਂ ਲਿਖਣ ਲੱਗੇ ਤਾਂ ਸ਼ੁੱਕਰਵਾਰ 13 ਤਾਰੀਖ਼ ਫਰਵਰੀ ਨੂੰ ਕਮੇਟੀ ਦਾ ਜਲਸਾ ਹੋਣਾ ਸੀ, ਉਸ ਵਿਚ ਸਾਡੀ ਪੇਸ਼ੀ ਦਾ ਵਕਤ ਰੱਖਿਆ ਗਿਆ। ਇਸ 'ਤੇ ਡੈਪੂਟੇਸ਼ਨ ਦੀ ਵੱਡੀ ਕਮੇਟੀ ਵਿਚ ਕੈਲੀਫੋਰਨੀਆ ਦੇ ਮੈਂਬਰ ਹਿੰਦੋਸਤਾਨੀਆਂ ਦੇ ਖ਼ਿਲਾਫ਼ ਸਨ। ਜਲਸਾ ਗਿਆਰਾਂ ਤੋਂ ਲੈ ਕੇ ਦੁਪਹਿਰ ਤਿੰਨ ਵਜੇ ਤਕ ਰਿਹਾ। ਪ੍ਰੋਫੈਸਰ ਬੋਸ ਨੇ ਬੜੇ ਜ਼ੋਰ ਦਾ ਲੈਕਚਰ ਦਿੱਤਾ ਅਤੇ ਆਪਣੇ ਹੱਕ ਮੰਗੇ। ਇਕ ਅਮਰੀਕਨ ਔਰਤ ਨੇ ਐਵੇਂ ਮੱਲੋ-ਮੱਲੀ ਆ ਕੇ ਹਿੰਦੂਆਂ ਨੂੰ ਸਲਾਹਿਆ। ਕਮੇਟੀ ਦੇ ਮੈਂਬਰਾਂ ਨੇ ਕਈ ਸਵਾਲ ਵੀ ਪੁੱਛੇ। ਉਨ੍ਹਾਂ ਦੇ ਜਵਾਬ ਅਸੀਂ ਕੜਾਕੇਦਾਰ ਦਿੱਤੇ। ਫੇਰ ਸਾਡੇ ਵਿਰੋਧੀ ਵੀ 'ਅਸ਼ ਅਸ਼' ਕਰਦੇ ਰਹਿ ਗਏ। ਹੋਰ ਜਲਸੇ ਦਾ ਸਾਰਾ ਹਾਲ ਅਮਰੀਕਾ ਦੀ ਰਾਜ ਸਭਾ ਛਾਪੇਗੀ ਅਤੇ ਜੁਗਾਂਤਰ ਆਸ਼ਰਮ ਉਸ ਦਾ ਤਰਜਮਾ ਕਰ ਕੇ ਛਾਪੇਗਾ। ਹੁਣ ਅਮਰੀਕਨ ਗਵਰਮਿੰਟ ਦਾ ਸਾਡੇ ਵੱਲ ਖ਼ਿਆਲ ਹੋ ਗਿਆ ਹੈ ਅਤੇ ਹੁਣ ਇਹੋ ਚਰਚਾ ਹੋ ਰਹੀ ਹੈ।

## ਬਹਿਸ ਦਾ ਹਾਲ

1. ਹਿੰਦੋਸਤਾਨੀਆਂ ਨੂੰ ਅਮਰੀਕਾ ਵਿਚ ਖੁੱਲ੍ਹਮ-ਖੁੱਲ੍ਹਾ ਆਉਣ ਦੇਣਾ ਚਾਹੀਦਾ ਹੈ ਕਿਉਂਕਿ ਅਸੀਂ ਵੀ ਉਸੇ ਨਸਲ ਵਿਚ ਹਾਂ ਜਿਸ ਵਿਚੋਂ ਗੋਰੇ। ਹਰ ਆਦਮੀ ਦਾ ਇਹ ਹੱਕ ਹੈ ਕਿ ਉਹ ਆਪਣੀ ਗੁਜ਼ਰਾਨ ਦੀ ਖਾਤਿਰ ਕਿਸੇ ਜਗ੍ਹਾ ਵੀ ਜਾਵੇ।

2. ਹਿੰਦੋਸਤਾਨੀ ਘੱਟ ਤਨਖ਼ਾਹ 'ਤੇ ਕੰਮ ਨਹੀਂ ਕਰਦੇ ਅਤੇ ਖ਼ਰਚ ਵੀ ਘੱਟ ਨਹੀਂ ਕਰਦੇ। ਉਹ ਹਮੇਸ਼ਾ ਅਮਰੀਕਨਾਂ ਵਾਂਗ ਰਹਿੰਦੇ ਹਨ।

3. ਹਿੰਦੋਸਤਾਨੀ ਕਿਤੇ ਕਿਸੇ ਤੋਂ ਕੁਝ ਨਹੀਂ ਮੰਗਦੇ। ਆਪਣਾ ਕੰਮ ਕਰ ਕੇ ਖਾਂਦੇ ਹਨ।

4. ਹਿੰਦੋਸਤਾਨੀ ਹੌਲੀ-ਹੌਲੀ ਅਮਰੀਕਨਾਂ ਵਾਂਗ ਰਹਿਣਾ ਪਸੰਦ ਕਰਨ ਲੱਗ ਜਾਣਗੇ।

5. ਜੇਕਰ ਜ਼ਿਆਦਾ ਹਿੰਦੂ ਨਹੀਂ ਆਉਣ ਦੇਣੇ ਤਾਂ ਉਨ੍ਹਾਂ ਦੇ ਵਿਰੁਧ ਕਾਨੂੰਨ ਬਣਾਉਣ ਦੀ ਵੀ ਲੋੜ ਨਹੀਂ ਹੈ। ਸਗੋਂ ਜਾਪਾਨ ਵਾਂਗ ਇੰਗਲੈਂਡ ਦੀ ਸਰਕਾਰ ਨਾਲ ਖ਼ਤ-ਪੱਤਰੀ ਕਰ ਲਵੋ ਕਿ ਬਹੁਤੇ ਹਿੰਦੋਸਤਾਨੀ ਨਾ ਆਵਨ ਪਰ ਹਿੰਦੋਸਤਾਨੀਆਂ ਦਾ ਹੱਕ ਮੰਨਿਆ ਜਾਵੇ। ਪਰ ਏਸ ਤਰ੍ਹਾਂ ਵੀ ਖੁੱਲ੍ਹੇ ਨਹੀਂ ਆ ਸਕਦੇ।

**ਅੰਗਰੇਜ਼ੀ ਕੌਂਸਲ ਨਾਲ ਜੁੱਤੀ-ਪਤਾਨ:** ਛੇਕੜ ਉਨ੍ਹਾਂ ਨਾਲ ਜੁੱਤੀ-ਪਤਾਨ ਹੋਈ, ਯਾਨੀ ਵਾਸ਼ਿੰਗਟਨ ਦੀ ਅੰਗਰੇਜ਼ੀ ਕੌਂਸਲ। ਅੰਗਰੇਜ਼ੀ ਕੌਂਸਲ ਦੇ ਪਾਸ ਜਾਣ ਦਾ ਇਹੋ ਮੁੱਦਾ ਸੀ ਕਿ ਆਪਣੀ ਜ਼ਬਾਨ ਨਾਲ ਨਾਂਹ ਕਰ ਦੇਵੇ ਅਤੇ ਕਹਿ ਦੇਵੇ ਕਿ ਅੰਗਰੇਜ਼ ਸਰਕਾਰ ਕੁਝ ਨਹੀਂ ਕਰ ਸਕਦੀ। ਭਈ ਝੂਠੇ ਦੇ ਘਰ ਤਕ ਜਾ ਆਈਏ ਅਤੇ ਲੋਕਾਂ ਨੂੰ ਦੱਸ ਦਈਏ ਕਿ ਸਾਡੇ ਵੱਲ ਅੰਗਰੇਜ਼ੀ ਕੌਂਸਲ ਨਹੀਂ ਹੈ। ਪਰ ਮੈਂ ਆਪਣੇ ਖ਼ਿਆਲ ਅਨੁਸਾਰ ਉਸ ਨੂੰ ਮਿਲਣ ਨਹੀਂ ਗਿਆ। ਪਰ ਦੂਜੇ ਡੈਲੀਗੇਟ ਭੇਜੇ ਸਨ। ਉਨ੍ਹਾਂ ਨੇ ਪੁੱਛਿਆ ਕਿ ਤੁਸੀਂ ਇਸ ਮਾਮਲੇ ਵਿਚ ਕੀ ਕਰ ਸਕਦੇ ਹੋ। ਉਸ ਨੇ ਜਵਾਬ ਦਿੱਤਾ ਕਿ ਮੇਰੇ ਪਾਸ ਲੰਡਨ ਤੋਂ ਕੋਈ ਹੁਕਮ ਨਹੀਂ ਆਇਆ ਕਿ ਮੈਂ ਕੁਝ ਕਰਵਾ ਸਕਾਂ। ਇਕ ਡੈਲੀਗੇਟ ਨੇ ਕਿਹਾ ਕਿ ਸਿੱਖਾਂ ਨੂੰ ਲੜਾਈ ਵੇਲੇ ਤਾਂ ਅੱਗੇ ਕਰ ਦਿੰਦੇ ਹੋ ਅਤੇ ਹੁਣ ਚੁੱਪਚਾਪ ਬੈਠੇ ਹੋ। ਇਸ ਦੇਸ਼ ਵਿਚ ਆਉਣ ਵਾਲੇ ਤਾਂ ਬਹੁਤੇ ਸਿੱਖ ਹਨ। ਛੇਕੜ ਕੌਂਸਲ ਨੇ ਕਿਹਾ ਕਿ ਮੈਂ ਲੰਡਨ ਨੂੰ ਤਾਰ ਦਿੰਦਾ ਹਾਂ ਕਿ ਮੈਂ ਕੀ ਕਹਾਂ। ਇਹ ਸਿਰਫ਼ ਜ਼ਬਾਨੀ ਬਕਵਾਸ ਸੀ ਕਿਉਂਕਿ ਦੂਜੇ ਦਿਨ ਉਸ ਨੇ ਜਵਾਬ ਇਕ ਅਖ਼ਬਾਰ ਵਿਚ ਦਿੱਤਾ ਕਿ ਇਸ ਮਾਮਲੇ ਵਿਚ ਅੰਗਰੇਜ਼ੀ ਕੌਂਸਲ ਕੁਝ ਨਹੀਂ ਕਰ ਸਕਦੀ। ਬਸ ਮਤਲਬ ਇਹ ਸੀ ਕਿ ਹਿੰਦੂ ਕੁਝ ਨਹੀਂ ਕਰ ਸਕਣਗੇ ਪਰ ਸਾਡਾ ਡੈਪੂਟੇਸ਼ਨ ਰਾਜ ਸਭਾ ਵਿਚ ਪੁੱਜਾ। ਉਹ (ਕੌਂਸਲ) ਕੁਝ ਨਾ ਕਰ ਸਕਿਆ; ਦੇਖਦਾ ਹੀ ਰਹਿ ਗਿਆ। ਪਰ ਮਗਰੋਂ ਮਾਲੂਮ ਹੋਇਆ ਕਿ ਵੈਰੀ ਨੇ ਅਮਰੀਕਨ ਗਵਰਮਿੰਟ ਦੇ ਬਥੇਰੇ ਕੰਨ ਭਰੇ ਪਰ ਕੁਝ ਨਾ ਬਣਿਆ। ਸਾਡੇ ਵਿਚਾਰਾਂ ਅਤੇ ਅਮਰੀਕਨ ਦੋਸਤਾਂ ਦੀ ਮਦਦ ਨਾਲ ਦੁਸ਼ਮਣ ਨੂੰ ਹਾਰ ਦਿੱਤੀ ਗਈ। ਅੰਗਰੇਜ਼ੀ ਕੌਂਸਲ ਦੀਆਂ ਬਾਤਾਂ ਤੋਂ ਪਤਾ ਲੱਗਿਆ ਕਿ ਅੰਗਰੇਜ਼ ਹਿੰਦੂਆਂ ਨੂੰ ਕੱਢਣ 'ਤੇ ਖ਼ੁਸ਼ ਹਨ।

**ਪ੍ਰੈਜ਼ੀਡੈਂਟ ਨਾਲ ਮੁਲਾਕਾਤ:** ਅਮਰੀਕਨ ਦੋਸਤਾਂ ਦੀ ਮਿਹਰਬਾਨੀ ਨਾਲ ਡੈਲੀਗੇਟਾਂ ਨੂੰ ਪ੍ਰੈਜ਼ੀਡੈਂਟ ਵਿਲਸਨ ਨਾਲ ਮਿਲਣ ਦਾ ਮੌਕਾ ਮਿਲ ਗਿਆ। 17 ਫਰਵਰੀ ਨੂੰ ਮਿਲਣ ਦਾ ਦਿਨ ਰੱਖਿਆ ਗਿਆ ਪਰ ਅਫ਼ਸੋਸ ਕਿ ਉਸ ਦਿਨ ਪ੍ਰੈਜ਼ੀਡੈਂਟ ਨੂੰ ਜ਼ੁਕਾਮ ਹੋ ਜਾਣ ਕਰਕੇ ਮਿਲ ਨਾ ਸਕਿਆ ਗਿਆ। ਸਾਡੇ ਡੈਲੀਗੇਟਾਂ ਵਿਚੋਂ ਕੋਈ ਵੀ ਉਸ ਨੂੰ ਮਿਲ ਨਹੀਂ ਸਕਿਆ। ਰਾਜਨੀਤੀ ਦੇ ਅਨੁਸਾਰ ਮਿਲਣ ਦਾ ਇਕਰਾਰ ਹੀ ਮਿਲਣ ਦੇ ਬਰਾਬਰ ਹੈ। ਬੀਮਾਰੀ ਹੋਣ ਕਰਕੇ ਭਾਵੇਂ ਮੁਰਾਦ ਪੂਰੀ ਨਾ ਹੋਈ ਪਰ ਇੱਜ਼ਤ ਓਨੀ ਹੀ ਰਹੀ।

ਦੇਖੋ, ਅਮਰੀਕਨ ਕੌਮ ਨੇ ਇਸ ਡੈਪੂਟੇਸ਼ਨ ਦੀ ਕਿੰਨੀ ਇੱਜ਼ਤ ਕੀਤੀ! ਸਾਡਾ ਆਪਣਾ ਰਾਜ ਨਾ ਹੋਣ ਕਰਕੇ ਵੀ ਸਾਡੀ ਬਾਤ ਸੁਣੀ ਅਤੇ ਆਦਰ ਕੀਤਾ ਪਰ ਅੰਗਰੇਜ਼ਾਂ ਅੱਗੇ ਕੈਨੇਡਾ ਵਿਚੋਂ ਡੈਪੂਟੇਸ਼ਨ ਗਏ ਨੂੰ ਸਾਲ ਭਰ ਹੋ ਗਿਆ।

**ਦੂਜੇ ਵਜ਼ੀਰਾਂ ਨਾਲ ਬਾਤਚੀਤ:** ਫੇਰ ਕਈ ਵਜ਼ੀਰਾਂ ਨਾਲ ਗੱਲਬਾਤ ਹੋਈ। ਉਨ੍ਹਾਂ ਨੇ ਕਿਹਾ ਕਿ ਜੇ ਅੰਗਰੇਜ਼ੀ ਗਵਰਮਿੰਟ ਕਹੇ ਤਾਂ ਅਮਰੀਕਨ ਸਰਕਾਰ ਕਾਨੂੰਨ ਨਹੀਂ ਬਣਾਏਗੀ। ਸਿਰਫ਼ ਜਾਪਾਨ ਵਾਂਗ ਇਕਰਾਰ ਹੋ ਜਾਵੇ। ਅਮਰੀਕੀ ਲੋਕ ਐਸੇ ਹਨ, ਇਹ ਨਹੀਂ ਚਾਹੁੰਦੇ ਕਿ ਐਵੇਂ ਕਿਸੇ ਦੀ ਬੇਇੱਜ਼ਤੀ ਕਰੋ ਅਤੇ ਦੂਜੇ ਦਾ ਦਿਲ ਦੁਖੇ। ਬਸ ਇਹ ਰੋਟੀ ਦਾ ਸਵਾਲ ਹੈ। ਪਰ ਜੇ ਅੰਗਰੇਜ਼ ਸਰਕਾਰ ਕਹੇ ਤਾਂ ਸਭ ਕੁਝ ਹੋ ਸਕਦਾ ਹੈ। ਜਿਥੋਂ ਤਕ ਡੈਪੂਟੇਸ਼ਨ ਪੁੱਜ ਸਕਦਾ ਸੀ, ਪੁਜਾ ਦਿੱਤਾ। ਹੁਣ ਅੱਗੇ ਕੌਮ ਦਾ ਕੰਮ ਹੈ ਕਿਉਂਕਿ ਅੰਗਰੇਜ਼ ਸਰਕਾਰ ਜਾਪਾਨੀ ਸਰਕਾਰ ਵਾਂਗ ਨਹੀਂ ਕਰੇਗੀ। ਜਦ ਤਕ ਸਾਰੇ ਹਿੰਦੋਸਤਾਨ ਦੇ ਲੋਕ ਇਸ ਨੂੰ ਕਰਾਉਣ ਖ਼ਾਤਰ ਜ਼ੋਰ ਨਾ ਲਾਉਣ।

**ਮਤਲਬ:** ਅਸਲ ਮਤਲਬ ਇਹ ਹੈ ਕਿ ਜਾਂ ਤਾਂ ਸਿਰ ਚੁੱਕ ਕੇ ਦੇਸ਼ ਦੀ ਖ਼ਾਤਰ ਅੰਗਰੇਜ਼ ਗਵਰਮਿੰਟ ਨੂੰ ਤੰਗ ਕੀਤਾ ਜਾਵੇ ਜਾਂ ਠੀਕ ਇਹ ਹੈ ਕਿ ਇਕੋ ਵਾਰ ਹੀ ਇਸ ਗਵਰਮਿੰਟ ਦਾ ਨਾਸ ਕੀਤਾ ਜਾਵੇ ਅਤੇ ਹੋਰ ਨਵਾਂ ਇੰਤਜ਼ਾਮ ਕੀਤਾ ਜਾਵੇ। ਰੋਜ਼ ਦੀ ਘਿਸ-ਘਿਸ ਤੋਂ ਕੀ ਫ਼ਾਇਦਾ! ਜੇ ਆਪਣਾ ਰਾਜ ਹੋਵੇ ਤਾਂ ਆਸਾਨੀ ਨਾਲ ਫੈਸਲਾ ਹੋ ਸਕਦਾ ਹੈ।

## ਡੈਪੂਟੇਸ਼ਨ ਦੇ ਫਾਇਦੇ

1. ਭਾਵੇਂ ਆਪਣੇ ਮੁੱਦੇ ਦੀ ਖ਼ਾਤਰ ਡੈਪੂਟੇਸ਼ਨ ਆਪਣੀ ਗਵਰਮਿੰਟ ਦੀ ਮਦਦ ਦੇ ਬਗ਼ੈਰ ਕੁਝ ਨਹੀਂ ਕਰ ਸਕਦਾ ਸੀ ਪਰ ਫੇਰ ਵੀ ਉਸ ਤੋਂ ਮੁਲਕ ਨੂੰ ਬਹੁਤ ਫ਼ਾਇਦਾ ਹੋਇਆ। ਹਿੰਦੋਸਤਾਨੀਆਂ ਦੇ ਹੱਕ ਮੰਗੇ ਗਏ। ਉਸ ਤੋਂ ਅਮਰੀਕਨ ਗਵਰਮਿੰਟ 'ਤੇ ਅੱਛਾ ਅਸਰ ਪਿਆ। ਜਿਹੜੀ ਕੌਮ ਆਪਣੇ ਵਿਰੁਧ ਕਾਨੂੰਨ ਪਾਸ ਹੁੰਦਾ ਦੇਖ ਕੇ ਚੁੱਪ ਰਹੇ, ਉਸ ਨੂੰ ਇਹ ਲੋਕ ਬੇਹਿੰਮਤ ਅਤੇ ਬੇਅਕਲ ਸਮਝਦੇ ਹਨ। ਅਸਾਂ ਤੋਂ ਪਹਿਲਾਂ ਇਟਾਲੀਅਨ ਅਤੇ ਹੋਰ ਕਈ ਕੌਮਾਂ ਦੇ ਵਿਰੁਧ ਵੀ ਇਹੋ ਕਾਨੂੰਨ ਪਾਸ ਹੋਣ ਲੱਗੇ ਸਨ ਪਰ ਉਨ੍ਹਾਂ ਨੇ ਸਿਰ ਚੁੱਕਿਆ। ਹਿੰਦੂਆਂ ਦਾ ਡੈਪੂਟੇਸ਼ਨ ਜਾਣ ਪੁਰ ਇਕ ਵਾਰ ਸਾਰੇ ਦੇਸ਼ ਵਿਚ ਰੌਲਾ ਪੈ ਗਿਆ। ਅਤੇ ਮਾਲੂਮ ਹੋ ਗਿਆ ਹੈ ਕਿ ਹਿੰਦੂ ਭੌਂਦੂ ਨਹੀਂ ਹਨ। ਇਹ ਵੀ ਜਾਗਦੇ ਹਨ। ਇਨ੍ਹਾਂ ਦੀਆਂ ਕਮੇਟੀਆਂ ਅਤੇ ਅਖ਼ਬਾਰ ਵੀ ਹਨ। ਇਹ ਬੁੱਧੂ ਅਤੇ ਗੰਦੇ ਮਜ਼ਦੂਰ ਨਹੀਂ ਹਨ।

2. ਹਿੰਦੂਆਂ ਪੁਰ ਜਿਹੜੇ ਇਲਜ਼ਾਮ ਲੱਗਦੇ ਸਨ, ਰੋਕੇ ਗਏ। ਅੱਗੇ ਲੋਕ ਅਖ਼ਬਾਰਾਂ ਦੀਆਂ ਬਾਤਾਂ ਸੁਣਦੇ ਸਨ। ਹੁਣ ਐਨ ਸਾਹਮਣੇ ਉਨ੍ਹਾਂ ਦਾ ਜਵਾਬ ਦੇ ਦਿੱਤਾ। ਇਸ ਤੋਂ ਬਿਨਾਂ ਜੇ ਦੂਜੇ ਦੇਸ਼ ਸੁਣ ਲੈਣ ਤਾਂ ਉਥੇ ਜਾਣ ਵਿਚ ਮੁਸ਼ਕਲ ਹੁੰਦੀ ਹੈ। ਬਸ ਏਦਾਂ ਝੂਠੀਆਂ ਬਾਤਾਂ ਦਾ ਜਵਾਬ ਦੇਣਾ ਅੱਛਾ ਸੀ। ਭਈ ਦੂਜੇ ਦੇਸ਼ ਵੀ ਕਿਤੇ ਸੱਚ ਨਾ ਮੰਨ ਜਾਣ ਅਤੇ ਹਿੰਦੂਆਂ ਨੂੰ ਬੰਦ ਕਰ ਦੇਣ।

3. ਇਹ ਪਹਿਲੀ ਵਾਰ ਹੈ ਕਿ ਕੌਮੀ ਡੈਪੂਟੇਸ਼ਨ ਦੂਜੀ ਸਰਕਾਰ ਅੱਗੇ ਗਿਆ ਹੈ। ਇਸ ਸਰਕਾਰ ਨੇ ਇਸ ਦੀ ਬਾਤ ਸੁਣੀ ਹੈ। ਇਸ ਦੀ ਕਦਰ ਕਰਨੀ ਚਾਹੀਦੀ ਹੈ ਕਿਉਂਕਿ ਇਸ ਨਾਲ ਕੌਮ ਦੀ ਇੱਜ਼ਤ ਹੋਈ ਹੈ ਅਤੇ ਅੱਗੇ ਵਾਸਤੇ ਉਮੀਦ ਬੱਝੀ ਹੈ।

4. ਹਿੰਦੋਸਤਾਨ ਵਿਚ ਜਿਹੜੇ ਲੋਕ ਬੇਵਕੂਫ਼ੀ ਨਾਲ ਅੰਗਰੇਜ਼ਾਂ ਦੀ ਝੋਲੀ ਚੁੱਕਦੇ ਹਨ, ਉਨ੍ਹਾਂ ਨੂੰ ਮਾਲੂਮ ਹੋ ਗਿਆ ਹੈ ਕਿ ਅੰਗਰੇਜ਼ੀ ਗਵਰਮਿੰਟ ਦੂਜੇ ਦੇਸ਼ਾਂ ਵਿਚ ਸਾਡੀ ਕੀ ਦੁਰਦਸ਼ਾ ਕਰਵਾਉਂਦੀ ਹੈ। ਬਸ ਹੁਣ ਉਹ ਵੀ ਗ਼ਦਰ ਪਾਰਟੀ ਵਿਚ ਮਿਲ ਜਾਣਗੇ ਅਤੇ ਅੰਗਰੇਜ਼ਾਂ ਦੀ ਮੌਤ ਆਊਗੀ।

5. ਵਾਸ਼ਿੰਗਟਨ ਵਿਚ ਬੜੇ-ਬੜੇ ਅਖ਼ਬਾਰਾਂ ਵਾਲਿਆਂ ਅਤੇ ਵਜ਼ੀਰਾਂ ਨਾਲ ਮੁਲਾਕਾਤ ਹੋਈ ਅਤੇ ਕੌਮੀ ਕੰਮ ਦਾ ਹਾਲ ਵੀ ਉਨ੍ਹਾਂ ਨੂੰ ਦੱਸਿਆ ਗਿਆ। ਇਸ ਤਰ੍ਹਾਂ ਸਾਡੇ ਕੰਮ ਦਾ ਜ਼ੋਰ ਵਧ ਜਾਂਦਾ ਹੈ। ਅਤੇ ਇਸ ਮੁਲਕ ਵਿਚ ਦੁਸ਼ਮਣ ਦੁੱਖ ਨਹੀਂ ਦੇ ਸਕਦਾ ਕਿਉਂਕਿ ਗਵਰਮਿੰਟ ਦੇ ਬੜੇ ਅਫ਼ਸਰ ਹਮਾਇਤੀ ਬਣ ਜਾਂਦੇ ਹਨ।

ਇਨ੍ਹਾਂ ਤੋਂ ਬਿਨਾਂ ਹੋਰ ਕਈ ਕੰਮ ਕੀਤੇ ਹਨ ਜਿਹੜੇ ਅਖ਼ਬਾਰ ਵਿਚ ਲਿਖਣਯੋਗ ਨਹੀਂ ਹਨ ਪਰ ਉਨ੍ਹਾਂ ਦਾ ਫਲ ਛੇਤੀ ਹੀ ਮਿਲੂਗਾ। ਡੈਪੂਟੇਸ਼ਨ ਦਾ ਹਾਲ ਹਿੰਦੋਸਤਾਨ ਦੇ ਅਖ਼ਬਾਰਾਂ ਨੂੰ ਭੇਜ ਦਿੱਤਾ ਹੈ।

ਮੈਂ ਪ੍ਰੋ. ਬੋਸ ਦੀ ਲਿਆਕਤ, ਬਹਾਦਰੀ ਤੇ ਦੇਸ਼ ਭਗਤੀ ਨੂੰ ਸਲਾਹੁਣਯੋਗ ਸਮਝਦਾ ਹਾਂ ਜਿਸ ਦੇ ਕਾਰਨ ਸਾਡੀ ਜਿੱਤ ਹੋਈ ਅਤੇ ਡਾ. ਬਿਸ਼ਨ ਸਿੰਘ ਦੀ ਸੱਚੀ ਦੇਸ਼ ਭਗਤੀ ਤੇ ਪ੍ਰੇਮ ਵੀ ਸਲਾਹੁਣਯੋਗ ਹੈ। ਦੋਵਾਂ ਸੇਵਕਾਂ ਨੇ ਬੜੀ ਹਿੰਮਤ ਨਾਲ ਕੰਮ ਕੀਤਾ।

## ਪ੍ਰੋ. ਬੋਸ ਦੀ ਬਹਾਦਰੀ

**.ਗਦਰ ਦੀ ਧਮਕੀ:** ਵਾਸ਼ਿੰਗਟਨ ਵਿਚ ਰਾਜ ਸਭਾ ਕਮੇਟੀ ਅੱਗੇ ਜਲਸੇ ਵਿਚ ਪ੍ਰੋ. ਬੋਸ ਨੇ ਆਪਣੀ ਬਹਾਦਰੀ ਨਾਲ ਅਮਰੀਕਨ ਲੋਕਾਂ ਨੂੰ ਦੰਗ ਕਰ ਦਿੱਤਾ। ਮਿਸਟਰ ਬਰਟਨ ਕਮੇਟੀ ਦੇ ਪ੍ਰੈਜ਼ੀਡੈਂਟ ਨੇ ਸਵਾਲ ਕੀਤਾ ਕਿ ਸਰਦਾਰ ਜੀ, ਅੰਗਰੇਜ਼ੀ ਮੁਲਕ-ਕੈਨੇਡਾ, ਆਸਟਰੇਲੀਆ, ਅਫਰੀਕਾ ਵਰਗੇ ਤਾਂ ਹਿੰਦੋਸਤਾਨੀਆਂ ਨੂੰ ਕੱਢਣ ਦੇ ਕਾਨੂੰਨ ਬਣਾ ਰਹੇ ਹਨ ਅਤੇ ਅਮਰੀਕਾ ਵਿਚ ਤੁਸੀਂ ਆਪਣਾ ਹੱਕ ਜਤਾਉਂਦੇ ਹੋ। ਤਦ ਮਿਸਟਰ ਬੋਸ ਨੇ ਕਿਹਾ ਕਿ ਭਾਵੇਂ ਉਹ ਦੇਸ਼ ਅਜਿਹੇ ਕਾਨੂੰਨ ਬਣਾ ਰਹੇ ਹਨ ਪਰ ਇੰਗਲੈਂਡ ਦੀ ਗਵਰਮਿੰਟ ਨੇ ਉਨ੍ਹਾਂ ਨੂੰ ਮੰਨਿਆ ਨਹੀਂ ਅਤੇ ਜੇ ਉਨ੍ਹਾਂ ਅਜਿਹੇ ਕਾਨੂੰਨ ਮੰਨ ਲਏ ਤਾਂ ਹਿੰਦੋਸਤਾਨ ਵਿਚ ਅਜਿਹਾ ਗ਼ਦਰ ਹੋਵੇਗਾ ਕਿ ਕਦੇ ਦੁਨੀਆਂ ਵਿਚ ਅੱਜ ਤਕ ਨਹੀਂ ਹੋਇਆ।

ਪ੍ਰੋ. ਬੋਸ ਨੇ ਗ਼ਦਰ ਦਾ ਨਾਂ ਲਿਆ ਤਾਂ ਸਾਰੇ ਅਮਰੀਕਾ ਵਿਚ ਧੂੰਮ ਮਚ ਗਈ। ਹਰ ਸ਼ਹਿਰ ਦੇ ਅਖ਼ਬਾਰਾਂ ਵਿਚ ਤਾਰਾਂ ਛਪ ਗਈਆਂ ਕਿ ਹਿੰਦੋਸਤਾਨ ਵਿਚ ਗ਼ਦਰ ਹੋਣ ਵਾਲਾ ਹੈ। ਹਿੰਦੂ ਪ੍ਰੋਫੈਸਰ ਇਸ਼ੋ ਕਹਿੰਦਾ ਹੈ। ਅਖ਼ਬਾਰ 'ਗੈਲਕ ਅਮਰੀਕਨ' ਨੇ ਵੀ ਲਿਖਿਆ ਕਿ ਹਾਂ, ਠੀਕ ਹੈ ਅਤੇ ਅੱਛੇ ਵੇਲੇ ਗ਼ਦਰ ਦਾ ਹਾਲ ਦੱਸਿਆ ਹੈ ਕਿਉਂਕਿ ਇਸ ਦੀ ਗੂੰਜ ਸਾਰੀ ਦੁਨੀਆਂ ਵਿਚ ਪੁੱਜ ਗਈ ਹੈ।

**ਸੇਵਕ ਹਰਦਿਆਲ**
**ਯੁਗਾਂਤਰ ਆਸ਼ਰਮ**
**ਸਾਨ ਫਰਾਂਸਿਸਕੋ,**
**2 ਮਾਰਚ, 1914**

# ਸਾਹਸ ਭਰਿਆ ਕੰਮ

## ਸ਼ਬਦ-ਝਰੋਖਾ

**ਬਲਜੀਤ ਬਾਸੀ**
ਫੋਨ:734-454-4958

'ਸਾਹਸ' ਸ਼ਬਦ ਦਾ ਅੱਗਾ ਪਿੱਛਾ ਫੋਲਣਾ ਘਟ ਸਾਹਸਪੂਰਨ ਕੰਮ ਨਹੀਂ ਹੈ। ਅਜਿਹਾ ਕਰਦਿਆਂ ਮੈਨੂੰ ਬਹੁਤ ਬੁਰੇ-ਭਲੇ ਬੋਲ ਸੁਣਨੇ ਪੈ ਸਕਦੇ ਹਨ, ਸ਼ਸਤਰ ਤੱਕ ਦਿਖਾਏ ਜਾ ਸਕਦੇ ਹਨ। ਇਸ ਅਹੁਰੇ ਸ਼ਬਦ ਦੀ ਯਾਤਰਾ ਤੋਂ ਤੁਹਾਨੂੰ ਇਹ ਵੀ ਪਤਾ ਲੱਗੇਗਾ ਕਿ ਅਰਥ ਕਿਵੇਂ ਕਲਾਬਾਜ਼ੀਆਂ ਮਾਰਦੇ ਹਨ। ਅੱਜ ਕਿਸੇ ਬਹੁਤ ਦਲੇਰੀ ਜਾਂ ਉਦਮ ਭਰੇ, ਕੰਮ ਨੂੰ ਸਾਹਸ ਕਿਹਾ ਜਾਂਦਾ ਹੈ ਤੇ ਅਜਿਹਾ ਕੰਮ ਕਰਨ ਵਾਲੇ ਨੂੰ



*ਮਾਹਾਰਾਜਾ ਰਣਜੀਤ ਸਿੰਘ*

ਸਾਹਸੀ। ਇਹ ਸ਼ਬਦ ਆਪਣੇ ਅੰਦਰ ਬੜੀ ਵਿਸਫੋਟਕ ਸਮੱਗਰੀ ਸੰਭਾਲੀ ਬੈਠਾ ਹੈ। ਮੁਢਲੇ ਤੌਰ ਤੇ ਇਸ ਦਾ ਅਰਥ ਅੱਜ ਤੋਂ ਕਿਤੇ ਵਧੇਰੇ ਨਾਕਾਰਾਤਮਕ ਸੀ। ਇਹ ਸੰਸਕ੍ਰਿਤ ਧਾਤੂ ਸਹ ਤੋਂ ਵਿਕਸਿਤ ਹੋਇਆ ਹੈ ਜਿਸ ਦਾ ਅਰਥ ਚੜ੍ਹ ਜਾਣਾ, ਸਰ ਕਰਨਾ, ਜਿੱਤਣਾ, ਮਾਰੋ ਮਾਰ ਕਰਨਾ ਆਦਿ ਸੀ। ਸਹ ਤੋਂ ਬਣੇ ਇਕ ਸ਼ਬਦ ਸਹਿਸਾ ਦਾ ਅਰਥ ਹੁੰਦਾ ਹੈ ਅਚਾਨਕ, ਇਕ ਦਮ, ਅਚਨਚੇਤੀ ਜਿਵੇਂ ਉਹ ਸਹਿਸਾ ਖੜਾ ਹੋ ਗਿਆ ਪਰ ਪੰਜਾਬੀ ਵਿਚ ਇਹ ਸ਼ਬਦ ਏਨਾ ਨਹੀਂ ਵਰਤਿਆ ਜਾਂਦਾ। ਇਕ ਹੋਰ ਸ਼ਬਦ ਸਹਸਾ ਹੈ ਜੋ ਗੁਰਬਾਣੀ ਵਿਚ ਬਹੁਤ ਵਾਰ ਆਇਆ ਹੈ ਪਰ ਇਹ ਸੰਸਕ੍ਰਿਤ ਸੰਸ਼ਯ ਦਾ ਵਿਗੜਿਆ ਰੂਪ ਹੈ ਤੇ ਇਸ ਦਾ ਅਰਥ ਸੰਸਾ, ਭਰਮ ਹੈ:

ਹਿੰਸਾ ਹਉਮੈ ਗਤੁ ਗਏ ਨਾਹੀ ਸਹਸਾ ਰੋਗੁ॥

ਸਾਹਸ ਤੋਂ ਸੰਸਕ੍ਰਿਤ ਦਾ ਸ਼ਬਦ ਬਣਿਆ ਸਾਹਸਮ, ਜਿਸ ਦਾ ਭਾਵ ਹੈ ਤੇਜ਼ੀ, ਧੱਕੇਸ਼ਾਹੀ, ਧਾੜਾ, ਲੁਟਖੋਹ, ਡਾਕਾ, ਬਲਾਤਕਾਰ, ਅਤਿਆਚਾਰ। ਗੱਲ ਕੀ ਧੁਸ ਦੇ ਕੇ ਜੋ ਵੀ ਹੁੰਦਾ ਹੈ ਉਹ ਸਾਹਸ ਹੈ। ਸਾਹਸੀ ਇਹ ਸਾਰੇ ਧੁਸਕਾਰੀ ਕੁਕਰਮ ਕਰਨ ਵਾਲਾ ਹੈ ਪਰ ਸ਼ਬਦਾਂ ਦੇ ਬਦਲਦੇ ਰੰਗ ਦੇਖੋ, ਅੱਜ ਇਸ ਦੇ ਅਰਥਾਂ ਵਿਚ ਕਿੰਨੀ ਹਰਿਆਲੀ ਆ ਗਈ ਹੈ। ਅੱਜ ਉਦਮੀ, ਦਲੇਰ ਜਾਂ ਹੌਸਲੇ ਨਾਲ ਕੰਮ ਨੂੰ ਫਤਨ ਵਾਲੇ ਕਿਸੇ ਬੰਦੇ ਨੂੰ ਅਸੀਂ ਸਾਹਸੀ ਆਖ ਦਿੰਦੇ ਹਾਂ। ਇਸ ਪ੍ਰਕਿਰਿਆ ਨੂੰ ਕੋਸ਼ਕਾਰੀ ਭਾਸ਼ਾ ਵਿਚ ਕਹਿੰਦੇ ਹਨ, ਅਰਥਾਂ ਵਿਚ ਉਨਤੀ ਹੋ ਗਈ ਹੈ। ਧਮੱਚੜ ਤੇ ਧੂਮ ਜਾਂ ਧੂਮਧਾਮ ਦੇ ਅਰਥਾਂ 'ਚ ਫਰਕ ਦੇਖ ਲਉ, ਜਿਨ੍ਹਾਂ ਦਾ ਮੂਲ ਇਕ ਹੀ ਹੈ।

ਬਹੁ-ਪ੍ਰਵਾਣਤ ਵਿਚਾਰ ਹੈ ਕਿ ਸਾਹਸੀ ਸ਼ਬਦ ਦਾ ਅਨੁਨਾਸੀਕਰਨ ਹੋ ਕੇ 'ਸਾਂਸੀ' ਬਣ ਗਿਆ। ਘੁਮੱਕੜ ਜੀਵਨ ਬਤੀਤ ਕਰਦੇ ਸਾਂਸੀ ਲੋਕਾਂ ਵਿਚ ਉਪਰ ਵਰਣਿਤ ਗੁਣ ਪਾਏ ਗਏ ਇਸ ਲਈ ਇਸ ਜਾਤੀ ਨੂੰ ਇਹ ਨਾਂ ਮਿਲਿਆ। ਸਾਂਸੀਆਂ ਦੇ ਜੁਰਮਾਂ ਦੀ ਖਬਰ ਅੱਜ ਕਲ੍ਹ ਵੀ ਅਖਬਾਰਾਂ ਵਿਚ ਦਿਸ ਆਉਂਦੀ ਹੈ। ਅੰਗਰੇਜ਼ਾਂ ਨੇ ਇਨ੍ਹਾਂ ਨੂੰ ਜਰਾਇਮ ਪੇਸ਼ਾ ਜਾਤੀ ਕਰਾਰ ਦਿੱਤਾ ਸੀ। ਕਹਿੰਦੇ ਹਨ ਇਹ ਰਾਹੀਆਂ ਨੂੰ ਲੁੱਟਣ, ਪਸ਼ੂ ਚੋਰੀ ਕਰਨ, ਨਾਜਾਇਜ਼ ਸ਼ਰਾਬ ਕਢਣ ਆਦਿ ਦਾ ਧੰਦਾ ਕਰਦੇ ਸਨ। ਇਹ ਲੋਕ ਸਭ ਤਰ੍ਹਾਂ ਦੇ ਜਾਨਵਰ ਮਾਰ ਕੇ ਖਾ ਜਾਂਦੇ ਸਨ। ਇਨ੍ਹਾਂ ਨੂੰ ਬੜੀ ਜੱਦੋਜਹਿਦ ਪਿਛੋਂ 1952 ਵਿਚ ਜਰਾਇਮ ਪੇਸ਼ਾ ਦੀ ਸੂਚੀ 'ਚੋਂ ਕਢਿਆ ਗਿਆ ਸੀ। ਸਾਂਸੀਆਂ ਦਾ ਪਿਛਾ ਰਾਜਸਥਾਨ ਮੰਨਿਆ ਜਾਂਦਾ ਹੈ। ਉਥੇ ਇਨ੍ਹਾਂ ਦੇ ਦਲਿਦਰੀ ਹੋਣ ਬਾਰੇ ਕਹਾਵਤਾਂ ਬਣੀਆਂ ਹਨ, ਜਿਵੇਂ ਸਾਂਸੀ ਸੋ ਸਾਗੈ, ਸਾਂਸੀਆਂ ਜੈਸੀ ਗੰਦਗੀ, ਸਾਂਸੀ ਕੈ ਕਿਉਂ ਕੋ ਦੀਵਾਲਾ:ਸਾਂਸੀ ਮੰਗ ਕੇ ਖਾਣ ਵਾਲੀ ਕੌਮ ਹੈ, ਇਨ੍ਹਾਂ ਦਾ ਕੀ ਦੀਵਾਲਾ? ਰਾਜਸਥਾਨ ਤੋਂ ਇਹ ਪੰਜਾਬ, ਹਿਮਾਚਲ, ਹਰਿਆਣਾ, ਯੂ.ਪੀ., ਗੁਜਰਾਤ ਦੀ ਤਰਫ ਵਧ ਗਏ। ਇਨ੍ਹਾਂ ਦੀ ਸਾਂਸੀ ਬੋਲੀ ਵਿਚ ਪੰਜਾਬੀ, ਹਿੰਦੀ, ਗੁਜਰਾਤੀ, ਉਰਦੂ ਦੇ ਸ਼ਬਦ ਮਿਲੇ ਹੋਏ ਹਨ। ਕਈ ਸਾਂਸੀ ਜੱਟਾਂ ਜਾਂ ਜਾਟਾਂ ਵਿਚ ਘੁਲ ਮਿਲ ਗਏ ਹਨ। ਅਖੌਤੀ ਨੀਚ ਜਾਤੀਆਂ ਦਾ ਸੰਸਕ੍ਰਿਤੀਕਰਨ ਭਾਰਤੀ ਇਤਿਹਾਸ ਵਿਚ ਹੁੰਦਾ ਆਇਆ ਹੈ। ਹੁਸ਼ਿਆਰ ਸਿੰਘ ਦਲੇਹ ਦੀ ਪੁਸਤਕ 'ਜੱਟਾਂ ਦਾ ਇਤਿਹਾਸ' ਅਨੁਸਾਰ ਇਹ ਰਾਜੇ ਸਾਲਿਬਹਾਨ ਦੀ ਬੰਸ ਵਿਚੋਂ ਹਨ ਜਿਸ ਦੇ ਪੰਦਰਾਂ ਪੁਤਰ ਸਨ। ਇਕ ਪੁਤਰ ਦਾ ਨਾਂ ਸਾਹਸੀ ਰਾਉ ਸੀ। ਸਾਂਸੀ ਗੋਤ ਦੇ ਜੱਟ ਇਸੇ ਦੀ ਬੰਸ ਵਿਚੋਂ ਦੱਸੇ ਗਏ ਹਨ। ਇਸ ਖਾਨਦਾਨ ਦੇ ਲੋਕਾਂ ਨੇ ਭਟਨੇਰ ਦੇ ਇਲਾਕੇ ਵਿਚੋਂ ਉਠ ਕੇ ਅੰਮ੍ਰਿਤਸਰ ਦੇ ਲਾਗੇ ਸਹਿੰਸਰਾ ਪਿੰਡ ਆਬਾਦ ਕੀਤਾ। ਸਾਂਸੀ ਜੱਟਾਂ ਦੀ ਵਸੋਂ ਹੌਲੀ ਹੌਲੀ ਲਾਹੌਰ, ਲੁਧਿਆਣਾ, ਕਰਨਾਲ, ਗੁਜਰਾਤ ਤੇ ਗੁਜਰਾਂਵਾਲਾ ਜ਼ਿਲਿਆਂ ਵਿਚ ਹੋ ਗਈ। ਸਾਂਸੀ ਆਪਣਾ ਨਿਕਾਸ ਮਾਰਵਾੜ ਤੇ ਅਜਮੇਰ ਦੇ ਭੱਟੀਆਂ ਵਿਚੋਂ ਹੋਇਆ ਦਸਦੇ ਹਨ। ਇਹ ਆਪਣਾ ਮੁਢ ਭਰਤਪੁਰ ਦੇ ਸਾਂਪ ਪਾਲ ਨਾਲ ਵੀ ਜੋੜਦੇ ਹਨ ਜਿਸ ਨੂੰ ਇਹ ਆਪਣਾ ਜਠੇਰਾ ਮੰਨ ਕੇ ਪੂਜਦੇ ਵੀ ਹਨ। ਇਕ ਹੋਰ ਰਵਾਇਤ ਅਨੁਸਾਰ ਸਾਂਸੀ ਕਬੀਲਾ ਆਪਣੇ ਪਸ਼ੂ ਚਾਰਦਾ ਚਾਰਦਾ ਰਾਜਸਥਾਨ ਤੋਂ ਪੰਜਾਬ ਵਿਚ ਆਇਆ ਤੇ ਭੱਟੀਆਂ ਪਿੰਡ ਵਿਚ ਰਹਿਣ ਲੱਗਾ।

ਇਸੇ ਕੁਲ ਵਿਚੋਂ ਹੀ ਮਹਾਰਾਜਾ ਰਣਜੀਤ ਸਿੰਘ ਨੇ ਜਨਮ ਲਿਆ। ਇਸ ਪਰਿਵਾਰ ਦਾ ਬੁਧਾ ਸਾਂਸੀ ਅੰਮ੍ਰਿਤ ਛਕ ਕੇ ਬੁਧ ਸਿੰਘ ਬਣਿਆ। ਹਵਾਈ ਅੱਡੇ ਵਾਲਾ ਪਿੰਡ ਰਾਜਾਸਾਂਸੀ ਇਸੇ ਖਾਨਦਾਨ ਦਾ ਹੈ। ਸੰਧਾਵਾਲੀਏ ਸਰਦਾਰਾਂ ਦਾ ਪਿਛੋਕੜ ਵੀ ਅੰਮ੍ਰਿਤਸਰ ਹੀ ਸੀ ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਬਹੁਤ ਹੀ ਨਜ਼ਦੀਕੀ ਸ਼ਰੀਕ ਸਨ। ਰਣਜੀਤ ਸਿੰਘ ਦੇ ਸਾਂਸੀ ਖਾਨਦਾਨੀ ਕਬੀਲੇ ਬਾਰੇ ਗੁਜਰਾਂਵਾਲੇ ਜ਼ਿਲ੍ਹਾ ਦੇ ਡਿਸਟ੍ਰਿਕਟ ਗਜ਼ਟੀਅਰ ਵਿਚ ਲਿਖਿਆ ਹੈ ਕਿ ਗੁਜਰਾਂਵਾਲਾ ਸ਼ਹਿਰ ਤੇ ਇਸ ਦੇ ਆਲੇ-ਦੁਆਲੇ ਦੇ ਚੌਦਾਂ ਪਿੰਡ ਉਨ੍ਹਾਂ ਦੀ ਮਲਕੀਅਤ ਸਨ ਪਰ ਮਾੜੀ ਕਿਸਮਤ ਨਾਲ ਉਨਾਂ ਕੋਲ ਕੇਵਲ 8 ਪਿੰਡ ਰਹਿ ਗਏ ਤੇ ਉਨ੍ਹਾਂ ਵਿਚੋਂ ਵੀ ਬਹੁਤ ਸਾਰੀ ਜ਼ਮੀਨ ਗਹਿਣੇ ਪੈ ਗਈ। ਖੇਤੀ ਵਿਚ ਫਾਡੀ ਰਹਿਣ ਕਰਕੇ ਉਹ ਪਹਿਲਾਂ ਜਿਹੇ ਲੜਾਕੇ ਨਾ ਰਹੇ। ਸਾਂਦਲ ਬਾਰ ਵਿਚ ਠੇਠੀ ਸਾਂਸੀ ਪਿੰਡ ਵੀ ਸਾਂਸੀ ਜੱਟਾਂ ਦਾ ਇਕ ਉਘਾ ਪਿੰਡ ਸੀ। ਹੁਣ ਸਾਰੇ ਹੀ ਸਾਂਸੀ ਆਪਣਾ ਪਿਛਾ ਭੱਟੀ ਰਾਜਪੂਤ ਦਸਦੇ ਹਨ। ਸਹਿੰਸਰਾ ਤੇ ਸਾਂਸੀ ਇਕੋ ਗੋਤ ਹੈ। ਗੁਰਚਰਨ ਸਿੰਘ ਸਹਿੰਸਰਾ ਉਘੇ ਦੇਸ਼ ਭਗਤ, ਮਾਰਕਸਵਾਦੀ ਚਿੰਤਕ ਅਤੇ ਲੇਖਕ ਹੋਏ ਹਨ।

ਬਹੁਤ ਸਾਰੇ ਲੇਖਕ ਸਾਂਸੀ ਜੱਟਾਂ ਨੂੰ ਸਾਂਸੀ ਜਾਤੀ ਦੇ ਲੋਕਾਂ ਨਾਲ ਜੋੜਨ ਤੋਂ ਹਿਚਕਚਾਉਂਦੇ ਹਨ ਕਿਉਂਕਿ ਇਸ ਗੱਲ ਵਿਚ ਉਹ ਅਖੌਤੀ ਉਚ ਜਾਤੀ ਜੱਟਾਂ ਦੀ ਹੇਠੀ ਸਮਝਦੇ ਹਨ। ਰਣਜੀਤ ਸਿੰਘ ਜਿਹੇ ਮਹਾਰਾਜੇ ਦੇ ਪਿਛੇ ਨੂੰ 'ਨੀਚ ਜਾਤੀ' ਨਾਲ ਜੋੜਨਾ ਸ਼ਾਇਦ ਉਨ੍ਹਾਂ ਨੂੰ ਸਿੱਖੀ ਸ਼ਾਨ ਘਟੇ 'ਚ ਰੋਲਣ ਜਿਹੀ ਗੱਲ ਲਗਦੀ ਹੋਵੇ। ਇਹ ਗੱਲ ਸਿੱਖ ਧਰਮ ਦੀ ਮੁਢਲੀ ਸਿਖਿਆ ਦੇ ਹੀ ਉਲਟ ਹੈ। ਹੋਰ ਤਾਂ ਹੋਰ ਭਾਈ ਕਾਹਨ ਸਿੰਘ ਨਾਭਾ ਜਿਹੇ ਸਿੱਖ ਵਿਦਵਾਨ ਅਜਿਹੇ ਘਟੀਆ ਜਾਤੀਵਾਦ ਤੋਂ ਮੁਕਤ ਨਹੀਂ। ਉਹ ਸਾਂਸੀ ਜੱਟਾਂ ਨੂੰ ਅਲੱਗ ਕਰਕੇ ਸਾਂਹਸੀ ਵਜੋਂ ਪੇਸ਼ ਕਰਦੇ ਹਨ, ਉਨ੍ਹਾਂ ਅਨੁਸਾਰ:



*ਨਾਜ਼ੀ Sieg Heil ਦਾ ਨਾਹਰਾ ਲਾਉਂਦੇ ਹੋਏ*

"ਸਾਂਹਸੀ: ਇੱਕ ਜੱਟ ਗੋਤ੍ਰ, ਵਿਦਵਾਨਾਂ ਨੇ ਇਸ ਦਾ ਮੂਲ ਸੰਸਕ੍ਰਿਤ ਸਾਹਸੀ ਸ਼ਬਦ ਸਮਝਿਆ ਹੈ ਜਿਸ ਦਾ ਅਰਥ ਹੈ ਹਿੰਮਤੀ, ਹਠੀਆ ਅਤੇ ਬਲਵਾਨ। ਪੰਜਾਬ ਕੇਸਰੀ ਮਹਾਰਾਜਾ ਰਣਜੀਤ ਸਿੰਘ ਇਸੇ ਗੋਤ ਦਾ ਸੀ।" ਦੂਜੇ ਪਾਸੇ ਸਾਂਸੀਆਂ ਬਾਰੇ ਉਨ੍ਹਾਂ ਦੇ ਵਿਚਾਰ ਧਿਤਕਾਰ ਭਰੇ ਹਨ:

"ਸਾਂਸੀ: ਇਕ ਨੀਚ ਜਾਤਿ, ਜੋ ਜਰਾਇਮ ਪੇਸ਼ਾ ਤੇ ਖਾਨਾਬਦੋਸ਼ ਹੈ। ਇਹ ਹਿੰਦੋਸਤਾਨ ਤੋਂ ਬਾਹਰ ਹੋਰ ਦੇਸ਼ਾਂ ਵਿਚ ਵੀ ਪਾਈ ਜਾਂਦੀ ਹੈ। ਕਿਤਨੇ ਵਿਦਵਾਨਾਂ ਦਾ ਖਿਆਲ ਹੈ ਕਿ ਸਿਕੰਦਰੇਆਜ਼ਮ ਦੀ ਫੌਜ ਦੇ ਕੁਝ ਯੂਨਾਨੀਆਂ ਵਿਚੋਂ ਜੋ ਭਾਰਤ ਵਿਚ ਰਹਿ ਪਏ, ਇਹ ਜਾਤ ਨਿਕਲੀ ਹੈ। ਜੱਟਾਂ ਦੀ ਸਾਂਹਸੀ ਜਾਤਿ ਇਸ ਤੋਂ ਵਖ ਹੈ।"

ਉਪਰੋਕਤ ਵਿਆਖਿਆਵਾਂ ਤੋਂ ਇਹ ਵੀ ਪਤਾ ਲੱਗ ਜਾਂਦਾ ਹੈ ਕਿ ਭਾਈ ਸਾਹਿਬ ਗੋਤ ਤੇ ਜਾਤ ਨੂੰ ਕਿੰਨਾ ਖਲਤ-ਮਲਤ ਕਰ ਦੇਂਦੇ ਹਨ।

ਆਉ ਦੇਖੀਏ ਭਲਾ ਯੂਰਪੀ ਬੋਲੀਆਂ ਨਾਲ ਇਸ ਦੀ ਕੋਈ ਸਾਂਝ ਬਣਦੀ ਹੈ। ਇਕ ਭਾਰੋਪੀ ਮੂਲ ਦੀ ਕਲਪਨਾ ਕੀਤੀ ਗਈ ਹੈ ਜਿਸ ਤੋਂ ਬਹੁਤ ਸਾਰੀਆਂ ਹਿੰਦ-ਆਰਿਆਈ ਭਾਸ਼ਾਵਾਂ ਵਿਚ ਕਈ ਸ਼ਬਦ ਵਿਉਤਪਤ ਹੋਏ ਹਨ। ਇਨ੍ਹਾਂ ਸ਼ਬਦਾਂ ਦੀ ਸਹ ਧਾਤੂ ਤੋਂ ਉਪਜੇ ਸਾਹਸ 'ਸਮੇਤ' ਭਾਰਤੀ ਬੋਲੀਆਂ ਦੇ ਹੋਰ ਸ਼ਬਦਾਂ ਨਾਲ ਰਿਸ਼ਤੇਦਾਰੀ ਹੈ। ਇਹ ਭਾਰੋਪੀ ਮੂਲ ਹੈ 'segh' ਜਿਸਦਾ ਅਰਥ ਹੈ ਧਾਰਨ ਕਰਨਾ, ਰੱਖਣਾ, ਸ਼ਕਤੀਵਰ ਹੋਣਾ। ਇਸ ਤੋਂ ਜਰਮਨ ਭਾਸ਼ਾ ਵਿਚ ਇਕ ਸ਼ਬਦ ਬਣਿਆ siegh. ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲੇ ਸੱਜਣ ਜਾਣਦੇ ਹੋਣਗੇ ਕਿ ਹਿਟਲਰ ਦੇ ਨਾਜ਼ੀ ਸਲਾਮ ਕਰਨ ਲੱਗੇ ਇਕ ਦੂਜੇ ਨੂੰ 'Sieg Heil' ਆਖਿਆ ਕਰਦੇ ਸਨ ਜਿਸ ਦਾ ਮਤਲਬ ਹੁੰਦਾ ਹੈ 'ਫਤਿਹ ਦੀ ਜੈਜੈਕਾਰ'। ਦੇਖਿਆ ਗਿਆ ਹੈ ਕਿ ਲੜਾਕੂ ਸਮੂਹ ਆਪਣੇ ਸਲਾਮਾਂ ਵਿਚ ਫਤਿਹ ਦਾ ਭਾਵ ਲਿਆਉਂਦੇ ਹਨ। ਖਾਲਸੇ 'ਵਾਹਿਗੁਰੂ ਜੀ ਕੀ ਫਤਿਹ' ਗਜਾਉਂਦੇ ਹਨ। ਹਿੰਦੂਆਂ ਦੀ 'ਜੈ ਰਾਮ ਜੀ ਕੀ' ਵਿਚ ਵੀ ਰਾਮ ਦੀ ਜਿੱਤ ਦੀ ਕਾਮਨਾ ਕੀਤੀ ਗਈ ਹੈ। ਅਵੇਸਤਾ ਵਿਚ ਇਕ ਸ਼ਬਦ ਆਉਂਦਾ ਹੈ 'ਹਾਜ਼ਾ' ਜਿਸ ਦਾ ਅਰਥ ਵੀ ਸ਼ਕਤੀ ਜਾਂ ਵਿਜੇ ਹੁੰਦਾ ਹੈ।

ਪਰ ਇਸ ਮੂਲ ਦਾ ਸਭ ਤੋਂ ਦਿਲਚਸਪ ਵਿਕਾਸ ਅੰਗਰੇਜ਼ੀ ਦੇ ਦੋ ਸ਼ਬਦਾਂ 'school' ਤੇ 'scheme' ਵਿਚ ਉਜਾਗਰ ਹੁੰਦਾ ਹੈ। ਸਕੂਲ ਸ਼ਬਦ ਗਰੀਕ ਭਾਸ਼ਾ ਦੇ 'ਸਖੋਲ' ਤੋਂ ਵਿਉਤਪਤ ਹੋਇਆ ਜਿਸ ਦਾ ਅਰਥ ਸਕੂਲ, ਬਹਿਸ, ਚਰਚਾ ਆਦਿ ਹੁੰਦਾ ਹੈ। ਗਰੀਕ ਵਿਚ ਪਹਿਲਾਂ ਇਸਦਾ ਅਰਥ ਵਿਹਲ ਜਾਂ ਖਾਲੀ ਸਮਾਂ ਹੁੰਦਾ ਸੀ। ਤਹਿਜ਼ੀਬਯਾਫਤਾ ਪੁਰਾਤਨ ਗਰੀਕ ਲੋਕ ਆਪਣਾ 'ਸਖੋਲ' (ਵਿਹਲਾ ਸਮਾਂ) ਅਫਲਾਤੂਨ ਤੇ ਸੁਕਰਾਤ ਜਿਹੇ ਦਾਰਸ਼ਨਿਕਾਂ ਨਾਲ ਘੁੰਮਦਿਆਂ ਫਿਰਦਿਆਂ ਤੇ ਗਿਆਨ ਗੋਸ਼ਟੀ ਕਰਦਿਆਂ ਬਿਤਾਉਂਦੇ ਸਨ। ਸੋ ਉਨ੍ਹਾਂ ਦਾ 'ਸਖੋਲ' ਸ਼ਬਦ ਪਹਿਲਾਂ ਗਿਆਨ ਗੋਸ਼ਟੀ ਤੇ ਫਿਰ ਗਿਆਨ ਗੋਸ਼ਟੀ ਵਾਲੀ ਜਗ੍ਹਾ ਦਾ ਅਰਥਾਵਾਂ ਹੋ ਗਿਆ। ਸਾਡੀਆਂ ਸੱਥਾਂ 'ਚ ਅਜਿਹਾ ਹੀ ਕੁਝ ਹੁੰਦਾ ਹੈ ਪਰ ਇਸ ਸ਼ਬਦ ਦੇ ਵਿਹਲ ਵਾਲੇ ਅਰਥ ਬੜੇ ਟੇਢੇ ਜਿਹੇ ਢੰਗ ਨਾਲ ਵਿਕਸਿਤ ਹੁੰਦੇ ਹਨ। ਇਸ ਵਿਚ 'segh' ਮੂਲ ਦੇ ਰੱਖਣਾ, ਧਰਨਾ ਵਾਲੇ ਅਰਥ ਇਸ ਭਾਵ ਨਾਲ ਸਮੋਂਦੇ ਹਨ, ਜਾਣੋਂ ਵਿਹਲ ਭੀ ਇਕ ਤਰ੍ਹਾਂ ਨਾਲ ਆਪਣੇ ਆਪ ਨੂੰ ਕਿਸੇ ਸਰਗਰਮੀ ਤੋਂ ਪਰੇ ਰਖਣਾ ਹੈ ਅਰਥਾਤ ਵਿਹਲੇ ਰਹਿਣ ਲਈ ਵੀ ਇਕ ਤਰ੍ਹਾਂ ਨਾਲ ਸ਼ਕਤੀ ਦੀ ਲੋੜ ਪੈਂਦੀ ਹੈ। ਬੱਸ ਫਿਰ ਹੌਲੀ ਹੌਲੀ ਅਰਥ ਸਕੂਲ ਦੀ ਪੌੜੀ ਚੜ੍ਹ ਗਏ। ਲਾਤੀਨੀ ਵਲੋਂ ਆਏ 'ਸਕੀਮ' ਦਾ ਪੁਰਾਤਨ ਅਰਥ ਅਲੰਕਾਰ ਹੁੰਦਾ ਸੀ। ਲਾਤੀਨੀ 'ਸਕੈਮਾ' ਵਿਚ, ਇਸਦੇ ਅਰਥ ਸਨ: ਰੂਪ, ਸ਼ਕਲ, ਡੀਲ ਡੌਲ। ਇਸ ਤੋਂ ਮਿਲਦੀ ਜੁਲਦੀ ਸ਼ਕਲ ਦਾ ਭਾਵ ਪੈਦਾ ਹੋਇਆ ਤੇ ਇਸ ਤੋਂ ਅੱਗੇ ਅਲੰਕਾਰ ਦਾ, ਕਿਉਂਕਿ ਅਲੰਕਾਰਾਂ ਵਿਚ ਇਕ ਚੀਜ਼ ਦੀ ਸ਼ਕਲ ਦੂਜੀ ਜੈਸੀ ਦਰਸਾਈ ਜਾਂਦੀ ਹੈ। ਟਾਕਰਾ ਕਰੋ ਸਾਡੇ 'ਰੂਪਕ' ਸ਼ਬਦ ਦਾ ਜਿਸ ਦੇ ਅਲੰਕਾਰ ਵਾਲੇ ਅਰਥ ਰੂਪ ਤੋਂ ਵਿਕਸਿਤ ਹੋਏ। ਲਾਤੀਨੀ ਸ਼ਬਦ ਅੱਗੋਂ ਗਰੀਕ 'ਸਖੇਮ' ਤੋਂ ਆਇਆ ਜਿਸ ਦੇ ਲਗਭਗ ਏਹੋ ਅਰਥ ਹੁੰਦੇ ਸਨ। ਇਹ ਸ਼ਬਦ ਗਰੀਕ ਦੇ ਅਖੇਨ ਸ਼ਬਦ ਤੋਂ ਬਣਿਆ ਜਿਸ ਦਾ ਭਾਵ ਰੱਖਣਾ, ਧਾਰਨ ਕਰਨਾ ਹੁੰਦਾ ਹੈ। ਵਿਚਲੀ ਗੱਲ ਇਹ ਹੈ ਕਿ ਜੋ ਧਾਰਿਆ ਜਾਂਦਾ ਹੈ ਉਹੀ ਸ਼ਕਲ ਜਾਂ ਰੂਪ ਹੁੰਦਾ ਹੈ ਤੇ ਇਹ ਸਿੱਟਾ ਸਾਨੂੰ ਇਸਦੇ ਮੂਲ 'segh' ਦੇ ਅਰਥ ਵੱਲ ਲੈ ਜਾਂਦਾ ਹੈ।

# ਨਗਰ ਕੀਰਤਨ ਜਾਂ ਸੜਕਾਂ ਉਤੇ ਰੁਲਦੀਆਂ ਦਸਤਾਰਾਂ ਦੇ ਜਲੂਸ

## ਸੰਪਾਦਕ ਦੀ ਡਾਕ

ਆਏ ਦਿਨ ਖ਼ਬਰਾਂ ਪੜ੍ਹਨ ਅਤੇ ਸੁਣਨ ਨੂੰ ਮਿਲਦੀਆਂ ਹਨ ਕਿ ਫਲਾਣੇ ਸ਼ਹਿਰ ਦੇ ਗੁਰਦੁਆਰਾ ਸਾਹਿਬ ਦੇ ਅੰਦਰ ਘਮਸਾਨ ਦੀ ਲੜਾਈ ਹੋਈ, 10 ਬੰਦਿਆਂ ਦੀਆਂ ਦਸਤਾਰਾਂ ਲੱਥੀਆਂ, ਦਾੜ੍ਹੇ ਪੁੱਟੇ ਗਏ ਅਤੇ ਹਸਪਤਾਲ ਦਾਖ਼ਲ ਕਰਵਾਏ ਗਏ, ਕੁਝ ਨੂੰ ਪੁਲੀਸ ਫੜ ਕੇ ਲੈ ਗਈ ਅਤੇ ਉਹ ਜੇਲ੍ਹ 'ਚ ਬੰਦ ਹਨ। ਇਸ ਤੋਂ ਇਲਾਵਾ ਜਿਸ ਗੱਲ ਦੀ ਬਹੁਤ ਚਰਚਾ ਹੁੰਦੀ ਹੈ, ਉਹ ਇਹ ਕਿ ਪੁਲੀਸ ਜੁੱਤੀਆਂ ਸਣੇ ਗੁਰੂਘਰ ਦੇ ਅੰਦਰ ਆ ਵੜੀ ਅਤੇ ਗੁਰੂਘਰ ਦਾ ਸਤਿਕਾਰ ਭੰਗ ਹੋਇਆ। ਇਹੋ ਜਿਹੀ ਕੋਈ ਨਾ ਕੋਈ ਖ਼ਬਰ ਹਰ ਦੂਜੇ-ਤੀਜੇ ਹਫ਼ਤੇ ਪੜ੍ਹਨ ਨੂੰ ਮਿਲ ਜਾਂਦੀ ਹੈ।

ਇਹ ਖ਼ਬਰ ਤਾਂ ਹੁੰਦੀ ਹੈ ਗੁਰੂਘਰਾਂ ਅੰਦਰ ਦੀ ਪਰ ਜਦੋਂ ਅੰਦਰ ਦੀਆਂ ਗੱਲਾਂ ਬਾਹਰ ਸੜਕਾਂ 'ਤੇ ਸ਼ਰ੍ਹੇਆਮ ਦੇਖਣ ਨੂੰ ਮਿਲ ਜਾਣ ਤਾਂ ਬੇਸ਼ਰਮੀ ਦੀ ਹੱਦ ਮੁੱਕ ਜਾਂਦੀ ਹੈ। ਸਿੱਖ ਕੌਮ ਦੀ ਇਹ ਬਦਕਿਸਮਤੀ ਹੈ ਕਿ ਇਹ ਉਜੜ-ਰਾਹੇ ਪੈ ਚੁੱਕੀ ਹੈ। ਇਸ ਦੇ ਧਾਰਮਿਕ-ਸਮਾਜਕ ਆਗੂ, ਸਾਰੇ ਦੇ ਸਾਰੇ ਹੀ ਅੰਨ੍ਹੇ ਤੇ ਬੋਲੇ ਹੋ ਚੁੱਕੇ ਹਨ। ਜੋ ਹਨ੍ਹੇਰੀ ਪੰਜਾਬ 'ਤੇ ਉਠਦੀ ਹੈ, ਉਹ ਅਮਰੀਕਾ ਤਕ ਪਹੁੰਚਦੀ ਪਹੁੰਚਦੀ ਵੱਡੇ ਤੂਫ਼ਾਨ ਦਾ ਰੂਪ ਅਖ਼ਤਿਆਰ ਕਰ ਲੈਂਦੀ ਹੈ।

ਚੌਧਰ ਦੀਆਂ ਲੱਗੀਆਂ ਹੋਈਆਂ ਦੌੜਾਂ, ਪੈਸੇ ਦੀ ਬਹੁਤਾਤ, ਪਾਰਟੀਬਾਜ਼ੀ ਅਤੇ ਧੜੇਬੰਦੀਆਂ ਨੇ ਪਹਿਲਾਂ ਘਰਾਂ ਤੋਂ ਨਿਕਲ ਕੇ ਗੁਰਦੁਆਰਿਆਂ ਵਿਚ ਪੈਰ ਜਮਾਏ ਅਤੇ ਸੁਰਖੀਆਂ ਬਣ ਕੇ ਧਰਮ ਦਾ ਮਖ਼ੌਲ ਉਡਾਇਆ। ਨਿਊਯਾਰਕ ਤੋਂ ਲੈ ਕੇ ਕੈਲੇਫੋਰਨੀਆ ਤਕ ਇਹ ਤਮਾਸ਼ਾ ਖ਼ੂਬ ਚੱਲ ਰਿਹਾ ਹੈ। ਗੁਰੂਘਰਾਂ ਦੇ ਨਾਮ ਲਿਖਣ ਦੀ ਲੋੜ ਨਹੀਂ, ਸਭ ਨੂੰ ਚੰਗੀ ਤਰ੍ਹਾਂ ਪਤਾ ਹੈ। ਗੁਰੂ ਨੂੰ ਪਿਆਰ ਕਰਨ ਵਾਲੇ ਲੋਕ ਖ਼ੂਨ ਦੇ ਅੱਥਰੂ ਰੋਂਦੇ ਹਨ ਅਤੇ ਪੁੱਛਦੇ ਹਨ ਕਿ ਇਹ ਲੋਕ ਗੁਰੂ ਤੋਂ ਕਿਉਂ ਨਹੀਂ ਡਰਦੇ?

ਪ੍ਰਬੰਧਕੀ ਢਾਂਚੇ ਵਾਲੇ ਤਾਂ ਆਪਣੀਆਂ ਜਾਨਾਂ ਤਲੀ 'ਤੇ ਧਰ ਕੇ ਤੁਰੇ ਫਿਰਦੇ ਹਨ। ਇਹ ਲੋਕ ਗਿਣ-ਮਿਥ ਕੇ ਗੁਰੂਘਰਾਂ ਵਿਚ ਯੁੱਧ ਛੇੜਦੇ ਹਨ ਅਤੇ ਉਹ ਵੀ ਪੂਰੀ ਤਿਆਰੀ ਨਾਲ। ਦੁੱਖ ਦੀ ਗੱਲ ਹੈ ਕਿ ਜੋ ਖੇਡਾਂ ਇਹ ਲੰਮੇ ਸਮੇਂ ਤੋਂ ਗੁਰੂਘਰਾਂ ਅੰਦਰ ਖੇਡ ਰਹੇ ਸਨ, ਉਹ ਹੁਣ ਨਗਰ ਕੀਰਤਨਾਂ ਤਕ ਵੀ ਆਣ ਪਹੁੰਚੀਆਂ ਹਨ। ਆਪਣੇ ਸਿਆਣੇ ਬਜ਼ੁਰਗਾਂ ਕੋਲੋਂ ਸੁਣੀਦਾ ਸੀ ਕਿ ਜੇ ਦੋ ਆਦਮੀ ਬਾਹਰ ਗਲੀ ਵਿਚ ਕਦੇ ਖਹਿਬੜ ਪੈਂਦੇ ਸਨ ਤਾਂ ਸਮਝਦਾਰ ਲੋਕਾਂ ਨੇ ਕੋਲੋਂ ਕਹਿਣਾ-ਉਏ ਮੂਰਖੋ! ਬਾਹਰ ਗਲੀਆਂ ਵਿਚ ਕਿਉਂ ਆਪਣਾ ਜਲੂਸ ਕੱਢਦੇ ਹੋ, ਘਰ ਅੰਦਰ ਬੈਠ ਕੇ ਗੱਲ ਨਿਬੇੜ ਲਵੋ। ਸੋ, ਲੋਕੀਂ ਬਾਹਰ ਦੀ ਲੜਾਈ ਅੰਦਰ ਬੈਠ ਕੇ ਮੁਕਾ ਲੈਂਦੇ ਸਨ।

ਅੱਜ ਨਵੇਂ ਯੁੱਗ ਤੇ ਨਵੇਂ ਜ਼ਮਾਨੇ ਦੇ ਲੋਕ ਅਤੇ ਸਾਡਾ ਪ੍ਰਬੰਧਕੀ ਢਾਂਚਾ ਅੰਦਰ ਦੀਆਂ ਗੱਲਾਂ ਬਾਹਰ ਸੜਕਾਂ ਉਤੇ ਲੈ ਆਇਆ ਹੈ। ਉਹ ਵੀ ਬੜੇ ਮਾਣ ਤੇ ਹੰਕਾਰ ਨਾਲ। ਇਹ ਗੱਲ ਕਿਸੇ ਇਕੱਲੀ ਗਲੀ ਜਾਂ ਸੜਕ ਦੀ ਨਹੀਂ ਹੈ; ਵੱਡੇ-ਵੱਡੇ ਨਗਰ ਕੀਰਤਨਾਂ ਤਕ ਦੀ ਹੈ ਜਿਥੇ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ ਵਿਚ ਸੰਗਤਾਂ ਦੂਰੋਂ-ਦੂਰੋਂ ਆ ਕੇ ਸ਼ਾਮਲ ਹੁੰਦੀਆਂ ਹਨ। ਉਥੇ ਚੌਧਰਾਂ ਦੇ ਭੁੱਖੇ, ਗੁਰੂਘਰ ਦੀਆਂ ਗੋਲਕਾਂ ਲੁੱਟਣ ਵਾਲੇ ਆਪਣੇ ਕਰਤਬ ਦਿਖਾਉਂਦੇ ਹਨ। ਪਹਿਲਾਂ ਇਕ-ਦੂਜੇ ਖ਼ਿਲਾਫ਼ ਨਾਅਰੇ ਲੱਗਦੇ ਹਨ, ਫਿਰ ਧੱਕਾ-ਮੁੱਕੀ ਹੁੰਦੀ ਹੈ ਅਤੇ ਜੋ ਸਭ ਤੋਂ ਮਾੜੀ ਗੱਲ ਹੁੰਦੀ ਹੈ, ਉਹ ਇਹ ਕਿ ਇਕ-ਦੂਜੇ ਦੀਆਂ ਪੱਗਾਂ ਲਾਹ ਕੇ ਮਿੱਟੀ ਵਿਚ ਰੋਲੀਆਂ ਜਾਂਦੀਆਂ ਹਨ।

ਜਿਹੜੇ ਲੀਡਰ ਕੁਝ ਮਿੰਟ ਪਹਿਲਾਂ ਭਾਸ਼ਣ ਕਰ ਰਹੇ ਹੁੰਦੇ ਹਨ, ਚੰਦ ਮਿੰਟਾਂ ਬਾਅਦ ਵਿਚਾਰੇ ਆਪਣੀਆਂ ਢੱਠੀਆਂ ਹੋਈਆਂ ਪੱਗਾਂ ਲੱਭਦੇ ਫਿਰਦੇ ਹਨ। ਕਈਆਂ ਦੀਆਂ ਤਾਂ ਪੱਗਾਂ ਵੀ ਵਿਰੋਧੀ ਧਿਰ ਦੇ ਬੰਦੇ ਲਾਹ ਕੇ ਆਪਣੇ ਨਾਲ ਹੀ ਘਰਾਂ ਨੂੰ ਲੈ ਜਾਂਦੇ ਹਨ ਅਤੇ ਫਿਰ ਬੜੇ ਫਖ਼ਰ ਨਾਲ ਦੱਸਦੇ ਹਨ ਕਿ ਫਲਾਣੇ ਦੀ ਪੱਗ ਲਾਹ ਦਿਤੀ ਅਤੇ ਉਹਦੀ ਪੱਗ ਅਜੇ ਵੀ ਸਾਡੇ ਕੋਲ ਹੈ।

ਹੁਣ ਤਾਂ ਨਗਰ ਕੀਰਤਨਾਂ 'ਤੇ ਲੜਨ ਦਾ ਬਹੁਤ ਵੱਡਾ ਫ਼ਾਇਦਾ ਇਹ ਹੈ ਕਿ ਪੁਲੀਸ ਨੂੰ ਫ਼ੋਨ ਕਰ ਕੇ ਬੁਲਾਉਣਾ ਨਹੀਂ ਪੈਂਦਾ। ਹੁਣ ਤਾਂ ਅਮਰੀਕਾ ਦੀ ਪੁਲੀਸ ਵੀ ਸਾਡੇ ਬਾਰੇ ਬਹੁਤ ਚੰਗੀ ਤਰ੍ਹਾਂ ਜਾਣ ਚੁੱਕੀ ਹੈ ਕਿ ਨਗਰ ਕੀਰਤਨਾਂ 'ਤੇ ਕੋਈ ਨਾ ਕੋਈ ਜਲੂਸ ਤਾਂ ਜ਼ਰੂਰ ਹੀ ਨਿਕਲੇਗਾ। ਸੋ, ਪੁਲੀਸ ਪਹਿਲਾਂ ਹੀ ਤਿਆਰੀ ਕਰ ਕੇ ਖਲੋਂਦੀ ਹੈ। ਇਕ ਗੱਲ ਹੋਰ, ਜਿਨ੍ਹਾਂ ਵੀਰਾਂ ਨੂੰ ਇਹ ਦੁੱਖ ਹੁੰਦਾ ਸੀ ਕਿ ਪੁਲੀਸ ਸਣੇ ਜੁੱਤੀਆਂ ਗੁਰੂਘਰਾਂ ਵਿਚ ਆ ਵੜਦੀ ਹੈ, ਹੁਣ ਕੁਝ ਸੁਖ ਦਾ ਸਾਹ ਮਿਲੇਗਾ ਕਿਉਂਕਿ ਪੁਲੀਸ ਦਾ ਕੰਮ ਹੁਣ ਕੌਮ ਦੇ ਲੀਡਰ ਆਸਾਨ ਕਰੀ ਜਾ ਰਹੇ ਹਨ ਕਿਉਂਕਿ ਪੁਲੀਸ ਹੁਣ ਪੱਗਾਂ ਲਾਹੁਣ ਵਾਲੇ ਅਤੇ ਪੱਗਾਂ ਲੱਥੀਆਂ ਵਾਲਿਆਂ ਨੂੰ ਸੜਕ 'ਤੇ ਹੀ ਘੇਰ ਲਿਆ ਕਰੇਗੀ।

ਇਕ ਪਾਸੇ ਤਾਂ ਇਹ ਲੋਕ ਨਗਰ ਕੀਰਤਨਾਂ ਰਾਹੀਂ ਇਸ ਮੁਲਕ ਦੇ ਮਾਲਕਾਂ ਨੂੰ ਅਤੇ ਬਾਸ਼ਿੰਦਿਆਂ ਨੂੰ ਇਹ ਦੱਸਣਾ ਚਾਹੁੰਦੇ ਹਨ ਕਿ ਅਸੀਂ ਕਿੰਨੇ ਧਾਰਮਿਕ ਹਾਂ ਅਤੇ ਆਪਣੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਕਿੰਨਾ ਸਤਿਕਾਰ ਦਿੰਦੇ ਹਾਂ ਪਰ ਨਾਲ ਹੀ ਬਿਨਾਂ ਪੁੱਛਣ ਦੇ ਹੀ ਦੱਸ ਦਿੰਦੇ ਹਾਂ ਕਿ ਅਸੀਂ ਸਾਰੇ ਹੀ ਊਣੇ ਹਾਂ ਅਤੇ ਸੱਖਣੇ ਭਾਂਡੇ ਹਾਂ। ਇਕ-ਦੋ ਅਖ਼ਬਾਰਾਂ ਨੂੰ ਛੱਡ ਕੇ ਬਾਕੀ ਸਭ ਅਖ਼ਬਾਰਾਂ ਵੀ ਮੂੰਹ ਬੰਦ ਕਰ ਕੇ ਬੈਠੀਆਂ ਹਨ! ਸਦਕੇ ਜਾਈਏ ਬਾਦਲ ਸਰਕਾਰ ਦੇ, ਜੇਕਰ ਪ੍ਰਬੰਧਕਾਂ ਨੂੰ ਖ਼ੁਸ਼ ਨਾ ਰੱਖਿਆ ਤਾਂ ਫਿਰ ਅੱਗੋਂ ਕੀ ਬਣੇਗਾ ਇਸ ਰਾਜ ਵਿਚ। ਜੇ ਜਥੇਦਾਰ ਜੀ ਨਹੀਂ ਬੋਲ ਸਕਦੇ; ਹੋਰ ਕੌਣ ਬੋਲੇਗਾ!!

ਹੁਣ ਸਾਨੂੰ ਹਾਅ ਦਾ ਨਾਅਰਾ ਮਾਰਨਾ ਪਵੇਗਾ ਕਿ ਧੰਨ ਹੈਂ ਤੂੰ ਬਾਜਾਂ ਵਾਲਿਆਂ ਅਤੇ ਧੰਨ ਹਨ ਇਹ ਚੌਧਰਾਂ ਦੇ ਭੁੱਖੇ ਲੋਕ!! ਲਿਖਾਰੀ ਵੀਰਾਂ-ਸਾਹਿਤਕਾਰਾਂ ਨੂੰ ਜਾਗਣਾ ਪਵੇਗਾ। ਗ਼ਜ਼ਲਾਂ ਅਤੇ ਗੀਤ ਤਾਂ ਫਿਰ ਵੀ ਲਿਖੇ ਜਾਣਗੇ ਪਰ ਹੁਣ ਇਨ੍ਹਾਂ ਤਮਾਸ਼ਬੀਨਾਂ ਨੂੰ ਤਮਾਸ਼ੇ ਕਰਨ ਤੋਂ ਮੋੜਨਾ ਚਾਹੀਦਾ ਹੈ। ਗੁਰਬਾਣੀ ਦਾ ਫ਼ਰਮਾਨ ਹੈ:

ਸਾਬਿਤ ਸੂਰਤ ਦਸਤਾਰ ਸਿਰਾ

ਸੋ, ਮੇਰੀ ਕੌਮ ਦੇ ਵਾਰਸੋ, ਆਪਣੀਆਂ ਦਸਤਾਰਾਂ ਦੀ ਇੱਜ਼ਤ ਕਰੋ ਅਤੇ ਰਾਖੀ ਵੀ ਕਰੋ।

ਪੱਗੜੀ ਸੰਭਾਲ ਜੱਟਾ, ਪੱਗੜੀ ਸੰਭਾਲ ਉਏ।
ਆਪਣੀਆਂ ਇੱਜ਼ਤਾਂ ਨਾ
ਆਪੇ ਹੀ ਉਛਾਲ ਉਏ।

**-ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ।**
**ਫੋਨ:916-687-3536**

# ਲੱਭਣੇ ਨਹੀਂ ਲਾਲ ਗੁਆਚੇ...

ਡਾ. ਗੁਰਨਾਮ ਕੌਰ

1984 ਵਿਚ ਮੈ ਆਪਣਾ ਪੀ.ਐਚ.ਡੀ ਦਾ ਥੀਸਸ ਲਿਖ ਰਹੀ ਸਾਂ ਜਿਸ ਕਰਕੇ ਜਾਣਾ-ਆਉਣਾ ਬੰਦ ਕੀਤਾ ਹੋਇਆ ਸੀ। ਇਸ ਲਈ ਗਰਮੀ ਦੀਆਂ ਛੁੱਟੀਆਂ ਹੁੰਦੇ ਸਾਰ (ਲੇਡੀ ਫ਼ਾਤਿਮਾ ਸਕੂਲ ਵਿਚ ਗਰਮੀ ਦੀਆਂ ਛੁੱਟੀਆਂ ਮਈ ਦੇ ਤੀਸਰੇ ਹਫਤੇ ਹੀ ਹੋ ਜਾਂਦੀਆਂ ਹਨ) ਇੱਕ-ਦੋ ਜੂਨ ਨੂੰ ਹੀ ਮੇਰੇ ਪਤੀ ਦੋਹਾਂ ਬੱਚਿਆਂ ਨੂੰ ਲੈ ਕੇ ਬਾਬੇ ਬਕਾਲੇ ਕੋਲ ਪੈਂਦੇ ਆਪਣੇ ਪਿੰਡ ਕੰਮੋ ਕੇ ਚਲੇ ਗਏ। ਉਹ ਹਾਲੇ ਪਿੰਡ ਹੀ ਸਨ ਜਦੋਂ ਅਪਰੇਸ਼ਨ ਬਲੂ ਸਟਾਰ ਹੋ ਗਿਆ। ਹਰ ਸ਼ਹਿਰ ਵਿਚ ਕਰਫ਼ਿਊ ਲੱਗ ਗਿਆ ਅਤੇ ਹਰ ਤਰ੍ਹਾਂ ਦਾ ਸੰਪਰਕ ਕੱਟਿਆ ਗਿਆ, ਜੋ ਵਾਪਰਿਆ



ਡਾ. ਗੁਰਨਾਮ ਕੌਰ

ਇਸ ਦਾ ਸਭ ਨੂੰ ਪਤਾ ਹੈ। ਅੰਮ੍ਰਿਤਸਰ ਦੇ ਪਿੰਡਾਂ ਵਿਚ ਮਿਲਟਰੀ ਅਟੈਕ ਤੋਂ ਪਹਿਲਾਂ ਵੀ ਬਹੁਤ ਸਖਤੀ ਸੀ ਅਤੇ ਦੋਹਾਂ ਧਿਰਾਂ ਦੀਆਂ ਕਾਰਗੁਜ਼ਾਰੀਆਂ ਕਾਰਨ ਲੋਕਾਂ ਦੀ ਜਾਨ ਅਕਲਕਾਂਦ ਆਈ ਰਹਿੰਦੀ ਸੀ। ਪਿੰਡ ਜਾਣ ਦੇ ਨਾਮ 'ਤੇ ਇੱਕ ਖਾਸ ਕਿਸਮ ਦਾ ਭੈਅ ਮਨ ਵਿਚ ਬੈਠ ਜਾਂਦਾ ਸੀ ਪਰ ਬੱਚਿਆਂ ਨੂੰ ਪਿੰਡ ਭੇਜਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ। ਬੱਸ ਮੈਂ ਅਤੇ ਮੇਰੇ ਕੋਲ ਰਹਿ ਰਹੀ ਮੇਰੀ ਭਤੀਜੀ ਹਰਦੀਪ ਸਾਰਾ ਦਿਨ ਖਬਰਾਂ ਸੁਣਦੀਆਂ ਰਹਿੰਦੀਆਂ ਅਤੇ ਕੰਨਸੋਆਂ ਲੈਂਦੀਆਂ ਰਹਿੰਦੀਆਂ। ਦੁੱਖ ਅਤੇ ਸੰਤਾਪ ਤੋਂ ਬਿਨਾ ਕੁੱਝ ਪੱਲੇ ਨਹੀਂ ਸੀ ਪੈ ਰਿਹਾ। ਗੁਆਂਢ ਰਹਿੰਦੇ ਪ੍ਰੋ. ਸਹਿਬ ਦੀ ਲੜਕੀ ਦੀ ਮੰਗਣੀ ਅੰਮ੍ਰਿਤਸਰ ਕੀਤੀ ਹੋਈ ਸੀ ਅਤੇ ਲੜਕਾ ਉਥੇ ਡਾਕਟਰ ਸੀ। ਇਕ ਦਿਨ ਖ਼ਬਰ ਆਈ ਕਿ ਦਰਬਾਰ ਸਾਹਿਬ ਹੋ ਰਹੀ ਗੋਲਾਬਾਰੀ ਵਿਚ ਉਹ ਆਪਣੇ ਘਰ ਦੇ ਅੰਦਰ ਕੇਸੀ ਇਸ਼ਨਾਨ ਕਰਕੇ ਬੈਠਾ ਹੀ ਮਾਰਿਆ ਗਿਆ। ਕੋਈ ਖ਼ਬਰ ਵੀ ਸੁਖਾਵੀਂ ਨਹੀਂ ਸੀ। ਕਾਫੀ ਦਿਨ ਲੰਘਣ 'ਤੇ ਜਦੋਂ ਆਵਾਜਾਈ ਥੋੜੀ ਜਿਹੀ ਚਾਲੂ ਹੋਈ ਤਾਂ ਮੇਰੇ ਪਤੀ ਵਾਪਸ ਆਏ ਪਰ ਬੱਚੇ ਪਿੰਡ ਹੀ ਰਹਿ ਪਏ ਸਨ।

ਛੁੱਟੀਆਂ ਮੁੱਕਣ 'ਤੇ ਮੈਂ ਆਪ ਉਨ੍ਹਾਂ ਨੂੰ ਲੈਣ ਗਈ। ਦਰਬਾਰ ਸਾਹਿਬ ਦਾ ਹਾਲ ਵੀ ਅੱਖੀਂ ਦੇਖਣ ਨੂੰ ਜੀਅ ਤਾਂਘ ਰਿਹਾ ਸੀ। ਮੈਂ ਆਪਣੀ ਦਰਾਣੀ ਦਲਬੀਰ ਨਾਲ, ਬੱਚਿਆਂ ਨੂੰ ਵੀ ਨਾਲ ਲੈ ਕੇ ਅੰਮ੍ਰਿਤਸਰ ਗਈ। ਦਲਬੀਰ ਮੈਨੂੰ ਦਸਦੀ ਰਹੀ ਕਿ ਕਿਵੇਂ ਦਰਬਾਰ ਸਾਹਿਬ ਤੇ ਡਿਗ ਰਹੇ ਗੋਲਿਆਂ ਦੀ ਆਵਾਜ਼ ਅਤੇ ਰੋਸ਼ਨੀ ਪਿੰਡ ਤੱਕ ਦਿਸਦੀ ਸੀ। ਜੂਨ ਦਾ ਮਹੀਨਾ ਹੋਣ ਕਰਕੇ ਸਭ ਛੱਤਾਂ 'ਤੇ ਸੌਂਦੇ ਸਨ ਅਤੇ ਕਿਵੇਂ ਪੂਨਮ ਆਪਣੇ ਛੋਟੇ ਵੀਰ ਨੂੰ ਲਗਾਤਾਰ ਵਰ੍ਹ ਰਹੇ ਗੋਲਿਆਂ ਦੇ ਖੜਾਕ ਵਿਚ ਘੁਟ ਕੇ ਆਪਣੇ ਨਾਲ ਲਾ ਲੈਂਦੀ ਸੀ ਅਤੇ ਉਸ ਦੀ ਜਾਨ ਦਾ ਫ਼ਿਕਰ ਕਰਦੀ ਸੀ। ਦਰਬਾਰ ਸਾਹਿਬ ਦੀ ਜੋ ਹਾਲਤ ਅਤੇ ਨੁਕਸਾਨ ਹੋਇਆ ਉਹ ਸਭ ਨੂੰ ਪਤਾ ਹੈ। ਪੂਨਮ ਬੜੇ ਧਿਆਨ ਨਾਲ ਸਾਰਾ ਕੁੱਝ ਦੇਖ ਰਹੀ ਸੀ। ਸਾਰਾ ਕੁਝ ਬਹੁਤ ਬਦਲਿਆ ਹੋਇਆ ਸੀ। ਪਿੰਡ ਜਦੋਂ ਵੀ ਜਾਈਦਾ ਸੀ ਤਾਂ ਦਰਬਾਰ ਸਾਹਿਬ ਮੱਥਾ ਟੇਕਣ ਜ਼ਰੂਰ ਜਾਈਦਾ ਸੀ। ਹੁਣ ਜੋ ਕੁੱਝ ਦਿਖਾਈ ਦੇ ਰਿਹਾ ਸੀ, ਉਸ ਨੂੰ ਜਜ਼ਬ ਕਰਨਾ ਬੜਾ ਔਖਾ ਸੀ। ਇਸ ਘਟਨਾ ਨੇ ਮਨ ਵਿਚ ਏਨੀ ਬੇਵਿਸਾਹੀ ਪੈਦਾ ਕਰ ਦਿੱਤੀ ਕਿ ਮਨ ਵਿਚ ਫੈਸਲਾ ਹੀ ਕਰ ਲਿਆ ਕਿ ਜਦੋਂ ਵੀ ਜਾਣਾ ਹੈ, ਬੱਚਿਆਂ ਦੇ ਨਾਲ ਜਾਣਾ ਹੈ ਤਾਂਕਿ ਜੋ ਕੁੱਝ ਵੀ ਵਾਪਰਨਾ ਹੈ ਇਕੱਠਿਆਂ ਸਹਿਣ ਕੀਤਾ ਜਾਵੇ।

ਇਹ ਤਾਂ ਬਹੁਤ ਵੱਡੀ ਘਟਨਾ ਸੀ ਜਿਸ ਨੇ ਹਰ ਇੱਕ ਨੂੰ ਝੰਜੋੜ ਕੇ ਰੱਖ ਦਿੱਤਾ। ਸਮਾਜਿਕ ਰਿਸ਼ਤੇ ਭਾਈਚਾਰਕ ਸਾਂਝ, ਆਪਸੀ ਵਿਸ਼ਵਾਸ ਸਭ ਕੁੱਝ ਹੀ ਬਦਲ ਗਿਆ। ਲੋਕ ਇਕ ਦੂਜੇ ਨਾਲ ਗੱਲ ਕਰਨ ਤੋਂ ਵੀ ਕਤਰਾਉਣ ਲੱਗ ਪਏ ਪਰ ਕਈ ਵਾਰ ਅਚਾਨਕ ਵਾਪਰੀ ਇਕ ਨਿੱਕੀ ਜਿਹੀ ਘਟਨਾ, ਇਕ ਨਿੱਕਾ ਜਿਹਾ ਬੋਲ ਤੁਹਾਡੇ ਸਾਰੇ ਵਜ਼ੂਦ ਨੂੰ ਹਿਲਾ ਕੇ ਰੱਖ ਦਿੰਦਾ ਹੈ, ਜ਼ਿੰਦਗੀ ਦੀ ਤਰਜ਼ ਨੂੰ ਬਦਲ ਕੇ ਰੱਖ ਦਿੰਦਾ ਹੈ, ਤੁਹਾਡੇ ਅੰਦਰ ਜ਼ਿੰਦਗੀ ਭਰ ਚੱਲਣ ਵਾਲਾ ਇਕ ਯੁੱਧ ਛੇੜ ਦਿੰਦਾ ਹੈ, ਜੋ ਤੁਹਾਡੇ ਨਾ ਚਾਹੁੰਦੇ ਹੋਏ ਵੀ ਦਿਲੋ-ਦਿਮਾਗ ਨੂੰ ਹਰ ਵਕਤ ਮੱਲੀ ਰੱਖਦਾ ਹੈ। ਚਾਹੇ ਜਾਣ-ਬੁੱਝ ਕੇ ਨਾ ਸਹੀ ਪਰ ਫਿਰ ਵੀ ਇਉਂ ਵਾਪਰ ਜਾਂਦਾ ਹੈ।

ਅਸੀਂ ਬੱਚਿਆਂ ਨਾਲ 1987 ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਪਿੰਡ ਗਏ। ਮੇਰੇ ਪਤੀ ਨੂੰ ਆਪਣੀ ਦਾਦੀ ਨਾਲ ਖਾਸ ਹੀ ਲਗਾਓ ਰਿਹਾ ਹੈ। ਬਾਹਰਲੇ ਘਰ ਜੋ ਬਿਲਕੁਲ ਨੇੜੇ ਹੀ ਸੀ, ਭੂਆ ਦੇ ਮੁੰਡੇ ਨੂੰ ਨਾਲ ਲੈ ਗਏ, ਬੱਚੇ ਅਤੇ ਉਨ੍ਹਾਂ ਦੀ ਚਾਚੀ ਵੀ ਨਾਲ ਸੀ। ਮਾਂ ਜੀ ਨੂੰ ਗਰਮੀ ਦੇ ਮਹੀਨੇ ਬਾਹਰਲੇ ਘਰ ਦੇ ਪਿੱਛੇ ਲੱਗੇ ਬਾਂਸ ਦੇ ਦਰਖਤ ਦੀ ਛਾਂਵੇਂ ਮੰਜੀ ਡਾਹ ਕੇ ਬੈਠਣ ਦੀ ਆਦਤ ਸੀ। ਬੱਚੇ ਕਿਸੇ ਗੱਲੋਂ ਆਪਸ ਵਿਚ ਉਲਝ ਪਏ। ਕਿਸੇ ਵਡੇ ਨੇ ਪੂਨਮ ਨੂੰ ਸ਼ਾਇਦ ਕੁਝ ਕਹਿ ਦਿੱਤਾ। ਉਹ ਉਚੀ ਉਚੀ ਰੋਣ ਲਗ ਪਈ। ਰੋਣਾ ਅਤੇ ਭਾ ਜੀ ਭੁਪਿੰਦਰ ਸਿੰਘ ਦੀ ਉਚੀ ਆਵਾਜ਼ ਸੁਣ ਕੇ, ਜੋ ਮੇਰੇ ਪਤੀ ਨੂੰ ਗੁੱਸੇ ਵਿਚ ਕੁਝ ਬੋਲ ਰਹੇ ਸਨ, ਮੈਂ ਇੱਕ ਦਮ ਹਵੇਲੀ ਵੱਲ ਦੌੜੀ। ਦੇਖਿਆ ਪੂਨਮ ਰੋ ਰਹੀ ਸੀ ਅਤੇ ਮੈਨੂੰ ਦੇਖ ਕੇ ਹੋਰ ਵੀ ਉਚੀ ਉਚੀ ਰੋਣ ਲੱਗ ਪਈ। ਮੈਂ ਇੱਕਦਮ ਬੁੱਕਲ ਵਿਚ ਲੈ ਕੇ ਪੁੱਛਿਆ, "ਪੂਨਮ! ਕੀ ਹੋਇਆ?" ਇੱਕਦਮ ਬੋਲੀ, "ਮਾਮਾ! ਮੈਂ ਨਹੀਂ ਮੁੜ ਕੇ ਪਿੰਡ ਆਉਣਾ।" ਮੈਂ ਪੂਨਮ ਨੂੰ ਦਿਲਾਸਾ ਦਿਤਾ, "ਚੰਗਾ ਪੁਤ ਆਪਾਂ ਫਿਰ ਨਹੀਂ ਆਵਾਂਗੇ।" ਉਦੋਂ ਮੈਨੂੰ ਇਹ ਨਹੀਂ ਸੀ ਪਤਾ ਕਿ ਇਹ ਸ਼ਬਦ ਸੱਚ ਹੀ ਹੋ ਨਿਬੜਨਗੇ।

ਮੈਨੂੰ ਲਗਦਾ ਹੁੰਦਾ ਸੀ, ਮੈਂ ਆਪਣੀ ਧੀ ਕਰਕੇ ਜੀ ਰਹੀ ਹਾਂ। ਜੇ ਇਸ ਨੂੰ ਕੁੱਝ ਹੋ ਗਿਆ, ਮੈਂ ਜਿਉਂ ਨਹੀਂ ਸਕਣਾ। ਭਾਵੇਂ ਮੈਂ ਇਹ ਕਦੇ ਨਹੀਂ ਸੀ ਚਾਹਿਆ ਪਰ ਪੂਨਮ ਨੂੰ ਮੁੜ ਕੇ ਕਦੀ ਪਿੰਡ ਆਉਣ ਦਾ ਰੱਬ ਨੇ ਮੌਕਾ ਹੀ ਨਹੀਂ ਦਿੱਤਾ। ਉਹ ਉਸ ਦੀਆਂ ਆਖ਼ਰੀ ਗਰਮੀਆਂ ਹੋ ਨਿਬੜੀਆਂ। ਉਹ ਸੁਭਾਅ ਦੇ ਤੌਰ 'ਤੇ ਆਪਣੇ ਹਾਣ ਦੇ ਬੱਚਿਆਂ ਨਾਲੋਂ ਗੰਭੀਰ ਸੀ। ਇਨ੍ਹਾਂ ਗਰਮੀਆਂ ਵਿਚ ਉਸਨੇ ਕੱਦ ਵੀ ਬਹੁਤ ਕੱਢ ਲਿਆ ਸੀ। ਬਾਰਾਂ ਸਾਲ ਦੀ ਵੀ ਨਹੀਂ ਸੀ ਹੋਈ ਪਰ ਮੇਰੇ ਤੋਂ ਬਹੁਤ ਉਚੀ ਹੋ ਗਈ ਸੀ। ਮੇਰੀ ਭਤੀਜੀ ਹਰਦੀਪ ਮੇਰੇ ਕੋਲ ਆਈ ਹੋਈ ਸੀ। ਉਸ ਕੋਲੋਂ ਰਸੋਈ ਵਿਚ ਕਈ ਕੁੱਝ ਬਣਾਉਣਾ ਸਿੱਖ ਲਿਆ। ਕੰਮ ਕਰਨ ਵਾਲੀ ਨੇ ਸ਼ਾਮ ਨੂੰ ਜਦੋਂ ਬਰਤਨ ਸਾਫ ਕਰਨ ਆਉਣਾ ਤਾਂ ਕਹਿਣਾ, "ਬੀਬੀ ਜੀ! ਅੱਜ ਰਸੋਈ ਵਿਚ ਲਗਦਾ ਹੈ ਪੂਨਮ ਨੇ ਕੰਮ ਕੀਤਾ?" ਇਹ ਉਸਨੂੰ ਰਸੋਈ ਵਿਚ ਪਏ ਵਾਧੂ ਖਲਾਰੇ ਤੋਂ ਪਤਾ ਲੱਗ ਜਾਂਦਾ ਸੀ।

ਅਸੀਂ ਸ਼ਾਮ ਨੂੰ ਸੈਰ ਕਰਨ ਜਾਣਾ ਤਾਂ ਸਾਹਮਣੇ ਰਹਿ ਰਹੀ ਪੰਜਾਬੀ ਵਿਕਾਸ ਵਿਭਾਗ ਦੀ ਲੈਕਚਰਾਰ ਇੰਦਰਜੀਤ (ਜੋ ਹੁਣ ਇਸ ਸੰਸਾਰ ਤੇ ਨਹੀਂ ਹੈ) ਨੇ ਕਹਿਣਾ, "ਭੈਣ ਜੀ! ਬੇਟੀ ਬਹੁਤ ਲੰਬੀ ਅਤੇ ਸੁਹਣੀ ਹੋ ਗਈ ਹੈ, ਕਿਤੇ ਮੇਰੀ ਨਜ਼ਰ ਨਾ ਲੱਗ ਜਾਵੇ।" ਜਿਸ ਦਿਨ ਪੂਨਮ ਸੰਸਾਰ ਤੋਂ ਕੂਚ ਕਰ ਗਈ ਤਾਂ ਉਹ ਬਹੁਤ ਹੀ ਰੋਈ। ਕਹਿੰਦੀ, "ਭੈਣ ਜੀ! ਹਾਏ ਪੂਨਮ ਨੂੰ ਮੇਰੀ ਨਜ਼ਰ ਲੱਗ ਗਈ।" ਮੈਂ ਉਸ ਨੂੰ ਕਿਹਾ, "ਤੂੰ ਕਿਹੜਾ ਉਸ ਦੀ ਦੁਸ਼ਮਣ ਸੀ ਕਿ ਉਸ ਨੂੰ ਤੇਰੀ ਨਜ਼ਰ ਲੱਗ ਗਈ?"

ਮੇਰੇ ਬੇਟੇ ਮਨਵੀਰ ਦਾ ਜਨਮ ਦਿਨ 28 ਸਤੰਬਰ ਦਾ ਹੈ। ਅਸੀਂ ਇਹ ਇਕੱਠੇ ਹੋ ਕੇ ਮਨਾਇਆ। ਉਸਦੇ ਚਾਚਾ-ਚਾਚੀ ਪਿੰਡ ਤੋਂ ਉਸ ਦੇ ਜਨਮ ਦਿਨ 'ਤੇ ਆਏ। ਪੂਨਮ ਦਾ ਜਨਮ ਦਿਨ ਚਾਰ ਨਵੰਬਰ ਦਾ ਸੀ। ਮੈਨੂੰ ਬੋਲੀ, "ਮਾਮਾ! ਇਸ ਵਾਰ ਮੈਂ ਆਪਣੇ ਜਨਮ ਦਿਨ 'ਤੇ ਸਲਵਾਰ-ਕਮੀਜ਼ ਪਾਉਣੀ ਹੈ ਅਤੇ ਸੂਟ ਦੇ ਨਾਲ ਦੇ ਕਪੜੇ ਦੀ ਪੰਜਾਬੀ ਜੁੱਤੀ ਬਣਾਉਣੀ ਹੈ।" ਪਟਿਆਲੇ ਇਸ ਤਰ੍ਹਾਂ ਦੀਆਂ ਜੁੱਤੀਆਂ ਕਾਰੀਗਰ ਬਣਾ ਦਿੰਦੇ ਹਨ।

ਦੋ ਅਕਤੂਬਰ ਦਾ ਦੁਸਹਿਰਾ ਸੀ ਅਤੇ ਨਾਲ ਦੋ ਕੁ ਛੁੱਟੀਆਂ ਹੋਰ ਆ ਗਈਆਂ। ਅਸੀਂ ਮੇਰੀ ਵੱਡੀ ਭੈਣ ਗੁਰਮੇਲ ਕੋਲ ਦੋਰਾਹੇ ਕੋਲ ਉਸਦੇ ਪਿੰਡ ਅੜ੍ਹੈਚੇ ਜਾਣ ਦਾ ਪ੍ਰੋਗਰਾਮ ਬਣਾ ਲਿਆ ਜੋ ਬਹੁਤ ਵਧੀਆ ਸਿਲਾਈ ਕਰ ਲੈਂਦੀ ਹੈ। ਭਾਬੀ ਜੀ ਕਰਮਜੀਤ (ਡਾ. ਬਲਕਾਰ ਸਿੰਘ ਦੀ ਮਿਸਿਜ), ਦੋਵੇਂ ਬੱਚੇ ਅਤੇ ਮੈਂ ਵੀਰਵਾਰ ਦੇ ਦਿਨ ਅੜ੍ਹੈਚੇ ਚਲੇ ਗਏ। ਸ਼ੁਕਰਵਾਰ ਨੂੰ ਅਸੀਂ ਦੋਰਾਹੇ ਤੋਂ ਕਪੜੇ ਲੈਣ ਗਈਆਂ। ਪੂਨਮ ਲਈ ਦੋ ਸਲਵਾਰ-ਕਮੀਜ਼ ਦੇ ਸੂਟ ਮੈਂ ਅਤੇ ਮੇਰੀ ਭੈਣ ਨੇ ਲਏ, ਭਾਬੀ ਜੀ ਨੇ ਇੱਕ ਸੂਟ ਦੇ ਨਾਲ ਦਾ ਆਪਣੀ ਬੇਟੀ ਲਈ ਖਰੀਦਿਆ। ਉਥੋਂ ਅਸੀਂ ਮਾਂ-ਧੀ ਬੱਸ ਚੜ੍ਹ ਕੇ ਨਾਲ ਦੇ ਪਿੰਡ ਮਹਿਦੂਦਾਂ ਮੇਰੀ ਸਭ ਤੋਂ ਵੱਡੀ ਭੈਣ ਨੂੰ ਮਿਲਣ ਗਈਆਂ ਜਿਥੇ ਜਾ ਕੇ ਪਤਾ ਲੱਗਿਆ ਕਿ ਨਵੰਬਰ ਵਿਚ ਮੇਰੇ ਭਾਣਜੇ ਦਾ ਵਿਆਹ ਰੱਖਿਆ ਹੈ। ਪੂਨਮ ਖੁਸ਼ ਹੋ ਕੇ ਬੋਲੀ, "ਮਾਂ ਮੇਰੀਏ! ਹੁਣ ਤਾਂ ਕੰਨ ਵਿੰਨ੍ਹਣ ਦੇਵੇਂਗੀ, ਵੀਰੇ ਦਾ ਵਿਆਹ ਆ ਗਿਆ ਅਤੇ ਮੈਂ ਵਾਲੀਆਂ ਪਾਵਾਂਗੀ, ਜਿਹੜੀਆਂ ਤੂੰ ਕਰਾ ਕੇ ਰੱਖੀਆਂ ਨੇ।"

ਦੂਸਰੇ ਦਿਨ ਸਨਿਚਰਵਾਰ ਮੇਰੇ ਭਾਣਜਿਆਂ ਨਾਲ ਰਲ ਕੇ ਬੱਚੇ ਦੋਰਾਹੇ ਦੁਸਹਿਰਾ ਦੇਖਣ ਗਏ, ਆ ਕੇ ਛੱਲੀਆਂ ਭੁੰਨ ਕੇ ਖਾਧੀਆਂ। ਰਾਤ ਨੂੰ ਸੁੱਤੀ ਪਈ ਉਠ ਕੇ ਕਹਿੰਦੀ, "ਮਾਮਾ ਮੇਰੇ ਪੇਟ ਵਿਚ ਵੱਟ ਉਠਿਆ।" ਮੈਂ ਉਸ ਨੂੰ ਟੁਆਇਲਟ ਲੈ ਗਈ, ਜਿਥੇ ਉਸ ਨੇ ਇੱਕ ਉਲਟੀ ਵੀ ਕੀਤੀ। ਥੋੜਾ ਜਿਹਾ ਬੁਖਾਰ ਵੀ ਹੋ ਗਿਆ। ਕੁੱਝ ਦਿਨ ਤੋਂ

**ਰੰਗ-ਬੇਰੰਗ**

ਉਹ ਭੁੱਖ ਨਾ ਲੱਗਣ ਅਤੇ ਕਬਜ ਦੀ ਸ਼ਿਕਾਇਤ ਵੀ ਕਰ ਰਹੀ ਸੀ, ਜਿਸ ਕਰਕੇ ਮੈਂ ਉਸਨੂੰ ਯੂਨੀਵਰਸਿਟੀ ਦੇ ਡਾਕਟਰ ਪੁਰੀ ਨੂੰ ਵੀ ਦਿਖਾਇਆ। ਉਸ ਨੇ ਕੁੱਝ ਵੀ ਗੰਭੀਰ ਹੋਣ ਵਰਗੀ ਸਲਾਹ ਨਹੀਂ ਦਿੱਤੀ। ਮੇਰੀ ਭੈਣ ਗੁਆਂਢੀਆਂ ਦੇ ਮੁੰਡੇ ਦੇ ਮੋਟਰ ਸਾਈਕਲ ਤੇ ਬਿਠਾ ਕੇ ਉਸ ਨੂੰ ਦੋਰਾਹੇ ਡਾਕਟਰ ਦੇ ਲੈ ਗਈ ਜਿਸ ਨੇ ਚੈਕ ਕਰਨ ਤੋਂ ਬਾਅਦ ਭਾਵੇਂ ਦੱਸਿਆ ਸੀ ਕਿ ਇਕ ਉਲਟੀ ਆਈ ਹੈ, ਸੀਕੁਅਲ ਦਾ ਟੀਕਾ ਲਾ ਦਿੱਤਾ ਅਤੇ ਦੁਆਈ ਦੇ ਦਿੱਤੀ। ਘਰ ਆ ਕੇ ਉਸਦੀ ਵੱਖੀ ਵਿਚ ਦਰਦ ਹੋਣ ਲੱਗ ਪਿਆ। ਮੈਂ ਘਬਰਾ ਗਈ ਅਤੇ ਦੁਬਾਰਾ ਆਪ ਨਾਲ ਗਈ। ਡਾਕਟਰ ਨੇ ਉਪਰ ਆਪਣੀ ਰਿਹਾਇਸ਼ 'ਤੇ ਹੀ ਸੱਦ ਲਿਆ। ਦੇਖ ਕੇ ਕਹਿੰਦਾ, "ਪਟਿਆਲੇ ਰਾਜਿੰਦਰਾ ਹਸਪਤਾਲ ਵਿਚ ਦਾਖਲ ਕਰਾ ਲਵੋ।" ਮੈਂ ਅੱਗੋਂ ਕਿਹਾ, "ਡਾਕਟਰ ਸਾਹਿਬ ਜੇ ਕੋਈ ਖਾਸ ਵਜ੍ਹਾ ਹੈ ਤਾਂ ਤੁਸੀਂ ਇਥੇ



*ਪੂਨਮ ਆਪਣੀ ਚਾਚੀ ਦਲਬੀਰ ਨਾਲ*

ਹੀ ਦਾਖਲ ਕਰ ਲਵੋ। ਅੱਜ ਐਤਵਾਰ ਹੈ ਅਤੇ ਐਤਵਾਰ ਨੂੰ ਕੋਈ ਡਾਕਟਰ ਨਹੀਂ ਮਿਲਦਾ, ਸਿਰਫ ਹਾਊਸ ਸਰਜਨ ਹੁੰਦੇ ਹਨ।" ਡਾਕਟਰ ਅੱਗੋਂ ਬੋਲਿਆ, "ਪਟਿਆਲੇ ਮੈਂ ਇਸ ਲਈ ਕਿਹਾ ਹੈ ਕਿ ਤੁਸੀਂ ਉਥੇ ਰਹਿੰਦੇ ਹੋ। ਇਸ ਨੂੰ ਚੈਸਟ ਇਨਫੈਕਸ਼ਨ ਹੈ। ਠੀਕ ਹੋਣ ਨੂੰ ਕਈ ਦਿਨ ਲੱਗ ਜਾਣੇ ਹਨ।"

ਅਸੀ ਘਰੋਂ ਸਾਮਾਨ ਮੰਗਵਾਇਆ ਅਤੇ ਪਟਿਆਲੇ ਨੂੰ ਬੱਸ ਲੈ ਲਈ, ਨਾਲ ਮੇਰੀ ਭੈਣ ਅਤੇ ਵੱਡਾ ਭਾਣਜਾ ਅਮਨਦੀਪ ਤੁਰ ਪਏ। ਭਾਬੀ ਜੀ ਕਰਮਜੀਤ ਮਨਵੀਰ ਨੂੰ ਨਾਲ ਲੈ ਕੇ ਆਪਣੇ ਘਰ ਚਲੇ ਗਏ ਅਤੇ ਅਸੀਂ ਸਿੱਧੇ ਹਸਪਤਾਲ ਐਮਰਜੈਂਸੀ ਵਿਚ। ਉਥੇ ਗਿਆਨੀ ਲਾਲ ਸਿੰਘ ਜੀ ਦੇ ਜੁਆਈ ਡਾਕਟਰ ਦੀ ਡਿਊਟੀ ਸੀ। ਜਦੋਂ ਮੈਂ ਯੂਨੀਵਰਸਿਟੀ ਦੀ ਆਪਣੀ ਰਿਹਾਇਸ਼ ਦਾ ਪਤਾ ਲਿਖਾਇਆ ਤਾਂ ਇੱਕ ਦਮ ਬੋਲਿਆ, "ਮੇਰਾ ਸਾਂਢੂ ਪ੍ਰੋ. ਦਲਜੀਤ ਸਿੰਘ ਉਥੇ ਯੂਥ ਵੈਲਫੇਅਰ ਦਾ ਡਾਇਰੈਕਟਰ ਹੈ।" ਮੈਂ ਪੁਛਿਆ, "ਤੁਸੀਂ ਗਿਆਨੀ ਲਾਲ ਸਿੰਘ ਦੇ ਜੁਆਈ ਹੋ?" ਡਾਕਟਰ ਬੋਲਿਆ, "ਹਾਂ ਜੀ।" ਉਸ ਨੇ ਬਹੁਤ ਹੀ ਚੰਗੀ ਤਰ੍ਹਾਂ ਦੇਖਿਆ ਪਰ ਦੋਰਾਹੇ ਵਾਲੇ ਡਾਕਟਰ ਨੇ ਕੋਈ ਪਰਚੀ ਨਾਲ ਨਹੀਂ ਸੀ ਦਿੱਤੀ, ਮੈਂ ਸਭ ਕੁਝ ਜੋ ਡਾਕਟਰ ਨੇ ਕਿਹਾ ਸੀ, ਦੱਸ ਦਿੱਤਾ। ਉਸ ਨੇ ਉਥੇ ਤੈਨਾਤ ਚੌਥਾ ਦਰਜਾ ਅਟੈਂਡੈਂਟ ਨੂੰ ਐਕਸਰੇ ਕਰਾ ਕੇ ਬੱਚਿਆਂ ਦੇ ਵਿਭਾਗ ਵਿਚ ਲੈ ਜਾਣ ਲਈ ਕਿਹਾ। ਏਨਾ ਕੁੱਝ ਕਰਦਿਆਂ ਪੂਨਮ ਪੂਰੇ ਕੌਮੇ (ਬੇਹੋਸ਼ੀ) ਵਿਚ ਚਲੀ ਗਈ ਸੀ। ਉਹ ਬੰਦਾ ਮੈਨੂੰ ਰਸਤੇ ਵਿਚ ਬੋਲਿਆ, "ਅੱਜ ਤਾਂ ਐਤਵਾਰ ਹੈ, ਕੋਈ ਐਕਸਰੇ ਵਾਲਾ ਨਹੀਂ ਹੈ। ਜਿਹੜਾ ਹੈ ਉਹ ਦੁਪਹਿਰ ਦੀ ਰੋਟੀ ਖਾਣ ਗਿਆ ਹੈ" ਅਤੇ ਸਾਨੂੰ ਸਿੱਧਾ ਵਾਰਡ ਵਿਚ ਲੈ ਗਿਆ ਜੋ ਉਪਰਲੀਆਂ ਮੰਜਲਾਂ 'ਤੇ ਸੀ। ਉਥੇ ਤੈਨਾਤ ਲੇਡੀ ਡਾਕਟਰ ਨੇ ਇਕ ਇਸਤਰੀ ਅਟੈਂਡੈਂਟ ਨੂੰ ਐਕਸਰੇ ਵਾਸਤੇ ਲੈ ਜਾਣ ਲਈ ਕਿਹਾ, ਜੋ ਮੈਨੂੰ ਬੋਲੀ, "ਮੈਂ ਨਹੀਂ ਜਾਣਾ ਨੀਚੇ, ਮੈਂ ਦਿਲ ਦੀ ਮਰੀਜ ਹਾਂ।" ਇਹ ਤਾਂ ਮੈਨੂੰ ਪਿੱਛੋਂ ਪਤਾ ਲੱਗਿਆ ਕਿ ਹੇਠਲਾ ਅਮਲਾ ਫੈਲਾ ਸਭ ਰਿਸ਼ਵਤਖੋਰ ਹੈ ਅਤੇ ਪੈਸੇ ਭਾਲਦਾ ਸੀ ਪਰ ਮੈਨੂੰ ਕੀ ਪਤਾ ਸੀ? "ਅਬ ਪਛਤਾਏ ਕਿਆ ਹੋਤ ਜਬ ਚਿੜੀਆਂ ਚੁਗ ਗਈ ਖੇਤ।"

ਖੈਰ! ਡਾਕਟਰ ਨੇ ਬਿਨਾ ਕੋਈ ਟੈਸਟ ਕੀਤੇ ਗੁਲੂਕੋਜ਼ ਲਾ ਦਿੱਤਾ ਜਿਸ ਨਾਲ ਉਹ ਹੋਰ ਡੂੰਘੇ ਕੌਮੇ ਵਿਚ ਚਲੀ ਗਈ। ਡਾਕਟਰ ਦੀ ਡਿਊਟੀ ਬਦਲ ਗਈ। ਡਾ. ਬਲਕਾਰ ਸਿੰਘ ਨੇ ਕੋਈ ਰਿਸੈਪਸ਼ਨ ਅਟੈਂਡ ਕਰਨੀ ਸੀ, ਘਰੋਂ ਹਸਪਤਾਲ ਆ ਕੇ ਮੇਰੇ ਭਾਣਜੇ ਨੂੰ ਸਕੂਟਰ ਦਿੱਤਾ ਅਤੇ ਡਾ. ਕੇਹਰ ਸਿੰਘ ਨਾਲ ਚਲੇ ਗਏ। ਮੇਰੇ ਪਤੀ ਉਦੋਂ ਪੰਜਾਬੀ ਟ੍ਰਿਬਿਊਨ ਵਿਚ ਸੀਨੀਅਰ ਸਬ ਐਡੀਟਰ ਸਨ, ਇੱਕ ਦੋ ਦਿਨ ਛੱਡ ਕੇ ਪਟਿਆਲੇ ਆਉਂਦੇ। ਨਵੇਂ ਡਾਕਟਰ ਨੇ ਖੂਨ ਟੈਸਟ ਕਰਾਉਣ ਲਈ ਪ੍ਰਾਈਵੇਟ ਕਮਲ ਕਲਿਨਕ ਵਿਚ ਭੇਜ ਦਿੱਤਾ। ਫੇਰ ਕੀ ਸੀ? ਇਕ ਲੱਤ ਕਮਲ ਕਲਿਨਕ ਵਿਚ ਤੇ ਇੱਕ ਹਸਪਤਾਲ ਵਿਚ। ਤੀਜੇ-ਚੌਥੇ ਟੈਸਟ 'ਤੇ ਪਤਾ ਲੱਗਾ ਕਿ ਸ਼ੂਗਰ ਇੱਕਦਮ ਵੱਧ ਗਈ ਹੈ। ਬੱਚਿਆਂ ਦੇ ਮਾਹਰ ਡਾਕਟਰ ਦਿਉਲ ਨੂੰ ਘਰੋਂ ਸੱਦ ਲਿਆ ਗਿਆ। ਉਨ੍ਹਾਂ ਆਪਣਾ ਪੂਰਾ ਜ਼ੋਰ ਲਾਇਆ। ਰਾਤ ਦੇ ਨੌਂ ਕੁ ਵਜੇ ਦੋਹਾਂ ਡਾਕਟਰਾਂ ਨੇ ਆਪਣੇ ਟੇਬਲ ਤੇ ਮੈਨੂੰ ਸੱਦਿਆ ਅਤੇ ਬੋਲੇ, "ਤੁਹਾਡੇ ਹੋਰ ਕਿੰਨੇ ਬੱਚੇ ਹਨ?" ਮੈਂ ਜਵਾਬ ਦਿੱਤਾ, "ਇਸ ਤੋਂ ਪੰਜ ਸਾਲ ਛੋਟਾ ਇਕ ਬੇਟਾ ਹੈ। ਡਾਕਟਰ ਸਾਹਿਬ ਤੁਸੀਂ ਇਹ ਮੈਨੂੰ ਕਿਉਂ ਪੁੱਛ ਰਹੇ ਹੋ?" ਨਾਲ ਹੀ ਹੱਥ ਜੋੜ ਕੇ ਕਿਹਾ, "ਪਲੀਜ ਡਾਕਟਰ ਸਾਹਿਬ ਇਸ ਨੂੰ ਬਚਾ ਲਵੋ। ਭਾਵੇਂ ਜਿੰਨਾ ਮਰਜੀ ਪੈਸਾ ਲੱਗ ਜਾਵੇ। ਮੈਂ ਇਸ ਨੂੰ ਬਹੁਤ ਔਖੀ ਪਾਲਿਆ ਹੈ।" ਡਾਕਟਰ ਦਿਓਲ ਅੱਗੋਂ ਉਦਾਸ ਸੁਰ ਵਿਚ ਬੋਲੇ, "ਇਸ ਦੀ ਸ਼ੁਗਰ ਬਹੁਤ ਵੱਧ ਗਈ ਹੈ। ਇਸ ਨੂੰ ਸਟਰੈਸਡ ਸ਼ੁਗਰ ਬੋਲਦੇ ਹਨ ਜੋ ਬਹੁਤੀਆਂ ਦੁਆਈਆਂ ਨਾਲ ਵੀ ਵੱਧ ਸਕਦੀ ਹੈ। ਅਸੀਂ ਆਪਣੀ ਪੂਰੀ ਵਾਹ ਲਾ ਰਹੇ ਹਾਂ।" ਮੈਂ ਹੰਝੂ ਕੇਰਦੀ ਪੂਨਮ ਦੇ ਸਿਰਹਾਣੇ ਉਸ ਦਾ ਹੱਥ ਫੜ੍ਹ ਕੇ ਬੈਠ ਗਈ ਅਤੇ ਉਸ ਨੂੰ ਬੁਲਾਉਣ ਦੀ ਕੋਸ਼ਿਸ਼ ਕਰਨ ਲੱਗੀ ਪਰ ਕਿੱਥੇ? ਪੰਜ ਅਕਤੂਬਰ ਨੂੰ ਜਦੋਂ ਉਸਦੇ ਬਾਹਰਵੇਂ ਜਨਮ ਦਿਨ ਵਿਚ ਸਿਰਫ ਇਕ ਮਹੀਨਾ ਰਹਿੰਦਾ ਸੀ, ਜਿਸ ਤੇ ਉਸ ਨੇ ਸਲਵਾਰ ਕਮੀਜ ਪਾਉਣੀ ਸੀ, ਉਸ ਦੀ ਨਬਜ਼ ਮੇਰੇ ਹੱਥ ਵਿਚ ਫੜੀ ਉਸ ਦੀ ਕਲਾਈ ਵਿਚੋਂ ਹੌਲੀ ਹੌਲੀ ਦਿਲ ਤੱਕ ਜਾਂਦਿਆਂ ਖਤਮ ਹੋ ਗਈ ਅਤੇ ਮੈਂ ਹੱਥ ਮਲਦੀ ਰਹਿ ਗਈ।

ਇਸ ਤਰ੍ਹਾਂ ਮੇਰੀ ਭੈਣ ਜਿਸ ਨੇ ਸੋਚਿਆ ਹੋਇਆ ਸੀ, "ਮੈਂ ਪੂਨਮ ਦੇ ਵਿਆਹ 'ਤੇ ਅੱਧਾ ਖਰਚ ਚੁੱਕਣਾ ਹੈ ਅਤੇ ਮੇਰੇ ਭਤੀਜੇ ਜਿਹੜੇ ਸੋਚਦੇ ਸਨ, ਅਸੀਂ ਆਪ ਹੀ ਪੂਨਮ ਦਾ ਵਿਆਹ ਜਲਦੀ ਕਰ ਦੇਣਾ ਹੈ ਅਤੇ ਮੈਂ ਜਿਸ ਨੇ ਸੋਚਿਆ ਸੀ, ਮੈਂ ਇਸਨੂੰ ਫਿਲਾਸਫੀ ਅਤੇ ਸਾਈਕਾਲੋਜੀ ਦੋਹਾਂ ਦੀ ਮਾਹਿਰ ਬਣਾਉਣਾ ਹੈ, ਸਭ ਹੱਥ ਮਲਦੇ ਰਹਿ ਗਏ।

*(ਚਲਦਾ...)*

## ਸਿਆਣਿਆਂ ਦਾ ਕਿਹਾ

(1) ਭਲਾ ਕੋਈ ਬੀਤੇ ਯੁੱਗਾਂ ਦੇ ਚੇਤੇ 'ਚ ਕੈਦ ਖੁਸ਼ੀ ਦੇ ਪਲ ਨੂੰ ਕਿੰਨਾ ਸਮਾਂ ਹੰਢਾ ਸਕਦਾ ਹੈ।

(2) ਚਾਨਣ ਦੀ ਉਡੀਕ ਵਿਚ ਕਈਆਂ ਦੀ ਜ਼ਿਦਗੀ ਲੰਘ ਜਾਂਦੀ ਹੈ।

(3) ਜਦੋਂ ਪੰਜਾਬ ਲਈ ਭਾਰਤੀਆਂ ਦੇ ਮਨਾਂ ਦੇ ਕੋਨਿਆਂ ਵਿਚ ਹਨੇਰ ਹੈ ਉਦੋਂ ਬਨੇਰਿਆਂ 'ਤੇ ਦੀਵਿਆਂ ਦੀ ਰੋਸ਼ਨੀ ਦਾ ਸਾਡੇ ਲਈ ਕੋਈ ਅਰਥ ਨਹੀਂ ਹੈ।

(4) ਪੰਜਾਬ ਦੀ ਦੀਵਾਲੀ ਪਿਛਲੀ ਸਦੀ ਦੇ ਅੰਤ ਤੋਂ ਕਾਲੀ ਹੈ।

(5) ਹਰ ਸਾਲ ਦੀਵੇ ਜਗਦੇ ਹਨ, ਹਰ ਸਾਲ ਦੀਵਾਲੀ ਕਤਲ ਹੁੰਦੀ ਹੈ। ਜਿਨ੍ਹਾਂ ਦੇ ਘਰਾਂ ਦੇ ਚਿਰਾਗ ਬੁੱਝ ਗਏ ਹਨ ਉਨ੍ਹਾਂ ਲਈ ਦੀਵਾਲੀ ਦੇ ਦੀਵੇ ਕੀ ਰੋਸ਼ਨੀ ਕਰ ਸਕਦੇ ਹਨ?

(6) ਭਾਰਤ ਅੰਦਰ ਹਿੰਦੂ ਮਾਫੀਆ ਨੇ ਜਿਨ੍ਹਾਂ ਸਿੱਖਾਂ ਦੇ ਭਵਿਖ ਦੀ ਕੁੱਖ 'ਚ ਹਨੇਰਾ ਭਰਿਆ ਹੈ ਉਨ੍ਹਾਂ ਲਈ ਦੀਵਾਲੀ ਵੇਲੇ ਬਨੇਰੇ 'ਤੇ ਟਿਮਟਿਮਾਂਦਾ ਦੀਵਾ ਕੀ ਚਾਨਣ ਕਰ ਸਕਦਾ ਹੈ?

(7) ਰੋਸ਼ਨੀ ਤਾਂ ਭਾਰਤੀ ਕਬਰਾਂ ਦਰਮਿਆਨ ਜਗਦੇ ਦੀਵੇ ਵੀ ਕਰਦੇ ਹਨ ਪਰ ਉਨ੍ਹਾਂ ਵਿਚ ਜੀਵਨ ਦੀ ਧੜਕਣ ਨਹੀਂ ਹੁੰਦੀ।

(8) ਜਦੋਂ ਭਾਰਤੀ ਹਕੂਮਤ ਦੇ ਜ਼ਬਰ ਨਾਲ ਇੱਕ ਆਦਮੀ ਦਾ ਦਿਲ ਟੁਟਦਾ ਹੈ ਤਾਂ ਇੱਕ ਘਰ ਦੀ ਦੀਵਾਲੀ ਹਨੇਰੀ ਹੋ ਜਾਂਦੀ ਹੈ।

(9) ਅੱਜ ਸਿੱਖੀ ਨੂੰ ਦੁਸ਼ਮਣ ਤੋਂ ਨਹੀਂ ਬਲਕਿ ਸਿੱਖ ਤੋਂ ਹੀ ਖਤਰਾ ਹੈ।

(10) ਜਦੋਂ ਸਿਰ 'ਤੇ ਬੇਰੁਜ਼ਗਾਰੀ ਦੀ ਤਲਵਾਰ ਲਟਕਦੀ ਹੋਵੇ ਉਸ ਵਕਤ ਆਦਮੀ ਲਈ ਖੁਸ਼ੀ ਦਾ ਕਿਹੜਾ ਪਲ ਬਾਕੀ ਬਚਦਾ ਹੈ।

(11) ਜਦੋਂ ਜੇਬਾਂ ਨੂੰ ਚੋਰ ਲੱਗੇ ਹੋਣ ਉਦੋਂ ਜਸ਼ਨਾਂ ਦੇ ਪਲ ਵੀ ਜ਼ਹਿਰ ਲਗਦੇ ਹਨ।

(12) ਦੀਵਾਲੀ ਦੀ ਰਾਤ ਬਨੇਰਿਆਂ 'ਤੇ ਦੀਵੇ ਬਾਲ ਕੇ ਭਾਰਤੀ ਲੋਕ ਫਰਜ਼ ਤੋਂ ਸੁਰਖਰੂ ਨਹੀਂ ਹੋ ਸਕਦੇ, ਸਦੀਆਂ ਤੋਂ ਹਰ ਸਾਲ ਦੀਵੇ ਬਾਲਣ ਦੇ ਬਾਵਜੂਦ ਭਾਰਤ ਅੰਦਰ ਅਜੇ ਵੀ ਹਨੇਰਾ ਪਸਰਿਆ ਪਿਆ ਹੈ, ਕਿਉਂ?

(13) ਭਾਰਤ ਅੰਦਰ ਸਿੱਖ ਡਰ ਡਰ ਜੀਅ ਰਹੇ ਹਨ ਅਤੇ ਭਾਰੀ ਗਿਣਤੀ ਵਿਚ ਕੁੱਝ ਕੁੱਝ ਸਾਲਾਂ ਬਾਅਦ ਮਾਰੇ ਵੀ ਜਾ ਰਹੇ ਹਨ?

(14) ਭਾਰਤ ਵਿਚ ਸਿੱਖ ਕਤਲ ਹੋ ਰਹੇ ਹਨ, ਸਾਨੂੰ ਕੋਈ ਰੋਸ ਨਹੀਂ। ਕੱਲ ਨੂੰ ਅਸੀਂ ਕਤਲ ਹੋਵਾਂਗੇ, ਕਿਸੇ ਨੂੰ ਅਫਸੋਸ ਨਹੀਂ ਹੋਵੇਗਾ।

(15) ਬਾਗੀ ਅਤੇ ਹਤਿਆਰੇ ਵਿਚ ਫਰਕ ਹੁੰਦਾ ਹੈ।

(16) ਖਾਲਿਸਤਾਨ ਦੀ ਪ੍ਰਾਪਤੀ ਲਈ ਅਸੀਂ ਬਾਗੀ ਹਾਂ ਹਤਿਆਰੇ ਨਹੀਂ।

(17) ਭਾਰਤ ਦੇ ਹੁਕਮਰਾਨ ਗੱਲ ਸ਼ਾਂਤੀ ਦੀ ਕਰਦੇ ਹਨ ਪਰ ਅਮਲ ਹਥਿਆਰਾਂ ਦਾ ਕਰਦੇ ਹਨ।

(18) ਭਾਰਤ ਕੋਲ ਹਥਿਆਰਾਂ ਨਾਲ ਲੈਸ ਲੱਖਾਂ ਦੀ ਗਿਣਤੀ 'ਚ ਫੌਜ ਅਤੇ ਪੁਲਿਸ ਹੈ, ਇਸ ਨੂੰ ਅਹਿੰਸਾ ਦਾ ਪੁਜਾਰੀ ਕਿਵੇਂ ਕਿਹਾ ਜਾ ਸਕਦਾ ਹੈ?

(19) ਹਥਿਆਰਾਂ ਦੀ ਬੋਲੀ ਜਦੋਂ ਸੰਚਾਰ ਦਾ ਸਾਧਨ ਬਣਦੀ ਹੈ ਉਦੋਂ ਮੇਲ ਮਿਲਾਪ ਦੇ ਦੂਸਰੇ ਸਭ ਢੰਗ ਸਾਹ ਘੁੱਟ ਲੈਂਦੇ ਹਨ।

(20) ਹਾਲਾਤ ਦੀ ਸਿੱਖਾਂ ਨੇ ਬਹੁਤ ਕੀਮਤ ਤਾਰੀ ਹੈ, ਸਾਡੇ ਤੋਂ ਦੂਣੀ ਕੀਮਤ ਸਾਡੇ ਬੱਚੇ ਹੋਰ ਤਾਰਨਗੇ।

(21) ਵੱਡੇ ਜਿਹੜਾ ਚਿੱਕੜ ਖਿਲਾਰਦੇ ਹਨ ਉਸ ਤੋਂ ਬੱਚਿਆਂ ਨੂੰ ਬਚਾ ਕੇ ਰੱਖਣਾ ਬਹੁਤ ਔਖਾ ਹੁੰਦਾ ਹੈ।

(22) ਜਦੋਂ ਬੰਦੂਕ ਬੱਚਿਆਂ ਦੇ ਸਿਰੋਂ ਮਾਂ ਪਿਉ ਦਾ ਸਾਇਆ ਉਠਾ ਕੇ ਲੈ ਜਾਂਦੀ ਹੈ ਤਦ ਬੱਚਿਆਂ ਲਈ ਧੁੱਪ 'ਚ ਸੜਨਾ ਹੀ ਬਾਕੀ ਰਹਿ ਜਾਂਦਾ ਹੈ (ਦਿੱਲੀ ਵਾਲੇ ਸ਼ਹੀਦ ਸੁਰਜੀਤ ਸਿੰਘ ਪੈਂਟੇ ਦੀ ਤਰ੍ਹਾਂ)।

(23) ਜਦੋਂ ਸਰਕਾਰਾਂ ਨਾਗਰਿਕਾਂ ਨਾਲ ਜ਼ਿਆਦਤੀ ਕਰਦੀਆਂ ਹਨ ਉਦੋਂ ਉਹ ਬੱਚਿਆਂ ਨੂੰ ਹਿੰਸਾ ਵੱਲ ਲਿਜਾਣ ਦਾ ਕੰਮ ਵੀ ਕਰ ਰਹੀਆਂ ਹੁੰਦੀਆਂ ਹਨ।

(24) ਰਾਤ ਇਸ ਲਈ ਆਉਂਦੀ ਹੈ ਤਾਂ ਕਿ ਆਪਾਂ ਸਵੇਰ ਦਾ ਅਰਥ ਜਾਣ ਸਕੀਏ।

(25) ਆਪਾਂ ਨੂੰ ਆਪਣੇ ਵਿਕਾਸ ਦਾ ਬਹੁਤ ਮਾਣ ਹੈ, ਇਸੇ ਲਈ ਆਪਾਂ ਸਮਾਜਿਕ ਰਿਸ਼ਤੇ ਨੂੰ ਜੁੱਤੀ ਦੀ ਨੋਕ ਤੇ ਰੱਖਦੇ ਹਾਂ।

(26) ਇਨਸਾਨੀਅਤ ਤੋਂ ਟੁੱਟ ਕੇ ਇਨਸਾਨ, ਇਨਸਾਨ ਨਹੀਂ ਰਹਿੰਦਾ-ਪਸ਼ੂ ਬਣ ਜਾਂਦਾ ਹੈ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

**ਵਿਚਾਰ-ਚਰਚਾ**

# ਸਿੱਖਾਂ ਲਈ ਵੱਖਰੀ ਪਾਤਸ਼ਾਹੀ ਨਵੇਂ ਦੌਰ ਦਾ ਸੁਪਨਾ ਨਹੀਂ ਹੋ ਸਕਦੀ

*ਪ੍ਰਿੰ. ਅਮਰਜੀਤ ਸਿੰਘ ਪਰਾਗ ਸਿੱਖ ਅਤੇ ਮਾਰਕਸੀ ਹਲਕਿਆਂ ਵਿਚ ਇਕ ਸਤਿਕਾਰਤ ਵਿਦਵਾਨ ਹਨ। ਉਨ੍ਹਾਂ ਦਾ ਸ. ਅਜਮੇਰ ਸਿੰਘ ਦੀ ਦੂਜੀ ਪੁਸਤਕ 'ਕਿਤ ਬਿਧ ਰੁਲੀ ਪਾਤਸ਼ਾਹੀ' ਬਾਰੇ ਇਹ ਲੇਖ ਪੰਜਾਬ ਟਾਈਮਜ਼ ਦੇ 12 ਅਪਰੈਲ 2008 ਦੇ ਅੰਕ ਵਿਚ ਛਪ ਚੁਕਾ ਹੈ। ਚੱਲ ਰਹੀ ਵਿਚਾਰ-ਚਰਚਾ ਵਿਚ ਇਸ ਦੀ ਪ੍ਰਸੰਗਿਕਤਾ ਨੂੰ ਮੁੱਖ ਰੱਖਦਿਆਂ ਪ੍ਰਿੰ. ਪਰਾਗ ਦੇ ਕਹਿਣ 'ਤੇ ਅਸੀਂ ਇਹ ਲੇਖ ਮੁੜ ਛਾਪ ਰਹੇ ਹਾਂ। ਇਸ ਲੇਖ ਵਿਚ ਪੇਸ਼ ਕੀਤੇ ਗਏ ਵਿਚਾਰਾਂ ਨਾਲ ਸਾਡੀ ਸਹਿਮਤੀ ਜਾਂ ਅਸਹਿਮਤੀ ਜ਼ਰੂਰੀ ਨਹੀਂ ਹੈ। ਇਸ ਲੇਖ ਦੇ ਉਲਟ ਆਉਣ ਵਾਲੇ ਵਿਚਾਰਾਂ ਨੂੰ ਵੀ ਬਰਾਬਰ ਥਾਂ ਦਿੱਤੀ ਜਾਵੇਗੀ। -ਸੰਪਾਦਕ*

**ਅਮਰਜੀਤ ਸਿੰਘ ਪਰਾਗ**

ਸੱਤਾ ਦੇ ਅਨੇਕਾਂ ਸਰੂਪ ਹਨ। ਇਨ੍ਹਾਂ ਨੂੰ ਮੁੱਖ ਤੌਰ 'ਤੇ ਦੋ ਰੂਪਾਂ ਵਿਚ ਵੰਡਿਆ ਜਾ ਸਕਦਾ ਹੈ- ਭੌਤਿਕ ਜਾਂ ਸਰੀਰਕ ਸੱਤਾ ਅਤੇ ਨੈਤਿਕ ਸੱਤਾ। ਕਿਸੇ ਸ਼ਕਤੀਸ਼ਾਲੀ ਕਬੀਲੇ, ਹੁਕਮਰਾਨ ਜਾਂ ਰਾਸ਼ਟਰ ਵਲੋਂ ਕਿਸੇ ਇਲਾਕੇ ਜਾਂ ਲੋਕਾਂ ਨੂੰ ਆਪਣੇ ਕਬਜ਼ੇ ਹੇਠ ਲੈ ਲਿਆ ਜਾਂਦਾ ਹੈ ਤਾਂ ਇਹ ਭੌਤਿਕ ਸੱਤਾ ਹੁੰਦੀ ਹੈ। ਬਾਹਰੀ ਦਖਲ ਤੋਂ ਬਿਨਾ ਚੰਗੇ ਮਾੜੇ ਫੈਸਲੇ ਕਰ ਲੈਣ ਦੀ ਸੱਤਾ ਨੂੰ ਪ੍ਰਭੂਸੱਤਾ ਕਿਹਾ ਜਾਂਦਾ ਹੈ। ਅਜਿਹੀ ਪ੍ਰਭੂਸੱਤਾ ਦੇ ਮਾਲਕ ਵਿਅਕਤੀ ਨੂੰ ਪਾਤਸ਼ਾਹ ਆਖਿਆ ਜਾਂਦਾ ਹੈ। ਅਜਿਹੀ ਸੱਤਾ ਜੰਗਾਂ, ਝਗੜਿਆਂ, ਉਜਾੜਿਆਂ ਅਤੇ ਕਤਲਾਮਾਂ ਦਾ ਕਾਰਨ ਬਣਦੀ ਹੈ। ਭੌਤਿਕ ਸੱਤਾ ਹੱਥ ਬਦਲਦੀ ਰਹਿੰਦੀ ਹੈ। ਤਖ਼ਤ ਤੇ ਤਖ਼ਤੇ ਦੀ ਇਹ ਖੇਡ ਨਿਰੰਤਰ ਚੱਲ ਰਹੀ ਹੈ। ਇਸ ਵਿਚੋਂ ਤਾਨਾਸ਼ਾਹੀ, ਬੇਇਨਸਾਫੀ, ਜ਼ਬਰ ਜ਼ੁਲਮ ਅਤੇ ਭ੍ਰਿਸ਼ਟਾਚਾਰ ਉਪਜਦੇ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਸੱਤਾ ਵਿਅਕਤੀ ਨੂੰ ਭ੍ਰਿਸ਼ਟ ਕਰਦੀ ਹੈ, ਪੂਰਨ ਸੱਤਾ ਪੂਰੇ ਤੌਰ 'ਤੇ ਭ੍ਰਿਸ਼ਟ ਕਰਦੀ ਹੈ। ਇਸੇ ਪਰਥਾਏ ਗੁਰੂ ਜੀ ਨੇ 'ਰਾਜੇ ਸ਼ੀਹ ਮੁਕੱਦਮ ਕੁੱਤੇ' ਕਿਹਾ ਹੈ।

ਸੱਤਾ ਦਾ ਸਭ ਤੋਂ ਸੂਖਮ ਅਤੇ ਸਤਿਕਾਰਿਆ ਜਾਣ ਵਾਲਾ ਰੂਪ ਨੈਤਿਕ ਸੱਤਾ ਹੁੰਦੀ ਹੈ। ਇਹ ਨੈਤਿਕ ਗੁਣਾਂ ਅਤੇ ਰੂਹਾਨੀ ਉਚਤਾ ਕਰਕੇ ਪ੍ਰਾਪਤ ਹੁੰਦੀ ਹੈ। ਇਹ ਚਿਰਜੀਵੀ ਹੁੰਦੀ ਹੈ। ਨੈਤਿਕ ਸੱਤਾ ਦਾ ਮਾਲਕ ਜਦੋਂ ਨਹੀਂ ਰਹਿੰਦਾ ਉਦੋਂ ਵੀ ਉਸਦੀ ਪ੍ਰੇਰਣਾ ਭਰੀ ਯਾਦ ਉਸਦੇ ਪੈਰੋਕਾਰਾਂ ਦੇ ਪਰਾਕਰਮ ਰਾਹੀਂ ਇਤਿਹਾਸ ਵਿਚ ਗਤੀਸ਼ੀਲ ਭੂਮਿਕਾ ਨਿਭਾਉਂਦੀ ਹੈ। ਨੈਤਿਕ ਸੱਤਾ ਲਈ ਸਤਿਕਾਰ ਲੋਕਾਂ ਦੇ ਮਨਾਂ ਵਿਚੋਂ ਪੈਦਾ ਹੁੰਦਾ ਹੈ। ਅਜਿਹੀ ਸੱਤਾ ਦੀ ਮਹਿਮਾ ਵਿਚ ਗੁਰੂ ਜੀ ਨੇ ਕਿਹਾ ਹੈ ''ਰਾਜਾ ਸਗਲੀ ਸ਼ਰਿਸ਼ਟ ਕਾ ਹਰਿਨਾਮ ਮਨ ਭਿੰਨਾ।''

ਪਿਛਲੇ ਚਾਰ ਸੌ ਸਾਲਾਂ ਤੋਂ ਪਦਾਰਥਵਾਦੀ ਸੱਭਿਅਤਾ ਦੀ ਚੜ੍ਹਤ ਦੇ ਨਾਲ ਨਾਲ ਹੀ ਭੌਤਿਕ ਸੱਤਾ ਲਈ ਦੁਨੀਆਂ ਦੀ ਚੇਸ਼ਟਾ ਬਹੁਤ ਵਧੀ ਹੈ। ਸਤਾਰਵੀਂ ਸਦੀ ਵਿਚ ਨਿਊਟਨ ਦੇ ਸਿਧਾਂਤ ਅਨੁਸਾਰ ਸੰਸਾਰ ਨੂੰ ਮਸ਼ੀਨ ਦੇ ਰੂਪਕ ਦੀਆਂ ਐਨਕਾਂ ਨਾਲ ਵੇਖਣਾ ਆਰੰਭ ਹੋਇਆ। ਇਸ ਦਾਰਸ਼ਨਿਕ ਗਲਤੀ ਦੇ ਸਿੱਟੇ ਵਜੋਂ ਭੌਤਿਕ ਸੱਤਾ ਨੂੰ ਸਿਧਾਂਤਕ ਆਧਾਰ ਮਿਲ ਗਿਆ। ਹੁਣ ਮਨੁੱਖ ਮਹਾਨ ਪ੍ਰੇਰਣਾਮਈ ਆਦਰਸ਼ਾਂ ਤੋਂ ਵਾਂਝਾ ਦੂਜਿਆਂ ਦੀ ਕੀਮਤ 'ਤੇ ਜੀਣ ਵਾਲਾ ਬੇਕਿਰਕ ਤੇ ਸ਼ੋਸ਼ਣਕਾਰੀ ਜੀਵ ਬਣ ਕੇ ਰਹਿ ਗਿਆ, ਜੋ ਖ਼ਤਰਨਾਕ ਖੇਡਾਂ ਖੇਡਣ ਵਿਚੋਂ ਜੀਵਨ ਦੇ ਅਰਥ ਤਲਾਸ਼ਦਾ ਹੈ। ਸਨਅਤੀ ਸਾਮਰਾਜ ਦੇ ਪਸਾਰੇ ਨਾਲ ਇਸ ਚਲਨ ਨੂੰ ਹੋਰ ਬਲ ਮਿਲਿਆ। ਹੁਣ ਪਦਾਰਥਕ ਉਨਤੀ ਰਾਹੀਂ ਮੁਕਤੀ ਦਾ ਵਾਅਦਾ ਕੀਤਾ ਜਾਣ ਲੱਗਾ। ਧਰਤੀ 'ਤੇ ਸਵਰਗ ਜਾਂ ਯੂਟੋਪੀਆ (ਥਾਮਸ ਮੂਰ) ਦੇ ਸੰਕਲਪ ਦੇ ਨਾਲ ਹੀ ਭੌਤਿਕ ਸੱਤਾ ਦੀ ਚੜ੍ਹਤ ਵਿਚ ਵਾਧਾ ਹੋਇਆ। ਮਨੁੱਖ ਦਾ ਵਸਤੂਕਰਨ ਹੋ ਗਿਆ। ਹੋਰ ਚੀਜ਼ਾਂ ਵਾਂਗ ਮਨੁੱਖ ਵੀ ਇਕ ਖਰੀਦੀ, ਵੇਚੀ, ਭੋਗੀ ਅਤੇ ਕਬਾੜ ਵਾਂਗ ਸੁੱਟੀ ਜਾਣ ਵਾਲੀ ਸ਼ੈਅ ਬਣ ਗਿਆ।

ਭੌਤਿਕ ਪ੍ਰਭੂਸੱਤਾ ਦਾ ਇਕ ਲੱਛਣ ਇਹ ਵੀ ਹੈ ਕਿ ਅਕਸਰ ਇਕ ਰਾਸ਼ਟਰ ਦੇ ਪਾਤਸ਼ਾਹ ਦੀ ਸੱਤਾ ਦੂਜਿਆਂ ਦੇ ਉਜਾੜੇ ਅਤੇ ਗੁਲਾਮੀ ਦਾ ਕਾਰਨ ਬਣਦੀ ਹੈ। ਬਹੁਤ ਵਾਰੀ ਤਾਂ ਪਾਤਸ਼ਾਹੀ ਆਪਣੇ ਨਾਗਰਿਕਾਂ ਜਾਂ ਨਾਗਰਿਕਾਂ ਦੀ ਕਿਸੇ ਵਿਸ਼ੇਸ਼ ਵਰਗ ਦੀ ਤਬਾਹੀ, ਉਤਪੀੜਨ ਜਾਂ ਮਹਿਰੂਮੀ ਦਾ ਕਾਰਨ ਬਣਦੀ ਹੈ। ਹਿਟਲਰ ਹੱਥੋਂ ਜਰਮਨ ਅਤੇ ਪੋਲੈਂਡ ਦੇ ਲੱਖਾਂ ਯਹੂਦੀਆਂ ਦੀ ਬੇਰਹਿਮ ਨਸਲਕੁਸ਼ੀ, ਪੋਲਪੋਟ ਵਲੋਂ ਕੰਬੋਬੀਆ ਦੇ ਲੋਕਾਂ ਦਾ ਵਿਆਪਕ ਉਜਾੜਾ ਇਸ ਦੀਆਂ ਉਦਾਹਰਨਾਂ ਹਨ। ਸਟਾਲਿਨ, ਈਦੀ ਅਮੀਨ ਅਤੇ ਸੱਦਾਮ ਵਰਗਿਆਂ ਨੇ ਵੀ ਅਜਿਹੇ ਕੁਕਰਮ ਵੱਡੀ ਪੱਧਰ 'ਤੇ ਕੀਤੇ ਸਨ। ਖ਼ੁਦ ਅਤਿਆਚਾਰਾਂ ਤੇ ਬੇਪਤੀ ਦਾ ਸ਼ਿਕਾਰ ਰਹੇ ਯਹੂਦੀਆਂ ਨੂੰ ਇਜ਼ਰਾਈਲ ਵਿਚ ਮਿਲੀ ਪ੍ਰਭਸੱਤਾ ਫਲਸਤੀਨੀਆਂ ਦੇ ਉਜਾੜੇ, ਅਰਬਾਂ ਲਈ ਕਲੇਸ਼ ਅਤੇ ਇਸਲਾਮੀ ਅਤਿਵਾਦ ਦੇ ਪਨਪਣ ਦਾ ਕਾਰਨ ਬਣੀ ਹੈ।

ਤੀਹ ਸਾਲਾਂ ਦੇ ਸਮੇਂ ਵਿਚ ਹੋਏ ਦੋ ਵਿਸ਼ਵ ਯੁੱਧਾਂ ਨੇ ਜੀਵਨ ਦੇ ਹੋਰ ਖੇਤਰਾਂ ਵਾਂਗ ਦੇਸ਼ ਭਗਤੀ ਅਤੇ ਪ੍ਰਭਸੱਤਾ ਬਾਰੇ ਵੀ ਮਨੁੱਖੀ ਸੋਚ ਵਿਚ ਭਾਰੀ ਤਬਦੀਲੀਆਂ ਲਿਆਂਦੀਆਂ ਹਨ। ਉਸ ਸਮੇਂ ਦੇ ਮੁੱਖ ਸਾਮਰਾਜੀ ਦੇਸ਼ ਬਰਤਾਨੀਆ ਨੇ ਅਧੀਨ ਦੇਸ਼ਾਂ ਨੂੰ ਆਜ਼ਾਦੀ ਦੇਣ ਦਾ ਫੈਸਲਾ ਕੀਤਾ। ਨਵੀਂ ਉਭਰੀ ਮਹਾਂ-ਸ਼ਕਤੀ ਅਮਰੀਕਾ ਨੇ ਦੂਜੇ ਦੇਸ਼ਾਂ ਨੂੰ ਸਿੱਧਾ ਕਬਜ਼ੇ ਹੇਠ ਲੈਣ ਦੀ ਥਾਂ ਗਠਬੰਧਨਾਂ, ਸੰਧੀਆਂ ਅਤੇ ਰਾਜ ਪਲਟਿਆਂ ਰਾਹੀਂ ਸਰਕਾਰਾਂ ਨੂੰ ਆਪਣੇ ਅਨੁਸਾਰੀ ਬਣਾਉਣ ਦੀ ਨੀਤੀ ਅਪਨਾਈ। ਸੋਵੀਅਤ ਰੂਸ ਨੇ ਆਪਣੇ ਅਧਿਕਾਰ ਹੇਠਲੇ ਦੇਸ਼ਾਂ ਨੂੰ ਜੱਫਾ ਮਾਰੀ ਰੱਖਣਾ ਠੀਕ ਸਮਝਿਆ। ਹੰਗਰੀ, ਪੋਲੈਂਡ, ਚੈਕੋਸਵਾਕੀਆ ਆਦਿਕ ਦੇਸ਼ਾਂ ਵਿਚ ਇਸ ਕਬਜ਼ੇ ਵਿਰੁਧ ਉਠੇ ਜਨਤਕ ਉਭਾਰ ਨੂੰ ਸੈਨਕ ਸ਼ਕਤੀ ਨਾਲ ਦਬਾਇਆ ਗਿਆ। ਪ੍ਰੰਤੂ ਅੱਗੇ ਚੱਲ ਕੇ ਇਸ ਨੀਤੀ ਦਾ ਖ਼ੁਦ ਰੂਸ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਦੂਜੇ ਵਿਸ਼ਵ-ਯੁੱਧ ਦੌਰਾਨ ਐਟਮੀ ਅਤੇ ਫਿਰ ਪ੍ਰਮਾਣੂ ਸ਼ਸਤਰਾਂ ਦੀ ਕਾਢ ਕੱਢੀ ਜਾਣ ਨਾਲ ਯੁੱਧ ਹਾਰ ਜਿੱਤ ਦੀ ਖੇਡ ਨਾ ਰਹਿ ਕੇ ਸਾਂਝਾ ਆਤਮਘਾਤ ਬਣ ਕੇ ਰਹਿ ਗਿਆ। ਇਸ ਨਵੇਂ ਯਥਾਰਥ ਦੇ ਰੂ-ਬ-ਰੂ ਸੱਤਾ ਦੇ ਸਮੀਕਰਨਾਂ ਦੀਆਂ ਨਵੀਆਂ ਨਵੀਆਂ ਪਹੁੰਚਾਂ ਹੋਂਦ ਵਿਚ ਆਈਆਂ। ਹਿਟਲਰ ਅਤੇ ਸਤਾਲਿਨ ਵਰਗੇ ਤਾਨਾਸ਼ਾਹਾਂ ਦੇ ਉਭਾਰ ਨੂੰ ਰੋਕਣ ਲਈ ਸੁਤੰਤਰ ਰਾਸ਼ਟਰਾਂ ਦੀ ਪ੍ਰਭਸੱਤਾ ਨੂੰ ਸੀਮਤ ਕਰਨ ਦੇ ਉਪਰਾਲੇ ਅਰੰਭ ਹੋਏ। ਅਮਰੀਕਾ ਦੀ ਸਰਦਾਰੀ ਹੇਠ ਵਪਾਰ ਨੂੰ ਕਾਨੂੰਨੀ ਢਾਂਚੇ ਵਿਚ ਨਿਯਮਤ ਕਰਨ ਲਈ ਵਿਸ਼ਵ ਵਪਾਰ ਸੰਗਠਨ, ਵਿਸ਼ਵ ਬੈਂਕ, ਵਿਸ਼ਵ ਮੁਦਰਾ ਕੋਸ਼ ਆਦਿਕ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ। ਰਾਜਸੀ ਤਣਾਓ ਨੂੰ ਵਿਸਫੋਟਕ ਹੱਦ ਤੀਕ ਜਾਣੋ ਰੋਕਣ ਲਈ ਯੂ. ਐਨ. ਓ. ਅਤੇ ਸੁਰੱਖਿਆ ਪ੍ਰੀਸ਼ਦ, ਆਲਮੀ ਅਦਾਲਤ ਵਰਗੇ ਸੰਗਠਨ ਹੋਂਦ ਵਿਚ ਆਏ। ਮਨੁੱਖੀ ਅਧਿਕਾਰਾਂ ਦਾ ਚਾਰਟਰ ਤਿਆਰ ਹੋਇਆ। ਨਵੇਂ ਸੁਤੰਤਰ ਹੋਏ ਦੇਸ਼ਾਂ ਨੇ ਨਿਰਪੱਖ ਰਾਸ਼ਟਰਾਂ ਦਾ ਗੁੱਟ ਬਣਾਇਆ।

ਇਨ੍ਹਾਂ ਸੰਗਠਨਾਂ ਅਤੇ ਸੰਸਥਾਵਾਂ ਦੀ ਸ਼ਕਤੀਸ਼ਾਲੀ ਦੇਸ਼ ਦੁਰਵਰਤੋਂ ਵੀ ਕਰਦੇ ਰਹੇ ਹਨ ਅਤੇ ਅਣਦੇਖੀ ਵੀ ਕਰਦੇ ਰਹੇ ਹਨ। ਪ੍ਰੰਤੂ ਹੋਂਦ ਵਿਚ ਆਉਣ ਪਿੱਛੇ ਸੰਸਥਾਵਾਂ ਆਪਣੀ ਊਰਜਾ ਗ੍ਰਹਿਣ ਕਰ ਲੈਂਦੀਆਂ ਹਨ ਤੇ ਸਿਰਜਕਾਂ ਦੇ ਮਨਸੂਬਿਆਂ ਅਤੇ ਹਿੱਤਾਂ ਦੇ ਵਿਰੁਧ ਵੀ ਭੁਗਤ ਜਾਂਦੀਆਂ ਹਨ। ਸਿੱਟੇ ਵਜੋਂ ਪਿਛਲੇ ਛੇ ਦਹਾਕਿਆਂ ਵਿਚ ਵਿਸ਼ਵ ਯੁੱਧ ਹੋਣੋ ਟਲਦਾ ਰਿਹਾ ਹੈ।

ਸੋ, ਅੱਜ ਦੀਆਂ ਪ੍ਰਸਥਿਤੀਆਂ ਪ੍ਰਭੂਸੱਤਾ ਨੂੰ ਸੀਮਤ ਕਰਨ ਦੀ ਮੰਗ ਕਰਦੀਆਂ ਹਨ। ਅਜਿਹੇ ਸਮੇਂ ਨਿਰੰਕੁਸ਼ ਪ੍ਰਭੂਸੱਤਾ ਵਾਲੀ ਪਾਤਸ਼ਾਹੀ ਦੀ ਸਥਾਪਨਾ ਲਈ ਹਿੰਸਕ ਸੰਘਰਸ਼ ਬੇਮੌਕਾ ਅਤੇ ਬੇਫਾਇਦਾ ਹੋਵੇਗਾ। ਹਮਸਾਇਆਂ ਜਾਂ ਦੂਜਿਆਂ ਦੀ ਕੀਮਤ ਤੇ ਇਕ ਫਿਰਕੇ ਜਾਂ ਰਾਸ਼ਟਰ ਦੀ ਪਾਤਸ਼ਾਹੀ ਲਈ ਸੰਘਰਸ਼ ਨੂੰ ਮਾਨਵੀ ਸਰੋਕਾਰ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਇਸ ਨਾਲ ਇਨਸਾਫ ਅਤੇ ਆਜ਼ਾਦੀ ਵਿਚ ਵਾਧਾ ਨਹੀਂ ਹੁੰਦਾ ਸਗੋਂ ਦੋਹਾਂ ਦੀ ਹੀ ਹਾਨੀ ਹੁੰਦੀ ਹੈ। ਲੱਖਾਂ ਲੋਕਾਂ ਦੀ ਜਾਨ ਮਾਲ, ਇੱਜ਼ਤ, ਆਬਰੂ ਦੀ ਬਲੀ ਦੇ ਕੇ ਭਾਰਤੀ ਉਪ ਮਹਾਂਦੀਪ ਦੀ ਵੰਡ ਕਰਕੇ ਪਾਕਿਸਤਾਨ ਦੇ ਨਾਂ ਹੇਠ ਹੋਂਦ ਵਿਚ ਆਈ ਮੁਸਲਿਮ ਪਾਤਸ਼ਾਹੀ ਨੇ ਇਸਲਾਮ ਦੀ ਕਿਹੜੀ ਚੜ੍ਹਦੀ ਕਲਾ ਕੀਤੀ ਹੈ? ਆਲਮਾ ਇਕਬਾਲ ਦਾ ਕਿਹੜਾ ਸੁਪਨਾ ਸਾਕਾਰ ਕੀਤਾ ਹੈ।

ਪ੍ਰਭੂਸੱਤਾ ਇਕ ਲੋਕ ਦੁਸ਼ਮਣ ਸੰਕਲਪ ਹੈ। ਇਹ ਕੁਲੀਨ ਵਰਗਾਂ ਅਤੇ ਹਾਕਮ ਜੁੰਡਲੀ ਦੇ ਹੱਕ ਵਿਚ ਲਾਹੇਵੰਦ ਹੁੰਦਾ ਹੈ। ਸਿੱਖ ਧਰਮ ਇਕ ਲੋਕ ਹਿੱਤਕਾਰੀ ਧਰਮ ਹੈ। ਸਿੱਖਾਂ ਵਲੋਂ ਕੁਲੀਨ ਵਰਗ ਦੀਆਂ ਰੀਝਾਂ ਦੀ ਪੂਰਤੀ ਹਿੱਤ ਖਾੜਕੂ ਸੰਗਰਾਮ ਵਿੱਢਣਾ ਸਿੱਖੀ ਦੇ ਮੁਢਲੇ ਉਦੇਸ਼ਾਂ ਵਿਰੁਧ ਹੋਵੇਗਾ।

ਧਰਮ ਪ੍ਰਚਾਰ ਕਰਨ ਲਈ ਰਾਜਸੱਤਾ ਦਾ ਸਹਾਰਾ ਸੈਮੇਟਿਕ ਧਰਮਾਂ ਉਤੇ ਲਾਗੂ ਹੁੰਦਾ ਹੈ ਕਿਉਂਕਿ ਇਸਾਈਅਤ ਅਤੇ ਇਸਲਾਮ ਨਵੇਂ ਕਨਵਰਸ਼ਨ (ਧਰਮ ਤਬਦੀਲੀ) ਅਧਾਰਤ ਧਰਮ ਹਨ ਜੋ ਸਾਰੇ ਹੀਲੇ ਵਰਤ ਕੇ ਦੁਨੀਆਂ ਨੂੰ ਆਪਣੇ ਧਰਮ ਵਿਚ ਸ਼ਾਮਲ ਕਰਨ ਵਿਚ ਯਕੀਨ ਰੱਖਦੇ ਹਨ। ਇਹ ਧਰਮ ਕਰੂਸੇਡ ਤੇ ਜਹਾਦ ਵਰਗੇ ਹਿੰਸਕ ਸਾਧਨ ਵਰਤ ਕੇ ਲੋਕਾਂ ਦਾ ਧਰਮ ਪਰਿਵਰਤਨ ਕਰਵਾਉਣਾ ਪੁੰਨ ਕਰਮ ਮੰਨਦੇ ਹਨ। ਇਨ੍ਹਾਂ ਧਰਮਾਂ ਦੇ ਇਤਿਹਾਸਾਂ ਵਿਚ ਲੰਮਾ ਸਮਾਂ ਧਰਮ-ਪ੍ਰਮੁੱਖ ਅਤੇ ਰਾਜ-ਪ੍ਰਮੁੱਖ ਇਕੋ ਵਿਅਕਤੀ ਹੁੰਦਾ ਸੀ। ਸਦੀਆਂ ਤੀਕ ਰੋਮਨ ਪਾਤਸ਼ਾਹ ਦੀ ਧਰਮ ਸਥਾਨਾਂ ਵਿਚ ਪੂਜਾ ਹੁੰਦੀ ਰਹੀ ਹੈ। ਬਾਰਾਂ ਸੌ ਸਾਲ ਇਸਲਾਮ ਦੇ ਖ਼ਲੀਫੇ ਰਾਜੇ ਅਤੇ ਧਰਮ ਗੁਰੂ ਦੀ ਦੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਹਿੰਸਕ ਧਰਮ ਪ੍ਰਚਾਰ ਇਨ੍ਹਾਂ ਧਰਮਾਂ ਦਾ ਹਿੱਸਾ ਬਣਿਆ ਰਿਹਾ ਹੈ। ਆਪਣੇ ਧਰਮ ਤੋਂ ਬਾਹਰਲੇ ਹੀ ਨਹੀਂ ਸਗੋਂ ਆਪਣੇ ਧਰਮ ਅੰਦਰ ਵੀ ਜਦੋਂ ਕੋਈ ਦੂਜੀ ਧਾਰਾ ਚੱਲੀ ਹੈ ਤਾਂ ਇਨ੍ਹਾਂ ਨੇ ਇਕ ਦੂਜੇ ਦਾ ਲਹੂ ਹੀ ਵਹਾਇਆ ਹੈ। ਪ੍ਰੋਟੈਸਟੈਂਟ ਅਤੇ ਕੈਥੋਲਿਕ ਈਸਾਈ ਫਿਰਕੇ, ਸ਼ੀਆ ਅਤੇ ਸੁੰਨੀ ਇਸਲਾਮੀ ਫਿਰਕੇ ਇਕ ਦੂਜੇ ਦੇ ਜਾਨੀ ਦੁਸ਼ਮਣ ਰਹੇ ਹਨ। ਇਸਲਾਮ ਵਿਚ ਇਹ ਵਰਤਾਰਾ ਅਜੇ ਵੀ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ। ਸਾਮੀ ਧਰਮਾਂ ਵਿਚ ਸਹਿਣਸ਼ੀਲਤਾ ਦੀ ਘਾਟ ਹਮੇਸ਼ਾ ਹੀ ਰਹੀ ਹੈ। ਸਿੱਖ ਗੁਰੂਆਂ ਦੀਆਂ ਸ਼ਹੀਦੀਆਂ ਇਸੇ ਘਾਟ ਕਰਕੇ ਹੀ ਹੋਈਆਂ।

ਭਾਰਤੀ ਧਰਮ ਸਾਧਨਾਂ ਦਾ ਵਤੀਰਾ ਸਾਮੀ ਧਰਮਾਂ ਨਾਲੋਂ ਭਿੰਨ ਹੀ ਨਹੀਂ ਬਲਕਿ ਬਿਲਕੁਲ ਉਲਟ ਹੈ। ਭਾਰਤੀ ਧਰਮ ਪਰੰਪਰਾ 'ਜਤੋ ਮੱਤ ਤਤੋ ਪਥ' ਭਾਵ ਜਿੰਨੇ ਮੱਤ ਉਨੇ ਹੀ ਰਾਹ ਦੇ ਸਿਧਾਂਤ ਉਪਰ ਟਿਕੀ ਹੈ। ਗੁਰੂ ਨਾਨਕ ਜਗਤ ਜਲੰਦੇ ਦੇ ਦੁੱਖ ਦਾ ਦਾਰੂ ਲੋੜਦੇ ਹੋਏ ਅਕਾਲ ਪੁਰਖ ਨੂੰ ਬੇਨਤੀ ਕਰਦੇ ਹਨ ਤਾਂ ਕਹਿੰਦੇ ਹਨ 'ਜਿਤ ਦੁਆਰੇ ਉਬਰੇ ਤਿਤ ਤੇ ਲੇਹੁ ਉਬਾਰੁ' ਭਾਵ ਕਿਸੇ ਮਾਰਗ ਰਾਹੀਂ ਹੋਵੇ, ਜਗਤ ਦਾ ਭਲਾ ਹੋਣਾ ਚਾਹੀਦਾ ਹੈ, ਸਿੱਖ ਬਣਨ ਦੀ ਕੋਈ ਸ਼ਰਤ ਨਹੀਂ। ਸਰਬ ਸਾਂਝੀਵਾਲਤਾ ਸਿੱਖੀ ਜੀਵਨ ਜਾਚ ਦਾ ਕੇਂਦਰੀ ਬਿੰਦੂ ਹੈ। ਖ਼ਾਸ ਫਿਰਕੇ ਜਾਂ ਵਿਸ਼ੇਸ਼ ਭੂਗੋਲਿਕ ਖਿੱਤੇ ਦੀ ਨਹੀਂ ਬਲਕਿ ਸਾਰੇ ਸੰਸਾਰ ਦੀ ਸਗਲ ਭਵਨ ਦੀ ਭਲਾਈ ਹੀ ਸਿੱਖ ਸੱਤਾ ਦਾ ਉਦੇਸ਼ ਹੈ। ਮਨੁੱਖੀ ਜੀਵਨ ਦੀ ਜੋਤਿ ਸਰੂਪੀ ਸੰਭਾਵਨਾ ਦਾ ਪ੍ਰਕਾਸ਼ ਅਤੇ ਸਰਬੱਤ ਦੀ ਸੰਪੂਰਨਤਾ ਬਾਬਾ ਨਾਨਕ ਦੇ ਮਾਰਗ ਦਾ ਸਰੋਕਾਰ ਹੈ। ਗੈਰ ਸਿੱਖਾਂ ਦੇ ਉਜਾੜੇ ਵਿਚੋਂ ਪੰਥ ਦੀ ਚੜ੍ਹਦੀ ਕਲਾ ਦਾ ਰਾਹ ਨਹੀਂ ਨਿਕਲਦਾ। ਆਲਮੀ ਇਨਸਾਫ ਬਿਨਾ ਸਾਂਝੀਵਾਲਤਾ ਦੇ ਦਾਅਵੇ ਫੋਕੇ ਸ਼ੋਰ ਤੋਂ ਇਲਾਵਾ ਕੁਝ ਵੀ ਨਹੀਂ। ਸਗੋਂ ਮਨੁੱਖ ਮਾਤਰ ਦੇ ਅਧਿਕਾਰਾਂ ਦੀ ਰੱਖਿਆ ਵੀ ਨਾਕਾਫੀ ਹੈ। ਜੀਵ ਜੰਤ, ਵਣ ਤ੍ਰਿਣ, ਪੌਣ ਪਾਣੀ ਦੀ ਰੱਖਿਆ ਬਿਨਾ ਮਨੁੱਖੀ ਅਧਿਕਾਰ ਵੀ ਸੁਰੱਖਿਅਤ ਨਹੀਂ ਰਹਿ ਸਕਦੇ। ਗਲਬਾਕਾਰੀਆਂ ਦੀਆਂ ਕੁਰਸੀਆਂ ਬਦਲਣ ਨਾਲ ਕੁਝ ਨਹੀਂ ਸੰਵਰਦਾ, ਕੇਵਲ ਜ਼ਾਲਮਾਂ ਦੇ ਸਿਰਨਾਵੇਂ ਹੀ ਬਦਲਦੇ ਹਨ। ਐਂਡਰਸਨ, ਇੰਦਰਸੈਨ ਜਾਂ ਇੰਦਰ ਸਿੰਘ ਦੀ ਬੁਰਛਾਗਰਦੀ ਕੇਵਲ ਬੁਰਛਾਗਰਦੀ ਹੀ ਕਹਿਲਾਵੇਗੀ। ਇਸ ਵਿਚ ਚੋਣ ਦੀ ਕੋਈ ਗੁੰਜਾਇਸ਼ ਹੀ ਨਹੀਂ। ਬ੍ਰਹਿਮੰਡੀ ਨਿਯਮਾਂ ਦੀ ਪਾਲਣਾ, ਹੁਕਮ ਰਜ਼ਾਈ ਮੰਨਦੇ ਹੋਏ ਜ਼ਿੰਦਗੀ ਦੀ ਪੁਨਰਵਿਉਂਤ ਨਾਨਕਸ਼ਾਹੀ ਨੈਤਿਕ ਸੱਤਾ ਦਾ ਉਦੇਸ਼ ਹੈ।

ਭਾਰਤੀ ਧਰਮ ਮਾਰਗ ਰਾਜੇ ਅਤੇ ਰਾਜ ਨੂੰ ਧਰਮ ਅਤੇ ਧਰਮ ਗੁਰੂ ਨਾਲੋਂ ਨੀਂਵਾਂ ਦਰਜਾ ਦਿੰਦਾ ਹੈ। ਇਥੇ ਰਾਜਾ ਹੋਣ ਕਰਕੇ ਹੀ ਕਿਸੇ ਵਿਅਕਤੀ ਨੂੰ ਪੂਜਣਯੋਗ ਨਹੀਂ ਮੰਨਿਆ ਜਾਂਦਾ। ਰਘੂਕੁੱਲ ਦੇ ਮਾਨ ਦਾਤਾ ਅਤੇ ਦਸ਼ਰਥ ਵਰਗੇ ਸਮਰਾਟ ਪੂਜਣਯੋਗ ਨਹੀਂ ਮੰਨੇ ਗਏ। ਸ੍ਰੀ ਰਾਮ ਨੂੰ ਮਰਯਾਦਾ ਪੁਰਸ਼ੋਤਮ ਹੋਣ ਕਰਕੇ ਪੂਜਿਆ ਗਿਆ ਹੈ ਨਾ ਕਿ ਰਾਜਾ ਹੋਣ ਕਰਕੇ। ਉਨ੍ਹਾਂ ਨੇ ਪਿਤਾ ਦੀ ਆਗਿਆ ਦਾ ਪਾਲਣ ਕਰਨ ਹਿੱਤ ਰਾਜ ਭਾਗ ਨੂੰ ਤਿਆਗ ਕੇ ਬਨਵਾਸ ਭੋਗਿਆ। ਰਾਵਣ ਨੂੰ ਹਰਾਉਣ ਪਿੱਛੋਂ ਉਸ ਦੇ ਰਾਜ ਉਪਰ ਅਧਿਕਾਰ ਨਹੀਂ ਜਮਾਇਆ। ਮਹਾਂਭਾਰਤ ਦੇ ਯੁੱਧ ਵਿਚ ਸ੍ਰੀ ਕ੍ਰਿਸ਼ਨ ਦੀ ਵੱਡੀ ਭੂਮਿਕਾ ਸੀ ਪ੍ਰੰਤੂ ਪਾਂਡਵਾਂ ਦੀ ਜਿੱਤ ਪਿੱਛੋਂ ਕ੍ਰਿਸ਼ਨ ਜੀ ਨੇ ਆਪਣੇ ਲਈ ਕੁਝ ਨਹੀਂ ਮੰਗਿਆ। ਉਹ ਗੀਤਾ ਗਿਆਨ ਦੇ ਦਾਤਾ ਅਤੇ ਕਰਮਯੋਗੀ ਹੋਣ ਕਰਕੇ ਪੂਜਨੀਕ ਬਣੇ ਨਾ ਕਿ ਮਥੁਰਾ ਦੇ ਨਰੇਸ਼ ਹੋਣ ਕਰ ਕੇ। ਰਾਜਕੁਮਾਰ ਸਿਧਾਰਥ ਨੇ ਬੁੱਧਤਵ ਪ੍ਰਾਪਤ ਕਰਨ ਅਤੇ ਧਰਮ ਚੱਕਰ ਚਲਾਉਣ ਲਈ ਰਾਜਭਾਗ ਦਾ ਤਿਆਗ ਕੀਤਾ ਸੀ।

ਇਸੇ ਭਾਰਤੀ ਧਰਮ ਪਰੰਪਰਾ ਅਨੁਸਾਰ ਹੀ ਗੁਰੂ ਨਾਨਕ ਜੀ ਨੇ ਵੀ ਧਰਮ ਚਲਾਵਣ ਲਈ ਰਾਜਸੱਤਾ ਨੂੰ ਜ਼ਰੂਰੀ ਨਹੀਂ ਮੰਨਿਆ। ਉਨ੍ਹਾਂ ਨੇ ਸ਼ਬਦ ਦੀ ਸ਼ਕਤੀ ਨਾਲ ਧਰਮ ਚਲਾਇਆ, ਭੌਤਿਕ ਸੱਤਾ ਨਾਲ ਨਹੀਂ। ਇਸਲਾਮ ਨੂੰ ਮੰਨਣ ਵਾਲੇ ਅਤੇ ਜਬਰੀ ਧਰਮ ਪਰਿਵਰਤਨ ਕਰਵਾਉਣ ਵਿਚ ਯਕੀਨ ਰੱਖਣ ਵਾਲੇ ਸ਼ਕਤੀਸ਼ਾਲੀ ਮੁਗਲ ਬਾਦਸ਼ਾਹਾਂ ਦੇ ਦੌਰ ਵਿਚ ਹੀ ਸਿੱਖ ਧਰਮ ਜਨਮਿਆ ਅਤੇ ਵਿਕਸਿਤ ਹੋਇਆ। ਇਸ ਦਾ ਪ੍ਰਭਾਵ ਮੁਗਲ ਸਲਤਨਤ ਦੀਆਂ ਸਰਹੱਦਾਂ ਨੂੰ ਵੀ ਪਾਰ ਕਰ ਗਿਆ। ਪੰਜ ਗੁਰੂ ਸਾਹਿਬਾਨ ਨੇ ਸ਼ਸਤਰ ਧਾਰਨ ਕੀਤੇ, ਫੌਜਾਂ ਗਠਤ ਕੀਤੀਆਂ, ਜੰਗਾਂ ਜਿੱਤੀਆਂ ਪ੍ਰੰਤੂ ਕਿਧਰੇ ਇਕ ਇੰਚ ਭੂਮੀ ਉਪਰ ਵੀ ਕਬਜ਼ਾ ਨਹੀਂ ਜਮਾਇਆ।

ਸ. ਅਜਮੇਰ ਸਿੰਘ ਹੋਰਾਂ ਦੇ ਸਿਧਾਂਤ ਅਨੁਸਾਰ ਕੀ ਉਨ੍ਹਾਂ ਨੂੰ ਕਿਸੇ ਸਿਧਾਂਤਕ ਕਮਜ਼ੋਰੀ ਜਾਂ ਹੀਣ ਭਾਵਨਾ ਦਾ ਸ਼ਿਕਾਰ ਮੰਨਿਆ ਜਾਵੇ? ਸਿੱਖੀ ਦਾ ਸੋਮਾ ਗੁਰਬਾਣੀ ਹੈ। ਗੁਰਬਾਣੀ ਵਿਚ ਦੁਨਿਆਵੀ ਪਾਤਸ਼ਾਹੀਆਂ ਬਾਰੇ ਫੁਰਮਾਨ ਹਨ:

ਤਿਸ ਬਿਨ ਅਵਰ ਨਾ ਕੋਈ  
ਰਾਜਾ ਕਰਤਪਾਵਸੁ ਬਣਤ ਬਣਾਈ॥  
ਨਿਆਉ ਤਿਸੈ ਕਾ ਹੈ ਸਦਾ ਸਾਚਾ  
ਵਿਰਲੇ ਹੁਕਮੁ ਮਨਾਈ॥  
ਰਾਗ ਰਾਮਕਲੀ ਪੰਨਾ 912  
ਨਾਨਕ ਹੋਰ ਪਾਤਸਾਹੀਆ ਕੂੜੀਆ  
ਨਾਮ ਰੱਤੇ ਪਾਤਸਾਹ॥  
ਸਲੋਕ ਮ : 3॥ ਪੰਨਾ 1413  
ਰਾਗਲੀਲਾ ਰਾਜਨ ਕੀ ਰਚਨਾ  
ਕਰਿਆ ਹੁਕਮ ਅਫਾਰਾ  
ਸੇਜ ਸੋਹਨੀ ਚੰਦਨ ਚੋਆ  
ਨਰਕ ਘੋਰ ਕਾ ਦੁਆਰਾ॥  
ਸੋਰਠ ਪੰਨਾ 642  
ਰਾਜੇ ਓਏ ਨ ਆਖੀਅਹਿ  
ਭਿੜਿ ਮਰਹਿ ਫਿਰ ਜੂਨੀ ਪਾਹਿ  
ਨਾਨਕ ਵਿਣ ਨਾਵੈ ਨੱਕੀ ਵੱਢੀ ਫਿਰਹਿ  
ਸੋਭਾ ਮੂਲ ਨ ਪਾਹਿ॥ ਵਡਹੰਸ ਪੰਨਾ 590  
ਲੱਖ ਲਸਕਰ ਲੱਖ ਵਾਜੇ ਨੇਜੇ  
ਲਖ ਉਠ ਕਰਹਿ ਸਲਾਮੁ  
ਲੱਖਾ ਉਪਰ ਫਰਮਾਇਸ ਤੇਰੀ  
ਲੱਖ ਉਠ ਰਾਖਹਿ ਮਾਨੁ  
ਜਾ ਪਤਿ ਲੇਖੇ ਨ ਪਵੈ  
ਸਭਿ ਨਿਹਫਲ ਕਾਮ॥  
ਆਸਾ ਮ. 4॥ ਪੰਨਾ 358

ਇਨ੍ਹਾਂ ਗੁਰਵਾਕਾਂ ਦੀ ਪੁਸ਼ਟੀ ਕਰਦੇ ਵੀ ਅਨੇਕਾਂ ਹੋਰ ਗੁਰਵਾਕ ਹਨ ਜੋ ਇਹ ਸਪਸ਼ਟ ਕਰਦੇ ਹਨ ਕਿ ਗੁਰੂਘਰ ਨੈਤਿਕ ਅਤੇ ਅਧਿਆਤਮਿਕ ਸੱਤਾ ਨੂੰ ਹੀ ਮਾਨਤਾ ਦਿੰਦਾ ਹੈ। ਭੌਤਿਕ ਸੱਤਾ ਉਪਰ ਆਧਾਰਤ ਪਾਤਸ਼ਾਹੀਆਂ ਨੂੰ ਖੁਆਰੀ ਦਾ ਕਾਰਨ ਅਤੇ ਨਰਕਾਂ ਨੂੰ ਜਾਂਦਾ ਰਾਹ ਮੰਨਦਾ ਹੈ। ਖ਼ੁਦ ਸਿੱਖ ਇਤਿਹਾਸ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਜਦੋਂ ਵੀ ਸਿੱਖ ਊਰਜਾ ਦੁਨਿਆਵੀ ਸੱਤਾ ਵਲ ਸੇਧਤ ਹੋਈ ਤੇ ਰਾਜ ਸੱਤਾ ਉਤੇ ਕਾਬਜ਼ ਹੋਈ ਉਦੋਂ ਹੀ ਸਿੱਖ ਪਰੰਪਰਾਵਾਂ ਦਾ ਪਤਨ ਹੋਇਆ ਅਤੇ ਸਿੱਖ ਇਖਲਾਕ ਵਿਚ ਗਿਰਾਵਟ ਆਈ ਹੈ। ਮਿਸਲਾਂ ਦੇ ਸਰਦਾਰਾਂ ਵਲੋਂ ਸ਼ਹਿਰਾਂ ਕਸਬਿਆਂ ਦੀ ਲੁੱਟ, ਨਿਰਦੋਸ਼ਾਂ ਦੇ ਕਤਲ ਅਤੇ ਭਰਾ ਮਾਰੂ ਖਹਿਬਾਜ਼ੀ ਨੂੰ ਸਿੱਖੀ ਸ਼ਾਨ ਵਿਚ ਵਾਧਾ ਕਰਨ ਵਾਲੇ ਕਾਰਨਾਮੇ ਕਿਵੇਂ ਕਹਿ ਸਕਦੇ ਹਾਂ? ਇਕ ਵਿਅਕਤੀ ਅਤੇ ਇਕ ਹੁਕਮਰਾਨ ਵਜੋਂ ਭਾਵੇਂ ਮਹਾਰਾਜਾ ਰਣਜੀਤ ਸਿੰਘ ਵਿਚ ਅਨੇਕਾਂ ਗੁਣ ਸਨ ਪਰ ਉਸਦੇ ਰਾਜ ਵਿਚ ਵੀ ਸਿੱਖ ਪਰੰਪਰਾਵਾਂ ਅਤੇ ਸਿੱਖ ਸੰਸਥਾਵਾਂ ਨੂੰ ਖੋਰਾ ਲੱਗਿਆ। ਬਾਕੀ ਰਾਜਿਆਂ ਦੇ ਰਾਜਾਂ ਨੂੰ ਤਾਂ ਕਿਸੇ ਨੇ ਸਿੱਖ ਰਾਜ ਮੰਨਿਆ ਹੀ ਨਹੀਂ, ਤਾਂ ਫਿਰ ਉਹ ਕਿਹੜੀ ਪਾਤਸ਼ਾਹੀ ਸੀ ਜਿਸ ਦੇ ਰੁਲ ਜਾਣ ਉਪਰੰਤ ਸਰਦਾਰ ਅਜਮੇਰ ਸਿੰਘ 'ਡੂੰਘੇ ਵੈਣ' ਪਾ ਰਹੇ ਹਨ?

ਆਪਣੇ ਇਤਿਹਾਸ ਨਾਲ ਅਤਿ ਦਰਜ਼ੇ ਦਾ ਭਾਵਕ ਅਤੇ ਉਲਾਰ ਲਗਾਉ ਕੌਮਾਂ ਲਈ ਕੰਧ ਬਣ ਜਾਂਦਾ ਹੈ। ਇਤਿਹਾਸ ਨੂੰ ਨਿਰੰਤਰ ਪੁਨਰਪਰਿਭਾਸ਼ਤ ਕਰਨਾ ਲੋੜੀਂਦਾ ਹੈ। ਸਿੱਖੀ 'ਸੱਚੇ ਪਾਤਸਾਹ' ਨੂੰ ਸਮਰਪਿਤ ਹੈ ਕਿਸੇ ਹੋਰ ਕੂੜੀ ਪਾਤਸ਼ਾਹੀ ਨੂੰ ਨਹੀਂ। ਜਿਨ੍ਹਾਂ ਕੌਮਾਂ ਨੇ ਰਾਜ ਸ਼ਕਤੀ ਅਤੇ ਧੱਕੇ/ਧੋਖੇ ਨਾਲ ਆਪਣੇ ਪੈਰੋਕਾਰਾਂ ਦੀ ਗਿਣਤੀ ਵਧਾਈ ਹੈ, ਉਨ੍ਹਾਂ ਨੇ ਧਰਮ, ਇਨਸਾਫ

*(ਬਾਕੀ ਅਗਲੇ ਸਫੇ 'ਤੇ)*

---

ਛੋਟੇ ਵੀਰ ਅਮੋਲਕ ਸਿੰਘ

ਪਿਛਲੇ ਕਈ ਵਰ੍ਹਿਆਂ ਤੋਂ ਨਾਮੁਰਾਦ ਭਿਆਨਕ ਬਿਮਾਰੀ ਦੀ ਲਪੇਟ ਵਿਚ ਹੋਣ ਦੇ ਬਾਵਜੂਦ ਤੂੰ ਜਿਤਨੀ ਲਗਨ ਨਾਲ 'ਪੰਜਾਬ ਟਾਈਮਜ਼' ਕੱਢ ਰਿਹਾ ਏਂ, ਹੈਰਾਨੀਜਨਕ ਹੈ। ਅਮਰੀਕਾ ਬੈਠੇ ਆਪਣੇ ਭਾਈਚਾਰੇ ਨੂੰ ਪੰਜਾਬੀ ਸਾਹਿਤ, ਸਭਿਆਚਾਰ, ਧਰਮ ਅਤੇ ਹੋਰ ਬਹੁਤ ਸਾਰੇ ਪਹਿਲੂਆਂ ਤੋਂ ਜਿਸ ਕਿਸਮ ਦੀ ਬਹੁਪੱਖੀ ਜਾਣਕਾਰੀ ਤੂੰ ਆਪਣੇ ਪਰਚੇ ਰਾਹੀਂ ਮੁਹੱਈਆ ਕਰਵਾਈ ਹੈ, ਉਹ ਸ਼ਲਾਘਾਯੋਗ ਹੈ। ਅਜਮੇਰ ਸਿੰਘ ਦੀਆਂ 20ਵੀਂ ਸਦੀ ਦੀ ਸਿੱਖ ਰਾਜਨੀਤੀ ਬਾਰੇ ਛਪੀਆਂ ਤਿੰਨ ਕਿਤਾਬਾਂ ਬਾਰੇ ਚਲ ਰਹੀ ਬਹਿਸ ਮੈਨੂੰ ਚੰਗੀ ਲੱਗੀ ਹੈ। ਡਾ. ਪ੍ਰੇਮ ਸਿੰਘ ਦੇ ਸ਼ੁਰੂਆਤੀ ਰੀਵੀਊ ਲੇਖ ਦੇ ਜਵਾਬ ਵਿਚ ਗੁਸੈਲਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਰਾਜਿੰਦਰ ਰਾਹੀ ਨਾਂ ਦੇ ਕਿਸੇ ਸੱਜਣ ਨੇ ਡਾ. ਪ੍ਰੇਮ ਸਿੰਘ ਦੀ ਟੈਲੀਫੋਨ ਉਪਰ ਜਿਸ ਕਿਸਮ ਦੀ 'ਝਾੜ ਝੰਬ' ਕੀਤੀ ਸੀ ਅਤੇ ਉਸਨੂੰ ਜਿਸ ਤਰ੍ਹਾਂ ਅਖਬਾਰ 'ਅੰਮ੍ਰਿਤਸਰ ਟਾਈਮਜ਼' ਵਿਚ ਛਾਪ ਵੀ ਦਿੱਤਾ ਗਿਆ ਸੀ, ਉਸਨੂੰ ਪੜ੍ਹ ਕੇ ਸ਼ੱਕ ਪੈਦਾ ਹੋ ਗਿਆ ਸੀ ਕਿ ਮਾਮਲਾ ਕਿਤੇ ਹੋਰ ਨਿਘਾਰ ਵੱਲ ਨਾ ਚਲਿਆ ਜਾਵੇ ਪਰ ਡਾ. ਬਲਕਾਰ ਸਿੰਘ ਦਾ ਪੁਰਾਣਾ ਰੀਵਿਊ ਲੇਖ ਛਪਣ ਪਿੱਛੋਂ ਬਹਿਸ ਜਿਸ ਦਿਸ਼ਾ ਵਿਚ ਤੁਰੀ ਹੈ, ਉਹ ਮੈਨੂੰ ਠੀਕ ਲੱਗੀ ਹੈ।

ਅਜਮੇਰ ਸਿੰਘ ਨੇ ਆਪਣੀਆਂ ਕਿਤਾਬਾਂ 'ਤੇ ਬਹੁਤ ਮਿਹਨਤ ਕੀਤੀ ਹੈ ਅਤੇ ਕੋਈ ਸਹਿਮਤ ਹੋਵੇ ਜਾਂ ਨਾ, ਉਨ੍ਹਾਂ ਦਾ ਗੰਭੀਰ ਨੋਟਿਸ ਲਿਆ ਜਾਣਾ ਚਾਹੀਦਾ ਸੀ ਪਰ ਬਦਕਿਸਮਤੀ ਵਸ ਸਿੱਖ ਭਾਈਚਾਰੇ ਵਿਚ ਵਿਚਾਰ-ਵਟਾਂਦਰੇ ਦਾ ਅਜੇ ਵੀ ਅਜਿਹਾ ਕਲਚਰ ਪੈਦਾ ਨਹੀਂ ਹੋਇਆ। ਮੇਰੀ ਦਿਲੀ ਇੱਛਾ ਹੈ ਕਿ ਸਿੱਖਾਂ ਵਿਚ ਇਸ ਕਿਸਮ ਦਾ ਮਾਹੌਲ ਪੈਦਾ ਹੋਵੇ ਅਤੇ ਜੇਕਰ ਤੇਰੀ ਕੋਸ਼ਿਸ਼ ਇਸ ਦਿਸ਼ਾ ਵਿਚ ਰਾਈ ਭਰ ਵੀ ਕੰਮ ਕਰ ਗਈ ਤਾਂ ਇਹ ਬੜੀ ਵੱਡੀ ਦੇਣ ਹੋਵੇਗੀ।

ਅਜਮੇਰ ਦੀ ਤ੍ਰੈਲੜੀ ਦੀ 'ਕਿਸ ਬਿਧ ਰੁਲੀ ਪਾਤਸ਼ਾਹੀ' ਸਿਰਲੇਖ ਹੇਠਲੀ ਦੂਸਰੀ ਜਿਲਦ ਬਾਰੇ ਮੈਂ ਵੀ ਸੰਖੇਪ ਜਿਹੀ ਟਿਪਣੀ ਕੀਤੀ ਸੀ ਅਤੇ ਪੰਜਾਬ ਟਾਈਮਜ਼ ਵਿਚ ਹੀ ਛਪੀ ਸੀ। ਹਾਲੀਆ ਬਹਿਸ ਵਿਚ ਮੈਨੂੰ ਉਹ ਅਜੇ ਹੀ ਸਾਰਥਕ ਲਗਦੀ ਹੈ। ਮੇਰੀ ਸਲਾਹ ਹੈ ਕਿ ਤੂੰ ਉਸਨੂੰ ਲੱਭ ਕੇ ਦੁਬਾਰਾ ਛਾਪ ਦੇਵੇਂ। 15 ਕੁ ਵਰ੍ਹੇ ਪਹਿਲਾਂ ਡਾ. ਕੇਹਰ ਸਿੰਘ ਨੇ 'ਸਿੱਖ ਪਾਤਿਸ਼ਾਹੀ' ਬਾਰੇ ਕਿਤਾਬ ਐਡਿਟ ਕੀਤੀ ਸੀ। ਉਸ ਕਿਤਾਬ ਵਿਚ ਸ. ਐਸ. ਐਸ. ਧਨੋਆ ਦਾ 'ਖਾਲਿਸਤਾਨ ਦੀ ਮੰਗ ਦਾ ਕਰੀਟੀਕ' ਅਤੇ ਡਾ. ਭੁਪਿੰਦਰ ਸਿੰਘ ਦਾ 'ਬਟਵਾਰਾ, ਗਾਂਧੀ ਅਤੇ ਸਿੱਖ' ਵਿਸ਼ੇ 'ਤੇ ਦੋ ਬਹੁਤ ਹੀ ਅਹਿਮ ਲੇਖ ਸ਼ਾਮਲ ਸਨ। ਚੰਗਾ ਰਹੇ ਜੇਕਰ ਉਹ ਲੇਖ ਪੰਜਾਬੀ ਵਿਚ ਤਰਜਮਾ ਕਰਕੇ 'ਪੰਜਾਬ ਟਾਈਮਜ਼' ਵਿਚ ਛਾਪ ਦਿੱਤੇ ਜਾਣ। ਇਸ ਪ੍ਰਸੰਗ ਵਿਚ ਡਾ. ਭੁਪਿੰਦਰ ਸਿੰਘ ਨੇ ਉਸੇ ਕੁ ਸਮੇਂ ਦੌਰਾਨ ਹੀ 10-12 ਵਰ੍ਹੇ ਸੋਚ ਵਿਚਾਰ ਕਰਨ ਤੋਂ ਬਾਅਦ 'ਰਾਜ ਕਰੇਗਾ ਖਾਲਸਾ' ਸਿਰਲੇਖ ਹੇਠ ਇਕ ਹੋਰ ਲੇਖ ਲਿਖਿਆ ਸੀ। 'ਸਿੱਖ ਪਾਲਿਟੀ' ਬਾਰੇ ਮੈਨੂੰ ਇਸ ਕਿਸਮ ਦੀ ਸੰਜੀਦਾ ਕੋਸ਼ਿਸ਼ ਪਹਿਲਾਂ ਜਾਂ ਪਿਛੋਂ ਹੋਰ ਕਿਧਰੇ ਨਜ਼ਰ ਨਹੀਂ ਆਈ। ਪ੍ਰੋਫੈਸਰ ਸਾਹਿਬ ਦਾ ਉਹ ਲੇਖ ਵੀ ਛਾਪਿਆ ਜਾ ਸਕਦਾ ਹੈ।

ਡਾ. ਬਲਕਾਰ ਸਿੰਘ ਅਕਾਲੀਆਂ ਦੇ ਹਿਤੈਸ਼ੀ ਹਨ। ਉਨ੍ਹਾਂ ਨੂੰ ਮੌਜੂਦਾ ਅਕਾਲੀ ਰਾਜਨੀਤੀ ਦੇ ਨਿਘਾਰ 'ਤੇ ਦੁੱਖ ਹੈ ਪਰ ਉਨ੍ਹਾਂ ਦੀ ਦ੍ਰਿੜ ਰਾਏ ਹੈ ਕਿ ਖਾੜਕੂ ਰਾਜਨੀਤੀ ਦੀ ਅਕਾਲੀ ਸਿਆਸਤ ਨਾਲ ਕੋਈ ਸਾਂਝ ਨਹੀਂ ਹੈ ਅਤੇ ਅਜਿਹੀ ਰਾਜਨੀਤੀ ਕਿਸੇ ਤਰ੍ਹਾਂ ਵੀ ਕੌਮ ਦੇ ਭਲੇ ਵਿਚ ਵੀ ਨਹੀਂ ਹੈ। ਉਨ੍ਹਾਂ ਵਿਰੁੱਧ ਛਪੇ ਲੇਖ ਮੈਂ ਪੜ੍ਹੇ ਹਨ। ਉਨ੍ਹਾਂ ਨੇ ਬੜੇ ਠਰੰਮੇ ਨਾਲ ਜਵਾਬ ਦਿੱਤੇ ਹਨ ਜਿਸ ਲਈ ਉਹ ਵਧਾਈ ਦੇ ਹੱਕਦਾਰ ਹਨ।

***ਪ੍ਰਿੰਸੀਪਲ ਅਮਰਜੀਤ ਸਿੰਘ ਪਰਾਗ***  
***ਮੰਡੀ ਅਹਿਮਦਗੜ੍ਹ (ਸੰਗਰੂਰ)***

# ਵੀਹਵੀਂ ਸਦੀ ਦੀ ਸਿੱਖ ਰਾਜਨੀਤੀ-ਪ੍ਰਤੀਉਤਰ ਪੰਜਵਾਂ

## ਵਿਚਾਰ-ਚਰਚਾ

ਅਜਮੇਰ ਸਿੰਘ ਦੀ ਪੁਸਤਕ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਬਾਰੇ ਚਲ ਰਹੀ ਚਰਚਾ ਵਿਚ ਚਾਰ ਨਾਂਵਾਂ 'ਤੇ ਲਗੇ ਪ੍ਰਤੀਕਰਮਾਂ ਦੇ ਉਤਰ ਮੈਂ ਦੇ ਚੁਕਾ ਹਾਂ। ਹਥਲੀ ਟਿਪਣੀ 'ਚ ਪ੍ਰਭਜੋਤ ਸਿੰਘ ਅਤੇ ਡਾ. ਜਸਵੀਰ ਸਿੰਘ ਦੀਆਂ ਪ੍ਰਤੀਕ੍ਰਿਆਵਾਂ ਨੂੰ ਇਕੱਠਿਆਂ ਇਸ ਲਈ ਲੈ ਰਿਹਾ ਹਾਂ ਤਾਂ ਕਿ ਇਹ ਗੱਲ ਸਾਹਮਣੇ ਲਿਆਂਦੀ ਜਾ ਸਕੇ ਕਿ ਵਿਚਾਰ ਅਧੀਨ ਸਾਰੇ ਹੀ ਲੇਖਾਂ ਦੀ ਪ੍ਰਧਾਨ-ਸੁਰ ਇਕ ਹੀ ਬੰਦੇ ਵਲੋਂ ਵਿਉਂਤੀ ਗਈ ਲਗਦੀ ਹੈ। ਇਹ ਗੱਲ ਵੀ ਇਹ ਦਸਣ ਲਈ ਕਹਿ ਰਿਹਾ ਹਾਂ ਕਿ ਕਿਤਾਬ ਬਾਰੇ ਹੁਣ ਤਕ ਲੇਖਕ ਅਤੇ ਲਿਖਤ ਸਬੰਧੀ ਤਿੰਨ ਤਰ੍ਹਾਂ ਦੀਆਂ ਟਿਪਣੀਆਂ ਹੀ ਹੋਈਆਂ ਹਨ। ਇਨ੍ਹਾਂ ਵਿਚੋਂ ਇਕ ਡਾ. ਤੇਜਵੰਤ ਸਿੰਘ ਗਿੱਲ ਦਾ ਪੰਜਾਬੀ ਟ੍ਰਿਬਿਊਨ ਵਿਚ ਛਪਿਆ ਰੀਵੀਊ ਹੈ ਅਤੇ ਇਹ ਪੰਜਾਬ ਟਾਈਮਜ਼ ਵਿਚ ਲਗ ਚੁਕਾ ਹੈ ਤੇ ਮੈਂ ਪੜ੍ਹ ਲਿਆ ਹੈ। ਡਾ. ਗਿੱਲ ਸਥਾਪਤ ਮਾਰਕਸਵਾਦੀ ਚਿੰਤਕ ਹਨ ਅਤੇ ਲੇਖਕ ਬਾਰੇ ਰੀਵੀਊ ਉਨ੍ਹਾਂ ਨੇ ਕੀਤਾ ਨਹੀਂ ਸੀ, ਉਨ੍ਹਾਂ ਤੋਂ ਕਰਵਾਇਆ ਗਿਆ ਸੀ। ਉਨ੍ਹਾਂ ਵਲੋਂ ਉਠਾਏ ਨੁਕਤਿਆਂ ਬਾਰੇ ਸਾਰੀ ਚਰਚਾ ਵਿਚ ਕੋਈ ਜ਼ਿਕਰ ਹੀ ਕਿਧਰੇ ਨਜ਼ਰ ਨਹੀਂ ਆਇਆ।

ਮਾਰਕਸੀ ਨੁਕਤੇ ਤੋਂ ਹੀ ਡਾ. ਪ੍ਰੇਮ ਸਿੰਘ ਨੇ ਗੱਲ ਕੀਤੀ ਸੀ, ਤਾਂ ਉਸ ਨੂੰ ਮੇਰੇ ਨਾਲ ਜੋੜ ਕੇ ਗੱਲ ਕਰਨ ਦਾ ਮਕਸਦ ਤਾਂ ਫਿਰ ਇਹੀ ਹੋਇਆ ਕਿ ਜਿਸ ਢੰਗ ਨਾਲ ਵੀ ਜ਼ਬਾਨਬੰਦੀ ਹੋ ਸਕੇ, ਕੀਤੀ ਜਾਵੇ। ਇਕ ਲੇਖ ਅਜਮੇਰ ਸਿੰਘ ਦੀ ਦੂਜੀ ਪੁਸਤਕ "ਕਿਤ ਬਿਧ ਰੁਲੀ ਪਾਤਸ਼ਾਹੀ" ਬਾਰੇ ਪ੍ਰਿੰ. ਅਮਰਜੀਤ ਸਿੰਘ ਪਰਾਗ ਦਾ ਵੀ ਪੰਜਾਬ ਟਾਈਮਜ਼ ਵਿਚ ਹੀ ਕੋਈ ਦੋ ਸਾਲ ਪਹਿਲਾਂ ਛਪਿਆ ਸੀ ਅਤੇ ਉਸ ਵਿਚ ਆਧੁਨਿਕ ਅੰਤਰਦ੍ਰਿਸ਼ਟੀਆਂ ਦੇ ਕਿਸੇ ਵੀ ਪੱਛਮੀ ਚਿੰਤਕ ਦਾ ਨਾਮ ਲਏ ਬਿਨਾਂ ਹੀ ਬਹੁਤ ਗੰਭੀਰ ਨੁਕਤੇ ਉਠਾਏ ਗਏ ਸਨ। ਉਸ ਦਾ ਵੀ ਚਲ ਰਹੇ ਸੰਵਾਦ ਵਿਚ ਕਦੇ ਜ਼ਿਕਰ ਨਹੀਂ ਆਇਆ। ਡਾ. ਜਗਤਾਰ ਸਿੰਘ ਗਰੇਵਾਲ ਦਾ ਹਵਾਲਾ ਵੀ ਇਸੇ ਸੁਰ ਵਿਚ ਦਿਤਾ ਜਾ ਰਿਹਾ ਲਗਦਾ ਹੈ ਤਾਂ ਕਿ ਚਰਚਾ ਨੂੰ ਕਿਧਰੇ ਕੇਂਦਰਤ ਨਾ ਹੋਣ ਦਿਤਾ ਜਾਵੇ। ਵਰਨਾ ਕਿਸ ਨੂੰ ਸਮਝਾਇਆ ਜਾ ਰਿਹਾ ਹੈ ਕਿ "ਡਾ. ਗਰੇਵਾਲ ਦੇ ਮਰਨਊ ਜਿਹੇ ਤਰਕ" ਕਿਹੜੇ ਹਨ ਅਤੇ "ਜੇ. ਐਸ. ਗਰੇਵਾਲ ਅਤੇ ਸ. ਅਜਮੇਰ ਸਿੰਘ ਦੀ ਸਿੱਖ ਰਾਜਨੀਤਕ ਇਤਿਹਾਸਕਾਰੀ ਆਪਣੇ ਆਪ ਵਿਚ ਗਹਿਗੱਚ ਵਿਰੋਧ ਵਿਚ ਖੜ੍ਹੇ ਗਿਆਨ ਪ੍ਰਬੰਧਾਂ ਵਿਚਕਾਰਲੇ ਰਾਜਨੀਤਕ-ਇਤਿਹਾਸਕ ਸੰਘਰਸ਼ ਦੀ ਬਿਰਤਾਂਤਕ ਪੇਸ਼ਕਾਰੀ" ਕਿਵੇਂ ਕਰ ਰਹੀ ਹੈ? ਮੁੱਦਾ ਤਾਂ ਇਹ ਸੀ ਕਿ ਹਵਾਲੇ ਵਿਚਲੀ ਪੁਸਤਕ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਨੂੰ ਕਿਹੜੀ ਦ੍ਰਿਸ਼ਟੀ ਤੋਂ ਵਿਚਾਰਿਆ ਜਾਵੇ?

ਅਕਾਲੀ ਦ੍ਰਿਸ਼ਟੀ ਤੋਂ ਵਿਚਾਰਨ ਦਾ ਮੁੱਦਾ ਛੇੜਦਿਆਂ ਡਾ. ਗਰੇਵਾਲ ਦੇ ਹਵਾਲੇ ਨਾਲ ਇਹ ਇਸ਼ਾਰਾ ਕੀਤਾ ਗਿਆ ਸੀ ਕਿ ਅਕਾਲੀ-ਵਿਰਸਾ ਸ਼ਾਨਾਂਮੱਤਾ ਹੈ। ਲੇਖਕ ਦੇ ਪੋਜ਼ੈਸਡ ਪਾਠਕਾਂ ਨੂੰ ਕੌਣ ਸਮਝਾਵੇ ਕਿ ਵਾਰਸ ਦੀ ਅਸਫਲਤਾ ਵਿਰਾਸਤ ਦੀ ਅਸਫਲਤਾ ਨਹੀਂ ਹੁੰਦੀ। ਗਲਤ ਸਵਾਲਾਂ ਦੀ ਰਾਜਨੀਤੀ ਕਰਦੀਆਂ ਲਿਖਤਾਂ ਅਕਸਰ "ਦੋਧੇ ਦਾਨਿਆਂ ਤੇ ਜ਼ਹਿਰ ਛਿੜਕਣ" ਵਰਗੀ ਭੂਮਿਕਾ ਨਿਭਾਉਣ ਵਾਲੇ ਪਾਸੇ ਤੁਰਦੀਆਂ ਰਹੀਆਂ ਹਨ। ਪਾਠਕਾਂ ਦੀ ਜਾਣਕਾਰੀ ਲਈ ਇਹ ਦਸਣਾ ਚਾਹੁੰਦਾ ਹਾਂ ਕਿ ਡਾ. ਗਰੇਵਾਲ ਨੇ ਅਕਾਲੀਆਂ ਬਾਰੇ ਲਿਖੀ ਪੁਸਤਕ ਵਿਚ ਕਿਹਾ ਹੈ ਕਿ ਅਕਾਲੀਆਂ ਦੀ ਭੂਮਿਕਾ ਨੂੰ ਇਤਿਹਾਸ ਨੇ ਕਬੂਲਿਆ ਹੋਇਆ ਹੈ। ਇਹ ਪੁਸਤਕ "ਮੋਗਾ ਕਾਨਫਰੰਸ" ਮੌਕੇ ਬਾਦਲ ਅਕਾਲੀ ਦਲ ਵਲੋਂ ਇਹ ਕਹਿ ਕੇ ਲਿਖਵਾਈ ਗਈ ਸੀ ਕਿ ਇਸ ਨੂੰ ਅਕਾਲੀ-ਡਾਕੂਮੈਂਟ ਵਜੋਂ ਰਿਲੀਜ਼ ਕੀਤਾ ਜਾਵੇਗਾ। ਬਾਦਲਕਿਆਂ ਨੂੰ ਆਸ ਸੀ ਕਿ ਅਕਾਲੀ ਪਾਰਟੀ ਤੋਂ ਪੰਜਾਬੀ ਪਾਰਟੀ ਹੋਣ ਜਾ ਰਹੇ ਬਾਦਲ-ਦਲ ਨੂੰ ਪੁਸਤਕ ਨਾਲ ਸਹਾਰਾ ਮਿਲੇਗਾ ਪਰ ਡਾ. ਗਰੇਵਾਲ ਤਾਂ ਅਕਾਲੀਆਂ ਦੇ ਸਿੱਖ ਪ੍ਰਸੰਗ ਨੂੰ ਸਾਹਮਣੇ ਲਿਆ ਰਿਹਾ ਸੀ। ਇਹ ਕਿਤਾਬ ਅੰਗਰੇਜ਼ੀ ਅਤੇ ਪੰਜਾਬੀ ਵਿਚ ਛਪ ਗਈ ਸੀ। ਉਸ ਵਿਚ ਪ੍ਰਕਾਸ਼ ਸਿੰਘ ਬਾਦਲ ਦਾ ਨਾਮ ਹੀ ਨਹੀਂ ਸੀ। ਅਜਿਹਾ ਅਕਾਲੀਅਤ ਅਤੇ ਅਕਾਲੀ ਵਿਚ ਫਰਕ ਕਰ ਸਕਣ ਦੀ ਸਮਝ ਕਰਕੇ ਵਾਪਰਿਆ ਲਗਦਾ ਸੀ। ਇਸ ਵਲ ਇਸ਼ਾਰਾ ਲੇਖਕ ਅਜਮੇਰ ਸਿੰਘ ਦੇ ਪਾਠਕਾਂ ਦੀ ਪੋਜ਼ੈਸਡ-ਮਾਨਸਿਕਤਾ ਨੇ ਕਿਵੇਂ ਲਿਆ? ਇਸ ਦਾ ਪਤਾ ਉਪਰੋਕਤ ਹਵਾਲੇ ਤੋਂ ਲੱਗ ਜਾਂਦਾ ਹੈ।

ਮੇਰੇ ਰਿਵੀਊ ਦੀ "ਪਾਏਦਾਰੀ" ਪਹਿਲੀ ਪੁਸਤਕ ਦੇ ਹਵਾਲੇ ਨਾਲ ਹੀ ਚਰਚਾ ਵਿਚ ਆ ਗਈ ਸੀ। ਆ ਰਹੀਆਂ ਪ੍ਰਤੀਕ੍ਰਿਆਵਾਂ ਵਿਚ ਦੁਹਰਾਉ ਬਹੁਤ ਹੈ। ਗਲਤ ਸਵਾਲਾਂ ਦੇ ਠੀਕ ਉਤਰ ਦੇਣੇ ਸੌਖੇ ਨਹੀਂ ਹੁੰਦੇ। ਏਸੇ ਕਰਕੇ ਲਗਣ ਲੱਗ ਪਿਆ ਹੈ ਕਿ ਜਿਵੇਂ ਵਿਰੋਧੀ ਮੈਂ ਇਕਲਾ ਹੀ ਹਾਂ ਅਤੇ ਸਮਰਥਕਾਂ ਦੀ ਗਿਣਤੀ ਜ਼ਿਆਦਾ ਹੈ। ਫੈਸਲਾ ਲੋਕਤੰਤਰੀ-ਸੁਰ ਵਿਚ ਸਪਸ਼ਟ ਹੋਣਾ ਚਾਹੀਦਾ ਹੈ। ਚਰਚਾ ਨੂੰ ਇਸ ਦੀ ਭਾਵਨਾ ਨਾਲੋਂ ਪਾਸੇ ਲੈ ਜਾਣ ਦੇ ਲਾਲਚ ਨਾਲ ਮੂਲ ਸਵਾਲ ਮਗਰ ਰਹਿ ਗਏ ਹਨ ਅਤੇ ਨਵੇਂ ਮੁੱਦੇ ਸਾਹਮਣੇ ਆ ਰਹੇ ਹਨ। ਮੈਨੂੰ ਇਤਿਹਾਸ ਦਾ ਇਕ ਸਥਾਪਤ ਪ੍ਰੋਫੈਸਰ ਸਮਝਾ ਰਿਹਾ ਸੀ ਕਿ ਚਰਚਾ ਦਾ ਰੁਖ ਅਕਾਦਮਿਕ ਦੀ ਥਾਂ ਸਿਆਸੀ ਹੁੰਦਾ ਜਾ ਰਿਹਾ ਹੈ। ਇਕ ਹੋਰ ਨੌਜਵਾਨ ਸਿੱਖ ਅਕਾਦਮੀਸ਼ਨ ਨੇ ਕਿਹਾ ਕਿ ਕਿਤਾਬ ਵਿਚੋਂ ਗੁਰਮਤਿ ਗੁੰਮ ਹੈ। ਮੈਨੂੰ ਪਤਾ ਹੈ ਕਿ ਚਰਚਾ ਵਿਚ ਭਾਗ ਲੈਣ ਵਾਲਿਆਂ ਦੀ ਦਿਲਚਸਪੀ ਸਿਆਸੀ ਦਿਗਵਿਜੈ ਸਥਾਪਤ ਕਰਨ ਵਿਚ ਹੈ। ਮੇਰੇ ਕੋਲ ਇਸ ਨੂੰ ਰੋਕਣ ਦਾ ਕੋਈ ਸਿਆਸੀ-ਮਾਡਲ ਵੀ ਨਹੀਂ ਹੈ ਅਤੇ ਨਾ ਹੀ ਮੈਨੂੰ ਇਸ ਵਿਚ ਕੋਈ ਦਿਲਚਸਪੀ ਹੈ। ਇਸ ਹਾਲਤ ਵਿਚ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਸਿਆਸੀ-ਸੁਰ ਦਾ ਮਸੀਹਾ ਅਜਮੇਰ ਸਿੰਘ ਨੂੰ ਬਣਾਇਆ ਜਾ ਰਿਹਾ ਹੈ, ਉਸ ਦਾ ਅਰੰਭ ਹਰਿੰਦਰ ਸਿੰਘ ਮਹਿਬੂਬ ਨੇ "ਸਹਿਜੇ ਰਚਿਓ ਖਾਲਸਾ" ਨਾਲ ਬਹੁਤ ਪਹਿਲਾਂ ਕਰ ਦਿਤਾ ਸੀ। ਅਜਮੇਰ ਸਿੰਘ ਨੇ ਇਸ ਪੁਸਤਕ ਦੀ ਭਰਪੂਰ ਵਰਤੋਂ ਵੀ ਕੀਤੀ ਹੋਈ ਹੈ। ਕਈ ਥਾਂਈਂ ਤਾਂ ਇਹ ਲਗਣ ਲੱਗ ਪੈਂਦਾ ਹੈ ਕਿ ਜਿਵੇਂ ਲੇਖਕ ਨੇ ਮਹਿਬੂਬ ਦੇ ਹੀ ਥੀਸਿਸ ਨੂੰ ਅਗੇ ਤੋਰਿਆ ਹੈ। ਪਰ ਇਹ ਮੰਨ ਲਈਏ ਤਾਂ ਇਹ ਸਮਝਣਾ ਪਵੇਗਾ ਕਿ ਇਸ ਵਿਚੋਂ ਗੁਰਮਤਿ ਕਿਵੇਂ ਗੁੰਮ ਹੋ ਗਈ ਹੈ? ਮਹਿਬੂਬ ਬਹੁਤ ਪੜ੍ਹਿਆ ਲਿਖਿਆ ਪੰਥਕ ਲੇਖਕ ਸੀ ਅਤੇ ਉਹ ਜਦੋਂ ਕਿਸੇ ਸਿੱਖ ਲੇਖਕ ਨਾਲੋਂ ਲੀਹਾ ਪਾੜ ਕੇ ਤੁਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਗੁਰਮਤਿ ਸੁਰ ਵਿਚ ਹੀ ਕਰਦਾ ਸੀ। ਏਸੇ ਲਈ ਉਸ ਨੂੰ ਮਸੀਹਾ ਹੋਣ ਦੀ ਕਦੇ ਲਾਲਸਾ ਹੀ ਨਹੀਂ ਜਾਗੀ ਸੀ। ਆਪਣੀ ਸੋਚ ਦੀ ਨਿਰੰਤਰਤਾ ਵਿਚ ਸਾਹਮਣੇ ਆ ਰਹੇ ਲੇਖਕ ਅਜਮੇਰ ਸਿੰਘ ਬਾਰੇ ਵੀ ਕਦੇ ਉਸ ਨੇ ਸਮਰਥਕ-ਸੁਰ ਵਿਚ ਅਜਿਹਾ ਕੁਝ ਨਹੀਂ ਕਿਹਾ ਸੀ, ਜਿਸ ਤਰ੍ਹਾਂ ਚਲ ਰਹੀ ਚਰਚਾ ਵਿਚ ਸਿਆਸੀ-ਸੁਰ ਵਾਲੇ ਪਾਠਕ-ਸਮਰਥਕਾਂ ਵਲੋਂ ਕਿਹਾ ਜਾ ਰਿਹਾ ਹੈ।

ਮੇਰੇ ਵਲੋਂ ਵਰਤੇ ਗਏ ਲਫਜ਼ "ਅਤਿਵਾਦੀ-ਜੁਗਾਲੀ" ਦਾ ਜ਼ਿਕਰ ਵਾਰ ਵਾਰ ਆ ਰਿਹਾ ਹੈ। ਇਸ ਦਾ ਪ੍ਰਸੰਗ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ ਕਿ ਸਿੱਖਾਂ ਨਾਲ ਵਧੀਕੀਆਂ ਦਾ ਇਤਿਹਾਸ ਬਹੁਤ ਲੰਬਾ ਹੈ। ਇਸ ਨਾਲ ਇਹ ਖਾਲਸਾਈ-ਤੱਤ ਸਾਹਮਣੇ ਆ ਚੁਕਾ ਹੈ ਕਿ ਜਿਸ ਕਿਸੇ ਨੇ ਵੀ ਸਿੱਖ ਕੌਮ ਉਤੇ ਜ਼ੁਲਮ ਕੀਤਾ, ਉਸ ਨੂੰ ਇਸ ਦਾ ਪਛਤਾਵਾ ਹੁੰਦਾ ਰਿਹਾ ਹੈ। ਮੁਸਲਮਾਨ ਹਾਕਮਾਂ ਨੇ ਜਿਹੜੇ ਜ਼ੁਲਮ ਢਾਹੇ, ਉਹ ਸਿੱਖ ਸਿਮਰਤੀ ਵਿਚ ਡੂੰਘੇ ਉਤਰੇ ਹੋਏ ਹਨ। ਅੰਗਰੇਜ਼ਾਂ ਨੇ ਜੋ ਕੀਤਾ ਉਹ ਵੀ ਸਿੱਖਾਂ ਨੂੰ ਹਰਾ ਨਹੀਂ ਸਕਿਆ। ਕਹਿਣ ਦਾ ਭਾਵ ਇਹ ਹੈ ਕਿ ਸਿੱਖ ਧਰਮੀਆਂ ਨੂੰ ਕਿਸੇ ਕਿਸਮ ਦੀ ਸਿਆਸਤ ਕਦੇ ਦਬੇਲ ਨਹੀਂ ਬਣਾ ਸਕੀ। ਭਾਰਤੀ ਹੁਕਮਰਾਨਾਂ ਨੇ ਵੀ ਇਤਿਹਾਸ ਤੋਂ ਸਿੱਖਣ ਦੀ ਥਾਂ ਸਿਆਸੀ ਜਬਰ ਨਾਲ ਸਿੱਖਾਂ ਨੂੰ ਸਬਕ ਸਿਖਾਉਣ ਦੀ ਕੋਸ਼ਿਸ਼ 1984 ਵਿਚ ਕੀਤੀ ਸੀ। ਇਹ ਵੀ ਇਕ ਵਾਰ ਤਾਂ ਕਰ ਲਿਆ ਗਿਆ ਪਰ ਇਸ ਨੂੰ ਮੁੜ ਕੇ ਦੁਹਰਾਉਣ ਦੀ ਉਸ ਤਰ੍ਹਾਂ ਦੀ ਸਿਆਸਤ ਫਿਰ ਕੋਈ ਇਸ ਤਰ੍ਹਾਂ ਨਹੀਂ ਕਰ ਸਕੇਗਾ ਜਿਵੇਂ ਪਾਕਿਸਤਾਨ ਵਿਚ ਕਾਦਿਆਨੀ ਮੁਸਲਮਾਨਾਂ ਨਾਲ ਲਗਾਤਾਰ ਹੋ ਰਿਹਾ ਹੈ। ਇਹ ਸਮਝ ਦਾ ਗੁਰਮਤਿ ਪ੍ਰਸੰਗ ਹੈ। ਇਸੇ ਦਾ ਸਿਆਸੀ ਪ੍ਰਸੰਗ ਜਿਸ ਤਰ੍ਹਾਂ ਅਜਮੇਰ ਸਿੰਘ ਵਲੋਂ ਉਸਾਰਿਆ ਜਾ ਰਿਹਾ ਹੈ, ਉਹ ਸਿੱਖਾਂ ਨੂੰ ਸ਼ੀਆ ਅਤੇ ਸੁੰਨੀਆਂ ਵਾਂਗ ਵੰਡਣ ਵਾਲੇ ਪਾਸੇ ਲੈ ਕੇ ਜਾ ਸਕਦਾ ਹੈ। ਰਾਸ਼ਟਰਵਾਦੀ ਸਿੱਖ, ਪੰਥਕ ਸਿੱਖ, ਅਪੰਥਕ ਸਿੱਖ, ਖਾਸ ਸਿੱਖ, ਆਮ ਸਿੱਖ, ਅਗਾਂਹਵਧੂ ਸਿੱਖ, ਸਿਆਸੀ ਸਿੱਖ ਅਤੇ ਵਪਾਰੀ ਸਿੱਖ ਆਦਿ ਕਿੰਨੀਆਂ ਕੁ ਕੋਟੀਆਂ ਬਣਾਈ ਜਾਣੀਆਂ ਬਾਕੀ ਹਨ। ਮੈਕਲੋਡ ਨੇ "ਨਾਨ-ਖਾਲਸਾ ਸਿੱਖ" ਲਫਜ਼ ਵਰਤਿਆ ਸੀ ਤਾਂ ਉਸ ਨੂੰ ਡਾ. ਗਰੇਵਾਲ ਨੇ ਇਹ ਕਹਿ ਕੇ ਠੀਕ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਸਿੱਖ ਅਤੇ ਖਾਲਸਾ ਇਕ ਦੂਜੇ ਦੇ ਪੂਰਕ ਹਨ ਅਤੇ ਜੇ ਕਹਿਣਾ ਹੀ ਹੈ ਤਾਂ ਸਿੱਖ-ਖਾਲਸਾ ਅਤੇ ਸਿੰਘ-ਖਾਲਸਾ ਕਿਹਾ ਜਾ ਸਕਦਾ ਹੈ। ਜਿਸ ਨੂੰ ਅਜਮੇਰ ਸਿੰਘ ਹਿੰਦੂ ਕਹਿੰਦਾ ਹੈ, ਉਸੇ ਨੂੰ ਬਾਦਲਕੇ ਕਾਂਗਰਸ ਕਹਿ ਕੇ ਸਿਆਸਤ ਕਰ ਰਹੇ ਹਨ। ਸਮਕਾਲ ਵਿਚ ਹਾਲਤ ਇਹ ਪੈਦਾ ਹੋ ਰਹੇ ਹਨ ਕਿ ਪੰਜਾਬ ਦੇ ਸਿੱਖਾਂ ਨੂੰ ਕਾਂਗਰਸੀ ਅਮਰਿੰਦਰ ਸਿੰਘ ਅਤੇ ਅਕਾਲੀ ਪ੍ਰਕਾਸ਼ ਸਿੰਘ ਬਾਦਲ ਵਿਚਕਾਰ ਚੋਣ ਕਰਨੀ ਪੈ ਰਹੀ ਹੈ। ਇਸ ਹਾਲਤ ਵਿਚ ਕਿਹੜੀਆਂ "ਵਜੂਦ ਸਮੋਈਆਂ ਕਮਜ਼ੋਰੀਆਂ" ਦੇ ਆਧਾਰ ਤੇ ਜਾਂ ਸੁਝਾਈਆਂ ਜਾ ਰਹੀਆਂ "ਸਿਧਾਂਤਕ ਪੇਚੀਦਗੀਆਂ ਦੀ ਪੜ੍ਹਤ" ਦੀ ਰੋਸ਼ਨੀ ਵਿਚ ਫੈਸਲਾ ਕਰੀਏ ਤਾਂ ਕਿ ਅਜਮੇਰ ਸਿੰਘ ਦੀ ਪੁਸਤਕ ਵਿਚਲੇ ਥੀਸਿਸ ਦੀ ਪੈਰਵਾਈ ਹੋ ਸਕੇ?

ਮੇਰੇ ਲਈ ਇਹ ਬਿਲਕੁਲ ਹੀ ਨਵੀਂ ਆਪਾਵਿਰੋਧੀ ਗੱਲ ਹੈ ਕਿ ਅਜਮੇਰ ਸਿੰਘ "ਅਕਾਲੀਆਂ 'ਤੇ ਬੇਈਮਾਨ ਹੋਣ ਦਾ ਦੋਸ਼ ਕਿਤੇ ਵੀ ਨਹੀਂ ਲਾਉਂਦੇ।" ਇਸ ਨਾਲ ਤਾਂ ਚਰਚਾ ਦਾ ਮੁੱਦਾ ਹੀ ਮੁਕ ਜਾਂਦਾ ਹੈ। ਅਕਾਲੀਆਂ ਵਿਚੋਂ ਜਿਸ ਤਰ੍ਹਾਂ "ਪੰਥਕ ਅਕਾਲੀਆਂ ਅਤੇ ਸੈਕੂਲਰ ਅਕਾਲੀਆਂ" ਦੀ ਕੋਟੀ ਵੰਡ ਕਰਨ ਦੀ ਕੋਸ਼ਿਸ਼ ਅਜਮੇਰ ਸਿੰਘ ਵਲੋਂ ਕੀਤੀ ਜਾ ਰਹੀ ਹੈ, ਇਸ ਨਾਲ ਸੇਹ ਦਾ ਤੱਕਲਾ ਕਿਸ ਦੇ ਲਈ ਗੱਡਿਆ ਜਾ ਰਿਹਾ ਹੈ? ਇਹੀ ਪੁੱਛਣ ਲਈ ਮੈਂ ਰਿਵੀਊ-ਲੇਖ 2004 ਵਿਚ ਲਿਖਿਆ ਸੀ। ਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਆਮ ਆਦਮੀ ਤਕ ਪਹੁੰਚਾਣ ਲਈ ਸੌਖਾ ਕਰਨ ਦੇ ਜਿਹੜੇ ਆਧਾਰ ਪੈਦਾ ਕੀਤੇ ਸਨ, ਉਨ੍ਹਾਂ ਦੇ ਸਿਆਸੀਕਰਨ ਅਤੇ ਵਪਾਰੀਕਰਨ ਨੇ ਆਮ ਸਿੱਖ ਨੂੰ ਦੁਸ਼ਵਾਰੀਆਂ ਵਲ ਧੱਕ ਦਿਤਾ ਹੈ। ਮੈਨੂੰ ਪੱਛਮੀ ਚਿੰਤਕਾਂ ਦੇ ਹਵਾਲਿਆਂ ਨਾਲ ਸਮਝਾਉਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਇਹ ਤਾਂ ਸੋਚ ਲੈਣਾ ਚਾਹੀਦਾ ਹੈ ਕਿ ਮੈਂ ਇਸ ਜਾਣਕਾਰੀ ਨਾਲ ਚਾਰ ਦਹਾਕਿਆਂ ਤੋਂ ਤੁਰਦਾ ਆ ਰਿਹਾ ਹਾਂ। ਜੇ ਗੱਲ ਕਰਨੀ ਹੀ ਹੈ ਤਾਂ ਸਿੱਖ ਸਾਹਿਤ ਦੇ ਸ੍ਰੋਤਾਂ ਦੇ ਹਵਾਲੇ ਨਾਲ ਕਰਨੀ ਚਾਹੀਦੀ ਹੈ। ਪਾਠਕਾਂ ਦੀ ਜਾਣਕਾਰੀ ਲਈ ਇਹ ਦਸ ਦੇਣਾ ਲਾਹੇਵੰਦਾ ਹੋਵੇਗਾ ਕਿ ਭਾਈ ਵੀਰ ਸਿੰਘ ਨੇ ਭਾਈ ਸੰਤੋਖ ਸਿੰਘ ਦੇ "ਸੂਰਜ ਪ੍ਰਕਾਸ਼" ਦੀ ਭੂਮਿਕਾ ਲਿਖਦਿਆਂ ਇਤਿਹਾਸ ਲਿਖਣ ਦੀਆਂ ਚਾਰ ਵਿਧੀਆਂ ਮੰਨੀਆਂ ਹਨ ਅਤੇ ਇਹ "ਸੂਰਜ ਪ੍ਰਕਾਸ਼" ਦੀਆਂ ਸੈਂਚੀਆਂ ਵਿਚੋਂ ਪਹਿਲੀ ਸੈਂਚੀ ਵਜੋਂ ਭਾਸ਼ਾ ਵਿਭਾਗ, ਪਟਿਆਲਾ ਨੇ ਛਾਪੀ ਹੋਈ ਹੈ। ਅਜਮੇਰ ਸਿੰਘ ਦੇ ਪਾਠਕਾਂ ਵਲੋਂ ਲੇਖਕ ਨੂੰ "ਰਾਜਨੀਤਕ ਇਤਿਹਾਸਕਾਰ" ਵਜੋਂ ਸਥਾਪਤ ਕਰਨ ਦੀ ਰੀਝ ਉਨ੍ਹਾਂ ਚਾਰ ਵਿਧੀਆਂ ਵਿਚ ਸ਼ਾਮਲ ਨਹੀਂ ਹੈ। ਜਿਨ੍ਹਾਂ ਪੱਛਮੀ ਚਿੰਤਕਾਂ ਦੇ ਹਵਾਲੇ ਨਾਲ ਯਤਨ ਹੋ ਰਹੇ ਹਨ, ਉਸ ਨਾਲ ਉਸ ਨੂੰ ਮਾਨਤਾ ਮਿਲਣ ਦੀ ਸੰਭਾਵਨਾ ਨਹੀਂ ਜਾਪਦੀ। ਜੇ ਅਜਮੇਰ ਸਿੰਘ ਨੂੰ ਕੇਵਲ ਰਾਜਨੀਤਕ ਇਤਿਹਾਸਕਾਰ ਵਜੋਂ ਮਾਨਤਾ ਦੇਣ ਦਾ ਹੀ ਸਵਾਲ ਹੋਵੇ ਤਾਂ ਮੈਨੂੰ ਇਤਰਾਜ਼ ਨਹੀਂ ਹੋਣਾ ਸੀ। ਇਤਰਾਜ਼ ਤਾਂ ਇਹ ਹੈ ਕਿ ਜਿਵੇਂ ਮਸੀਹੀ-ਮਾਨਤਾ ਲੈਣ ਵਾਸਤੇ ਸਿੱਖ ਭਾਈਚਾਰੇ ਨੂੰ ਅਜਮੇਰ ਸਿੰਘ ਲੈਬਾਰਟਰੀ ਵਜੋਂ ਵਰਤਣ ਵਾਲੇ ਪਾਸੇ ਸਰਪੱਟ ਦੌੜਿਆ ਜਾ ਰਿਹਾ ਹੈ, ਉਸ ਨੂੰ ਸੋਹਣ ਸਿੰਘ ਸੀਤਲ ਵਲੋਂ ਖਾਲਸਾ-ਯੁੱਧ ਬਾਰੇ ਕੀਤੀ ਹੋਈ ਟਿਪਣੀ ਦੇ ਹਵਾਲੇ ਨਾਲ ਕਹਿਣ ਦੀ ਕੋਸ਼ਿਸ਼ ਹੈ:

ਤੁਰੀਆਂ ਸੰਗ ਕਲਜੋਗਣਾਂ ਲੈ ਖੱਪਰ ਖਾਲੀ।
ਹੋਵੇਗਾ ਅਸਮੇਧ ਜੱਗ ਰੱਜ ਖਾਣ ਸਵਾਲੀ।

ਚਰਚਾ ਅਧੀਨ ਮੁੱਦਾ ਧਰਮ ਦੇ ਨਾਮ 'ਤੇ ਕੀਤੀ ਜਾ ਰਹੀ ਰਾਜਨੀਤੀ ਹੈ। ਇਸ ਤੋਂ ਗੁਰੇਜ਼ ਕੀਤੇ ਜਾਣ ਦੀ ਸਲਾਹ ਇਸ ਕਰਕੇ ਦਿਤੀ ਜਾ ਰਹੀ ਹੈ ਕਿਉਂਕਿ ਇਸ ਵਿਚ ਕਰਦਾ ਕੋਈ ਹੋਰ ਹੈ ਤੇ ਭਰਦਾ ਕੋਈ ਹੋਰ।

*-ਬਲਕਾਰ ਸਿੰਘ (ਪ੍ਰੋਫੈਸਰ)*
*ਪਟਿਆਲਾ।*

## ਸਿੱਖਾਂ ਲਈ ਵੱਖਰੀ ਪਾਤਸ਼ਾਹੀ

ਜਾਂ ਇਨਸਾਨੀ ਆਬਰੂ ਵਿਚ ਵੀ ਕੋਈ ਵਾਧਾ ਨਹੀਂ ਕੀਤਾ। ਇਤਿਹਾਸ ਉਨ੍ਹਾਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ। ਅਜਿਹੀਆਂ ਕਹਾਣੀਆਂ ਸਾਡੇ ਨਾਲ ਵੀ ਜੁੜਨ ਲੱਗ ਪਈਆਂ ਹਨ। ਇਨ੍ਹਾਂ ਵਿਚ ਹੋਰ ਵਾਧਾ ਕਰਕੇ ਅਸੀਂ ਗੁਰੂ ਨਾਨਕ ਦੇ ਸਰਬਹਿਤਕਾਰੀ ਮਾਰਗ ਨੂੰ ਕਲੰਕਿਤ ਕਿਉਂ ਕਰੀਏ?

ਉਂਜ ਵੀ ਪ੍ਰਭੂਸੱਤਾ ਸੰਪੰਨ ਪਾਤਸ਼ਾਹੀ ਬੀਤੇ ਵਕਤ ਦੀ ਸ਼ੈਅ ਬਣ ਚੁੱਕੀ ਹੈ। ਅਜੋਕੀ ਵਿਗਿਆਨਕ ਖੋਜ ਅਤੇ ਬਹੁਕੌਮੀ ਕਾਰਪੋਰੇਟਿਜ਼ਮ ਨੇ ਪ੍ਰਭੂਸੱਤਾ ਨੂੰ ਪੁਨਰਪਰਿਭਾਸ਼ਿਤ ਕਰ ਦਿੱਤਾ ਹੈ। ਵਿੱਤੀ ਪੂੰਜੀ ਰਾਸ਼ਟਰੀ ਪ੍ਰਭੂਸੱਤਾ ਉਪਰ ਨਿਰਭਰ ਨਹੀਂ ਹੈ। ਅਜੋਕੀ ਪੂੰਜੀ ਕੌਮੀ ਸਰਹੱਦਾਂ ਨੂੰ ਮਾਨਤਾ ਨਹੀਂ ਦਿੰਦੀ। ਕੌਮੀ ਅਤੇ ਸਥਾਨਕ ਪੱਧਰ ਦੇ ਸ਼ਾਸਕ ਖੁਦ ਨੂੰ ਸੱਤਾ ਸੰਪੰਨ ਹੁਕਮਰਾਨ ਮੰਨਣ ਦਾ ਜਿੰਨਾ ਮਰਜ਼ੀ ਭਰਮ ਪਾਲਦੇ ਰਹਿਣ ਪਰ ਅਸਲ ਸੱਤਾ ਕਾਰਪੋਰੇਟ ਦੁਨੀਆਂ ਦੇ ਚੌਧਰੀਆਂ ਦੇ ਹੱਥ ਜਾ ਚੁੱਕੀ ਹੈ। ਲੋਕਾਂ ਨੂੰ ਭਰਮਾਉਣ/ਦਬਾਉਣ ਦਾ ਨਖਿੱਧ ਕਾਰਜ ਰਾਜਸੀ ਨੇਤਾਵਾਂ ਨੂੰ ਸੌਂਪਿਆ ਜਾਂਦਾ ਹੈ। ਸਿੱਕਾ ਵਿੱਤੀ ਸੰਸਥਾਵਾਂ ਦਾ ਹੀ ਚੱਲਦਾ ਹੈ। ਰਾਜਨੀਤਕ ਪਾਰਟੀਆਂ ਦੇ ਸਾਰੇ ਵਾਅਦੇ, ਦਾਅਵੇ ਅਤੇ ਸਿਧਾਂਤ ਇਨ੍ਹਾਂ ਸਾਹਮਣੇ ਬੇਅਰਥ ਹੋ ਕੇ ਰਹਿ ਜਾਂਦੇ ਹਨ। ਹਿੰਦੂ ਰਾਸ਼ਟਰਵਾਦੀ ਨਰਿੰਦਰ ਮੋਦੀ, ਅਕਾਲੀ ਸੁਪਰੀਮੋ ਪ੍ਰਕਾਸ਼ ਸਿੰਘ ਬਾਦਲ ਅਤੇ ਕਾਮਰੇਡ ਬੁੱਧਦੇਵ ਭੱਟਾਚਾਰੀਆ ਵੱਖ ਵੱਖ ਸਿਧਾਂਤਾਂ ਉਪਰ ਪਹਿਰਾ ਦੇਣ ਦਾ ਦਾਅਵਾ ਕਰਦੇ ਹਨ ਪ੍ਰੰਤੂ ਵਿੱਤੀ ਅਦਾਰਿਆਂ ਅੱਗੇ ਜੋੜਦੀਆਂ ਕਰਨ ਵਿਚ ਇਕ ਦੂਜੇ ਨਾਲੋਂ ਅੱਗੇ ਲੰਘ ਜਾਣ ਨੂੰ ਮਾਣ ਵਾਲੀ ਪ੍ਰਾਪਤੀ ਮੰਨਦੇ ਹਨ ਕਿਉਂਕਿ ਨਿਵੇਸ਼ ਨਾ ਹੋਣ 'ਤੇ ਇਨ੍ਹਾਂ ਲੀਡਰਾਂ ਦੀ ਨਿਗੁਣੀ ਜਿਹੀ ਸੱਤਾ ਵੀ ਚਰਮਰਾ ਜਾਂਦੀ ਹੈ।

ਉਪ-ਪ੍ਰਮਾਣੂ ਅਤੇ ਕੁਆਂਟਮ ਫਿਜ਼ਿਕਸ ਵਿਚ ਹੋਈ ਅਜੋਕੀ ਖੋਜ ਨੇ ਅਜਿਹੇ ਸੰਕਲਪ, ਕਲਪਨਾਵਾਂ ਅਤੇ ਪਰਿਪੇਖ ਸਾਹਮਣੇ ਲੈ ਆਂਦੇ ਹਨ ਜਿਨ੍ਹਾਂ ਨੇ ਭੌਤਿਕ ਵਿਗਿਆਨੀਆਂ, ਸਮਾਜਸ਼ਾਸਤਰੀਆਂ, ਮਾਨਵਵਾਦੀਆਂ ਅਤੇ ਧਰਮ ਚਿੰਤਕਾਂ ਵਿਚ ਇਹ ਅਹਿਸਾਸ ਪੈਦਾ ਕੀਤਾ ਹੈ ਕਿ ਬ੍ਰਹਿਮੰਡ ਇਕ ਅਜਿਹੀ ਏਕਤਾ ਦੇ ਸੂਤਰ ਵਿਚ ਬੱਝਿਆ ਹੋਇਆ ਹੈ ਜੋ ਭੌਤਿਕ ਸਿਧਾਂਤਾਂ ਤੋਂ ਕਿਧਰੇ ਗਹਿਰੀ ਹੈ। ਇਸ ਨਾਲ ਮਨੁੱਖੀ ਸੋਚ ਵਿਚ ਜਾਗ੍ਰਿਤੀ ਕਾਲ ਤੋਂ ਪਿੱਛੋਂ ਸਭ ਤੋਂ ਵੱਡਾ ਬਦਲਾਅ ਆ ਰਿਹਾ ਹੈ। ਇਨ੍ਹਾਂ ਸਮੱਗਰਤਾਵਾਦੀ ਅੰਤਰਦ੍ਰਿਸ਼ਟੀਆਂ ਨੂੰ ਅਜੇ ਰਾਜਨੀਤੀ ਸ਼ਾਸਤਰ ਨੇ ਆਤਮਸਾਤ ਨਹੀਂ ਕੀਤਾ। ਇਸ ਉਤੇ ਅਜੇ ਵੀ ਨਿਊਟਨ ਦੇ ਮਸ਼ੀਨੀ ਰੂਪਕ ਦਾ ਪ੍ਰਭਾਵ ਭਾਰੂ ਹੈ। ਪ੍ਰੰਤੂ ਨਵੀਂ ਸੂਝਬੂਝ ਤੋਂ ਰਾਜਨੀਤੀ ਸ਼ਾਸਤਰ ਨੂੰ ਸੁਚੇਤ ਹੋਣਾ ਹੀ ਪੈਣਾ ਹੈ। ਆ ਰਹੀ ਭਲਕ ਦੀ ਦੁਨੀਆਂ ਭਾਈਵਾਲੀ ਦੀ ਦੁਨੀਆਂ ਹੈ। ਇਹ ਸਾਂਝੀਵਾਲਤਾ ਦਾ ਬ੍ਰਹਿਮੰਡ ਹੈ। ਫਿਰਕਾ-ਆਧਾਰਿਤ ਪਾਤਸ਼ਾਹੀਆਂ ਦੀ ਸਥਾਪਨਾ ਲਈ ਖਾੜਕੂ ਸੰਘਰਸ਼ ਪਿਛਲਖੋਰੇ ਭੇੜ ਤੋਂ ਵਧ ਕੁਝ ਨਹੀਂ ਹੋ ਸਕਦਾ। ਚੌਧਰਹੀਣ ਰਾਜਤੰਤਰ ਸਥਾਪਿਤ ਕਰਨ ਲਈ ਯਤਨ ਹੋਣੇ ਚਾਹੀਦੇ ਹਨ, ਚੌਧਰ ਵਿਰੋਧੀ ਕਿਸੇ ਨਵੀਂ ਸੱਤਾ ਦੀ ਸਥਾਪਤੀ ਲਈ ਨਹੀਂ।

ਭਾਰਤੀ ਸੱਭਿਆਚਾਰ ਅਤੇ ਸਿੱਖ ਧਰਮ ਸਾਧਨਾਂ ਕੋਲ ਅੱਜ ਦੇ ਸੰਸਾਰ ਨੂੰ ਦੇਣ ਲਈ ਬਹੁਤ ਕੁਝ ਮੁੱਲਵਾਨ ਹੈ। ਭਾਰਤੀ ਪਰੰਪਰਾ ਕਿਸੇ ਇਕ ਧਰਮ ਮਾਰਗ ਨੂੰ ਸੁਪਰੀਮ ਨਹੀਂ ਮੰਨਦੀ। ਇਥੇ ਅਣਗਿਣਤ ਫਿਰਕੇ, ਨਸਲਾਂ, ਕਬੀਲੇ, ਧਰਮ ਅਤੇ ਪੂਜਾ ਪਧਤੀਆਂ ਆਪਣੇ ਅਨੁਭਵ ਦੀ ਰੋਸ਼ਨੀ ਅਨੁਸਾਰ ਵਿਚਰਦੀਆਂ ਹੋਈਆਂ ਸਾਂਝੀ ਤਕਦੀਰ ਘੜਦੀਆਂ ਰਹੀਆਂ ਹਨ। ਭਾਰਤ ਦੁਨੀਆਂ ਦਾ ਇਕੋ ਇਕ ਦੇਸ਼ ਹੈ ਜਿਥੇ ਇਕੋ ਸਮੇਂ ਛੇ ਸਿਧਾਂਤਾਂ ਨੂੰ ਮੰਨਣ ਵਾਲੇ ਮਿਲ ਕੇ ਰਹਿੰਦੇ ਆਏ ਹਨ। ਬਾਹਰਲੇ ਦੇਸ਼ਾਂ ਤੋਂ ਦੁਖੀ ਕੀਤੇ ਦੂਜੇ ਧਰਮਾਂ ਦੇ ਪੈਰੋਕਾਰਾਂ ਨੂੰ ਵੀ ਭਾਰਤ ਵਿਚ ਸ਼ਾਂਤੀ ਨਾਲ ਵੱਸਣ ਅਤੇ ਵਿਗਸਣ ਦਾ ਮੌਕਾ ਮਿਲਦਾ ਰਿਹਾ ਹੈ।

### ਰਾਤ-ਬਰਾਤੇ ਆਉਣ ਆਵਾਜ਼ਾਂ

ਰਾਤ-ਬਰਾਤੇ ਆਉਣ ਆਵਾਜ਼ਾਂ,
ਸੁੱਤੀ ਜਿੰਦ ਡਰਾਉਣ ਆਵਾਜ਼ਾਂ।
ਗੀਤ ਸੋਗ ਦੇ ਗਾਉਣ ਆਵਾਜ਼ਾਂ,
ਸੌਣ ਦੇਣ ਨਾ ਸੌਣ ਆਵਾਜ਼ਾਂ।

ਸ਼ਹਿਰਾਂ ਵਿਚ ਦਹਾੜੇ ਕੋਈ,
ਦਿਨ ਆ ਗਏ ਨੇ ਮਾੜੇ ਕੋਈ
ਡਰਿਆ ਕੱਢੇ ਹਾੜ੍ਹੇ ਕੋਈ,
ਲੁਕ ਲੁਕ ਸਭ ਕੁਝ ਤਾੜੇ ਕੋਈ
ਚੁਣ ਚੁਣ ਜਿਊਂਦੇ ਸਾੜੇ ਕੋਈ,
ਪੱਟੇ ਬੀਬੇ ਦਾੜ੍ਹੇ ਕੋਈ
ਮਰਿਆ ਭੰਗ ਦੇ ਭਾੜੇ ਕੋਈ,
ਪਾ ਕੇ ਗਿਆ ਉਜਾੜੇ ਕੋਈ
ਘਰ ਘਰ ਦੱਸਣ ਆਉਣ ਆਵਾਜ਼ਾਂ,
ਵੈਣ ਜਿਹੇ ਕੋਈ ਪਾਉਣ ਆਵਾਜ਼ਾਂ
ਇਧਰੋਂ-ਉਧਰੋਂ ਆਉਣ ਆਵਾਜ਼ਾਂ,
ਸੌਣ ਦੇਣ ਨਾ ਸੌਣ ਆਵਾਜ਼ਾਂ।

ਰਾਤ ਬਰਾਤੇ ਡਰਦੇ ਟੱਬਰ,
ਉੱਚੀ ਗੱਲ ਨਾ ਕਰਦੇ ਟੱਬਰ
ਡੂੰਘੇ ਹਉਕੇ ਭਰਦੇ ਟੱਬਰ,
ਰੀਣ ਰੀਣ ਹੋ ਮਰਦੇ ਟੱਬਰ
ਜ਼ੁਲਮ ਵਕਤ ਦਾ ਜਰਦੇ ਟੱਬਰ,
ਦਿੱਲੀ ਅੰਮ੍ਰਿਤਸਰ ਦੇ ਟੱਬਰ
ਤੇਰੇ ਮੇਰੇ ਘਰ ਦੇ ਟੱਬਰ,
ਉਜੜੇ ਪੁੱਜਦੇ ਸਰਦੇ ਟੱਬਰ
ਦੂਰ ਕਿਤੇ ਕੁਰਲਾਉਣ ਆਵਾਜ਼ਾਂ,
ਬੀਤੀ ਯਾਦ ਕਰਾਉਣ ਆਵਾਜ਼ਾਂ
ਘੁਲ ਗਈਆਂ ਵਿਚ ਪੌਣ ਆਵਾਜ਼ਾਂ,
ਸੌਣ ਦੇਣ ਨਾ ਸੌਣ ਆਵਾਜ਼ਾਂ।

ਕੌਣ ਕਦੋਂ ਇਨਸਾਫ਼ ਕਰੇਗਾ,
ਖ਼ੂਨ ਦੇ ਧੱਬੇ ਸਾਫ਼ ਕਰੇਗਾ
ਜੰਦੋਜਹਿਦ ਖ਼ਿਲਾਫ਼ ਕਰੇਗਾ,
ਜੰਮੇ ਦਰਿਆ ਭਾਫ਼ ਕਰੇਗਾ
ਗੁਨਾਹਾਂ ਦਾ ਇੰਕਸ਼ਾਫ਼ ਕਰੇਗਾ,
ਗੱਲ ਕੋਈ ਸਾਫ਼-ਸ਼ਫ਼ਾਫ਼ ਕਰੇਗਾ
ਵਕਤ ਕਦੇ ਨਾ ਮਾਫ਼ ਕਰੇਗਾ,
ਬਣ ਮੁਨਸਿਫ਼ ਇਨਸਾਫ਼ ਕਰੇਗਾ
ਦਰ-ਦਰ ਅਲਖ ਜਗਾਉਣ ਆਵਾਜ਼ਾਂ,
ਇਕ ਮੁੱਦਤ ਤੋਂ ਆਉਣ ਆਵਾਜ਼ਾਂ
ਭਟਕਣ ਤਰਲੇ ਪਾਉਣ ਆਵਾਜ਼ਾਂ,
ਸੌਣ ਦੇਣ ਨਾ ਸੌਣ ਆਵਾਜ਼ਾਂ।

*-ਹਰਜਿੰਦਰ ਕੰਗ*
*555-917-4890*

---

### ਬਾਪੂ ਜੀ ਯੂ.ਐਸ.ਏ.

ਪੁੱਤ ਨੇ ਮੰਗਾਇਆ, ਅਮਰੀਕਾ ਆ ਗਿਆ।
ਅੱਧਾ ਕੁ ਕੈਨੇਡਾ 'ਚ ਸ਼ਰੀਕਾ ਆ ਗਿਆ।

ਜਦੋਂ ਇੰਡੀਆ ਮੰਗਾਉਂਦਾ ਰਿਹਾ ਡਾਲਰਾਂ ਨੂੰ
ਵੇਖ ਵੇਖ ਹੁੰਦਾ ਸੀ ਸ਼ਰਾਬੀ।
ਹੁਣ ਪੋਤੇ ਨਾਲ ਜਾਂਦਾ ਹੈ ਕਲਾਸਾਂ ਲੈਣ ਲਈ
ਆਪ ਸਿੱਖਦਾ ਅੰਗਰੇਜ਼ੀ,
ਮੁੰਡਾ ਸਿੱਖਦਾ ਪੰਜਾਬੀ।

ਭੱਈਆਂ 'ਤੇ ਰਿਹਾ ਜਿਹੜਾ ਹੁਕਮ ਚਲਾਂਵਦਾ,
ਮੋਹਤਬਰ ਪਿੰਡ ਦਾ ਸੀ ਓਏ ਨੀਂ ਕਹਾਂਵਦਾ।
ਨੂੰਹ ਕਹੇ ਬੈਲ ਨਾ ਵਜਾਇਓ ਆਣ ਕੇ,
ਮੈਟ ਥੱਲੇ ਚੱਕ ਲਿਉ ਪਈ ਹੋਈ ਚਾਬੀ।
ਹੁਣ...

## ਕਾਵਿ-ਮੰਚ

ਆਖਦਾ ਸਿਆਲਾਂ ਨੂੰ ਪੰਜਾਬ ਜਾ ਕੇ ਆਊਂ।
ਲੱਭ ਦਿਉ ਕੰਮ, ਸਾਰਾ ਭਾੜਾ ਆਪੇ ਲਾਊਂ।
ਪਾਠ ਮੈਂ ਕਰਾਉਣਾ ਮੇਰਾ ਹੋਇਆ ਸੁੱਖਿਆ
ਚੰਗਾ ਜਿਹਾ ਭਾਲ ਕੇ ਲਿਆਊਂ ਕੋਈ ਰਾਗੀ।
ਹੁਣ...

ਪੇਸ਼ ਚੱਲਦੀ ਨਾ ਉਡ ਜਾਵੇ ਖੰਭ ਹੋਣ ਜੇ।
ਦੇਸ਼ ਮਾੜਾ ਨੀਂ ਜਵਾਨੀ ਵਾਲੇ ਰੰਗ ਹੋਣ ਜੇ।
ਲੰਘ ਕੋਲ ਦੀ ਜਾਵੇ, ਬੋਲੀ ਆਪਣੀ ਸੁਣਾਵੇ
ਆਖੇ ਆਹ ਤਾਂ ਮੇਮ ਲਗਦੀ ਨਿਰੀ ਮੁਰਗਾਬੀ।
ਹੁਣ...

ਦੱਸੇ ਪਾਰਕ 'ਚ ਜੁੰਡੀ ਦਾ ਕੋਈ ਯਾਰ ਮਿਲਦਾ।
65 ਦੇ ਨੂੰ ਘਰੇ ਹੀ ਹਜ਼ਾਰ ਮਿਲਦਾ।
ਕਰਦਾ ਘਟਾਓ-ਗੁਣਾ ਪੱਬ ਚੱਕਦਾ,
ਵੱਸ ਵਿਚ ਰਹੇ ਨਾ ਦਿਲ ਹੁੰਦਾ ਜਾਏ ਬਾਗ਼ੀ।
ਹੁਣ...

ਹਾਣੀਆਂ 'ਚ ਬਹਿ ਕੇ ਸਾਰੇ ਦੁੱਖ ਫੋਲਦਾ।
ਰੁਲ ਗਿਆ ਕਹਿ ਕੇ ਹੰਝੂ ਬੁੱਕ ਡੋਲਦਾ।
'ਰਾਜ' ਹੁਣੀਂ ਹੀਮਨੇ 'ਚ ਐਸ਼ ਕਰਦੇ,
ਐਥੇ ਕੀ ਆ ਵੇਖੀ ਨਹੀਂ ਲੋਹੜੀ ਕਦੇ ਮਾਘੀ।
ਹੁਣ ਪੋਤੇ ਨਾਲ ਜਾਂਦਾ ਹੈ ਕਲਾਸਾਂ ਲੈਣ ਲਈ
ਆਪ ਸਿੱਖਦਾ ਅੰਗਰੇਜ਼ੀ,
ਮੁੰਡਾ ਸਿੱਖਦਾ ਪੰਜਾਬੀ

*-ਰਾਜ ਧਾਲੀਵਾਲ*
*ਟੈਫਟ, ਕੈਲੀਫੋਰਨੀਆ।*

# ਸ਼ਹੀਦ ਭਗਤ ਸਿੰਘ ਕੁਝ ਸਵਾਲ

**ਹਰਪਾਲ ਸਿੰਘ ਪੰਨੂ**

ਮੈਨੂੰ ਭਾਰਤ ਦੇਸ ਇਸ ਕਰਕੇ ਚੰਗਾ ਅਤੇ ਮਹਾਨ ਲਗਦਾ ਹੈ ਕਿਉਂਕਿ ਇਥੇ ਹਰੇਕ ਬੰਦੇ ਨੂੰ ਹਰ ਵਿਸ਼ੇ ਉਪਰ ਗੱਲ ਕਰਨ ਦਾ ਹੱਕ ਹੈ। ਇਸ ਹੱਕ ਦਾ ਫਾਇਦਾ ਉਠਾਉਂਦਿਆਂ ਬੁਲਾਰਾ ਉਸ ਵਿਸ਼ੇ ਉਪਰ ਵਧੀਕ ਗੱਲਾਂ ਕਰਦਾ ਹੈ ਜਿਸ ਬਾਰੇ ਉਸ ਨੂੰ ਰੰਚਕ ਮਾਤਰ ਵੀ ਪਤਾ ਨਹੀਂ। ਅਜਿਹੇ ਬੰਦੇ ਨੂੰ ਦਰੁਸਤ ਕਰਨ ਦਾ ਯਤਨ ਕਰੋਗੇ ਤਾਂ ਉਹ ਤੁਹਾਨੂੰ ਸੋਧ ਦਏਗਾ। ਭਾਰਤੀ ਹੋਣ ਕਾਰਨ ਤੁਹਾਡੇ ਨਾਲ ਅੱਜ ਉਹੀ ਗੱਲਾਂ ਕਰਾਂਗਾ ਜਿਨ੍ਹਾਂ ਬਾਬਤ ਮੈਨੂੰ ਜਾਣਕਾਰੀ ਨਹੀਂ। ਸ਼ਾਇਦ ਤੁਸੀਂ ਕੁਝ ਦੱਸ ਸਕੋ।

ਅੱਠ-ਦਸ ਸਾਲ ਦੀ ਉਮਰ ਦਾ ਹੋਵਾਂਗਾ ਉਦੋਂ। ਦੁਸਹਿਰੇ ਦੇ ਲਾਗੇ-ਚਾਗੇ, ਠੰਢਾਂ ਉਤਰਨ ਲੱਗਦੀਆਂ ਤਾਂ ਘਰ ਲਿਪੇ ਪੋਚੇ ਜਾਂਦੇ। ਕੱਚੀਆਂ ਕੰਧਾਂ ਪਾਂਡੂ ਸਦਕਾ ਚਮਕਣ ਲੱਗਦੀਆਂ। ਚੁਆਨੀ ਦਾ ਕੈਲੰਡਰ ਆਉਂਦਾ ਸੀ। ਬਾਪੂ ਜੀ ਰੁਪਈਆ ਫੜਾ ਕੇ ਆਖਦੇ, ਜਾਹ ਮੂਰਤਾਂ ਖਰੀਦ ਲਿਆ। ਸ਼ੁਰੂ-ਸ਼ੁਰੂ ਵਿਚ ਰਮਾਇਣ ਜਾਂ ਮਹਾਂਭਾਰਤ ਦੇ ਨਾਇਕਾਂ ਦੀਆਂ ਤਸਵੀਰਾਂ ਖਰੀਦਦੇ, ਪਰ ਇੱਕ ਵਾਰ ਮਾਂ ਨੇ ਕਿਹਾ, ਇਹ ਰਮਾਇਣ ਮਹਾਂਭਾਰਤ ਘਰਾਂ ਵਿਚ ਕਲੇਸ਼ ਛੇੜ ਦਿੰਦੇ ਨੇ। ਗਵਾਂਢੀਆਂ ਦੇ ਘਰ ਜੇ ਮਹਾਂਭਾਰਤ ਛਿੜਿਆ ਹੋਵੇ ਤਾਂ ਹੋਰ ਗੱਲ ਐ ਆਪਣੇ ਘਰ ਨੀਂ ਛਿੜਨਾ ਚਾਹੀਦਾ। ਇਹ ਗੱਲ ਸੁਣਨ ਤੋਂ ਬਾਦ ਮੈਂ ਹਰ ਸਾਲ ਜਿਹੜੇ ਚਾਰ ਕੈਲੰਡਰ ਖਰੀਦਦਾ ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ, ਛੋਟੇ ਸਾਹਿਬਜ਼ਾਦੇ, ਸੁਭਾਸ਼ ਚੰਦਰ ਬੋਸ ਤੇ ਸ. ਭਗਤ ਸਿੰਘ ਹੁੰਦੇ। ਅੱਠਵੀਂ ਦੀ ਕਿਤਾਬ ਵਿਚ ਬੋਸ ਉਪਰ ਲੇਖ ਪੜ੍ਹਿਆ ਤਾਂ ਪਤਾ ਲੱਗਾ ਕਿ ਉਹ ਬੰਗਾਲ ਦਾ ਸੀ। ਮੈਂ ਬੜਾ ਦੁਖੀ ਹੋਇਆ। ਬਾਪੂ ਜੀ ਨੂੰ ਇਹ ਗੱਲ ਦੱਸੀ, ਉਨ੍ਹਾਂ ਨੂੰ ਵੀ ਪਤਾ ਨਹੀਂ ਸੀ। ਉਨ੍ਹਾਂ ਕਿਹਾ, ਚਲੋ ਉਹ ਬੰਗਾਲੀ ਹੋਏਗਾ, ਫੇਰ ਆਪਾਂ ਨੂੰ ਕੀ ਫਰਕ ਪੈਂਦੈ। ਫਰਕ ਇਹ ਪੈਂਦਾ ਸੀ ਕਿ ਮੇਰਾ ਦਿਲ ਕਰਦਾ ਸੀ ਬੋਸ ਵੀ ਪੰਜਾਬੀ ਹੁੰਦਾ ਤਾ ਚੰਗੀ ਗੱਲ ਹੋਣੀ ਸੀ ਕਿਉਂਕਿ ਮੇਰਾ ਖਿਆਲ ਸੀ ਪੰਜਾਬ ਤੋਂ ਬਾਹਰ ਯੋਧੇ ਹੋ ਈ ਨਹੀਂ ਸਕਦੇ। ਤਾਂ ਵੀ, ਸੁਭਾਸ਼ ਚੰਦਰ ਬੋਸ ਦੀ ਤਸਵੀਰ ਟੰਗਣੋਂ ਰੁਕੇ ਨਹੀਂ।

ਇਸੇ ਤਰ੍ਹਾਂ ਦੀ ਗੱਲ ਸੰਤ ਸਿੰਘ ਸੇਖੋਂ ਨੇ ਸੁਣਾਈ। ਦੱਸਿਆ, "ਮੈਂ ਲਗਾਤਾਰ ਸੁਣਦਾ ਕਿ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਵਿਰੁਧ ਭਿਆਨਕ ਯੁੱਧ ਸ਼ੁਰੂ ਕੀਤਾ ਹੋਇਆ ਹੈ। ਅੰਗਰੇਜ਼ਾਂ ਨੂੰ ਵਖਤ ਪਾ ਰੱਖਿਆ ਹੈ, ਗੋਰੇ ਥਰ-ਥਰ ਕੰਬਦੇ ਦੇਸ ਛੱਡਣ ਹੀ ਵਾਲੇ ਹਨ। ਗਾਂਧੀ ਜੀ ਦੇ ਲਾਹੌਰ ਆਉਣ ਦੀ ਖਬਰ ਸੁਣੀ ਤਾਂ ਮੈਂ ਵੀ ਸਾਥੀਆਂ ਸਣੇ ਉਨ੍ਹਾਂ ਨੂੰ ਦੇਖਣ ਗਿਆ। ਅਸੀਂ ਦੇਖਣ ਹੀ ਜਾਣਾ ਸੀ, ਗੱਲਬਾਤ ਦੀ ਕੀ ਸਮਝ ਸੀ? ਜਦੋਂ ਗਾਂਧੀ ਜੀ ਸਟੇਜ ਤੇ ਚੜ੍ਹੇ ਮੈਨੂੰ ਦੱਸਿਆ ਗਿਆ ਕਿ ਸੋਟੀ ਤੇ ਲੰਗੋਟੀ ਵਾਲੇ ਉਹ ਗਾਂਧੀ ਜੀ ਹਨ। ਮੇਰੇ ਦਿਲ 'ਤੇ ਸੱਟ ਵੱਜੀ। ਮੈਂ ਤਾਂ ਸਮਝਦਾ ਸੀ ਕੋਈ ਉਚਾ ਲੰਮਾ ਯੋਧਾ ਘੋੜੇ 'ਤੇ ਸਵਾਰ ਹੋ ਕੇ ਆਏਗਾ, ਹੱਥ ਵਿਚ ਵੱਡੀ ਕਿਰਪਾਨ ਹੋਵੇਗੀ। ਬੱਸ ਕੋਈ ਬਾਬਾ ਬੰਦਾ ਸਿੰਘ ਵਰਗਾ ਜਰਨੈਲ ਹੋਵੇਗਾ। ਇਹ ਤਾਂ ਗੱਲ ਈ ਨਾ ਬਣੀ। ਮੈਂ ਦੁਖੀ ਹੋਇਆ।"

ਜਦੋਂ ਪੰਜ ਸੌ ਦਾ ਨੋਟ ਨਵਾਂ ਨਵਾਂ ਚੱਲਿਆ ਤਾਂ ਝਗੜਿਆਂ ਦਾ ਸਬੱਬ ਬਣ ਗਿਆ। ਸੌ ਅਤੇ ਪੰਜ ਸੌ ਦੇ ਨੋਟ ਵਿਚਕਾਰ ਵਧੀਕ ਫਰਕ ਨਹੀਂ ਸੀ। ਗਲਤੀ ਅਕਸਰ ਹੀ ਲੱਗ ਜਾਂਦੀ। ਪੰਜਾਬੀ ਟ੍ਰਿਬਿਊਨ ਦੇ ਇਕ ਪਾਠਕ ਨੇ ਸੰਪਾਦਕ ਦੇ ਨਾਮ ਖਤ ਲਿਖਿਆ, ਸਲਾਹ ਦਿੱਤੀ ਕਿ ਸੌ ਦੇ ਨੋਟ ਉਪਰ ਗਾਂਧੀ ਜੀ ਦੀ ਤਸਵੀਰ ਛਪਦੀ ਹੈ, ਜੇ ਪੰਜ ਸੌ ਦੇ ਨੋਟ ਉਪਰ ਬਾਬਾ ਬੰਦਾ ਸਿੰਘ ਦੀ ਤਸਵੀਰ



ਛਾਪੀ ਜਾਵੇ ਫਿਰ ਕਿਸੇ ਨੂੰ ਕੋਈ ਭੁਲੇਖਾ ਨਹੀਂ ਲੱਗਣਾ ਕਿਉਂਕਿ ਦੋਵਾਂ ਦਾ ਆਪਸ ਵਿਚ ਕੁਝ ਨਹੀਂ ਮਿਲਦਾ।

ਪਿਛਲੇ ਦਿਨੀਂ ਤਲਵੰਡੀ ਸਾਬੋ ਦੇ ਗੁਰੂ ਕਾਸ਼ੀ ਕਾਲਜ ਵਿਚ ਸ਼ਹੀਦ ਭਗਤ ਸਿੰਘ ਉਪਰ ਦੋ ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਗੁਰਤੇਜ ਸਿੰਘ ਕੰਗ ਦਾ ਫੋਨ ਆਇਆ ਕਿ ਪੇਪਰ ਪੜ੍ਹਨ ਆਓ। ਮੈਂ ਦੱਸ ਦਿੱਤਾ ਕਿ ਇਸ ਵਿਸ਼ੇ ਦਾ ਮੈਂ ਵਿਦਿਆਰਥੀ ਨਹੀਂ ਹਾਂ, ਸੋ ਨਹੀਂ ਲਿਖ ਸਕਦਾ। ਉਨ੍ਹਾਂ ਨੇ ਕਿਹਾ ਕਿ ਤੁਸੀਂ ਸ਼ਹਾਦਤ ਦੇ ਸਿਧਾਂਤ ਬਾਰੇ ਗੱਲਾਂ ਕਰ ਦੇਣੀਆਂ। ਹਾਂ ਤਾਂ ਕਰ ਦਿੱਤੀ ਪਰ ਮੇਰੇ ਕੋਲ ਜਿਹੜੀਆਂ ਕਿਤਾਬਾਂ ਪਈਆਂ ਸਨ, ਉਨ੍ਹਾਂ ਵਿਚ ਇਹ ਲਿਖਿਆ ਹੋਇਆ ਸੀ ਕਿ ਸ਼ਹੀਦ ਧਰਮੀ ਬੰਦਾ ਹੁੰਦਾ ਹੈ ਜਿਹੜਾ ਰੱਬੀ ਹੁਕਮ ਦੀ ਪਾਲਣਾ ਕਰਦਿਆਂ ਆਪਣੀ ਜਾਨ ਨਿਛਾਵਰ ਕਰੇ, ਦੁਨੀਆਂਦਾਰੀ ਦੀ ਗਰਜ਼ ਨਾ ਹੋਵੇ। ਇਹ ਪਰਿਭਾਸ਼ਾਵਾਂ ਭਗਤ ਸਿੰਘ ਦੀ ਸ਼ਹਾਦਤ ਨਾਲ ਮੇਲ ਨਹੀਂ ਖਾਂਦੀਆਂ। ਮੈਂ ਆਪਣੇ ਦਿਲ ਵਿਚ ਸੋਚਿਆ ਕਿ ਦੇਸ਼ ਭਗਤੀ ਨੂੰ ਭਗਤ ਸਿੰਘ ਦਾ ਧਰਮ ਮੰਨ ਲਵਾਂ ਤਾਂ ਸ਼ਾਇਦ ਗੱਲ ਸਮਝ ਵਿਚ ਆ ਜਾਵੇ। ਇਹ ਵੀ ਸੋਚਿਆ ਕਿ ਚਲੋ ਗੱਲ ਨਾ ਬਣੀ ਤਾਂ ਸ਼ਹੀਦ ਬਾਬਤ ਕੁਝ ਸੁਣਨ ਦਾ ਲਾਭ ਮਿਲੇਗਾ ਕਿਉਂਕਿ ਜਗਮੋਹਨ ਸਿੰਘ, ਇਰਫਾਨ ਸਾਹਿਬ ਅਤੇ ਆਤਮਾ ਰਾਮ ਵਰਗੀਆਂ ਨਾਮਵਰ ਹਸਤੀਆਂ ਆ ਰਹੀਆਂ ਹਨ। ਭਗਤ ਸਿੰਘ ਸ਼ਹੀਦ ਦੇ ਸਭ ਮੁਰੀਦ ਮਾਰਕਸੀ ਹਨ। ਇਕ ਪ੍ਰੋਫੈਸਰ ਨੇ ਕਹਿ ਦਿੱਤਾ ਕਿ ਸ਼ਹੀਦ ਦਾ ਰੱਬ ਵਿਚ ਵਿਸ਼ਵਾਸ ਸੀ ਤਾਂ ਇਸ ਗੱਲ ਦਾ ਬੁਰਾ ਮਨਾਇਆ ਗਿਆ, ਉਸਦੀ ਲਿਖਤ "ਮੈਂ ਨਾਸਤਕ ਕਿਉਂ ਹਾਂ" ਦਾ ਕਈ ਵਾਰ ਜ਼ਿਕਰ ਹੋਇਆ। ਇਸ ਗੱਲ ਦੀ ਵੀ ਚਰਚਾ ਹੋਈ ਕਿ ਪਾਰਲੀਮੈਂਟ ਵਿਚ ਉਸ ਦਾ ਬੁੱਤ ਪੱਗ ਵਾਲਾ ਕਿਉਂ ਸਥਾਪਤ ਕੀਤਾ ਗਿਆ ਹੈ।

ਮੇਰੇ ਪ੍ਰਸ਼ਨ ਹਨ, ਮੈਂ ਗੁਰਦੁਆਰੇ ਮੱਥਾ ਟੇਕਣ ਜਾਂਦਾ ਹਾਂ, ਪਾਠ ਕਰਦਾ ਹਾਂ ਬੇਸ਼ੱਕ ਪੱਕਾ ਨਿੱਤਨੇਮੀ ਨਹੀਂ। ਜੇ ਮੈਨੂੰ ਰੱਬ ਵਿਚ ਵਿਸ਼ਵਾਸ ਹੈ ਤਾਂ ਕੀ ਮੈਂ ਭਗਤ ਸਿੰਘ ਦੀ ਕਦਰ ਕਰਨ ਦਾ ਹੱਕ ਗੁਆ ਬੈਠਾ ਹਾਂ? ਇਤਰਾਜ਼ ਹੈ ਕਿ ਦਸਤਾਰ ਸਜਾ ਕੇ ਭਗਤ ਸਿੰਘ ਦਾ ਬੁੱਤ ਕਿਉਂ ਲਾਇਆ ਗਿਆ। ਮੇਰਾ ਸਵਾਲ ਹੈ ਕਿ ਦਸਤਾਰ ਦੀ ਥਾਂ ਜੇ ਟੋਪੀ ਵਾਲਾ ਬੁੱਤ ਲੱਗ ਜਾਂਦਾ, ਕੀ ਫੇਰ ਠੀਕ ਸੀ? ਕੀ ਭਗਤ ਸਿੰਘ ਬੁੱਤਪ੍ਰਸਤੀ ਦਾ ਹਮਾਇਤੀ ਸੀ? ਏਸ਼ੀਆ ਦੇ ਸਾਰੇ ਮਹਾਰਾਜੇ ਅਤੇ ਯੁਵਰਾਜ ਕੇਸਾਧਾਰੀ ਹੁੰਦੇ ਸਨ। ਜਿਸ ਨੇ ਕੇਸ ਰੱਖੇ ਹੋਣ, ਹਿਫਾਜ਼ਤ ਵਾਸਤੇ ਦਸਤਾਰ ਉਸ ਲਈ ਲਾਜ਼ਮੀ ਹੈ। ਦਸਤਾਰ ਦੇ ਮਾਇਨੇ ਸ਼ਾਨ, ਰਾਜ-ਭਾਗ, ਅਣਖ ਆਦਿਕ ਸਭ ਹਨ। ਗੁਰੂ ਹਰਗੋਬਿੰਦ ਸਾਹਿਬ ਦੇ ਦਰਬਾਰ ਵਿਚ ਦੋ ਢਾਡੀ ਨੱਥਾ ਤੇ ਅਬਦੁੱਲਾ ਸਨ ਜਿਨ੍ਹਾਂ ਨੇ ਵਾਰ ਰਚੀ ਤੇ ਗਾਈ:

ਦੋ ਤਲਵਾਰੀ ਬੱਧੀਆਂ,
ਇੱਕ ਮੀਰ ਦੀ ਇੱਕ ਪੀਰ ਦੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਪੱਗ ਜਹਾਂਗੀਰ ਵੀ ਬੰਨ੍ਹਦਾ ਸੀ ਪਰ ਢਾਡੀਆਂ ਅਨੁਸਾਰ ਜੋ ਸ਼ਾਨ ਗੁਰੂ ਜੀ ਦੀ, ਉਹ ਜਹਾਂਗੀਰ ਦੀ ਕਿੱਥੇ? ਲਾਜਪਤ ਰਾਇ ਲਾਲਾ ਹੋ ਕੇ ਵੀ ਦਸਤਾਰ ਸਜਾ ਰਹੇ ਹਨ ਤਾਂ ਭਗਤ ਸਿੰਘ ਦੀ ਦਸਤਾਰ ਕਾਰਨ ਕੀ ਬੇਅਦਬੀ ਹੋ ਗਈ? ਮੈਨੂੰ ਪਤਾ ਨਹੀਂ ਲੱਗਦਾ। ਇਹ ਵੀ ਕਿਹਾ ਗਿਆ ਕਿ ਦਸਤਾਰ ਬੰਨ੍ਹੀ ਦਿਖਾ ਕੇ ਕੁਝ ਸਵਾਰਥੀ ਨੇਤਾ ਸਿਆਸਤ ਕਰ ਰਹੇ ਹਨ। ਮੇਰਾ ਸਵਾਲ ਹੈ ਕਿ ਸਿਆਸਤ ਕਰਨ ਤੋਂ ਕੌਣ ਕਿਸੇ ਨੂੰ ਰੋਕ ਸਕਦਾ ਹੈ? ਲੋਕ ਤਾਂ ਧਰਮ ਦੇ ਨਾਮ ਤੋਂ ਸ਼ਹੀਦ ਹੋਣ ਵਾਲੇ ਸ਼ਹੀਦਾਂ ਰਾਹੀਂ ਸਿਆਸਤ ਦੀ ਖੱਟੀ ਖਾ ਰਹੇ ਹਨ, ਭਗਤ ਸਿੰਘ ਦੀ ਸ਼ਹਾਦਤ ਤਾਂ ਹੈ ਈ ਸਿਆਸੀ ਮੰਤਵ ਦੀ ਪ੍ਰਾਪਤੀ ਵਾਸਤੇ ਸੀ? ਜਾਂ ਫਿਰ ਇਸ ਦਾ ਇਹ ਅਰਥ ਹੋ ਸਕਦਾ ਹੈ ਕਿ ਖੱਬੀਆਂ ਮਾਰਕਸੀ ਧਿਰਾਂ ਨੂੰ ਤਾਂ ਸ਼ਹੀਦ ਦੇ ਨਾਮ ਉਪਰ ਸਿਆਸਤ ਕਰਨ ਦਾ ਅਧਿਕਾਰ ਹੈ, ਹੋਰ ਕਿਸੇ ਨੂੰ ਨਹੀਂ।

ਸ. ਭਗਤ ਸਿੰਘ ਨੇ ਅੰਗੇਰਜ਼ੀ ਸਟੇਟ ਵਿਰੁਧ ਯੁੱਧ ਕੀਤਾ। ਸ. ਭਗਤ ਸਿੰਘ ਦੇ ਨਾਮ ਉਪਰ ਜਿਹੜੀਆਂ ਲਿਖਤਾਂ ਛਾਪੀਆਂ ਜਾ ਰਹੀਆਂ ਹਨ, ਉਨ੍ਹਾਂ ਵਿਚ ਦਰਜ ਹੈ ਕਿ ਅੰਗਰੇਜ਼ਾਂ ਤੋਂ ਬਾਦ ਜਿਹੜੀ ਸਟੇਟ ਬਣੇਗੀ, ਉਹ ਵਪਾਰੀ ਵਰਗ ਦੀ ਹੋਵੇਗੀ ਤੇ ਲੁੱਟ ਖਸੁੱਟ ਘਟੇਗੀ ਨਹੀਂ। ਇਸ ਗੱਲ ਦਾ ਉਸ ਨੂੰ ਪਤਾ ਸੀ ਤਾਂ ਸ਼ਹਾਦਤ ਦਾ ਕੀ ਅਰਥ ਰਹਿ ਗਿਆ? ਉਸ ਨੂੰ ਚਾਹੀਦਾ ਸੀ, ਰੂਸ ਦੀ ਤਰਜ਼ ਦਾ ਇਨਕਲਾਬ ਲਿਆਉਣ ਲਈ ਸੰਘਰਸ਼ ਕਰਦਾ। ਮੇਰਾ ਮਕਸਦ ਸ਼ਹੀਦ ਨੂੰ ਨਸੀਹਤਾਂ ਦੇਣ ਦਾ ਨਹੀਂ, ਉਸਦੇ ਮੁਰੀਦ ਉਸ ਨੂੰ ਜਿਹੋ ਜਿਹਾ ਦਿਖਾ ਰਹੇ ਹਨ, ਇਹ ਜਾਣਨ/ਦੱਸਣ ਦੀ ਮੇਰੀ ਇੱਛਾ ਹੈ।

ਇਹ ਵਿਵਾਦ ਨਿਰੰਤਰ ਜਾਰੀ ਹੈ ਕਿ ਸ਼ਹੀਦ ਦੇ ਨਾਮ ਹੇਠ ਛਪਣ ਵਾਲੀਆਂ ਲਿਖਤਾਂ ਉਸ ਦੀਆਂ ਹਨ ਵੀ ਕਿ ਨਹੀਂ। ਮੈਨੂੰ ਇਸ ਵਿਵਾਦ ਵਿਚ ਕਦੀ ਦਿਲਚਸਪੀ ਨਹੀਂ ਰਹੀ। ਭਗਤ ਸਿੰਘ ਨੇ ਜੇ ਇਕ ਸਤਰ ਵੀ ਨਾ ਲਿਖੀ ਹੁੰਦੀ, ਉਸ ਪ੍ਰਤੀ ਸਤਿਕਾਰ ਵਿਚ ਤਾਂ ਵੀ ਫਰਕ ਨਹੀਂ ਪੈਣਾ ਸੀ। ਸਾਹਿਬਜ਼ਾਦਿਆਂ ਦੀ ਕੋਈ ਲਿਖਤ ਸਾਡੇ ਕੋਲ ਨਹੀਂ ਤਾਂ ਵੀ ਪੋਹ ਦੇ ਮਹੀਨੇ ਸਰਹਿੰਦ ਦੀ ਸਭਾ ਦੱਸ ਦਿੰਦੀ ਹੈ ਕਿ ਉਨ੍ਹਾਂ ਨੇ ਵੱਡਾ ਕਾਰਨਾਮਾ ਕੀਤਾ ਸੀ। ਮੈਂ ਉਨ੍ਹਾਂ ਵਿਚੋਂ ਵੀ ਨਹੀਂ ਹਾਂ ਜਿਹੜੇ ਆਖਦੇ ਹਨ ਕਿ ਭਗਤ ਸਿੰਘ ਸ਼ਹੀਦ ਤਾਂ ਹੈ ਪਰ ਉਸਦਾ ਸਥਾਨ ਪੌੜੀ ਦੇ ਹੇਠਲੇ ਪਹਿਲੇ ਡੰਡੇ ਦਾ ਹੈ। ਸ਼ਹਾਦਤ ਦੇ ਆਕਾਸ਼ ਉਪਰ ਚੜ੍ਹਨ ਵਾਸਤੇ ਪੌੜੀਆਂ ਲੱਗ ਗਈਆਂ ਹਨ, ਮੈਨੂੰ ਇਸ ਦਾ ਪਤਾ ਨਹੀਂ ਸੀ।

ਸ੍ਰੀਮਤੀ ਇੰਦਰਾ ਗਾਂਧੀ ਅਤੇ ਸ੍ਰੀ ਬੇਅੰਤ ਸਿੰਘ ਨੂੰ ਸਟੇਟ ਵੱਲੋਂ ਸ਼ਹੀਦ ਕਰਾਰ ਦਿੱਤਾ ਗਿਆ ਹੈ। ਮਹਾਤਮਾ ਗਾਂਧੀ ਨੂੰ ਸ਼ਹੀਦ ਨਹੀਂ ਕਿਹਾ ਜਾਂਦਾ। ਮੇਰਾ ਇੱਕ ਸਵਾਲ ਇਹ ਵੀ ਹੈ ਕਿ ਸ਼ਹਾਦਤ ਦਾ ਰੁਤਬਾ ਹਾਸਲ ਕਰਨ ਵਾਸਤੇ ਕੀ ਗਾਂਧੀ ਜੀ ਨੂੰ ਪ੍ਰਧਾਨ ਮੰਤਰੀ ਹੋਣਾ ਚਾਹੀਦਾ ਸੀ? ਪ੍ਰਧਾਨ ਮੰਤਰੀ, ਮੁੱਖ ਮੰਤਰੀ ਅਤੇ ਰਾਸ਼ਟਰ ਪਿਤਾ ਦੀ ਹੱਤਿਆ ਆਪਣੇ ਦੇਸ਼ਵਾਸੀਆਂ ਨੇ ਕੀਤੀ, ਪਹਿਲੇ ਦੋ ਸ਼ਹੀਦ ਹਨ ਪਰ ਗਾਂਧੀ ਜੀ ਕਾ "ਵਧ" ਹੁਆ ਥਾ, ਕਿਹਾ ਜਾਂਦਾ ਹੈ।

ਜਦੋਂ ਕੋਈ ਮੈਨੂੰ ਦੱਸਦਾ ਹੈ ਕਿ ਗੁਰੂ ਨਾਨਕ ਦੇਵ ਹਿੰਦੂਆਂ ਦੇ ਗੁਰੂ ਅਤੇ ਮੁਸਲਮਾਨਾਂ ਦੇ ਪੀਰ ਸਨ ਤਾਂ ਮੈਨੂੰ ਖੁਸ਼ੀ ਹੁੰਦੀ ਹੈ। ਉਨ੍ਹਾਂ ਨਾਲ ਭਾਈ ਬਾਲਾ ਅਤੇ ਭਾਈ ਮਰਦਾਨਾ ਜੀ ਦੀ ਤਸਵੀਰ ਦਾ ਵੀ ਇਹੋ ਸੁਨੇਹਾ ਹੈ ਕਿ ਇਸਲਾਮੀ ਤੇ ਵੈਦਿਕ ਸਭਿਅਤਾਵਾਂ ਉਨ੍ਹਾਂ ਪਿੱਛੇ ਤੁਰੀਆਂ। ਗੁਰੂ ਸਾਹਿਬਾਨ ਦਾ ਸਤਿਕਾਰ ਕਰਨ ਵਾਲੇ ਬੰਦੇ ਲਈ ਅੰਮ੍ਰਿਤ ਛਕਣਾ ਲਾਜ਼ਮੀ ਨਹੀਂ। ਸਤਿਕਾਰਯੋਗ ਕਾਰਲ ਮਾਰਕਸ ਦਾ ਮੱਤ ਸਵੀਕਾਰ ਕੀਤੇ ਬਗੈਰ ਕੀ ਮੈਨੂੰ ਸ਼ਹੀਦ ਭਗਤ ਸਿੰਘ ਨੂੰ ਪਿਆਰ ਨਾਲ ਯਾਦ ਕਰਨ ਦਾ ਅਧਿਕਾਰ ਮਿਲ ਜਾਏਗਾ?

ਸ. ਭਗਤ ਸਿੰਘ ਸਟੇਟ ਦਾ ਵਿਰੋਧੀ ਸੀ। ਉਸ ਦੇ ਮੁਰੀਦ ਵੀ ਸਟੇਟ ਦੇ ਵਿਰੋਧੀ ਹਨ। ਦੋਵੇਂ ਦਿਨ ਸਟੇਟ ਨੂੰ ਲਗਾਤਾਰ ਨਿੰਦਿਆ ਗਿਆ। ਇਸ ਸੈਮੀਨਾਰ ਵਾਸਤੇ ਦੋ ਲੱਖ ਰੁਪਿਆ ਸਟੇਟ ਨੇ ਦਿੱਤਾ ਸੀ। ਭਗਤ ਸਿੰਘ, ਸੁਖਦੇਵ, ਰਾਜਗੁਰੂ ਜਾਂ ਸੁਭਾਸ਼ ਚੰਦਰ ਬੋਸ ਨੇ ਕੀ ਸਟੇਟ ਤੋਂ ਕਦੀ ਪੈਸੇ ਲਏ ਸਨ? ਕੀ ਸਟੇਟ ਆਪਣੇ ਦੁਸ਼ਮਣਾਂ ਦੀ ਮਾਇਕ ਮਦਦ ਕਰਿਆ ਕਰਦੀ ਹੈ?

ਮੇਰੇ ਇਨ੍ਹਾਂ ਥੋੜ੍ਹੇ ਕੁ ਸਵਾਲਾਂ ਦਾ ਜਵਾਬ ਮਿਲੇ ਤਾਂ ਧੰਨ ਭਾਗ। ਬ੍ਰਦਰਜ਼ ਕਰੋਮੋਜ਼ੋਵ ਦੇ ਪਾਤਰ ਦੀ ਬੇਨਤੀ ਹੈ, "ਮੈਂ ਉਨ੍ਹਾਂ ਵਿਚੋਂ ਨਹੀਂ ਜਿਹੜੇ ਕਰੋੜਪਤੀ ਹੋਣਾ ਚਾਹੁੰਦੇ ਹਨ। ਮੇਰੀ ਤਾਂ ਇਹ ਇੱਛਾ ਹੈ ਕਿ ਮੇਰੇ ਕੁਝ ਸਵਾਲਾਂ ਨੂੰ ਉਨ੍ਹਾਂ ਦਾ ਜਵਾਬ ਮਿਲ ਜਾਏ ਤਾਂ ਮੈਂ ਸੁਰਖਰੂ ਹੋ ਕੇ ਮਰਾਂ।"

## ਧੀ ਦੀ ਵੇਦਨਾ

ਧੀ ਧਿਆਣੀ, ਘਰ ਦੀ ਰਾਣੀ,
ਤੇਰਾ ਬੂਹਾ ਰਹੀ ਖੜਕਾ ਨੀ ਮਾਏ।
ਲੰਮਾ ਪੈਂਡਾ ਕਰਕੇ ਆਈ ਆਂ,
ਲੰਘ ਕੇ ਸਮੁੰਦ ਦਰਿਆ ਨੀ ਮਾਏ।
ਉਠ ਕੇ ਬੂਹਾ ਖੋਲ੍ਹ ਨੀ ਅੰਮੀਏਂ,
ਘੁੱਟ ਧੀ ਨੂੰ ਛਾਤੀ ਲਾ ਨੀ ਮਾਏ।
ਦਲ੍ਹੀਜੀਂ ਤੇਲ ਚੋਅ ਨੀ ਅੰਮੀਏ,
ਉਠ ਸ਼ਗਨ, ਚਾਅ ਮਨਾ ਨੀ ਮਾਏ।
ਕਿਉਂ, ਧੀ ਦਾ ਆਉਣਾ ਸੁਣ ਕੇ,
ਲਿਆ ਏ ਮੂੰਹ ਭੁਆ ਨੀ ਮਾਏ।
ਤੂੰ ਸੱਦਿਆ, ਮੈਂ ਆਈ ਅੰਮੀਏ,
ਕਿਉਂ ਖੁਸ਼ੀ ਨਾ ਹੋਈ ਨੀ ਮਾਏ।
ਆਪੇ ਤੂੰ ਇਹ ਭਾਂਡਾ ਘੜਿਆ,
ਆਪੇ ਸੀ ਮਿੱਟੀ ਗੋਈ ਨੀ ਮਾਏ।
ਹੁਣ ਜਦ ਭਾਂਡਾ ਪੱਕਣ ਤੇ ਆਇਆ,
ਨਾ ਕਮਾ ਧਰੋਈ ਨੀ ਮਾਏ।
ਫੁੱਲ ਵਰਗੀ ਸੋਹਲ ਧੀ ਮੰਗਦੀ,
ਵਿਹੜੇ ਤੇਰੇ ਵਿਚ ਢੋਈ ਨੀ ਮਾਏ।
ਮਾਵਾਂ, ਧੀਆਂ ਦੇ ਦੁੱਖ, ਸੁਖ ਸਾਂਝੇ,
ਰੱਖਣ ਭੇਦ ਲਕੋਈ ਨੀ ਮਾਏ।
ਧੀ ਧਿਆਣੀ ਘਰ ਦੀ ਰਾਣੀ,
ਵਿਹੜਿਆਂ ਦੀ ਖੁਸ਼ਬੋਈ ਨੀ ਮਾਏ।
ਕੁੱਖ ਵਿਚ ਈ ਨਾ ਮਾਰ ਅੰਮੀਏਂ,
ਸੁਣ ਮੇਰੀ ਅਰਜੋਈ ਨੀ ਮਾਏ।
ਕਸਾਈਆਂ ਵਾਂਗੂ ਵੱਢਣ ਟੁੱਕਣਗੇ,
ਬੇਵੱਸ ਜਾਵਾਂਗੀ ਰੋਈ ਨੀ ਮਾਏ।
ਚਾਕੂ-ਛੁਰੀਆਂ, ਤਿੱਖੇ ਨਸ਼ਤਰਾਂ,
ਜਿੰਦ ਮੇਰੀ ਜਦ ਕੋਹੀ ਨੀ ਮਾਏ।
ਪੀੜਾਂ ਪਰੁੰਨੀ, ਮਸੂਮ ਧੀ ਕਿਵੇਂ,
ਵੇਖੇਂਗੀ ਕੁੱਖ 'ਚ ਮੋਈ ਨੀ ਮਾਏ।
ਹੁਣ ਕਾਹਨੂੰ ਮੂੰਹ ਫੇਰਿਆ ਮੈਥੋਂ,
ਹਿੰਮਤ ਨਾ ਤੈਥੋਂ ਹੋਈ ਨੀ ਮਾਏ।
ਕਿਉਂ ਮੇਰੇ ਨਾਲ ਕਹਿਰ ਕਮਾਵੇਂ,
ਕਿਉਂ ਤੂੰ ਪੱਥਰ ਹੋਈ ਨੀ ਮਾਏ।
ਆਖਰੀ ਵਾਰ ਤਾਂ ਵੇਖ ਲੈਂਦੀਉਂ,
ਧੀ ਟੁਕੜੇ ਟੁਕੜੇ ਹੋਈ ਨੀ ਮਾਏ।
ਮਾਂ ਹੀ ਜੇ ਬਣ ਜਾਏ ਪਰਾਈ,
ਫਿਰ ਕੌਣ ਸੁਣੇ ਅਰਜੋਈ ਨੀ ਮਾਏ।
ਬੜੀ ਰੀਝ ਸੀ ਗੋਦੀ ਤੇਰੀ ਵਿਚ,
ਹੱਸਦੀ, ਖੇਡਦੀ ਸੌਂਦੀ ਨੀ ਮਾਏ।
ਘੁੱਟ ਘੁੱਟ ਛਾਤੀ ਨਾਲ ਲਗਦੀ,
ਤੂੰ ਲੋਰੀ ਦੇ ਵਰਚਾਉਂਦੀ ਨੀ ਮਾਏ।
ਬਾਬਲ ਦਾ ਹੱਥ ਫੜ ਕੇ ਟੁਰਦੀ
ਪਾਈ ਪਾਈ ਬੁਲਾਉਂਦੀ ਨੀ ਮਾਏ।
ਵੀਰਾਂ ਨਾਲ ਹੱਸਦੀ-ਖੇਡਦੀ,
ਲੜਦੀ, ਰੁਸਦੀ ਮਨਾਉਂਦੀ ਨੀ ਮਾਏ।
ਸਹੇਲੀਆਂ ਨਾਲ ਗੁੱਡੀਆਂ ਪਟੋਲੇ,
ਖੇਡਦੀ ਗਿੱਧਾ ਪਾਉਂਦੀ ਨੀ ਮਾਏ।
ਵਿਹੜੇ ਵਿਚ ਭੱਜੀ ਫਿਰਦੀ,
ਗਾਉਂਦੀ, ਕਿੱਕਲੀ ਪਾਉਂਦੀ ਨੀ ਮਾਏ
ਹਾਨਣਾਂ ਨਾਲ ਕਸੀਦਾ ਕੱਢਦੀ,
ਤ੍ਰਿੰਞਣੀਂ ਚਰਖਾ ਡਾਹੁੰਦੀ ਨੀ ਮਾਏ।
ਵੀਰਾਂ ਦੇ ਵਿਆਹਾਂ ਤੇ ਰੱਜ ਕੇ,
ਗੀਤ, ਘੋੜੀਆਂ ਗਾਉਂਦੀ ਨੀ ਮਾਏ।
ਸਾਰਿਆਂ ਦੀ ਰੱਜ ਸੇਵਾ ਕਰਦੀ,
ਆਪਾ ਘੋਲ ਘੁਮਾਉਂਦੀ ਨੀ ਮਾਏ।
ਜਵਾਨ ਹੁੰਦੀ ਧੀ ਨੂੰ ਅੰਮੜੀਏ,
ਚੱਜ ਅਚਾਰ ਸਿਖਾਉਂਦੀ ਨੀ ਮਾਏ।
ਚੰਨ ਵਰਗਾ ਵਰ ਟੋਲਦੀਉਂ,
ਡੋਲੀ ਧੀ ਬਿਠਾਉਂਦੀ ਨੀ ਮਾਏ।
ਵਿਦਾ ਕਰਦੀਉਂ ਛਾਤੀ ਲਾਕੇ,
ਛਮ ਛਮ ਨੀਰ ਵਹਾਉਂਦੀ ਨੀ ਮਾਏ।
ਹਾਣੀ ਦੇ ਨਾਲ ਮਿਲਣ ਲਈ ਤੈਨੂੰ,
ਚਾਵਾਂ ਨਾਲ ਆਉਂਦੀ ਨੀ ਮਾਏ।
ਖੜੀ ਉਡੀਕਦੀਉਂ ਰਾਹ ਧੀ ਦਾ,
ਦੂਰੋਂ ਦਿਸਦੀ ਆਉਂਦੀ ਨੀ ਮਾਏ।
ਜੱਫੀਆਂ ਪਾਕੇ ਮਿਲਦੀ ਤੈਨੂੰ,
ਦਿਲ ਦਾ ਹਾਲ ਸੁਣਾਉਂਦੀ ਨੀ ਮਾਏ।
ਪਰ ਤੂੰ ਤਾਂ ਧੀ ਜਨਮ ਤੋਂ ਪਹਿਲਾਂ,
ਕੁੱਖ 'ਚ ਮਾਰ ਮੁਕਾਈ ਨੀ ਮਾਏ।
ਗਿੱਠ ਕੁ ਲਾਲ ਲੀੜੇ 'ਚ ਵਲ੍ਹੇਟੀ,
ਸ਼ਮਸ਼ਾਨ ਘਾਟ ਪੁਚਾਈ ਨੀ ਮਾਏ।
ਸੁੰਨ ਮਸਾਣਾਂ ਵਰਗੀ ਉਜਾੜ ਵਿਚ,
ਟੋਇਆ ਪੱਟ ਦਬਾਈ ਨੀ ਮਾਏ।
ਨਾ ਕਿਸੇ ਅੱਖੋਂ ਕੋਈ ਅੱਥਰੂ ਡਿੱਗਾ,
ਨਾ ਹੀ ਤੂੰ ਕੁਰਲਾਈ ਨੀ ਮਾਏ।
ਨਾ ਤੇਰਾ ਘਰ-ਬਾਹਰ ਮੈਂ ਵੇਖਿਆ,
ਕੀਤੀ ਮੇਰੀ ਵਿਦਾਈ ਨੀ ਮਾਏ।
ਰੱਤਾ ਸਾਲੂ, ਰੰਗਲਾ ਚੂੜਾ,
ਨਾ ਸ਼ਗਨਾਂ ਦੀ ਮਹਿੰਦੀ ਲਾਈ ਨੀ ਮਾਏ।
ਨਾ ਮੈਨੂੰ, ਕੋਈ ਸ਼ਗਨ ਤੂੰ ਪਾਇਆ,
ਨਾ ਰੱਜ ਰੀਝ ਲਾਹੀ ਨੀ ਮਾਏ।
ਖਾਲੀ ਝੋਲੀ ਮੁੜ ਚੱਲੀ ਅੰਮੜੀਏ,
ਜਿਹੋ ਜਹੀ ਸਾਂ ਆਈ ਨੀ ਮਾਏ।
ਭੁੱਲ ਗਈ ਏਂ ਤੂੰ ਵੀ ਕਦੀ ਕਿਸੇ,
ਮਾਂ ਦੀ ਕੁੱਖ 'ਚੋਂ ਆਈ ਨੀ ਮਾਏ।
ਪਤਾ ਨਹੀਂ ਕਿਉਂ ਮੇਰੀ ਵਾਰੀ,
ਹੁਣ ਤੈਨੂੰ ਸੋਚ ਨਾ ਆਈ ਨੀ ਮਾਏ।
ਇਕ ਗੱਲ ਦੱਸਾਂ ਸੰਜੋਗ ਵੱਸ ਕਦੇ,
ਫਿਰ ਤੇਰੀ ਕੁੱਖ ਆਈ ਨੀ ਮਾਏ।
ਹਾੜਾ ਤੈਨੂੰ ਹੱਥ ਜੋੜਨੀ ਆਂ,
ਫਿਰ ਨਾ ਜ਼ੁਲਮ ਇਹ ਢਾਈਂ ਨੀ ਮਾਏ।
ਸਾਰੇ ਜੱਗ ਦੀਓ ਮਾਂਵੋਂ ਸੁਣ ਲੌ,
ਨਿਮਾਣੀ ਧੀ ਦੀ ਦੁਹਾਈ ਨੀ ਮਾਏ।
ਕੁੱਖਾਂ ਵਿਚ ਹੀ ਧੀਆਂ ਮਾਰ ਕੇ,
ਨਾ ਜਾਵੋਂ ਅਲਖ ਮੁਕਾਈ ਨੀ ਮਾਏ।
ਉਜੜ ਜਾਣੀ ਧਰਤੀ ਸਾਰੀ,
ਕੋਈ ਧੀ ਨਾ ਜੱਗ ਤੇ ਆਈ ਨੀ ਮਾਏ।
ਧੀਆਂ ਬਾਝੋਂ ਪੁੱਤਰਾਂ ਦੀ ਵੀ,
ਹੋਣੀ ਨਹੀਂ ਕਿਤੇ ਰਸਾਈ ਨੀ ਮਾਏ।
ਧੀ ਨਿਮਾਣੀ ਚਿੜੀਆਂ ਦਾ ਚੰਬਾ,
ਤ੍ਰਿੰਞਣ, ਬੇੜੀ ਦਾ ਪੂਰ ਨੀ ਮਾਏ।
ਇਕ ਪਛਤਾਵਾ ਬੜਾ ਏ ਮੈਨੂੰ,
ਕੋਈ ਦਸਦੀ ਮੇਰਾ ਕਸੂਰ ਨੀ ਮਾਏ।
ਆਪਣੇ ਜਿਗਰ ਦੇ ਟੁਕੜੇ ਲਈ ਕਿਉਂ,
ਏਨੀ ਸੈਂ ਮਜ਼ਬੂਰ ਨੀ ਮਾਏ।
ਹੱਛਾ, ਮੈਂ ਤਾਂ ਟੁਰ ਚੱਲੀ ਆਂ,
ਕਿਸੇ ਦੇਸ਼ ਦੁਰਾਡੜੇ, ਦੂਰ ਨੀ ਮਾਏ।
ਭਲਾ ਹੋਵੇ ਸੁਖੀ ਵੱਸੇਂ ਤੂੰ,
ਵਿਹੜਾ ਭਰਿਆ ਰਹੇ ਭਰਪੂਰ ਨੀ ਮਾਏ।
ਬਾਬਲ ਦੀ ਪੱਗ ਉਚੀ ਰਹੇ,
ਭਾਬੀਆਂ ਦੇ ਜਿਉਣ ਸੰਧੂਰ ਨੀ ਮਾਏ।
ਚਾਰੇ ਕੰਨੀਆਂ ਖਾਲੀ ਮੁੜ ਚੱਲੀ,
ਲਿਖੀ ਕਿਸਮਤ ਨੂੰ ਝੁਰ ਨੀ ਮਾਏ।
ਸੁੱਖਾਂ ਮੰਗਦੀ ਧੀ ਨਿਮਾਣੀ,
ਚੱਲੀ ਚੰਨ ਤਾਰਿਆਂ ਤੋਂ ਦੂਰ ਨੀ ਮਾਏ।

-ਚੰਨ

ਫੋਨ:908-788-8427

# ਪੱਤ ਓਹਲੇ ਪਹਾੜ

**ਸਫਰ ਜ਼ਿੰਦਗੀ ਦਾ**

ਡਾ. ਗੋਬਿੰਦਰ ਸਿੰਘ ਸਮਰਾਓ*

ਬਜ਼ੁਰਗਾਂ ਤੋਂ ਮੈਨੂੰ ਦੋ ਆਦਤਾਂ ਵਿਰਾਸਤ ਵਿਚ ਮਿਲੀਆਂ ਹਨ- ਇਕ ਘੜੀ ਮੁੜੀ ਚਾਹ ਪੀਣੀ ਤੇ ਦੂਜੀ ਦੁਪਹਿਰ ਨੂੰ ਸੌਣਾ। ਇਸ ਦੂਜੀ ਵਿਰਾਸਤ ਸਦਕਾ ਸੰਨ 1992 ਵਿਚ ਫਰਵਰੀ ਦੀ ਇਕ ਦੁਪਹਿਰ ਨੂੰ ਮੈਂ ਸੁੱਤਾ ਪਿਆ ਸਾਂ ਕਿ ਫੋਨ ਦੀ ਘੰਟੀ ਵੱਜੀ। ਫੋਨ ਚੁਕਿਆ ਤਾਂ ਆਵਾਜ਼ ਆਈ, "ਸਰ, ਘਰੇ ਓਂ?" ਲੜਕੀ ਦੀ ਆਵਾਜ਼ ਸੀ ਪਰ ਉਨੀਂਦਰੇ ਵਿਚ ਪਤਾ ਨਾ ਲਗਿਆ ਕੌਣ ਸੀ। ਪੁੱਛਿਆ ਤਾਂ ਬੋਲੀ, "ਸਰ ਮੈਂ ਸੋਨੂੰ, ਲਗਦਾ ਸੌਂ ਰਹੇ ਹੋ? ਮੈਂ ਠਹਿਰ ਕੇ ਫੋਨ ਕਰਦੀ ਆਂ?" ਸੋਨੂੰ (ਬਦਲਿਆ ਨਾਂ) ਮੇਰੀ ਵਿਦਿਆਰਥਣ ਸੀ। ਮੈਂ ਸੋਚਿਆ, ਉਹ ਇਥੇ ਕਿਵੇਂ? ਕੁਝ ਹਫ਼ਤੇ ਪਹਿਲਾਂ ਹੀ ਤਾਂ ਉਸ ਦੀ ਸ਼ਾਦੀ ਹੋਈ ਸੀ। ਚਲੋ ਪੇਕੇ ਆਈ ਹੋਵੇਗੀ, ਇਹ ਲੇਖਣ ਲਾ ਕੇ ਮੈਂ ਪੋਲੇ ਜਿਹੇ ਕਿਹਾ, "ਨਹੀਂ। ਜਾਗਦਾ ਆਂ, ਬੋਲ।"

"ਸਰ ਮੈਂ ਤੁਹਾਨੂੰ ਮਿਲਣਾ ਸੀ।" ਉਸ ਨੇ ਸੰਕੋਚ ਨਾਲ ਜ਼ੋਰ ਲਾ ਕੇ ਕਿਹਾ। "ਠੀਕ ਹੈ, ਸਵੇਰੇ ਦਸ ਵਜੇ ਵਿਭਾਗ ਵਿਚ ਆ ਜਾਵੀਂ।" ਮੈਂ ਆਪਣੀ ਵਲੋਂ ਉਸ ਨੂੰ ਨੇੜੇ ਦਾ ਸਮਾਂ ਦੇ ਕੇ ਕਿਹਾ। "ਨਹੀਂ ਸਰ ਮੈਂ ਹੁਣੇ ਮਿਲਣਾ ਚਾਹੁੰਨੀ ਆਂ।" ਉਸ ਦੇ ਬੋਲਾਂ ਵਿਚ ਉਦਾਸੀ ਸੀ। ਮੈਂ ਹਮਦਰਦੀ ਨਾਲ ਕਿਹਾ, "ਇਹ ਗੱਲ ਹੈ ਤਾਂ ਫਿਰ ਹੁਣੇ ਆ ਜਾ। ਘਰ ਦਾ ਰਸਤਾ ਸਮਝਾਵਾਂ?"

"ਨਹੀਂ ਸਰ ਮੈਨੂੰ ਪਤਾ ਐ। ਮੈਂ ਹੁਣੇ ਆਨੀ ਆਂ।" ਆਖ ਉਸ ਨੇ ਫੋਨ ਰੱਖ ਦਿਤਾ।

ਸੁਸਤੀ ਦੇ ਉਸ ਆਲਮ ਵਿਚ ਸੋਨੂੰ ਬਾਰੇ ਯਾਦਾਂ ਦੀ ਪੂਰੀ ਲੜੀ ਮੇਰੇ ਦਿਮਾਗ ਵਿਚ ਘੁੰਮ ਗਈ। ਪੰਜ ਸਾਲ ਪਹਿਲਾਂ ਉਹ ਮੇਰੀ ਐਮ ਏ ਭਾਗ ਪਹਿਲਾ ਦੀ ਵਿਦਿਆਰਥਣ ਸੀ। ਇੱਕੀਆਂ ਸਾਲਾਂ ਦੀ ਮੱਧਰੀ ਜਿਹੀ, ਪਤਲੀ, ਸੁੰਦਰ ਤੇ ਹੋਣਹਾਰ। ਖਾਮੋਸ਼ ਜਿਹੇ ਕਲਾਸ ਵਿਚ ਆ ਜਾਂਦੀ। ਅੱਖੀਂ ਪਾਈ ਨਾ ਰੜਕਦੀ। ਹਰ ਰੋਜ਼ ਡਿਪਾਰਟਮੈਂਟ ਜਾਂਦੇ ਨੂੰ ਹੇਠਾਂ ਗੇਟ ਦੀਆਂ ਸਲੀਬਾਂ ਤੇ ਸਹੇਲੀਆਂ ਨਾਲ ਬੈਠੀ ਮਿਲਦੀ। ਆਦਰ ਤੇ ਅਪਣੱਤ ਭਰੀ ਮੁਸਕਰਾਹਟ ਨਾਲ ਉਠ ਕੇ ਵਿਸ਼ ਕਰਦੀ। ਸਾਲ ਭਰ ਉਹ ਵਿਦਿਆਰਥੀਆਂ ਦੀ ਭੀੜ ਵਿਚ ਰੁਲੀ ਰਹੀ। ਫਿਰ ਇਕ ਦਿਨ ਉਸ ਦੀ ਵਿਲੱਖਣਤਾ ਉਜਾਗਰ ਹੋਈ ਤੇ ਉਸ ਦਾ ਕੱਦ ਉਚਾ ਲੱਗਣ ਲੱਗਾ।

ਮਾਰਚ 1987 ਦੇ ਇਕ ਦਿਨ ਸੋਨੂੰ ਦੀ ਕਲਾਸ ਨੇ ਸੀਨੀਅਰਜ਼ ਨੂੰ ਅਲਵਿਦਾ ਪਾਰਟੀ ਦਿਤੀ। ਸੋਨੂੰ ਤੇ ਉਸ ਦੀ ਸਹੇਲੀ ਅਮਰਜੋਤ ਸਟੇਜ ਸੰਭਾਲ ਰਹੀਆਂ ਸਨ। ਸੋਨੂੰ ਮਾਹਿਰ ਸ਼ਾਇਰ ਵਾਂਗ ਉਰਦੂ ਦੇ ਸ਼ੇਅਰਾਂ ਦੀ ਝੜੀ ਲਗਾ ਰਹੀ ਸੀ। ਉਹ ਦੋਵੇਂ ਕੁੜੀਆਂ ਹਰ ਵਿਦਿਆਰਥੀ ਨੂੰ ਇਕ ਅਲੂਣੀ ਜਿਹੀ ਸੁਣਾ ਕੇ ਵਾਰੀ-ਵਾਰੀ ਸਟੇਜ 'ਤੇ ਸੱਦਦੀਆਂ ਤੇ ਕੁਝ ਸੁਣਾਉਣ ਨੂੰ ਕਹਿੰਦੀਆਂ। ਉਨ੍ਹਾਂ ਦਾ ਗੀਤ ਸੱਦੇ ਜਾ ਰਹੇ ਵਿਦਿਆਰਥੀ ਦੇ ਗੁਣਾਂ-ਔਗੁਣਾਂ ਮੁਤਾਬਿਕ ਇੰਨਾਂ ਢੁਕਵਾਂ ਹੁੰਦਾ ਕਿ ਅੰਦਰੋਂ ਆਪ ਮੁਹਾਰੀ ਵਾਹ ਵਾਹ ਨਿਕਲਦੀ। ਸੁਣਾ ਕੇ ਮੁੜਦੇ ਵਿਦਿਆਰਥੀ ਨੂੰ ਉਹ ਇਕ ਤੋਹਫਾ ਦਿੰਦੀਆਂ ਜੋ ਉਸ ਦੀ ਫ਼ਿਤਰਤ ਦੇ ਬਿਲਕੁਲ ਅਨੁਕੂਲ ਹੁੰਦਾ। ਅਧਿਆਪਕਾਂ ਦੀ ਵਾਰੀ ਆਉਣ 'ਤੇ ਉਨ੍ਹਾਂ ਮੈਨੂੰ ਵੀ ਇਕ ਨਿੱਕਾ ਸ਼ਰਾਰਤੀ ਗੀਤ ਗਾ ਕੇ ਸੱਦਿਆ, ਜਿਸ ਵਿਚ ਮੇਰੇ ਉਦਾਸੀਨ ਸੁਭਾਅ ਤੇ ਨਿਹੋਰਾ ਕਸਿਆ ਹੋਇਆ ਸੀ। ਮੈਂ ਵੀ ਜਵਾਬ ਇਕ ਗ਼ਜ਼ਲ ਗਾ ਕੇ ਦਿਤਾ ਜਿਸ ਦਾ ਮਤਲਾ ਸੀ, "ਹਮਾਰੇ ਬਾਅਦ ਅੰਧੇਰਾ ਰਹੇਗਾ ਮਹਫ਼ਿਲ ਮੇਂ, ਬਹੁਤ ਚਿਰਾਗ਼ ਜਲਾਓਗੇ ਰੋਸ਼ਨੀ ਕੇ ਲਿਏ!" ਮੁੜਨ ਲਗਿਆਂ ਉਨ੍ਹਾਂ ਮੈਨੂੰ ਮੋਢੇ ਵਿਚ ਪਾਉਣ ਵਾਲਾ ਬੈਗ ਦਿਤਾ ਜੋ ਮੇਰੀ ਆਨ-ਕੈਂਪਸ ਪਰਸਨੈਲਟੀ ਦਾ ਹਿੱਸਾ ਹੁੰਦਾ ਸੀ। ਮੈਨੂੰ ਉਸ ਦੇ ਰਚਨਾਤਮਕ ਗੁਣਾਂ ਨੇ ਕੀਲ ਲਿਆ ਸੀ।

ਬਾਹਰ ਆ ਕੇ ਮੈਂ ਉਸ ਦੀ ਕਲਾ ਨੂੰ ਸਲਾਹਿਆ। ਉਸ ਨੇ ਦਸਿਆ ਕਿ ਉਸ ਨੂੰ ਉਰਦੂ ਦਾ ਬਹੁਤ ਸ਼ੌਕ ਹੈ ਤੇ ਪੜ੍ਹਾਈ ਦੇ ਨਾਲ ਨਾਲ ਇਸ ਜ਼ੁਬਾਨ ਦਾ ਡਿਪਲੋਮਾ ਵੀ ਕਰ ਰਹੀ ਸੀ। ਉਸ ਨੇ ਵੀ ਮੇਰੀ ਗ਼ਜ਼ਲ ਦੀ ਬਹੁਤ ਤਾਰੀਫ਼ ਕੀਤੀ ਤੇ ਗਲਤੀ ਨਾਲ ਮੈਨੂੰ ਕਲਾਕਾਰ ਹੀ ਸਮਝ ਬੈਠੀ। ਬਾਦ ਵਿਚ ਜਦੋਂ ਵੀ ਉਸ ਨੇ ਮੇਰੇ ਗਿਫ਼ਟ ਵਾਲਾ ਬੈਗ ਪਾਇਆਂ ਵੇਖਣਾ, ਕਹਿਣਾ, "ਸਰ ਬਹੁਤ ਅੱਛੇ ਲਗ ਰਹੇ ਹੋ।" ਸੁਣ ਕੇ ਮੈਨੂੰ ਉਸ ਵਿਚ ਇਕ ਨਿਰਛਲ ਆਤਮਾ ਦਾ ਅਕਸ ਦਿਖਾਈ ਦਿੰਦਾ। ਐਮ ਏ ਕਰਨ ਉਪਰੰਤ ਉਸ ਨੇ ਪੀ ਐਚ ਡੀ ਅਰੰਭ ਕਰ ਦਿਤੀ। ਅਕਸਰ ਸਲਾਹ ਮਸ਼ਵਰੇ ਲਈ ਮੇਰੇ ਵਿਭਾਗੀ ਦਫਤਰ ਆ ਜਾਂਦੀ। ਜਲਦੀ ਹੀ ਉਹ ਇਕ ਸਰਕਾਰੀ ਕਾਲਜ ਵਿਚ ਪ੍ਰੋਫ਼ੈਸਰ ਲੱਗ ਗਈ ਤੇ ਉਸ ਨੇ ਮੈਨੂੰ ਦੋਸਤ ਕਹਿਣ ਦੀ ਇਜਾਜ਼ਤ ਮੰਗ ਲਈ। ਪਿਛਲੇ ਮਹੀਨੇ ਉਹ ਆਪਣੇ ਵਿਆਹ ਦਾ ਕਾਰਡ ਦੇਣ ਆਈ ਸੀ। ਉਸ ਨੇ ਖ਼ੁਸ਼ੀ ਨਾਲ ਦਸਿਆ ਕਿ ਉਸ ਦਾ ਹੋਣ ਵਾਲਾ "ਸ਼ੌਹਰ" ਇਕ ਸਰਕਾਰੀ ਹਸਪਤਾਲ ਵਿਚ ਡਾਕਟਰ ਸੀ। ਫਿਰ ਉਸ ਨੇ ਮੈਨੂੰ ਇਕ ਸ਼ੇਅਰ ਕਹਿ ਕੇ ਆਪਣੀ "ਖ਼ਵਾਹਿਸ਼" ਕਹੀ ਕਿ ਉਸ ਦਾ ਸਭ ਤੋਂ ਕਰੀਬੀ ਦੋਸਤ ਉਸ ਦੀ ਸ਼ਾਦੀ ਤੇ ਸਭ ਤੋਂ ਪਹਿਲਾਂ ਪਹੁੰਚੇ। ਉਸ ਦੀ ਭੋਲੀ ਇੱਛਾ ਦੀ ਲਾਜ ਰਖਣ ਲਈ ਮੈਂ ਉਸ ਦੇ ਵਿਆਹ 'ਤੇ ਸਭ ਤੋਂ ਪਹਿਲਾਂ ਪਹੁੰਚਿਆ ਸੀ।

"ਪਰ ਅਜ ਅਚਾਨਕ ਕੀ ਕੰਮ ਪੈ ਗਿਆ ਹੈ ਸੋਨੂੰ ਨੂੰ?" ਮੈਂ ਸੋਚਿਆ। ਤਦ ਹੀ ਘੰਟੀ ਵੱਜੀ ਤੇ ਉਹ ਬੂਹੇ 'ਤੇ ਖੜੀ ਸੀ। ਉਸ ਨੇ ਵਿਆਹ ਵਾਲਾ ਲਾਲ ਸੂਟ ਤੇ ਚੂੜਾ ਪਹਿਨਿਆ ਹੋਇਆ ਸੀ। ਚਿਹਰੇ ਤੋਂ ਪਹਿਲਾਂ ਵਾਲੀ ਮੁਸਕਰਾਹਟ ਤੇ ਬੇਬਾਕੀ ਗਾਇਬ ਸੀ। ਉਸ ਨਾਲ ਇਕ ਕਾਲੇ ਸੂਟ ਵਾਲਾ ਨੌਜਵਾਨ ਸੀ ਜੋ ਆਪਣੀ ਦਿਖ ਕਾਰਨ ਉਸ ਦਾ "ਸ਼ੌਹਰ" ਲਗਦਾ ਸੀ। ਸਰਦੀਆਂ ਦੀ ਢਲਦੀ ਧੁੱਪ ਦਾ ਅਨੰਦ ਮਾਣਨ ਲਈ ਉਨ੍ਹਾਂ ਨੇ ਬਾਹਰ ਹੀ ਬੈਠਣਾ ਚਾਹਿਆ। ਮੈਂ ਚਾਹ ਪਾਣੀ ਦੀ ਪੇਸ਼ਕਸ਼ ਕੀਤੀ ਪਰ ਸੋਨੂੰ ਰੋਕਦੀ ਹੋਈ ਬੋਲੀ, "ਸਰ ਅਸੀਂ ਕੁਝ ਨਹੀਂ ਪੀਣਾ। ਅਸੀਂ ਤੁਹਾਡੇ ਕੋਲ ਸਹਾਇਤਾ ਲਈ ਆਏ ਹਾਂ। ਤੁਸੀਂ ਸਾਡੀ ਗੱਲ ਸੁਣੋ।" ਉਸ ਦੀ ਆਵਾਜ਼ ਵਿਚ ਚਿੰਤਾ ਦੀ ਲਿਲਕ ਸੀ।

ਮੈਂ ਦੋਹਾਂ ਦੇ ਚਿਹਰਿਆਂ ਨੂੰ ਭਾਂਪਿਆ ਤੇ ਨਾਲ ਪਈ ਕੁਰਸੀ 'ਤੇ ਬੈਠਦਿਆਂ ਬੋਲਿਆ, "ਦਸੋ।" ਉਹ ਬੋਲੀ, "ਸਰ ਇਹ ਮੇਰੇ ਹਸਬੈਂਡ ਡਾ. ਬਲਬੀਰ ਸਿੰਘ ਨੇ। ਇਨ੍ਹਾਂ ਨੂੰ ਕੋਈ ਤਕਲੀਫ ਹੈ ਜਿਸ ਨੇ ਸਾਨੂੰ ਫ਼ਿਕਰ ਵਿਚ ਪਾਇਆ ਹੋਇਆ ਹੈ। ਇਨ੍ਹਾਂ ਨੂੰ ਇਕ ਸਿਆਣੇ ਹੋਮਿਓਪੈਥ ਦੀ ਤਲਾਸ਼ ਹੈ ਜੋ ਇਨ੍ਹਾਂ ਨੂੰ ਠੀਕ ਕਰ ਸਕੇ। ਪਟਿਆਲਾ ਹੋਮਿਓਪੈਥੀ ਦਾ ਘਰ ਹੈ ਇਸ ਲਈ ਇਨ੍ਹਾਂ ਨੂੰ ਇਥੇ ਲੈ ਕੇ ਆਈ ਹਾਂ। ਤੁਸੀਂ ਇਕ ਪੁਰਾਣੇ ਹੋਮਿਓਪੈਥ ਹੋ। ਮੈਂ ਇਨ੍ਹਾਂ ਨੂੰ ਦਸਿਐ ਕਿ ਤੁਹਾਡੇ ਤੋਂ ਵੱਡਾ ਕੋਈ ਨਹੀਂ। ਤੁਸੀ ਪਲੀਜ਼ ਇਨ੍ਹਾਂ ਨੂੰ ਦੇਖੋ।"

ਆਪਣੀ ਵਡਿਆਈ ਸੁਣਨਾ ਤੇ ਅਣਸੁਣੀ ਕਰ ਦੇਣਾ ਮੇਰੇ ਲਈ ਕੋਈ ਨਵੀਂ ਗੱਲ ਨਹੀਂ ਸੀ। ਪਰ ਗ਼ਾਲਿਬ ਵਾਂਗ ਸੋਨੂੰ ਦਾ "ਅੰਦਾਜ਼ਿ ਬਯਾਂ" ਹੀ "ਕੁਛ ਔਰ" ਸੀ। ਉਸ ਦੀ ਪ੍ਰਸ਼ੰਸਾ ਵਿਚ ਗੁਰੂ ਦਾ ਮਾਣ ਛਿਪਿਆ ਹੋਇਆ ਸੀ ਜੋ ਮੈਂ ਹੀ ਸਮਝ ਸਕਦਾ ਸਾਂ। ਮੈਂ ਨੀਵੀਂ ਪਾਈ ਉਸ ਦੀ ਪ੍ਰਸ਼ੰਸਾ ਦਾ ਅਨੰਦ ਮਾਣਦਾ ਰਿਹਾ ਤੇ ਨੌਜਵਾਨ ਦੀ ਸਮਸਿਆ ਬਾਰੇ ਕਿਆਸਅਰਾਈਆਂ ਕਰਦਾ ਰਿਹਾ।

ਮੈਂ ਉਸ ਦੇ ਡਾਕਟਰ ਪਤੀ ਨੂੰ ਕਿਹਾ, "ਕਾਕਾ ਜੀ ਦੱਸੋ, ਕੀ ਸਮਸਿਆ ਹੈ।" ਉਸ ਦੇ ਬੋਲਣ ਤੋਂ ਪਹਿਲਾਂ ਹੀ ਸੋਨੂੰ ਨੇ ਟੋਕ ਕੇ ਕਿਹਾ, "ਸਰ ਇਨ੍ਹਾਂ ਦਾ ਪੈਰ ਦੇਖੋ।" ਨਾਲ ਹੀ ਉਹ ਆਪਣੇ ਪਤੀ ਨੂੰ ਬੋਲੀ, "ਬਲਬੀਰ ਬੂਟ ਲਾਹ ਕੇ ਪੈਰ ਦਿਖਾਓ ਸਰ ਨੂੰ।" ਡਾਕਟਰ ਸਾਹਿਬ ਨੇ ਚੀਸ ਵਟਦਿਆਂ ਆਪਣੇ ਸੱਜੇ ਪੈਰ ਦਾ ਬੂਟ ਲਾਹ ਕੇ ਜ਼ੁਰਾਬ ਲਾਹੀ ਤੇ ਫਿਰ ਬੋਚ ਕੇ ਪੈਰ ਮੇਰੇ ਅੱਗੇ ਧਰਿਆ। ਮੈਂ ਉਸ ਦੇ ਪੈਰ ਨੂੰ ਧਿਆਨ ਨਾਲ ਦੇਖਿਆ। ਪੈਰ ਤੇ ਸੋਜਿਸ਼ ਆਈ ਹੋਈ ਸੀ ਤੇ ਇਸ 'ਤੇ ਹਲਕੀ ਸਿਆਹੀ ਦੀ ਭਾਅ ਮਾਰ ਰਹੀ ਸੀ। ਉਂਗਲੀਆਂ ਤੇ ਸੋਜਿਸ਼ ਕੁਝ ਜ਼ਿਆਦਾ ਸੀ ਪਰ ਅੰਗੂਠਾ ਸਾਫ ਦਿਖਾਈ ਨਹੀਂ ਸੀ ਦੇ ਰਿਹਾ। ਇੰਜ ਲਗਦਾ ਸੀ ਜਿਵੇਂ ਉਸ ਉਤੇ ਪੱਟੀ ਬੰਨ੍ਹ ਕੇ ਕਾਲੇ ਰੰਗ ਦੀ ਮਿੱਟੀ ਦਾ ਲੇਪ ਕੀਤਾ ਹੋਇਆ ਹੋਵੇ। ਪੈਰ ਵਿਚੋਂ ਅਣਸੁਖਾਵੀਂ ਮੁਰਦਾਰੀ ਹਵਾੜ ਆ ਰਹੀ ਸੀ।

ਹੋਮਿਓਪੈਥਿਕ ਇਲਾਜ ਦੇ ਢੰਗ ਨਿਆਰੇ ਹਨ। ਇਸ ਵਿਚ ਨਾ ਟੈਸਟਾਂ ਦੀ ਕੋਈ ਵੁੱਕਤ ਹੈ ਨਾ ਐਕਸਰੇ ਦੀ। ਲੋੜ ਹੈ ਤਾਂ ਮਰੀਜ਼ ਤੇ ਮਰਜ਼ ਦੀਆਂ ਅਲਾਮਤਾਂ ਦੀ। ਪੈਰ ਦੀ ਹਾਲਤ ਗੰਭੀਰ ਸੀ। ਪੂਰੇ ਰੋਗ ਚਿੰਨ੍ਹ ਜਾਨਣ ਲਈ ਮੈਂ ਪੁਛਿਆ, "ਕੀ ਹੋਇਆ ਸੀ ਇਸ ਨੂੰ?"

"ਸਰ ਆਪਾਂ ਅੰਦਰ ਨਾ ਬੈਠੀਏ?" ਉਸ ਨੇ ਸੋਨੂੰ ਤੋਂ ਝੇਪਦਿਆਂ ਕਿਹਾ। ਮੈਂ ਉਸ ਦੀ ਗੱਲ ਭਾਪ ਕੇ ਕਿਹਾ, "ਸੋਨੂੰ ਚਾਹ ਬਣਾ ਕੇ ਲਿਆਵੇਂਗੀ, ਆਪਾਂ ਇਥੇ ਹੀ ਬੈਠਦੇ ਹਾਂ।" ਸੋਨੂੰ ਨੂੰ ਪਤਾ ਸੀ ਕਿ ਉਸ ਦਾ ਪਤੀ ਆਪਣੀ ਮਰਜ਼ ਉਸ ਤੋਂ ਛੁਪਾਉਂਦਾ ਹੈ। ਇਸ ਲਈ ਉਹ ਬਿਨਾ ਉਜ਼ਰ ਅੰਦਰ ਚਾਹ ਬਣਾਉਣ ਚਲੀ ਗਈ। ਮੈਂ ਉਸ ਦਾ ਕੇਸ ਸੁਣਨ ਲਈ ਹੋਰ ਨੇੜੇ ਬੈਠ ਗਿਆ।

ਉਹ ਬੋਲਿਆ, "ਸਰ ਗੱਲ ਤੁਹਾਡੇ ਤੀਕਰ ਹੀ ਰਹੇ। ਮੇਰੇ ਪੈਰ ਨੂੰ ਕੈਂਸਰ ਹੈ। ਕੋਈ ਡੇਢ ਸਾਲ ਪਹਿਲਾਂ ਚੋਟ ਲਗੀ ਸੀ। ਫੋੜਾ ਬਣ ਗਿਆ। ਖ਼ੂਨ ਰਿਸਦਾ ਰਿਹਾ। ਐਂਟੀਬਾਇਓਖਧੇ, ਕੋਈ ਆਰਾਮ ਨਾ ਪਿਆ। ਕਈ ਹਸਪਤਾਲਾਂ ਵਿਚ ਇਲਾਜ ਕਰਵਾਇਆ ਤੇ ਸ਼ਪੈਸ਼ਲਿਸਟਾਂ ਨੂੰ ਵਿਖਾਇਆ। ਉਨ੍ਹਾਂ ਸਭ ਨੇ ਕੈਂਸਰ ਦਸਿਆ ਹੈ। ਟੈਸਟ ਵੀ ਪੌਜ਼ੇਟਿਵ ਹਨ। ਮੇਰੇ ਪਿਤਾ ਜੀ ਨੂੰ ਵੀ ਪ੍ਰੋਸਟ੍ਰੇਟ ਕੈਂਸਰ ਸੀ। ਸ਼ਾਇਦ ਹੈਰੀਡਿਟਰੀ ਹੋਵੇ। ਮੇਰੇ ਕੋਲ ਸਭ ਰਿਪੋਰਟਾਂ ਹਨ। ਜੇ ਕਹੋ ਤਾਂ ਵਿਖਾਵਾਂ?"

ਉਸ ਦੇ ਮੂੰਹੋਂ ਇਹ ਸੁਣ ਕੇ ਮੈਨੂੰ ਧੱਕਾ ਲਗਿਆ ਤੇ ਸੋਨੂੰ ਦੀ ਹੋਣੀ 'ਤੇ ਦਯਾ ਆਈ। ਵਿਆਹ ਦਾ ਬੜਾ ਚਾਅ ਸੀ ਉਸ ਨੂੰ। ਉਹ ਇੰਨੀ ਹੋਣਹਾਰ ਤੇ ਪਤੀ ਮਿਲਿਆ ਕੈਂਸਰ ਦਾ ਮਰੀਜ਼! ਸੁਣ ਕੇ ਪਤੀ ਨਾਲੋਂ ਪਹਿਲਾਂ ਮਰ ਜਾਵੇਗੀ, ਏਨੀ ਸੈਂਸੇਟਿਵ ਹੈ ਉਹ। ਮੈਂ ਸੋਚਿਆ।

"ਨਹੀਂ, ਟੈਸਟ ਬਾਅਦ ਵਿਚ ਵੇਖਾਂਗੇ। ਤੁਸੀਂ ਆਪਣੀ ਸਮੱਸਿਆ ਬਾਰੇ ਦਸੀ ਚਲੋ।" ਮੈਂ ਆਪਣੇ ਭਾਵਾਂ ਨੂੰ ਕਸ ਕੇ ਕਿਹਾ।

ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਉਸ ਨੇ ਦਸਣਾ ਸ਼ੁਰੂ ਕੀਤਾ, "ਜਦੋਂ ਪਤਾ ਚੱਲਿਆ ਤਾਂ ਦਇਆਨੰਦ ਵਾਲਿਆਂ ਨੇ ਪਹਿਲਾਂ ਇਸ ਨੂੰ ਕਾਟਰਾਈਜ਼ ਕੀਤਾ ਫਿਰ ਕੀਮੋਥੈਰਪੀ ਤੇ ਫਿਰ ਰੇਡੀਏਸ਼ਨ ਟਰੀਟਮੈਂਟ। ਪਰ ਕੋਈ ਫ਼ਰਕ ਨਾ ਪਿਆ। ਪੀ ਜੀ ਆਈ ਵਿਚ ਪੂਰੇ ਟੈਸਟ ਕਰਕੇ ਮੁੜ ਇਲਾਜ ਚਲਦਾ ਰਿਹਾ। ਥੋੜੇ ਮੋੜ ਤੋਂ ਬਾਦ ਹਾਲਤ ਪਹਿਲਾਂ ਨਾਲੋਂ ਵੀ ਖਰਾਬ ਹੋ ਗਈ। ਹੁਣ ਸਾਰੇ ਪੈਰ ਤੇ ਸੋਜਿਸ਼ ਫੈਲ ਗਈ ਹੈ। ਚੌਵੀ ਘੰਟੇ ਚੀਸਾਂ ਪੈਂਦੀਆਂ ਹਨ। ਪੇਨ-ਕਿੱਲਰਜ਼ ਵੀ ਕੰਮ ਕਰਨੋ ਹਟ ਗਏ ਹਨ। ਰਾਤ ਨੂੰ ਨੀਂਦ ਨਹੀਂ ਪੈਂਦੀ। ਹੁਣ ਫਿਰ ਦਇਆਨੰਦ ਵਿਖਾਇਆ ਸੀ। ਉਨ੍ਹਾਂ ਨੇ ਕੈਂਸਰ ਅੱਗੇ ਫੈਲ ਜਾਣ ਦੇ ਡਰ ਤੋਂ ਜਲਦੀ ਅੰਗੂਠਾ ਕੱਟਣ ਦੀ ਸਲਾਹ ਦਿਤੀ ਹੈ। ਦਰਦ ਕਾਰਨ ਮੈਂ ਆਪ ਇਸ ਨੂੰ ਕਟਵਾਉਣ ਲਈ ਕਾਹਲਾ ਹਾਂ। ਡਾਕਟਰ ਹੋਣ ਦੇ ਨਾਤੇ ਮੈਂ ਸਮਝਦਾ ਵੀ ਹਾਂ ਕਿ ਹੁਣ ਇਹੀ ਇਸ ਦਾ ਹੱਲ ਹੈ ਪਰ ਸਰੀਰ ਦੇ ਮੋਹ ਕਾਰਨ ਸੋਚਦਾ ਹਾਂ ਕਿ ਮੇਰਾ ਅੰਗੂਠਾ ਕਿਸੇ ਤਰ੍ਹਾਂ ਬਚ ਜਾਵੇ। ਕਿਸੇ ਨੇ ਸਲਾਹ ਦਿਤੀ ਐ ਕਿ ਹੋਮਿਓਪੈਥਿਕ ਇਲਾਜ ਕਰਵਾ ਕੇ ਵੇਖ ਲਵਾਂ। ਸੋਨੂੰ ਤੁਹਾਡੀ ਬੜੀ ਤਾਰੀਫ਼ ਕਰਦੀ ਹੈ, ਇਸ ਲਈ ਇਥੇ ਲਿਆਈ ਹੈ। ਤੁਸੀਂ ਇਸ ਦਾ ਹੱਲ ਦਸੋ।"

"ਕੀ ਦਰਦ ਇਸ ਵੇਲੇ ਵੀ ਹੋ ਰਿਹਾ ਹੈ?" ਮੈਂ ਪੁੱਛਿਆ।

"ਹਾਂ ਜੀ। ਇਹ ਤਾਂ ਕਦੇ ਹਟਦਾ ਹੀ ਨਹੀਂ," ਉਸ ਨੇ ਚੀਸ ਵੱਟ ਕੇ ਕਿਹਾ।

"ਕਦੇ ਵੀ ਨਹੀਂ?" ਮੈਂ ਫਿਰ ਪੁਛਿਆ।

"ਸਕੂਟਰ ਚਲਾ ਰਿਹਾ ਹੋਵਾਂ ਤਾਂ ਘੱਟ ਮਹਿਸੂਸ ਹੁੰਦਾ ਹੈ। ਇਸ ਲਈ ਪੈਦਲ ਚਲਣ ਦੀ ਥਾਂ ਬਹੁਤਾ ਸਕੂਟਰ 'ਤੇ ਹੀ ਬਾਹਰ ਅੰਦਰ ਜਾਂਦਾ ਹਾਂ।" ਉਸ ਨੇ ਸੋਚ ਕੇ ਦਸਿਆ।

"ਦਰਦ ਹੈ ਕਿਸ ਤਰ੍ਹਾਂ ਦਾ?" ਮੈਂ ਸਵਾਲ ਕੀਤਾ।

"ਤਿੱਖਾ। ਜਿਵੇਂ ਕੋਈ ਜ਼ਹਿਰੀਲੀ ਕਿੱਲ ਅੰਦਰ ਖੁਭੀ ਹੋਵੇ। ਦਿਲ ਕਰਦਾ ਹੈ ਇਸ ਨੂੰ ਕਿਸੇ ਤਰ੍ਹਾਂ ਕੱਢ ਦੇਵਾਂ ਜਾਂ ਅੰਗੂਠਾ ਜੜ੍ਹੋਂ ਕੱਟ ਦੇਵਾਂ।" ਉਸ ਨੇ ਚੀਸ ਦਾ ਬਿਆਨ ਕਰਦੇ ਹੋਏ ਦਸਿਆ।

ਇਹ ਸੁਣ ਕੇ ਮੈਂ ਡਾਕਟਰ ਨੂੰ ਗਹੁ ਨਾਲ ਵੇਖਿਆ। ਉਹ ਪਤਲੇ ਸੁੱਕੇ ਸਰੀਰ ਵਾਲਾ ਤੀਹ-ਬੱਤੀ ਸਾਲਾਂ ਦਾ ਕਾਲੇ ਰੰਗ ਦਾ ਮਨੁੱਖ ਸੀ। ਸੁਭਾਅ ਦਾ ਥੋੜਾ ਰੁੱਖਾ ਲਗਦਾ ਸੀ। ਉਸ ਦੇ ਚਿਹਰੇ 'ਤੇ ਦੁਖ ਦੀਆਂ ਰੇਖਾਵਾਂ ਉਭਰੀਆਂ ਹੋਈਆਂ ਸਨ। ਬਿਮਾਰੀ ਤੇ ਪੀੜਾ ਦੇ ਬਾਵਜੂਦ ਉਸ ਨੂੰ ਆਪਣੀ ਡਾਕਟਰੀ ਲਾਈਨ ਵਿਚ ਪੂਰਾ ਵਿਸ਼ਵਾਸ ਸੀ।

ਉਸ ਨੂੰ ਉਥੇ ਛੱਡ ਮੈਂ ਚਾਹ ਪਤਾ ਕਰਨ ਦਾ ਬਹਾਨਾ ਲਾ ਕੇ ਇਕ ਦਮ ਅੰਦਰ ਚਲਾ ਗਿਆ। ਮੈਨੂੰ ਉਮੀਦ ਸੀ ਕਿ ਮਰੀਜ਼ ਤੇ ਮਰਜ਼ ਦੀਆਂ ਕੁਝ ਅਲਾਮਤਾਂ ਸੋਨੂੰ ਜ਼ਰੂਰ ਦਸ ਸਕੇਗੀ। ਮੈਂ ਉਸ ਕੋਲ ਜਾ ਕੇ ਸੁਭਾਵਿਕ ਲਹਿਜੇ ਨਾਲ ਪੁੱਛਿਆ, "ਸੋਨੂੰ ਹੋਰ ਗੱਲਾਂ ਛੱਡ, ਤੂੰ ਆਪਣੇ ਪਤੀ ਦੇ ਸੁਭਾਅ ਬਾਰੇ ਦੱਸ। ਖ਼ੁਸ਼ ਹੈਂ ਨਾ?"

"ਸਰ ਜੋ ਸੋਚਿਆ ਸੀ ਉਹ ਨਹੀਂ। ਕੋਈ ਉਨੀ ਇੱਕੀ ਗੱਲ ਮੂੰਹੋਂ ਨਿਕਲ ਜਾਵੇ, ਖਹਿੜਾ ਨਹੀਂ ਛੱਡਦੇ। ਸਾਰਾ ਦਿਨ ਮੂੰਹ ਸੁਜਾਈ ਰਖਦੇ ਨੇ।" ਉਸ ਨੇ ਗੰਭੀਰਤਾ ਨਾਲ ਦਸਿਆ।

"ਤੂੰ ਉਸ ਦੀ ਬੀਮਾਰੀ ਬਾਰੇ ਕੁਝ ਜਾਣਦੀ ਐਂ?" ਮੈਂ ਘੁਮਾ ਕੇ ਪੁੱਛਿਆ।

"ਸਾਰਾ ਦਿਨ ਕੁਰਾਹੁੰਦੇ ਰਹਿੰਦੇ ਨੇ, ਕੁਝ ਦਸਦੇ ਨਹੀਂ। ਪਰ ਇਨ੍ਹਾਂ ਨੂੰ ਰਾਤ ਨੂੰ ਪਸੀਨਾ ਬਹੁਤ ਆਉਂਦਾ ਐ।" ਉਸ ਨੇ ਨਵੀਂ ਗੱਲ ਦਸਦਿਆਂ ਕਿਹਾ।



"ਪਸੀਨੇ ਵਿਚ ਕੋਈ ਬਦਬੂ?" ਮੈਂ ਅੱਗੇ ਪੁਛਿਆ।

"ਬਹੁਤ। ਰਜਾਈ ਵਿਚ ਮੂੰਹ ਨਹੀਂ ਦੇ ਹੁੰਦਾ।" ਉਸ ਨੇ ਸੰਗ ਨਾਲ ਦੱਸਿਆ।

"ਕਿੱਦਾਂ ਦੀ ਬਦਬੂ?" ਮੈਂ ਆਉਂਦੀ ਸੂਚਨਾ ਨੂੰ ਬੋਚਣ ਦੀ ਤਿਆਰੀ ਨਾਲ ਸਵਾਲ ਕੀਤਾ।

"ਬਾਥਰੂਮ ਵਰਗੀ, ਜਿਦਾਂ ਦੀ ਕਈ ਵਾਰ ਤਾਂਗੇ ਵਿਚ ਬੈਠੇ ਆਉਂਦੀ ਹੁੰਦੀ ਐ।" ਉਸ ਨੇ ਸੋਚ ਕੇ ਦਸਿਆ।

ਉਸ ਦੇ ਉਤਰ ਨੇ ਮੇਰੀ ਤਹਿਕੀਕਾਤ ਸਮਾਪਤ ਕਰ ਦਿਤੀ ਸੀ। "ਫਿਰ ਤਾਂ ਮੁਫ਼ਤ ਵਿਚ ਹੀ ਤਾਂਗੇ ਦੀ ਸਵਾਰੀ ਕਰ ਲੈਨੀ ਐਂ ਤੂੰ," ਮੈਂ ਪੰਜਾਬੀ ਯੂਨੀਵਰਸਿਟੀ ਦੇ ਬੁੱਧੀਜੀਵੀਆਂ ਵਾਲੀ ਟਿੱਚਰ ਜਿਹੀ ਝਾੜ ਕੇ ਬਾਹਰ ਡਾਕਟਰ ਕੋਲ ਆ ਬੈਠਾ ਤੇ ਸੋਨੂੰ ਚਾਹ ਲੈ ਕੇ ਆ ਗਈ।

ਚਾਹ ਪਿਲਾ ਕੇ ਸੋਨੂੰ ਨੇ ਪੁਛਿਆ, "ਸਰ ਇਨ੍ਹਾਂ ਨੂੰ ਕੀ ਤਕਲੀਫ਼ ਹੈ?"

ਮੈਂ ਕਿਹਾ, "ਮੈਂ ਹੋਮਿਓਪੈਥ ਹਾਂ, ਤਕਲੀਫ਼ ਦਸਦਾ ਨਹੀਂ; ਸੁਣਦਾ ਹਾਂ ਤੇ ਠੀਕ ਕਰਦਾ ਹਾਂ। ਇਨ੍ਹਾਂ ਦਾ ਇਲਾਜ ਸੰਭਵ ਹੈ, ਕਰਵਾਓਗੇ ਤਾਂ ਹੋ ਜਾਵੇਗਾ।" ਦੋਵਾਂ ਜੀਆਂ ਨੇ ਮੁਸਕਰਾ ਕੇ ਇਲਾਜ ਦੀ ਹਾਮੀ ਭਰੀ।

ਮੈਂ ਦਵਾਈ ਲੱਭ ਲਈ ਸੀ। ਡਾਕਟਰ ਦੇ ਪੈਰ ਦੀਆਂ ਚੁਭਵੀਆਂ ਪੀੜਾਂ, ਚਿਹਰੇ ਤੇ ਪੀੜਾਂ ਦੀਆਂ ਲਕੀਰਾਂ, ਸਕੂਟਰ 'ਤੇ ਚੜ੍ਹ ਕੇ ਚੈਨ, ਰਾਤ ਨੂੰ ਪਸੀਨਾ, ਪਸੀਨੇ ਦੀ ਖਾਸ ਬਦਬੂ, ਸਾਂਵਲਾ ਸੁੱਕਾ ਸਰੀਰ ਅਤੇ ਰੁੱਖਾ ਜਿੱਦੀ ਸੁਭਾਅ ਕੁਝ ਅਜਿਹੀਆਂ ਅਲਾਮਤਾਂ ਸਨ ਜਿਨ੍ਹਾਂ ਨੂੰ ਦੇਖ ਕੇ ਕੋਈ ਨਵਸਿਖਿਆ ਹੋਮਿਓਪੈਥ ਵੀ ਉਸ ਦੀ ਦਵਾਈ ਦਸ ਸਕਦਾ ਸੀ। ਮੈਂ ਅੰਦਰ ਗਿਆ ਤੇ ਦਵਾਈ ਦੀ ਇਕ ਖ਼ੁਰਾਕ ਲਿਆ ਕੇ ਡਾਕਟਰ ਦੇ ਮੂੰਹ ਵਿਚ ਝਾੜ ਦਿਤੀ। ਉਸ ਨੂੰ ਅੰਗੂਠਾ ਚੋਟ ਤੋਂ ਬਚਾ ਕੇ ਰਖਣ ਲਈ ਤੇ ਇਕ ਹਫ਼ਤੇ ਬਾਦ ਆ ਕੇ ਵਿਖਾਉਣ ਲਈ ਕਿਹਾ। ਉਸ ਨੇ ਸੋਚਿਆ ਇਕ ਪੁੜੀ ਦੇ ਕੇ ਪ੍ਰੋਫ਼ੈਸਰ ਨੇ ਟਾਲ ਦਿਤਾ ਹੈ। ਉਸ ਨੂੰ ਪਹਿਲਾਂ ਹੀ ਹੋਮਿਓਪੈਥੀ ਵਿਚ ਬਹੁਤਾ ਵਿਸ਼ਵਾਸ ਨਹੀਂ ਸੀ। ਸੁੱਕੇ ਨੇ ਨਾਲ ਪੁੱਛਣ ਲੱਗਾ, "ਹੋਰ ਦਵਾਈ ਹਫ਼ਤੇ ਬਾਦ ਦਿਓਗੇ?" ਮੈਂ ਕਿਹਾ ਦਵਾਈ ਤਾਂ ਹੁਣ ਮਹੀਨੇ ਬਾਦ ਵੀ ਨਹੀਂ ਦਿਆਂਗਾ। ਸਿਰਫ਼ ਵਿਖਾਉਣ ਲਈ ਆਉਣਾ ਹੈ ਤੁਸੀਂ ਅਗਲੇ ਹਫ਼ਤੇ।" ਸੁਣ ਕੇ ਹੈਰਾਨ ਤੇ ਖ਼ਾਮੋਸ਼ ਮੁਦਰਾ ਵਿਚ ਦੋਵੇਂ ਵਿਦਾ ਹੋ ਗਏ।

ਅੱਠਾਂ ਦਿਨਾਂ ਬਾਦ ਡਾਕਟਰ ਇਕੱਲਾ ਆਇਆ। ਉਸ ਨੇ ਪੈਰ ਦਿਖਾਇਆ ਤੇ ਦਸਿਆ ਕਿ ਦਰਦ ਘੱਟ ਹੈ ਤੇ ਬਿਨਾਂ ਪੇਨ-ਕਿੱਲਰ ਲਏ ਨੀਂਦ ਆਉਣ ਲਗ ਪਈ ਹੈ। ਦਵਾਈ ਮੰਗਦਾ ਰਿਹਾ ਪਰ ਮੈਂ ਦਿਤੀ ਨਹੀਂ।

ਅਗਲੇ ਅੱਠਾਂ ਦਿਨਾਂ ਬਾਦ ਉਸ ਨੇ ਫੋਨ ਕਰ ਕੇ ਦਸਿਆ ਕਿ ਦਰਦ ਬਹੁਤ ਘਟ ਹੈ। ਸੋਜਾ ਵੀ ਮੋੜੇ 'ਤੇ ਹੈ। ਫਿਰ ਉਸ ਦਾ ਮਹੀਨਾ ਸਾਰਾ ਕੋਈ ਫੋਨ ਨਾ ਆਇਆ ਤੇ ਨਾ ਸੋਨੂੰ ਦਾ। ਮੈਂ ਸੋਚਿਆ ਡਾਕਟਰ ਦਾ ਮਨ ਨਹੀਂ ਖੜ੍ਹਿਆ। ਆਪ੍ਰੇਸ਼ਨ ਕਰਵਾ ਬੈਠਾ ਹੋਣਾ ਹੈ। ਇਸ ਲਈ ਮੈਂ ਵੀ ਕੋਈ ਫੋਨ ਨਾ ਕੀਤਾ।

ਇਕ ਦਿਨ ਸੋਨੂੰ ਅਚਾਨਕ ਡਿਪਾਰਟਮੈਂਟ ਆਈ ਤੇ ਕਾਫੀ ਦੇਰ ਇਧਰ ਉਧਰ ਦੀਆਂ ਗੱਲਾਂ ਕਰਦੀ ਰਹੀ ਤੇ ਸ਼ੇਅਰ ਸੁਣਾਉਂਦੀ ਰਹੀ। ਮੈਂ ਹੈਰਾਨ ਸਾਂ ਕਿ ਆਪਣੇ ਬੀਮਾਰ ਪਤੀ ਦੀ ਕੋਈ ਖ਼ਬਰ ਕਿਉਂ ਨਹੀਂ ਦੇਂਦੀ। ਸੋਚਿਆ ਉਸ ਦੇ ਹੋਮਿਓਪੈਥੀ ਤੋਂ ਭਰੋਸਾ ਹੋਣ ਦੀ ਅਣਸੁਖਾਵੀਂ ਖ਼ਬਰ ਦੱਸਣ ਤੋਂ ਹਿਚਕਿਚਾ ਰਹੀ ਹੈ। ਅਖ਼ੀਰ ਮੈਂ ਪੁੱਛ ਹੀ ਲਿਆ, "ਸੋਨੂੰ ਤੇਰੇ ਸ਼ੌਹਰ ਦੇ ਪੈਰ ਦਾ ਕੀ ਹਾਲ ਐ?" ਉਹ ਸ਼ਰਮਿੰਦੀ ਜਿਹੀ ਹੋ ਕੇ ਕਹਿਣ ਲਗੀ, "ਸੌਰੀ ਸਰ, ਮੈਂ ਤਾਂ ਦੱਸਣਾ ਹੀ ਭੁੱਲ ਗਈ। ਤੁਹਾਡੀ ਦਵਾਈ ਤੋਂ ਬਾਦ ਉਨ੍ਹਾਂ ਦਾ ਦਰਦ ਘਟਦਾ ਗਿਆ ਤੇ ਉਨ੍ਹਾਂ ਨੇ ਚੀਖਣਾ ਚਿਲਾਣਾ ਬੰਦ ਕਰ ਦਿਤਾ। ਮੈਂ ਵੀ ਪੁੱਛਣਾ ਬੰਦ ਕਰ ਦਿਤਾ। ਤੁਹਾਨੂੰ ਪਤਾ ਹੀ ਹੈ ਬਿਨਾਂ ਰੋਏ ਮਾਂ ਵੀ ਬੱਚੇ ਦੀ ਖ਼ਬਰ ਨਹੀਂ ਲੈਂਦੀ। ਫਿਰ ਇਕ ਦਿਨ ਸਵੇਰੇ ਬੈਡ 'ਤੇ ਬੈਠੇ ਇਉਂ ਹੀ ਮੈਂ ਉਨ੍ਹਾਂ ਦਾ ਪੈਰ ਆਪਣੇ ਵਲ ਖਿੱਚ ਕੇ ਅੰਗੂਠਾ ਵੇਖਣ ਲਗੀ। ਦਰਦ ਤਾਂ ਹੈ ਨਹੀਂ ਸੀ। ਉਹ ਆਪਣੇ ਅੰਗੂਠੇ ਤੇ ਚੜ੍ਹੇ ਕਾਲੇ ਜਿਹੇ ਮਾਸ ਨੂੰ ਨਹੁੰ ਨਾਲ ਖੁਰੇਦਣ ਲਗ ਪਏ। ਥੋੜੀ ਦੇਰ ਬਾਦ ਨਹੁੰ ਸਮੇਤ ਕਾਲੇ ਮਾਸ ਦੀ ਪੂਰੀ ਟੋਪੀ ਜਿਹੀ ਉਤਰ ਕੇ ਹੱਥ ਵਿਚ ਆ ਗਈ। ਅੰਦਰੋਂ ਬਿਨਾ ਨਹੁੰ ਲਾਲ ਸੂਹਾ ਅੰਗੂਠਾ ਨਿਕਲ ਆਇਆ। ਹੁਣ ਨਹੁੰ ਵੀ ਬਣ ਰਿਹਾ ਹੈ। ਹੈਰਾਨੀ ਦੀ ਗੱਲ ਐ, ਹੁਣ ਉਨ੍ਹਾਂ ਨੂੰ ਰਾਤ ਨੂੰ ਪਸੀਨਾ ਵੀ ਨਹੀਂ ਆਉਂਦਾ!"

ਮੈਨੂੰ ਉਸ ਦੀ ਹੋਣੀ ਬਦਲਣ ਦੀ ਬੇਹੱਦ ਖ਼ੁਸ਼ੀ ਹੋਈ ਪਰ ਅੰਦਰੋਂ ਮੈਂ ਮਹਿਸੂਸ ਕੀਤਾ ਕਿ ਇਸ ਨੇ ਇਸ ਖ਼ਬਰ ਨੂੰ ਐਨੀ ਅਣਗੌਲੀ ਕਰ ਕੇ ਹੋਮਿਓਪੈਥੀ ਤੇ ਹੋਮਿਓਪੈਥ ਦੋਹਾਂ ਦਾ ਅਪਮਾਨ ਕੀਤਾ ਹੈ। ਨਾ ਇਸ ਨੂੰ ਵਿਗਿਆਨ ਦੀ ਕਦਰ ਹੈ, ਨਾ ਕਲਾ ਦੀ। ਮੈਨੂੰ ਲੱਗਾ ਜਿਵੇਂ ਪਾਰਟੀ ਵੇਲੇ ਦੀ ਸਿਰਕੱਢ ਸੋਨੂੰ ਬੌਣੀ ਜਿਹੀ ਬਣ ਕੇ ਫਿਰ ਨਾਸ਼ੁਕਰਿਆਂ ਦੀ ਉਸ ਭੀੜ ਵਿਚ ਗਵਾਚ ਗਈ ਹੋਵੇ ਜਿਸ ਨੂੰ ਆਪਣੇ ਸਵਾਰਥ ਤੋਂ ਅੱਗੇ ਕੁਝ ਦਿਖਾਈ ਹੀ ਨਹੀਂ ਦਿੰਦਾ ਪਰ ਫਿਰ ਇਕ ਦਮ ਖ਼ਿਆਲ ਆਇਆ ਕਿ ਇਸ ਵਿਚਾਰੀ ਨੂੰ ਤਾਂ ਪਤਾ ਹੀ ਨਹੀਂ ਕਿ ਹੋਮਿਓਪੈਥੀ ਨੇ ਕੀ ਮਾਅਰਕਾ ਮਾਰਿਆ ਹੈ। ਇਸ ਨੂੰ ਤਾਂ ਕਿਸੇ ਨੇ ਦਸਿਆ ਹੀ ਨਹੀਂ ਕਿ ਇਸ ਦੇ ਸ਼ੌਹਰ ਨੂੰ ਕਿਸ ਮਰਜ ਨੇ ਘੇਰਿਆ ਹੋਇਆ ਸੀ। ਪਤੀ ਦਾ ਕੈਂਸਰ ਤਾਂ ਉਸ ਲਈ ਪੱਤ ਓਹਲੇ ਪਹਾੜ ਹੀ ਬਣਿਆ ਰਿਹਾ ਸੀ। ਇਸ ਵਿਚਾਰ ਦੇ ਆਗਮਨ ਨੇ ਉਸ ਦਾ ਕਸੂਰ ਧੋ ਦਿਤਾ ਤੇ ਮੇਰੇ ਮਨ ਦਾ ਮੈਲ ਵੀ। ਉਹ ਫਿਰ ਮੈਨੂੰ ਕੰਵਲ ਵਾਂਗ ਨਿਰਮਲ ਲੱਗਣ ਲੱਗੀ।

ਦਿਲ ਕੀਤਾ ਦੱਸ ਦੇਵਾਂ ਕਿ ਕਲਾਕਾਰ ਤਾਂ ਮੈਂ ਹਾਂ ਪਰ ਉਹ ਨਹੀਂ ਜਿਹੜਾ ਤੂੰ ਸੋਚਦੀ ਐਂ ਪਰ ਉਸ ਦੇ ਸ਼ੌਹਰ ਨੂੰ ਦਿਤੇ ਬਚਨ ਤੇ ਆਪਣੀ ਪ੍ਰੋਫ਼ੈਸ਼ਨਲ ਨੈਤਿਕਤਾ ਦੇ ਬੰਧਨ ਕਾਰਨ ਮੈਂ ਚੁਪ ਰਿਹਾ।

*ਫੋਨ:(408) 821-6898

ਕਹਾਣੀ

# ਇਕ ਹਉਕਾ

ਅੰਮ੍ਰਿਤਾ ਪ੍ਰੀਤਮ

ਕਰਮੋ ਨੇ ਗੜਵੇ ਵਿਚ ਲੱਸੀ ਪੁਆਈ ਤੇ ਫੇਰ ਅਧਿਉਂ ਵੀ ਬਹੁਤੇ ਖਾਲੀ ਗੜਵੇ ਨੂੰ ਵੇਂਹਦੀ ਹੋਈ ਆਖਣ ਲੱਗੀ, ''ਅਜ ਵਡੀ ਸਰਦਾਰਨੀ ਨਹੀਂ ਦਿਸੀ, ਕਿਤੇ ਸੁਖ ਨਾਲ ਰਾਜੀ ਤੇ ਹੈ?''

ਸਰਦਾਰਨੀ ਨਿਹਾਲ ਕੌਰ ਹੁਣੇ ਘੜੀ ਕੁ ਪਹਿਲਾਂ ਚੌਂਕੇ ਵਿਚ ਆਈ ਸੀ। ਚੁਲ੍ਹੇ ਉਤੇ ਰਿਝਦੀ ਖੀਰ ਹੇਠਾਂ ਅਗ ਦਾ ਭਾਂਬੜ ਵੇਖ ਕੇ ਉਸ ਲਕੜਾਂ ਪਿਛਾਂਹ ਖਿਚ ਦਿਤੀਆਂ ਸਨ। ''ਵੀਰੋ ਕੁੜੀਏ! ਖੀਰਾਂ ਕਦੇ ਏਡੀ ਅੱਗ ਤੇ ਵੀ ਰਿਝਦੀਆਂ ਨੇ? ਖੀਰ ਹੇਠਾਂ ਡਾਢੀ ਮਠੀ ਅੱਗ ਬਾਲੀ ਦੀ ਏ,'' ਉਸ ਨੇ ਆਖਿਆ ਸੀ ਤੇ ਫੇਰ ਚੁਲ੍ਹੇ ਦੇ ਕੋਲ ਲਕੜ ਦੀ ਪਟੜੀ ਡਾਹ ਕੇ, ਉਹ ਪਟੜੀ ਉਤੇ ਬਹਿੰਦੀ ਖੀਰ ਦੇ ਪਤੀਲੇ ਵਿਚ ਕੜਛੀ ਫੇਰਨ ਲਗ ਪਈ ਸੀ। ਸਵੇਰੇ ਦਹੀਂ ਦੀ ਚਾਟੀ ਉਸ ਨੇ ਆਪ ਰਿੜਕੀ ਸੀ, ਪਰ ਲੱਸੀ ਪੁਣਦੀ ਨੇ ਵੀਰੋ ਨੂੰ ਆਖਿਆ ਸੀ ਕਿ ਉਹ ਹੁਣ ਘੜੀ ਕੁ ਆਰਾਮ ਕਰੇਗੀ, ਜਿਹੜਾ ਵੀ ਕੰਮੀ ਕਮੀਣ ਆਵੇ ਵੀਰੋ ਉਸ ਨੂੰ ਲੱਸੀ ਦੇ ਦੇਵੇ।

ਸ਼ਾਇਦ ਹੋਰਨਾਂ ਕੰਮੀਆਂ ਨੇ ਵੀ ਲੱਸੀ ਲੈਣ ਲਗਿਆਂ ਇਹ ਗੱਲ ਪੁਛੀ ਹੋਵੇਗੀ, ਪਰ ਨਿਹਾਲ ਕੌਰ ਨੂੰ ਪਤਾ ਨਹੀਂ, ਉਹ ਅੰਦਰਲੇ ਕਮਰੇ ਵਿਚ ਸੀ। ਪਰ ਇਸ ਵੇਲੇ ਜਦੋਂ ਉਹ ਚੌਂਕੇ ਵਿਚ ਬੈਠੀ ਹੋਈ ਸੀ, ਤਾਂ ਦਹਿਲੀਜ਼ਾਂ ਤੋਂ ਬਾਹਰ ਬੈਠੀ ਹੋਈ ਕਰਮੋ ਦੀ ਆਵਾਜ਼ ਉਸ ਨੇ ਆਪ ਸੁਣੀ।

''ਰਾਜ਼ੀ ਆਂ ਕਰਮੋ! ਤੂੰ ਰਾਜ਼ੀ ਏਂ?'' ਨਿਹਾਲ ਕੌਰ ਨੇ ਅੰਦਰੋਂ ਆਵਾਜ਼ ਦਿਤੀ। ਕਰਮੋ ਨੇ ਛੇਤੀ ਨਾਲ ਦਹਿਲੀਜ਼ਾਂ ਦੇ ਕੋਲ ਆ ਕੇ ਅੰਦਰ ਵਲ ਝਾਕਿਆ ਤੇ ਆਪਣੇ ਇਕ ਹੱਥ ਨੂੰ ਮੱਥੇ ਨਾਲ ਛੁਹਾਂਦੀ ਆਖਣ ਲੱਗੀ, ''ਤੈਨੂੰ ਸੱਤੇ ਖੈਰਾਂ ਸਰਦਾਰਨੀ! ਅੱਜ ਤੈਨੂੰ ਡਿੱਠਾ ਨਹੀਂ ਸੀ। ਮੈਂ ਆਖਿਆ ਮੇਰੀ ਸਰਦਾਰਨੀ ਵੱਲ ਹੋਵੇ ਸਹੀ!''

ਕੰਮੀ ਕਮੀਣ ਸਾਰੇ ਹੀ ਨਿਹਾਲ ਕੌਰ ਦੀਆਂ ਬਲਾਈਂ ਲੈਂਦੇ ਸਨ, ਇਹ ਨਵੀਂ ਗੱਲ ਨਹੀਂ ਸੀ, ਪਰ ਤਾਂ ਵੀ ਨਿਹਾਲ ਕੌਰ ਨੂੰ ਜਾਪਿਆ ਕਿ ਕਰਮੋ ਨੇ ਲੱਸੀ ਲੈਂਦਿਆਂ ਹੀ ਜਿਹੜਾ ਉਹਨੂੰ ਯਾਦ ਕੀਤਾ ਸੀ, ਜ਼ਰੂਰ ਕੋਈ ਹੋਰ ਗੱਲ ਸੀ। ਤਾਂਹੀਉਂ ਜੁ ਨਿਹਾਲ ਕੌਰ ਨੇ ਕਰਮੋ ਵਲ ਵੇਖਿਆ ਤਾਂ ਕਰਮੋ ਨੇ ਗੜਵੇ ਦਾ ਮੂੰਹ ਉੜਾ ਕੇ ਉਹਦੇ ਵਲ ਕੀਤਾ ਹੋਇਆ ਸੀ। ਨਿਹਾਲ ਕੌਰ ਸਮਝ ਗਈ, ਤੇ ਵੀਰੋ ਵਲ ਵੇਖਦੀ ਆਖਣ ਲੱਗੀ, ''ਮਖੇ! ਕਰਮੋ ਨੂੰ ਗੜਵਾ ਭਰ ਦਿਆ ਕਰ, ਇਹਦੇ ਨਿਕੇ ਨਿਕੇ ਜੀਅ ਨੇ ਲੱਸੀ ਪੀਣ ਵਾਲੇ।''

''ਰੱਬ ਤੈਨੂੰ ਬਹੁਤ ਦਏ! ਤੇਰੇ ਹਥ ਏਨੇ ਸਬਰ-ਕੱਤੇ ਨੇ ਕਿ ਅੰਜਾਣੇਂ ਦੋ-ਦੋ ਵਾਰਾਂ ਲੱਸੀ ਚਾੜ੍ਹ ਜਾਂਦੇ ਨੇ,'' ਹੋਰ ਲੱਸੀ ਲੈਂਦੀ ਕਰਮੋ ਨੇ ਆਖਿਆ। ਤੇ ਭਾਵੇਂ ਇਸ ਵੇਲੇ ਉਸ ਨੂੰ ਲੱਸੀ ਦੇਂਦੇ ਹੱਥ ਵੀਰੋ ਦੇ ਸਨ ਪਰ ਕਰਮੋ ਜੋ ਕੁਝ ਆਖਦੀ ਪਈ ਸੀ, ਉਹ ਨਿਹਾਲ ਕੌਰ ਦੇ ਹਥਾਂ ਨੂੰ ਆਖਦੀ ਪਈ ਸੀ।

ਕਰਮੋ ਚਲੀ ਗਈ ਤਾਂ ਨਿਹਾਲ ਕੌਰ ਨੂੰ ਉਹਦੀਆਂ ਅਸੀਸਾਂ ਭੁਲ ਗਈਆਂ। ਸਿਰਫ ਉਹਦਾ ਆਖਿਆ ਹੋਇਆ ਇਕੋ ਲਫਜ਼ ਚੇਤੇ ਰਹਿ ਗਿਆ ''ਵਡੀ ਸਰਦਾਰਨੀ....।''

ਨਿਹਾਲ ਕੌਰ ਇਕ ਦਿਨ ਵਿਚ ਸਰਦਾਰਨੀ ਤੋਂ ਵਡੀ ਸਰਦਾਰਨੀ ਬਣ ਗਈ ਸੀ। ਪਤਾ ਨਹੀਂ ਉਸ ਨੂੰ ਵਡੀ ਸਰਦਾਰਨੀ ਕਹਿਣ ਦਾ ਖਿਆਲ ਸਭ ਤੋਂ ਪਹਿਲਾਂ ਕਿਸ ਨੂੰ ਆਇਆ ਸੀ। ਸ਼ਾਇਦ ਸਾਰਿਆਂ ਨੂੰ ਇਕਠਿਆਂ ਹੀ ਆ ਗਿਆ ਸੀ। ਘਰ ਦੀ ਮਹਿਰੀ ਤੋਂ ਲੈ ਕੇ ਕਾਰਖਾਨੇ ਦੇ ਸਾਰੇ ਮੁਨਸ਼ੀ ਮੁਨੀਮ ਤੇ ਕੰਮੀ ਕਮੀਣ ਉਸ ਨੂੰ ਵਡੀ ਸਰਦਾਰਨੀ ਕਹਿਣ ਲਗ ਪਏ ਸਨ। ਏਥੋਂ ਤਕ ਕਿ ਘਰ ਦੇ ਮਾਲਕ ਸਰਦਾਰ ਨੇ ਵੀ ਕਲ੍ਹ ਉਸਨੂੰ ਵਡੀ ਸਰਦਾਰਨੀ ਆਖ ਕੇ ਬੁਲਾਇਆ ਸੀ। ਤੇ ਫੇਰ ਨਿਹਾਲ ਕੌਰ ਨੂੰ ਖਿਆਲ ਆਇਆ ਕਿ ਪਰਸੋਂ ਉਸਨੇ ਆਪ ਹੀ ਤਾਂ ਮਹਿਰੀ ਨੂੰ ਆਖਿਆ ਸੀ ਕਿ ਜਾਹ ਛੋਟੀ ਸਰਦਾਰਨੀ ਨੂੰ ਉਹਦੇ ਕਮਰੇ ਵਿਚੋਂ ਬੁਲਾ ਲਿਆ। ''ਸੋ ਜੇ ਕੋਈ ਛੋਟੀ ਸਰਦਾਰਨੀ ਹੋਵੇ ਤਾਂ ਵਡੀ ਸਰਦਾਰਨੀ ਆਪੇ ਹੀ ਬਣ ਜਾਣੀ ਸੀ।''

ਨਿਹਾਲ ਕੌਰ ਨੂੰ ਖਿਆਲ ਆਇਆ, ਤੇ ਫੇਰ ਕਿੰਨੇ ਹੀ ਖਿਆਲ ਨਿੱਕੇ ਨਿੱਕੇ ਚੌਲਾਂ ਵਾਂਗ ਉਹਦੇ ਮਨ ਦੇ ਦੁਧ ਵਿਚ ਰਿਝਣ ਲਗ ਪਏ। ਰਿਝਦੇ ਖਿਆਲਾਂ ਵਿਚੋਂ ਇਕ ਖਿਆਲ ਇਹ ਵੀ ਸੀ ਕਿ ਵੀਰੋ ਜਦੋਂ ਦੀ ਇਸ ਘਰ ਵਿਚ ਛੋਟੀ ਸਰਦਾਰਨੀ ਬਣ ਕੇ ਆਈ ਸੀ, ਉਦੋਂ ਦੀ ਉਹ ਰਾਤ ਨੂੰ ਸੌਣ ਲਗਿਆਂ ਇਕ ਨੇਮ ਵਾਂਗ ਨਿਹਾਲ ਕੌਰ ਦੇ ਕਮਰੇ ਵਿਚ ਆਉਂਦੀ ਸੀ ਤੇ ਉਹਦੀ ਮੰਜੀ ਦੀ ਹੀਂਹ ਉਤੇ ਬਹਿ ਕੇ ਉਹਦੇ ਪੈਰ ਘੁਟਦੀ ਸੀ। ਨਿਹਾਲ ਕੌਰ ਨੇ ਨਾ ਧੀ ਦੀ ਡੋਲੀ ਤੋਰੀ ਸੀ ਤੇ ਨਾ ਪੁਤਰ ਦੀ ਡੋਲੀ ਲਿਆਉਣੀ ਸੀ, ਪਰ ਜਦੋਂ ਉਹਦੇ ਹਥੀਂ ਵਿਆਹੀ ਸੌਕਣ ਉਹਦੇ ਪੈਰ ਘੁਟਦੀ ਸੀ ਤਾਂ ਨਿਹਾਲ ਕੌਰ ਨੂੰ ਜਾਪਦਾ ਸੀ ਕਿ ਉਹਨੇ ਧੀ ਵੀ ਵੇਖ ਲਈ ਤੇ ਨੂੰਹ ਵੀ। ਤੇ ਨਿਹਾਲ ਕੌਰ ਨੇ ਇਕ ਡੂੰਘਾ ਸਾਹ ਭਰ ਕੇ ਬੜੇ ਹਸਦੇ ਹੋਠਾਂ ਨਾਲ ਆਪਣੇ ਆਪ ਨੂੰ ਮਨਾ ਲਿਆ ਸੀ ਕਿ ਵੀਰੋ ਉਹਦੀ ਧੀ ਵੀ ਸੀ ਤੇ ਨੂੰਹ ਵੀ।

ਨਿਹਾਲ ਕੌਰ ਨੇ ਆਪਣੇ ਸਰਦਾਰ ਦੇ ਦੂਜੇ ਵਿਆਹ ਲਈ ਇਹ ਕੁੜੀ ਵੀਰੋ ਆਪ ਹੀ ਲਭੀ ਸੀ। ਸਾਕ ਚੰਗੇ ਘਰਾਂ ਤੋਂ ਵੀ ਮਿਲਦੇ ਸਨ, ਪਰ ਉਹ ਸਾਰੇ ਸਰਦਾਰ ਨੂੰ ਨਹੀਂ ਸਰਦਾਰ ਦੀ ਹਵੇਲੀ ਨੂੰ ਮਿਲਦੇ ਸਨ। ਸਰਦਾਰ ਦੀ ਸਿਆਣੀ ਉਮਰ ਤੋਂ ਡਰਦੇ, ਜਿਹੜੇ ਵੀ ਸਾਕ ਲੈ ਕੇ ਆਉਂਦੇ ਸਨ, ਉਹ ਸਾਕ ਕਰਨ ਤੋਂ ਪਹਿਲਾਂ ਹਵੇਲੀ ਨੂੰ ਆਪਣੀ ਧੀ ਦੇ ਨਾਂ ਕਰਵਾ ਲੈਣਾ ਚਾਹੁੰਦੇ ਸਨ। ਸਰਦਾਰ ਆਪਣੀ ਹਵੇਲੀ ਦਾ ਵਾਰਸ ਜ਼ਰੂਰ ਲਭਦਾ ਸੀ ਪਰ ਹਵੇਲੀ ਨੂੰ ਉਸ ਔਰਤ ਦੇ ਨਾਂ ਨਹੀਂ ਸੀ ਕਰ ਸਕਦਾ, ਜਿਹਦੀ ਕੁਖ ਨੇ ਵਾਰਸ ਤੇ ਪਤਾ ਨਹੀਂ ਕਦੋਂ ਜੰਮਣਾ ਸੀ, ਹਾਲ ਦੀ ਘੜੀ ਸਿਰਫ ਉਹਦੀ ਭਵਿਖਵਾਣੀ ਕਰਨੀ ਸੀ।

ਤੇ ਸਰਦਾਰ ਨੇ ਦੂਜਾ ਵਿਆਹ ਕਰਨ ਤੋਂ ਨਾਂਹ ਕਰ ਦਿਤੀ ਸੀ। ਪਰ ਇਸ ਨਾਂਹ ਵਿਚ ਇਕ ਹਉਕਾ ਰਲਿਆ ਹੋਇਆ ਸੀ। ਨਿਹਾਲ ਕੌਰ ਨੇ ਇਹ ਹਉਕਾ ਸੁਣਿਆ ਸੀ ਤੇ ਇੰਜ ਉਸਨੇ ਇਕ ਬੜੇ ਨਿਮਾਣੇ ਜਿਹੇ ਘਰ ਦੀ ਇਹ ਵੀਰੋ ਲਭ ਕੇ ਆਪਣੇ ਸਰਦਾਰ ਨੂੰ ਦੇ ਦਿਤੀ ਸੀ ਤੇ ਉਹਦੇ ਬਦਲੇ ਵਿਚ ਉਹਦਾ ਹਉਕਾ ਆਪ ਲੈ ਲਿਆ ਸੀ।

ਇਕ ਦਿਨ ਸਰਦਾਰ ਨੇ ਕੰਧ ਵਿਚ ਲਗੀ ਹੋਈ ਆਪਣੀ ਲੋਹੇ ਦੀ ਅਲਮਾਰੀ ਖੋਲ੍ਹੀ ਤਾਂ ਕਿੰਨਾ ਚਿਰ ਖੁਲ੍ਹੀ ਅਲਮਾਰੀ ਦੇ ਅਗੇ ਖਲੋਤਾ ਕੁਝ ਸੋਚਦਾ ਰਿਹਾ। ''ਵਡੀ ਸਰਦਾਰਨੀ ਕਿਥੇ ਗਈ ਏ?'' ਸਰਦਾਰ ਨੇ ਵੀਰੋ ਨੂੰ ਕਾਹਲਿਆਂ ਪੈ ਕੇ ਪੁਛਿਆ। ਵੱਡੀ ਸਰਦਾਰਨੀ ਘਰ ਨਹੀਂ ਸੀ। ਸਰਦਾਰ ਨੇ ਅਲਮਾਰੀ ਬੰਦ ਕਰਕੇ ਚਾਬੀ ਬੋਝੇ ਵਿਚ ਪਾ ਲਈ ਤੇ ਕਾਰਖਾਨੇ ਜਾਂਦਾ ਵੀਰੋ ਨੂੰ ਆਖ ਗਿਆ ਕਿ ਨਿਹਾਲ ਕੌਰ ਜਿਸ ਵੇਲੇ ਵੀ ਘਰ ਆਵੇ ਉਹ ਹੇਠਾਂ ਮੁਨਸ਼ੀ ਨੂੰ ਆਵਾਜ਼ ਦੇ ਕੇ ਮੈਨੂੰ ਕਾਰਖਾਨੇ ਵਿਚ ਸੁਨੇਹਾ ਭੇਜ ਦੇਵੇ। ਨਿਹਾਲ ਕੌਰ ਜਿਸ ਵੇਲੇ ਆਈ ਵੀਰੋ ਬਾਹਰਲੇ ਖੁਰੇ ਉਤੇ ਬੜੀ ਘਾਬਰੀ ਹੋਈ ਬੈਠੀ ਹੋਈ ਸੀ। ਉਸ ਨੂੰ ਹੁਣੇ ਇਕ ਉਲਟੀ ਆਈ ਸੀ।

ਨਿਹਾਲ ਕੌਰ ਨੇ ਵੀਰੋ ਦੀ ਬਾਂਹ ਥੰਮੀ, ਉਹਦੇ ਮੋਢੇ ਘੁਟੇ ਤੇ ਉਹਨੂੰ ਮੰਜੀ ਉਤੇ ਲਿਟਾਇਆ। ਪਰ ਵੀਰੋ ਨੇ ਕੰਬਦੇ ਕੰਬਦੇ ਪੈਰ ਮੰਜੀ ਤੋਂ ਥਲੇ ਲਾਹੇ ਤੇ ਉੜ ਕੇ ਨਿਹਾਲ ਕੌਰ ਦੇ ਪੈਰ ਫੜ ਲਏ।

''ਸਰਦਾਰਨੀ! ਤੂੰ ਮੈਨੂੰ ਇਕ ਦਿਨ ਆਖਿਆ ਸੀ ਕਿ ਮੈਂ ਤੇਰੀ ਧੀ ਵੀ ਹਾਂ ਤੇ ਨੂੰਹ ਵੀ। ਅਜ ਮੈਨੂੰ ਭਾਵੇਂ ਆਪਣੀ ਧੀ ਸਮਝ ਕੇ ਬਚਾ ਲੈ ਭਾਵੇਂ ਨੂੰਹ ਸਮਝ ਕੇ''। ਵੀਰੋ ਵਿਲਕ ਉਠੀ ਤੇ ਵਿਲਕਦੀ ਵਿਲਕਦੀ ਵੀਰੋ ਨੇ ਨਿਹਾਲ ਕੌਰ ਨੂੰ ਦਸਿਆ ਕਿ ਪਿਛੇ ਜਦੋਂ ਉਹਦਾ ਭਰਾ ਉਹਨੂੰ ਮਿਲਣ ਆਇਆ ਸੀ ਤਾਂ ਉਹਦੇ ਭਰਾ ਨੂੰ ਪੈਸਿਆਂ ਦੀ ਡਾਢੀ ਲੋੜ ਸੀ। ਵੀਰੋ ਨੇ ਉਸ ਨੂੰ ਕੁਝ ਪੈਸੇ ਵੀ ਦਿਤੇ ਸਨ ਪਰ ਪੈਸੇ ਉਹਦੇ ਕੋਲ ਬੜੇ ਥੋੜੇ ਸਨ, ਇਸ ਲਈ ਉਸਨੇ ਸਰਦਾਰ ਦੇ ਬੋਝੇ ਵਿਚੋਂ ਅਲਮਾਰੀ ਦੀ ਚਾਬੀ ਚੁਰਾ ਕੇ ਲੋਹੇ ਦੀ ਅਲਮਾਰੀ ਖੋਲ੍ਹੀ ਸੀ ਤੇ ਅਲਮਾਰੀ ਵਿਚੋਂ ਚਾਂਦੀ ਦੇ ਭਾਂਡੇ ਕਢ ਕੇ ਆਪਣੇ ਭਰਾ ਨੂੰ ਦੇ ਦਿਤੇ ਸਨ।

''ਇਹ ਤੇਰਾ ਆਪਣਾ ਘਰ ਏ ਵੀਰੋ! ਜੇ ਤੂੰ ਆਪਣੇ ਘਰ ਨੂੰ ਆਪਣੇ ਹਥੀਂ ਉਜਾੜੇਂਗੀ.....।'' ਗੱਲ ਅਜੇ ਨਿਹਾਲ ਕੌਰ ਦੇ ਮੂੰਹ ਵਿਚ ਸੀ, ਵੀਰੋ ਤਮਕ ਉਠੀ, ''ਇਹ ਘਰ ਨਾ ਮੈਨੂੰ ਕਦੇ ਆਪਣਾ ਲੱਗਾ ਏ, ਨਾ ਲਗਣਾ ਏ, ਪਰ ਇਹ ਮੈਂ ਤੇਰੇ ਨਾਲ ਇਕਰਾਰ ਕਰਨੀ ਆਂ ਸਰਦਾਰਨੀ ਕਿ ਅਗੋਂ ਮੈਂ ਕਦੀ ਇਸ ਘਰ ਦੀ ਕੋਈ ਚੀਜ਼ ਕਿਸੇ ਨੂੰ ਨਹੀਂ ਦਿਆਂਗੀ। ਮੈਂ ਉਸ ਦਿਨ ਵੀ ਗਲਤੀ ਕੀਤੀ ਸੀ। ਐਵੇਂ ਕਰ ਬੈਠੀ, ਪਿਛੋਂ ਪਛਤਾ ਗਈ ਸਾਂ। ਤੈਨੂੰ ਪਤਾ ਏ ਮੇਰਾ ਵਿਆਹ ਕਰਨ ਲਗਿਆਂ ਮੇਰੇ ਪਿਉ ਨੇ ਮੇਰੇ ਭਰਾ ਦੇ ਕਾਰੋਬਾਰ ਦਾ ਵਾਸਤਾ ਪਾ ਕੇ ਤੇਰੇ ਕੋਲੋਂ ਦੋ ਹਜਾਰ ਰੁਪਿਆ ਮੰਗਿਆ ਸੀ। ਤੂੰ ਦੋ ਹਜਾਰ ਰੁਪਿਆ ਦੇ ਦਿਤਾ। ਮੇਰੇ ਪਿਉ ਨੇ ਵਿਆਹ ਕਰ ਦਿਤਾ। ਮੈਨੂੰ ਵੇਚਣ ਵਿਚ ਕੀ ਕਸਰ ਰਹਿ ਗਈ? ਦੋ ਹਜਾਰ ਪਿਛੇ ਮੈਨੂੰ ਇਸ ਬੁਢੇ ਸਰਦਾਰ ਦੇ ਪੱਲੇ ਪਾ ਦਿਤਾ। ਮੇਰੇ ਪਿਉ ਤੇ ਭਰਾ ਕਾਹਦੇ ਸੱਕੇ ਨੇ...ਮੈਂ ਕਿਸੇ ਦਾ ਘਰ ਉਜਾੜ ਕੇ ਉਨ੍ਹਾਂ ਦਾ ਘਰ ਕਿਉਂ ਭਰਾਂ...।''

''ਵੀਰੋ...।'' ਨਿਹਾਲ ਕੌਰ ਤ੍ਰਭਕ ਕੇ ਵੀਰੋ ਦੇ ਮੂੰਹ ਵਲ ਵੇਖਣ ਲਗ ਪਈ।

ਨਿਹਾਲ ਕੌਰ ਨੇ ਵੀਰੋ ਦੀ ਲਾਜ ਰਖ ਲਈ। ਸਰਦਾਰ ਨੂੰ ਕਹਿ ਦਿਤਾ ਕਿ ਅਲਮਾਰੀ ਵਿਚ ਪਏ ਹੋਏ ਚਾਂਦੀ ਦੇ ਭਾਂਡੇ ਬੜੇ ਪੁਰਾਣੇ ਢੰਗ ਦੇ ਸਨ, ਉਹਨੇ ਉਹ ਭਾਂਡੇ ਕਢ ਕੇ ਤੇ ਕੁਝ ਚਾਂਦੀ ਆਪਣੇ ਕੋਲੋਂ ਪਾ ਕੇ ਸੁਨਿਆਰੇ ਨੂੰ ਨਵੇਂ ਭਾਂਡੇ ਘੜਨੇ ਦਿਤੇ ਹੋਏ ਸਨ।

ਸਰਦਾਰ ਦਾ ਫਿਕਰ ਮੁਕ ਗਿਆ ਪਰ ਨਿਹਾਲ ਕੌਰ ਜਦੋਂ ਵੀ ਵੀਰੋ ਦੇ ਮੂੰਹ ਵਲ ਵੇਖਦੀ, ਉਹਦੇ ਮਨ ਵਿਚ ਇਕ ਫਿਕਰ ਛਿੜ ਪੈਂਦਾ। ਵੀਰੋ ਦੀਆਂ ਕਾਲੀਆਂ ਭੌਰਿਆਂ ਵਰਗੀਆਂ ਅੱਖਾਂ ਸਨ। ਰੰਗ ਜ਼ਰਾ ਕੁ ਸੌਲਾ ਸੀ ਪਰ ਸੌਲੇ ਰੰਗ ਵਿਚ ਜਵਾਨੀ ਪੀਡੇ ਆਟੇ ਵਾਂਗ ਗੁਝੀ ਹੋਈ ਸੀ। ਉਹਦੀਆਂ ਬਾਹਵਾਂ ਵੇਲਣਿਆਂ ਵਾਂਗ ਗੋਲ ਤੇ ਪੀਡੀਆਂ ਸਨ, ਮਾਸ ਉਤੇ ਚੂੰਢੀ ਨਹੀਂ ਸੀ ਭਰੀ ਜਾਂਦੀ। ਨਿਹਾਲ ਕੌਰ ਨੂੰ ਜਾਪਣ ਲਗ ਪਿਆ ਕਿ ਸਰਦਾਰ ਕੋਲੋਂ ਜਿਹੜਾ ਹਉਕਾ ਲੈ ਕੇ ਉਸ ਨੇ ਆਪਣੇ ਜਿੰਮੇ ਪਾ ਲਿਆ ਸੀ, ਵੀਰੋ ਨੇ ਉਹੀ ਹਉਕਾ ਉਹਦੇ ਕੋਲੋਂ ਲੈ ਕੇ ਆਪਣੀ ਛਾਤੀ ਵਿਚ ਪਾ ਲਿਆ ਸੀ।

ਤੇ ਫੇਰ ਵੀਰੋ ਨੂੰ ਦਿਨ ਚੜ੍ਹ ਗਏ। ਹਵੇਲੀ ਬਹੁਤ ਵਡੀ ਸੀ, ਪਰ ਮੁਬਾਰਕਾਂ ਏਨੀਆਂ ਸਨ ਕਿ ਕਿ ਹਵੇਲੀ ਵਿਚ ਮਿਉਂਦੀਆਂ ਨਹੀਂ ਸਨ। ਸਰਦਾਰ ਦਾ ਪੈਰ ਭੋਏਂ ਤੇ ਨਹੀਂ ਸੀ ਲਗਦਾ, ਤੇ ਨਿਹਾਲ ਕੌਰ ਵੀਰੋ ਨੂੰ ਪੈਰ ਭੋਏਂ ਤੇ ਨਹੀਂ ਸੀ ਲਾਉਣ ਦੇਂਦੀ ਪਰ ਲੋਕ ਨਾ ਸਰਦਾਰ ਨੂੰ ਏਨੀਆਂ ਮੁਬਾਰਕਾਂ ਦੇਂਦੇ ਸਨ, ਨਾ ਵੀਰੋ ਨੂੰ, ਜਿੰਨੀਆਂ ਨਿਹਾਲ ਕੌਰ ਨੂੰ।

''ਮੈਂ ਜੰਮਦਾ ਝੋਲੀ ਪੁਆ ਲੈਣਾ ਏ, ਪਿਛੋਂ ਨਾ ਆਖੀਂ। ਮੈਂ ਵਡੀ ਸਰਦਾਰਨੀ ਆਂ, ਤੂੰ ਛੋਟੀ ਸਰਦਾਰਨੀ ਏਂ, ਸੋ ਪਹਿਲਾ ਪੁਤਰ ਵੀ ਵਡੀ ਦਾ। ਪਿਛੋਂ ਹੋਰ ਜਿਹੜੇ ਜੰਮੇਂਗੀ ਉਹ ਤੇਰੇ,'' ਨਿਹਾਲ ਕੌਰ ਹੱਸ ਕੇ ਵੀਰੋ ਨੂੰ ਆਖਦੀ। ਨਿਹਾਲ ਕੌਰ ਨੂੰ ਆਪ ਨਹੀਂ ਸੀ ਪਤਾ ਲਗਦਾ ਪਿਆ ਕਿ ਉਹਦੇ ਮਨ ਵਿਚ ਕੋਈ ਗੁਝਾ ਛਿਪਾ ਵੀ ਮਲਾਲ ਕਿਉਂ ਨਹੀਂ ਸੀ। ਉਹਨੇ ਆਪਣੇ ਹਥੀਂ ਆਪਣਾ ਖਾਵੰਦ ਇਕ ਪਰਾਈ ਔਰਤ ਨੂੰ ਦੇ ਦਿਤਾ ਸੀ ਤੇ ਹੁਣ ਉਸ ਨੇ ਸਾਰੀ ਜ਼ਮੀਨ ਜਾਇਦਾਦ ਵੀ ਇਕ ਪਰਾਈ ਔਰਤ ਦੇ ਪੁੱਤਰ ਨੂੰ ਦੇ ਦੇਣੀ ਸੀ।

''ਟੂਣੇਹਾਰੀਏ! ਮੈਂ ਕਿਹੜੇ ਵੇਲੇ ਤੈਨੂੰ ਆਪਣੀ ਨੂੰਹ ਤੇ ਧੀ ਆਖਿਆ ਸੀ। ਮੈਂ ਸਚੀ ਮੁਚੀਂ ਇਕ ਸੱਸ ਮਾਂ ਵਾਂਗ ਖੁਸ਼ ਹਾਂ। ਮੈਨੂੰ ਕਦੀ ਇਹ ਚੇਤਾ ਨਹੀਂ ਰਹਿੰਦਾ ਕਿ ਤੂੰ ਮੇਰੀ...,'' ਨਿਹਾਲ ਕੌਰ ਦੀ ਇਸ ਗੱਲ ਨੂੰ ਵੀਰੋ ਟੁਕ ਦਿੰਦੀ ਤੇ ਹੱਸ ਕੇ ਆਖਦੀ, ''ਸਰਦਾਰਨੀ ਮੈਂ ਭਾਵੇਂ ਤੇਰੀ ਕੁਝ ਲਗਨੀ ਆਂ ਤੇ ਭਾਂਵੇ ਨ੍ਹੀਂ, ਪਰ ਇਹ ਮੈਨੂੰ ਪਤਾ ਏ ਕਿ ਮੈਂ ਤੇਰੀ ਸੌਂਕਣ ਨਹੀਂ ਲਗਦੀ।''

ਨਿਹਾਲ ਕੌਰ ਨੇ ਤਰਖਾਣ ਕੋਲੋਂ ਜਿਹੜਾ ਭੰਗੂੜਾ ਬਣਵਾਇਆ ਉਸ ਭੰਗੂੜੇ ਨੂੰ ਚਾਂਦੀ ਦੀਆਂ ਘੰਟੀਆਂ ਬੰਨ੍ਹੀਆਂ, ਸੁਚੇ ਪਟ ਦੀ ਉਸ ਨੇ ਨਿਕੀ ਜਿਹੀ ਰਜਾਈ ਬਣਵਾਈ। ਸ਼ਹਿਰ ਦਾ ਇਕ ਅੰਗ੍ਰੇਜ਼ ਅਫਸਰ ਇਕ ਮਹੀਨੇ ਛੁਟੀ ਵਲਾਇਤ ਚਲਿਆ ਸੀ, ''ਵਲੈਤੀ ਸਵੈਟਰ ਰੇਸ਼ਮ ਵਰਗੇ ਹੁੰਦੇ ਨੇ,'' ਨਿਹਾਲ ਕੌਰ ਨੇ ਆਖਿਆ ਸੀ ਤੇ ਉਸ ਅੰਗ੍ਰੇਜ਼ ਅਫਸਰ ਨੂੰ ਪੱਕੀ ਕੀਤੀ ਕਿ ਉਹ ਨਿਕੇ ਨਿਕੇ ਦੋ ਸਵੈਟਰ ਉਥੋਂ ਖਰੀਦ ਕੇ ਜ਼ਰੂਰ ਲਿਆਵੇ।

ਆਪਣੇ ਵੇਲੇ ਨਿਹਾਲ ਕੌਰ ਨੇ ਸਿਆਣੀਆਂ ਦਾਈਆਂ ਨੂੰ ਵੀ ਵਿਖਾਇਆ ਸੀ ਤੇ ਵਡੇ ਸ਼ਹਿਰਾਂ ਵਿਚ ਜਾ ਕੇ ਡਾਕਟਰਾਂ ਨੂੰ ਵੀ ਪਰ ਆਪਣੇ ਵੇਲੇ ਕਦੇ ਕਿਸੇ ਦੇ ਦੇਵਤੇ ਦੀ ਮੰਨਤ ਨਹੀਂ ਸੀ ਮੰਨੀ। ਵੀਰੋ ਨੂੰ ਜਦੋਂ ਪੂਰੇ ਤਿੰਨ ਦਿਨ ਲਕ ਵਿਚ ਪੀੜ ਹੁੰਦੀ ਰਹੀ, ਤੇ ਇਕ ਦਿਨ ਜ਼ਰਾ ਕੁ ਖੂਨ ਦਾ ਦਾਗ ਵੀ ਲਗ ਗਿਆ ਤਾਂ ਨਿਹਾਲ ਕੌਰ ਨੇ ਉਸ ਦਿਨ ਆਪਣੀ ਜਿੰਦਗੀ ਵਿਚ ਪਹਿਲੀ ਵਾਰ ਸੁਖਣਾ ਸੁਖੀ।

ਇਹ ਨਾਜ਼ ਕਰਨ ਦਾ ਵੇਲਾ ਸੀ। ਵੀਰੋ ਚਾਹੁੰਦੀ ਤਾਂ ਦੂਰ ਦਸੌਰ ਦੀਆਂ ਫਰਮਾਇਸ਼ਾਂ ਵੀ ਪਾ ਸਕਦੀ ਸੀ। ਸਰਦਾਰ ਹੁਣ ਉਹਦੇ ਮੂੰਹ ਵਲ ਵੇਖਦਾ ਉਹਦੇ ਮੂੰਹ ਦਾ ਬੋਲ ਉਡੀਕਦਾ ਸੀ। ਪਰ ਨਿਹਾਲ ਕੌਰ ਨੂੰ ਪਤਾ ਸੀ ਕਿ ਵੀਰੋ ਦੀ ਸੰਗ ਅਜੇ ਵੀ ਏਨੀ ਸੀ ਕਿ ਉਹਨੇ ਨਿਗੂਣੀ ਆਚਾਰ ਦੀ ਫਾੜੀ ਵੀ ਮੰਗਣੀ ਹੁੰਦੀ ਤਾਂ ਦੋ ਵਾਰੀ ਝਕ ਕੇ ਨਿਹਾਲ ਕੌਰ ਦੇ ਮੂੰਹ ਵਲ ਵੇਖਦੀ। ਇਸ ਲਈ ਨਿਹਾਲ ਕੌਰ ਆਪ ਹੀ ਵੀਰੋ ਦੇ ਮਨ ਦਾ ਖਿਆਲ ਰਖਦੀ ਸੀ। ਏਸ ਸਾਰੇ ਵੇਲੇ ਵਿਚ ਵੀਰੋ ਨੇ ਆਪਣੇ ਮੂੰਹੋਂ ਜੇ ਕੁਝ ਜ਼ੋਰ ਨਾਲ ਆਖਿਆ ਸੀ ਤਾਂ ਇਕੋ ਗੱਲ ਆਖੀ ਸੀ ਕਿ ''ਵਿਹੜੇ ਵਿਚ ਰੱਸੀ ਨਾਲ ਟੰਗੇ ਹੋਏ ਗੋਂਗਲੂਆਂ ਦੇ ਹਾਰ ਲਾਹ ਕੇ ਪਰ੍ਹਾਂ ਰਖ ਦਿਉ। ਇਹਨਾਂ ਨੂੰ ਵੇਖ ਕੇ ਮੇਰੇ ਜੀਅ ਨੂੰ ਕੁਝ ਹੁੰਦਾ ਏ। ਗੋਂਗਲੂਆਂ ਦੀਆਂ ਕਚਰੀਆਂ ਇਸ ਤਰ੍ਹਾਂ ਜਾਪਦੀਆਂ ਨੇ ਜਿਵੇਂ ਕਿਸੇ ਦਾ ਮਾਸ ਪਿਲ ਪਿਲ ਕਰਦਾ ਹੋਵੇ,'' ਵੀਰੋ ਨੇ ਆਖਿਆ ਸੀ ਤੇ ਸੁਕਦੇ ਗੋਂਗਲੂਆਂ ਵਲ ਵੇਖਦੀ ਉਬਾਕਣ ਲਗ ਪਈ ਸੀ।

ਫੇਰ ਵੀਰੋ ਦੇ ਮਨ ਵਿਚ ਪਤਾ ਨਹੀਂ ਕੀ ਆਇਆ। ਜਦੋਂ ਉਸ ਨੂੰ ਨੌਵਾਂ ਮਹੀਨਾ ਲਗ ਪਿਆ ਤਾਂ ਉਸ ਨੇ ਜਿਦ ਫੜ ਲਈ ਕਿ ਉਹ ਆਪਣੇ ਪੇਕੇ ਘਰ ਆਪਣਾ ਜਣੇਪਾ ਕਟੇਗੀ। ਸਰਦਾਰ ਉਹਦੀ ਜਿਦ ਨਹੀਂ ਸੀ ਮੰਨਦਾ। ਨਿਹਾਲ ਕੌਰ ਉਹਦੇ ਵਾਸਤੇ ਪਾਂਦੀ ਸੀ ਪਰ ਵੀਰੋ ਨੇ ਇਕੋ ਹੀ ਹਠ ਫੜ ਲਿਆ ਸੀ ਕਿ ਉਹਦੇ ਪਿੰਡ ਇਕ ਬੁਢੀ ਦਾਈ ਬੜੀ ਸਿਆਣੀ ਏ। ਉਹਨੂੰ ਸਿਰਫ ਉਸੇ ਦਾਈ ਉਤੇ ਇਤਬਾਰ ਹੈ, ਹੋਰ ਕਿਸੇ ਉਤੇ ਨਹੀਂ ਤੇ ਉਸ ਨੂੰ ਯਕੀਨ ਹੈ ਕਿ ਜੇ ਉਹ ਇਥੇ ਰਹੀ ਤਾਂ ਸ਼ਹਿਰੀ ਡਾਕਟਰਨੀਆਂ ਦੇ ਹਥੋਂ ਜ਼ਰੂਰ ਮਰ ਜਾਏਗੀ।

''ਇਹ ਡਰ ਬੜਾ ਮਾੜਾ ਹੁੰਦਾ ਏ'' ਡਾਕਟਰਾਂ ਨੇ ਵੀ ਸਰਦਾਰ ਨੂੰ ਸਲਾਹ ਦਿਤੀ। ਪਰ ਸਰਦਾਰ ਦੇ ਮਨ ਵਿਚ ਕੁਝ ਹੋਰ ਹੀ ਡਰ ਸੀ। ਉਹ ਨਿਹਾਲ ਕੌਰ ਨੂੰ ਇੱਕਲਵਾਂਝੇ ਲਿਜਾ ਕੇ ਆਖਣ ਲੱਗਾ, ''ਮੈਨੂੰ ਡਰ ਏ ਕਿ ਜੇ ਇਹਨੂੰ ਉਥੇ ਕੁੜੀ ਹੋਈ ਤਾਂ ਇਹਦੇ ਮਾਪਿਆਂ ਨੇ ਕਿਸੇ ਦੇ ਮੁੰਡੇ ਨਾਲ ਉਹ ਕੁੜੀ ਵਟਾ ਦੇਣੀ ਏਂ। ਮੈ ਅਗੇ ਇਹੋ ਜਿਹੀਆਂ ਕਈ ਗੱਲਾਂ ਸੁਣੀਆਂ ਹੋਈਆਂ ਨੇ। ਉਨ੍ਹਾਂ ਨੂੰ ਲਾਲਚ ਹੁੰਦਾ ਏ ਕਿ ਮੁੰਡਾ ਹੋਵੇਗਾ ਤਾਂ ਵਡਾ ਹੋ ਕੇ ਜਾਇਦਾਦ ਦਾ ਵਾਰਸ ਬਣੇਗਾ।''

''ਫੇਰ ਇਹਦਾ ਤੇ ਇਹੋ ਇਲਾਜ ਏ ਕਿ ਮੈਂ ਇਹਦੇ ਨਾਲ ਚਲੀ ਜਾਨੀ ਆਂ। ਮੇਰੇ ਕੋਲ ਹੁੰਦਿਆਂ ਉਹ ਕੁਝ ਨਹੀਂ ਕਰ ਸਕਣਗੇ,'' ਨਿਹਾਲ ਕੌਰ ਨੇ ਸੋਚ ਸੋਚ ਕੇ ਆਖਿਆ। ਸਰਦਾਰ ਮੰਨ ਗਿਆ। ਵੀਰੋ ਨੇ ਵੀ ਕੋਈ ਉਜਰ ਨਾ ਕੀਤਾ। ਨਿਹਾਲ ਕੌਰ ਨੇ ਘਰ ਦੀ ਮਹਿਰੀ ਨੂੰ ਵੀ ਸੇਵਾ ਕਰਨ ਲਈ ਨਾਲ ਲੈ ਲਿਆ, ਤੇ ਵੀਰੋ ਨੂੰ ਲੈ ਕੇ ਵੀਰੋ ਦੇ ਪੇਕੇ ਚਲੀ ਗਈ।

ਵੀਰੋ ਦਾ ਜਣੇਪਾ ਔਖਾ ਨਹੀਂ ਸੀ। ਉਹ ਭਰ ਜਵਾਨ ਸੀ, ਤੰਦਰੁਸਤ ਵੀ ਬੜੀ ਸੀ। ਉਹਦੀ ਮਾਂ ਤੇ ਭਰਜਾਈ ਵੀ ਉਹਨੂੰ ਮਜਾਕ ਕਰਦੀਆਂ ਸਨ। ''ਇਹ ਤੇ ਐਵੇਂ ਡਰਦੀ ਏ। ਪੁਤਰ ਜੰਮਣ ਦਾ ਕੀ ਹੁੰਦਾ ਏ, ਇਕ ਚੀਕ ਮਾਰੀ ਤੇ ਪੁਤਰ ਜੰਮ ਛਡਿਆ।''

ਨਿਹਾਲ ਕੌਰ ਨੇ ਵੀਰੋ ਦੇ ਪੇਕਿਆਂ ਤੇ ਕਿਸੇ ਤਰ੍ਹਾਂ ਦਾ ਵੀ ਭਾਰ ਨਹੀਂ ਸੀ ਪੈਣ ਦਿਤਾ। ਖੁਲ੍ਹੇ ਹਥੀਂ ਖਰਚ ਕਰਦੀ ਸੀ। ਸਾਰੇ ਉਸ ਨੂੰ ਸਰਦਾਰਨੀ ਸਰਦਾਰਨੀ ਆਖਦੇ ਥਕਦੇ ਨਹੀਂ ਸਨ। ਨਿਹਾਲ ਕੌਰ ਹਸ ਕੇ ਆਖਦੀ ''ਇਕ ਚੀਕ ਮਾਰੀ ਤਾਂ ਪੁਤਰ ਜੰਮ ਛਡਿਆ, ਪਰ ਜੇ ਧੀ ਜੰਮਣੀ ਹੋਵੇ ਤਾਂ...।''

ਵੀਰੋ ਦੀ ਭਰਜਾਈ ਖਿੜ ਖਿੜ ਹਸਦੀ ਆਖਦੀ ''ਦੋ ਚੀਕਾਂ ਮਾਰੀਆਂ ਤੇ ਧੀ ਜੰਮ ਛਡੀ''।

''ਧੀ ਦੀ ਵਾਰੀ ਦੋ ਚੀਕਾਂ?'' ਨਿਹਾਲ ਕੌਰ ਹਸ ਕੇ ਪੁਛਦੀ।

''ਇਕ ਚੀਕ ਪੀੜ ਦੀ, ਤੇ ਇਕ ਚੀਕ ਗ਼ਮ ਦੀ,'' ਵੀਰੋ ਦੀ ਭਰਜਾਈ ਆਖਦੀ, ''ਖੁਸ਼ੀਆਂ ਤੇ ਪੁਤਰਾਂ ਦੀਆਂ ਹੁੰਦੀਆਂ ਨੇ ਧੀਆਂ ਦੀ ਕਾਹਦੀ ਖੁਸ਼ੀ!''

ਨਿਹਾਲ ਕੌਰ ਨੂੰ ਭਾਵੇਂ ਆਪਣੇ ਮਨ ਵਿਚ ਇਕ ਵਾਰੀ ਡਾਢੀ ਚੀਸ ਪਈ, ''ਮੈਂ ਤਾਂ ਜਿੰਦਗੀ ਵਿਚ ਨਾ ਇਕ ਚੀਕ ਮਾਰ ਕੇ ਵੇਖੀ ਨਾ ਦੋ'' ਪਰ ਉਸ ਨੇ ਆਪਣੇ ਹਸਦੇ ਹੋਠਾਂ ਨਾਲ ਆਪਣੀ ਚੀਸ ਨੂੰ ਇਸ ਤਰ੍ਹਾਂ ਪੀ ਲਿਆ ਕਿ ਉਸ ਦੀ ਚੀਸ ਵੀ ਉਹਦੇ ਮੂੰਹ ਵਲ ਵੇਖ ਕੇ ਸ਼ਰਮਿੰਦੀ ਹੋ ਗਈ।

ਤੇ ਫਿਰ ਜਿਸ ਰਾਤ ਵੀਰੋ ਨੂੰ ਪੀੜਾਂ ਛਿੜੀਆਂ ਉਹਦੇ ਦੰਦਾਂ ਹੇਠਾਂ ਦਿਤੇ ਹੋਏ ਜਵਾਨ ਹੋਠਾਂ ਨੇ ਉਹਨਾਂ ਪੀੜਾਂ ਨੂੰ ਇਸ ਤਰ੍ਹਾਂ ਜਰ ਲਿਆ ਕਿ ਦੂਜੇ ਕੰਨ ਆਵਾਜ਼ ਨਾ ਪਹੁੰਚੀ। ਸਿਰਫ ਇਕੋ ਵਾਰੀ ਉਹਦੀ ਇਕ ਚੀਕ ਸੁਣਾਈ ਦਿਤੀ ਤੇ ਫੇਰ ਦਾਈ ਨੇ ਵੀਰੋ ਦੀ ਸਰਹਾਂਦੀ ਵਲ ਬੈਠੀ ਹੋਈ ਨਿਹਾਲ ਕੌਰ ਵਲ ਵੇਖ ਕੇ ਆਖਿਆ ''ਸਰਦਾਰਨੀ ! ਮੁਬਾਰਖਾਂ ਹੋਣ! ਆ ਤੇਰੀ ਝੋਲੀ ਪੁਤਰ ਨਾਲ ਭਰ ਦਿਆਂ!''

ਨਿਹਾਲ ਕੌਰ ਨੇ ਮੁੰਡੇ ਨੂੰ ਵੀ ਝੋਲੀ ਵਿਚ ਪਾਇਆ, ਮੁਬਾਰਕਾਂ ਨੂੰ ਵੀ। ਪਰ ਸਵੇਰ ਸਾਰ ਜਿਸ ਵੇਲੇ ਉਹ ਸਰਦਾਰ ਨੂੰ ਤਾਰ ਦੇਣ ਲਗੀ ਤਾਂ ਵੀਰੋ ਨੇ ਨਿਹਾਲ ਕੌਰ ਨੂੰ ਆਪਣੇ ਕੋਲ ਬੁਲਾ ਕੇ ਆਪਣੇ ਦੋਵੇਂ ਹਥ ਉਹਦੇ ਪੈਰਾਂ ਉਤੇ ਰਖ ਦਿਤੇ। ''ਸਰਦਾਰਨੀ! ਮੈਂ ਜੱਗ ਜਹਾਨ ਅਗੇ ਝੂਠ ਬੋਲ ਸਕਨੀ ਆਂ, ਪਰ ਤੇਰੇ ਅਗੇ ਨਹੀਂ। ਇਹ ਮੁੰਡਾ ਤੇਰੇ ਸਰਦਾਰ ਦਾ ਨਹੀਂ।''

''ਵੀਰੋ'' ਨਿਹਾਲ ਕੌਰ ਨੂੰ ਜਾਪਿਆ ਉਹਦੀ ਜੀਭ ਥਥਲਾਂਦੀ ਪਈ ਸੀ। ''ਮੈਂ ਸਰਦਾਰ ਦੀ ਦੇਣਦਾਰ ਨਹੀਂ ਪਰ ਤੇਰੀ ਦੇਣਦਾਰ ਹਾਂ। ਇਹ ਮੁੰਡਾ ਜੇ ਨਿਰਾ ਸਰਦਾਰ ਦੇ ਵਿਹੜੇ ਵਿਚ ਖੇਡਣਾ ਹੁੰਦਾ, ਮੈਨੂੰ ਕੋਈ ਉਜਰ ਨਹੀਂ ਸੀ, ਪਰ ਮੈਂ ਇਹ ਤੇਰੀ ਝੋਲੀ ਨਹੀਂ ਪਾ ਸਕਦੀ। ਇਹ ਤੇਰੀ ਝੋਲੀ ਦੇ ਕਾਬਲ ਨਹੀਂ।''

''ਕੀ ਪਈ ਆਖਣੀ ਏਂ ਵੀਰੋ...?''

''ਕੀਤਾ ਤਾਂ ਮੈਂ ਹਾਸੇ ਭਾਣੇ ਸੀ, ਪਰ ਹਾਸੇ ਦਾ ਵਿਨਾਸਾ ਖੌਰੇ ਇੰਜ ਹੀ ਹੁੰਦਾ ਏ। ਪਰ ਤੈਨੂੰ ਸਚੀਂ ਦੱਸਾਂ, ਮੈਨੂੰ ਆਪਣੇ ਲਈ ਕੋਈ ਪਛਤਾਵਾ ਨਹੀਂ। ਜੇ ਕੋਈ ਪਛਤਾਵਾ ਏ ਤਾਂ ਤੇਰੇ ਲਈ।''

''ਵੀ...ਰੋ...।''

''ਤੈਨੂੰ ਯਾਦ ਏ ਮੈਂ ਇਕ ਫੇਰਾ ਪੇਕੇ ਆਈ ਸਾਂ। ਪਿਛਲੇ ਵਰ੍ਹੇ...ਤੁਹਾਡਾ ਮੁਨਸ਼ੀ ਮੇਰੇ ਨਾਲ ਆਇਆ ਸੀ, ਮੈਨੂੰ ਪੇਕਿਆਂ ਨੂੰ ਮਿਲਾਣ ਲਈ...ਇਥੇ ਸਾਰੇ ਪਿੰਡ ਵਿਚ ਇਕ ਗੱਲ ਫੈਲੀ ਹੋਈ ਸੀ ਕਿ ਮੇਰੇ ਮਾਪਿਆਂ ਨੇ ਰੁਪਈਆ ਲੈ ਕੇ ਮੈਨੂੰ ਇਕ ਬੁਢੇ ਸਰਦਾਰ ਨਾਲ ਵਿਆਹ ਦਿਤਾ ਸੀ। ਸਰਦਰ ਕਦੇ ਇਸ ਪਿੰਡ ਨਹੀਂ ਆਇਆ। ਮੇਰਾ ਪਿਉ ਹੀ ਮੈਨੂੰ ਤੁਹਾਡੇ ਸ਼ਹਿਰ ਲੈ ਗਿਆ ਸੀ, ਤੇ ਗੁਰਦੁਆਰੇ ਵਿਚ ਲਾਵਾਂ ਪੜ੍ਹਾ ਕੇ ਤੁਹਾਡੇ ਘਰ ਛਡ ਆਇਆ ਸੀ...ਮੈਂ ਜਦੋਂ ਪਿੰਡ ਆਈ, ਜਣੀ ਖਣੀ ਨੇ ਮੈਨੂੰ ਪੁਛਿਆ ਕਿ ਸਰਦਾਰ ਕਿੰਨਾ ਕੁ ਬੁਢਾ ਸੀ। ਮੈਨੂੰ ਕੀ ਸੁਝੀ, ਮੈਂ ਉਨ੍ਹਾਂ ਨੂੰ ਗਲੋਂ ਲਾਹਣ ਲਈ ਆਖ ਦਿਤਾ ਕਿ ਮੇਰਾ ਵਿਆਹ ਬੁਢੇ ਨਾਲ ਨਹੀਂ ਹੋਇਆ। ਤੁਹਾਡਾ ਮੁਨਸ਼ੀ ਬੜਾ ਜਵਾਨ ਸੀ, ਸੋਹਣਾ ਵੀ ਸੀ। ਮੈਂ ਉਨ੍ਹਾਂ ਨੂੰ ਵਿਖਾਇਆ ਤੇ ਆਖਿਆ ਕਿ ਉਹ ਮੇਰਾ ਘਰਵਾਲਾ ਸੀ। ਸਾਰੀਆਂ ਮੇਰੀ ਕਿਸਮਤ ਤੇ ਹੈਰਾਨ ਹੋ ਗਈਆਂ। ਮੁਨਸ਼ੀ ਨੂੰ ਮੈਂ ਇਹ ਗੱਲ ਦੱਸ ਦਿਤੀ। ਉਹਨੇ ਵੀ ਮਚਲ ਮਾਰ ਛਡੀ ਤੇ ਜਦੋਂ ਮੇਰੀਆਂ ਸਹੇਲੀਆਂ ਨੇ ਉਹਦੇ ਕੋਲੋਂ ਕਲੀਚੜੀਆਂ ਮੰਗੀਆਂ ਤਾਂ ਉਹਨੇ ਸੁਨਿਆਰੇ ਕੋਲੋਂ ਚਾਂਦੀ ਦੀਆਂ ਕਲੀਚੜੀਆਂ ਖਰੀਦ ਕੇ ਉਨ੍ਹਾਂ ਨੂੰ ਵੰਡ ਦਿਤੀਆਂ। ਪੰਜ ਛੇ ਦਿਨ ਮੈਂ ਇਥੇ ਰਹੀ। ਰੋਜ਼ ਹਾਸਾ ਠੱਠਾ ਕਰਦਿਆਂ ਮੈਨੂੰ ਵੀ ਇਹ ਜਾਪਣ ਲਗ ਪਿਆ ਕਿ ਮੇਰਾ ਵਿਆਹ ਉਹਦੇ ਨਾਲ ਹੀ ਹੋਇਆ ਸੀ, ਹੋਰ ਕਿਸੇ ਨਾਲ ਨਹੀਂ।''

''ਸਾਡਾ ਮੁਨਸ਼ੀ ਮਦਨ ਸਿੰਘ!''

''ਮੈਂ ਹੁਣ ਪਰਤ ਕੇ ਸਰਦਾਰ ਦੇ ਘਰ ਨਹੀਂ ਜਾਣਾ, ਨਾ ਏਸ ਮੁੰਡੇ ਨੂੰ ਲਿਜਾਣਾ ਏ। ਮੈਂ ਇਸ ਲਈ ਜਿਦ ਬੰਨ੍ਹ ਕੇ ਏਥੇ ਆਈ ਸਾਂ। ਮੇਰੀ ਕੀਤੀ ਮੇਰੇ ਅਗੇ। ਮੈਂ ਹੋਰ ਤੇਰੇ ਕੋਲੋਂ ਕੁਝ ਨਹੀਂ ਮੰਗਦੀ, ਸਰਦਾਰਨੀ! ਬਸ ਇਕੋ ਗੱਲ ਮੰਗਨੀ ਆਂ ਕਿ ਸਰਦਾਰ ਨੂੰ ਉਸ ਮੁਨਸ਼ੀ ਦਾ ਨਾਂ ਨਾ ਦਸੀਂ, ਨਹੀਂ ਤੇ ਉਹ ਮੁਨਸ਼ੀ ਨੂੰ ਨੌਕਰੀ ਤੋਂ ਕਢ ਦੇਵੇਗਾ।''

''ਪਰ ਮਦਨ ਸਿੰਘ ਦਾ ਵਿਆਹ ਹੋਇਆ ਏ। ਵੀਰੋ ਉਹਦੇ ਘਰ ਦੋ ਬਾਲ ਨੇ।''

''ਏਸੇ ਲਈ ਉਹ ਡਰਦਾ ਏ ਕਿ ਜੇ ਸਰਦਾਰ ਨੂੰ ਪਤਾ ਲਗ ਗਿਆ ਤਾਂ ਉਹਦੀ ਨੌਕਰੀ ਜਾਂਦੀ ਰਹੇਗੀ। ਉਹਨੇ ਕਿਹੜਾ ਮੈਨੂੰ ਆਪਣੇ ਘਰ ਵਸਾਣਾ ਏਂ ਜੁ ਮੈਂ ਉਹਦੀ ਨੌਕਰੀ ਛੁੜਵਾਵਾਂ...ਉਹ ਜਿਥੇ ਰਵ੍ਹੇ ਰਾਜੀ ਰਵ੍ਹੇ...ਉਹ ਜਾਣੇ, ਮੈਂ ਇਕ ਵਾਰੀ ਵੇਖਿਆ ਤੇ ਸਹੀ ਕਿ ਜਵਾਨ ਆਦਮੀ ਕਿਹੋ ਜਿਹਾ ਹੁੰਦਾ ਏ...।''

ਨਿਹਾਲ ਕੌਰ ਨੇ ਘਬਰਾ ਕੇ ਅੱਖਾਂ ਮੀਟ ਲਈਆਂ ਤੇ ਫੇਰ ਜਿਸ ਵੇਲੇ ਉਹਨੇ ਅਖਾਂ ਖੋਲ੍ਹੀਆਂ, ਵੀਰੋ ਦੀ ਝੋਲੀ ਪਿਆ ਪਿਆ ਉਹਦਾ ਪੁਤਰ ਉਹਦੀ ਛਾਤੀ ਵਿਚੋਂ ਦੁਧ ਪੀਣ ਲਈ ਮੂੰਹ ਮਾਰਦਾ ਪਿਆ ਸੀ। ਨਿਹਾਲ ਕੌਰ ਨੂੰ ਜਾਪਿਆ-ਸਰਦਾਰ ਦਾ ਜਿਹੜਾ ਹਉਕਾ ਉਸ ਨੇ ਆਪਣੇ ਜ਼ਿੰਮੇ ਲੈ ਲਿਆ ਸੀ, ਤੇ ਵੀਰੋ ਨੇ ਉਹੀ ਹਉਕਾ ਉਹਦੇ ਕੋਲੋਂ ਲੈ ਕੇ ਆਪਣੀ ਛਾਤੀ ਵਿਚ ਪਾ ਲਿਆ ਸੀ: ਇਹ ਮੁੰਡਾ ਐਸ ਵੇਲੇ ਉਸੇ ਹਉਕੇ ਨੂੰ ਵੀਰੋ ਦੀ ਛਾਤੀ ਵਿਚੋਂ ਪੀਣ ਦੀ ਕੋਸ਼ਿਸ਼ ਕਰਦਾ ਪਿਆ ਸੀ।

# ਗੁਰਬਾਣੀ ਅਨੁਸਾਰ ਹਉਮੈ ਤੇ ਸ਼ਬਦ ਦੇ ਸਹਿਯੋਗ ਦਾ ਮਾਰਗ

**-ਅਮਰਜੀਤ ਸਿੰਘ ਗਰੇਵਾਲ**

ਇਕ ਹਉਮੈ ਅਤੇ ਮਾਇਆ ਦੇ ਤਿਆਗ ਰਾਹੀਂ ਸੁੰਨ ਸਥਿਤੀ ਦੇ ਅਨੁਭਵ ਦਾ ਸ਼ਬਦ ਮਾਰਗ ਹੈ। ਦੂਸਰਾ ਹਉਮੈ ਅਤੇ ਮਾਇਆ ਦੀ ਸ਼ਕਤੀ ਅਧੀਨ ਮਨੁੱਖੀ ਚੇਤਨਾ ਦਾ ਅੰਤਰ-ਸਬੰਧਤ ਅਨੰਤਤਾ ਵਲ ਵਧਣ ਦਾ ਹਉਮੈ ਮਾਰਗ। ਪਹਿਲਾ ਪੂਰਬੀ ਰਹੱਸਵਾਦੀਆਂ ਵਲੋਂ ਅਪਨਾਇਆ ਗਿਆ ਗਿਆਨ ਮਾਰਗ ਹੈ। ਦੂਸਰਾ ਪੱਛਮ ਵਲੋਂ ਪ੍ਰਚਾਰਿਆ ਗਿਆ ਵਿਗਿਆਨਕ ਖੋਜ ਦਾ ਰਸਤਾ। ਇਕ ਸਭ ਕਾਸੇ ਨੂੰ ਤਿਆਗਦਾ ਹੋਇਆ ਸੁੰਨ ਵਲ ਨੂੰ ਜਾਂਦਾ ਹੈ। ਦੂਸਰਾ ਅੰਤਰ-ਸਬੰਧਤਾ ਦੇ ਫੈਲ ਰਹੇ ਨੈਟਵਰਕ ਰਾਹੀਂ ਅਨੰਤਤਾ ਵਲ ਵਧ ਰਿਹਾ ਹੈ। ਪਰ ਦੋਨੋਂ ਹੈਨ ਇਕ ਹੀ ਕਿਉਂਕਿ ਅਨੰਤ ਹੀ ਸੁੰਨ ਹੈ ਅਤੇ ਸੁੰਨ ਵਿਚ ਹੀ ਅਨੰਤਤਾ ਦੀ ਇਕਾਗਰਤਾ ਦਾ ਰਹੱਸ ਹੈ।

ਪੂਰਬੀ ਚਿੰਤਕਾਂ ਨੇ ਸ਼ਬਦ ਦੇ ਮਾਰਗ ਨੂੰ ਹਉਮੈ, ਸਮਾਜ, ਦੁਨੀਆਂਦਾਰੀ ਆਦਿ ਸਭ ਕਾਸੇ ਨਾਲੋਂ ਕੱਟ ਕੇ ਇਕ ਵਿਅਕਤੀਗਤ ਮੁਕਤੀ ਦਾ ਮਾਰਗ ਬਣਾ ਦਿੱਤਾ ਹੈ। ਪੱਛਮੀ ਚਿੰਤਕਾਂ ਨੇ ਇਸ ਦੇ ਉਲਟ ਨਿੱਜੀ ਪਰਿਵਾਰਿਕ ਜਾਂ ਕੌਮੀ ਮੁਨਾਫੇ ਲਈ ਵਿਗਿਆਨ ਨੂੰ ਧਰਤੀ ਅਤੇ ਸਮਾਜ ਦੀ ਲੁੱਟ ਖਸੁੱਟ ਦਾ ਦੁਨਿਆਵੀ ਮਾਰਗ ਬਣਾ ਦਿੱਤਾ।

2. ਵਿਰੋਧੀ ਮਾਰਗ ਹੋਣ ਦੇ ਬਾਵਜੂਦ ਵੀ ਦੋਹਾਂ ਵਿਚਕਾਰ ਇਕ ਨਿਰੰਤਰ ਸਹਿਯੋਗ ਚਲਿਆ ਆ ਰਿਹਾ ਹੈ। ਇਸ ਸਹਿਯੋਗ ਦੇ ਕਾਰਨ ਹੀ ਦੋਨੋਂ ਮਾਰਗ ਵੱਖੋ ਵੱਖਰੇ ਰਸਤਿਆਂ ਉਪਰ ਅਗਾਂਹ ਵਧ ਰਹੇ ਹਨ। ਇਹ ਬੜਾ ਜਟਿਲ ਰਿਸ਼ਤਾ ਹੈ। ਗੁਰੂ ਨਾਨਕ ਸਾਹਿਬ ਨੇ ਦੋਨੋਂ ਰਸਤਿਆਂ ਦਾ ਅਧਿਐਨ ਕੀਤਾ ਅਤੇ ਮਨੁੱਖੀ ਵਿਕਾਸ ਦੇ ਪ੍ਰਬੰਧ ਵਿਚ ਦੋਨਾਂ ਦੇ ਮਹੱਤਵ ਨੂੰ ਸਮਝਿਆ।

ਹਉਮੈ ਅਤੇ ਨਾਮ ਦੇ ਮੂਲ ਵਿਰੋਧ (''ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥'') ਦੇ ਬਾਵਜੂਦ ਗੁਰੂ ਸਾਹਿਬ ਨੇ ਦੋਨਾਂ ਵਿਚਕਾਰ ਸੰਵਾਦ ਨੂੰ ਹੀ ਇਤਿਹਾਸਕ ਪ੍ਰਕ੍ਰਿਆ ਦਾ ਆਧਾਰ ਮੰਨਿਆ- ''ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ।''

3. ਹਉਮੈ ਕਾਰਨ ਮਨੁੱਖ ਦੀ ਭੁੱਖ ਕਦੇ ਵੀ ਪੂਰੀ ਨਹੀਂ ਹੁੰਦੀ। ਇਸ ਦੀ ਪੂਰਤੀ ਲਈ ਉਸ ਨੂੰ ਕੇਵਲ ਨਵੇਂ ਵਸੀਲਿਆਂ ਅਤੇ ਨਵੀਂ ਤਕਨਾਲੋਜੀ ਦੀ ਹੀ ਨਹੀਂ ਸਗੋਂ ਧਰਤੀ ਤੇ ਸਮਾਜ ਦੀ ਲੁੱਟ ਖਸੁੱਟ ਦੇ ਨਵੇਂ ਤੌਰ ਤਰੀਕਿਆਂ ਦੀ ਵੀ ਲਗਾਤਾਰ ਲੋੜ ਪੈਂਦੀ ਰਹਿੰਦੀ ਹੈ। ਇਹ ਵਿਗਿਆਨਕ ਅਤੇ ਤਕਨੀਕੀ ਖੋਜ ਦਾ ਕੰਮ ਹੈ, ਜੋ ਪੂਰੀ ਤਰ੍ਹਾਂ ਨਾਲ ਸ਼ਬਦ ਚਿੰਤਨ ਉਪਰ ਹੀ ਨਿਰਭਰ ਕਰਦਾ ਹੈ। ਵਿਗਿਆਨਕ ਖੋਜ ਇਕ ਸਮਾਜਕ ਪ੍ਰਕਿਰਿਆ ਹੈ ਜਿਹੜੀ ਕਿ ਸ਼ਬਦ ਦੇ ਵਿਗਿਆਨਕ ਪ੍ਰਯੋਗ ਨਾਲ ਸਬੰਧਤ ਸਭਿਆਚਾਰਕ ਪ੍ਰਕਿਰਿਆ ਵਿਚੋਂ ਉਪਜਦੀ ਹੈ। ਗਿਆਨ ਵਿਗਿਆਨ ਅਤੇ ਤਕਨਾਲੋਜੀ ਦੀ ਹੀ ਗੱਲ ਨਹੀਂ, ਸਮੁੱਚਾ ਸਭਿਆਚਾਰ ਹੀ ਸ਼ਬਦ (ਚਿਹਨਕ ਪ੍ਰਕਿਰਿਆ) ਦੀ ਉਪਜ ਹੁੰਦਾ ਹੈ। ਕਿਉਂਕਿ ਸ਼ਬਦ (ਜਾਂ ਚਿਹਨਕ) ਪ੍ਰਕਿਰਿਆ ਪੂਰੀ ਤਰ੍ਹਾਂ ਨਾਲ ਸਮਾਜਕ ਪ੍ਰਕਿਰਿਆ ਹੈ, ਇਸ ਲਈ ਪੂਰਾ ਸਭਿਆਚਾਰਕ ਉਤਪਾਦਨ ਇਕ ਸਮਾਜਕ ਪ੍ਰਕਿਰਿਆ ਹੈ।

ਮਨੁੱਖ ਆਪਣੀ ਨਿੱਜੀ ਭੁੱਖ ਦੀ ਤ੍ਰਿਪਤੀ ਲਈ ਸ਼ਬਦ ਦੀ ਸਮਾਜਕ ਪ੍ਰਕਿਰਿਆ ਉਪਰ ਹੀ ਨਿਰਭਰ ਕਰਦਾ ਹੈ। ਮਨੁੱਖੀ ਸਮਾਜ ਵਿਚ ਇਹ ਵਿਰੋਧਭਾਸ ਹਮੇਸ਼ਾ ਹੀ ਬਣਿਆ ਰਹਿੰਦਾ ਹੈ ਕਿਉਂਕਿ ਸਭਿਆਚਾਰਕ (ਆਰਥਕ ਪੈਦਾਵਾਰ ਵੀ ਇਸੇ ਵਿਚ ਸ਼ਾਮਲ ਹੈ) ਉਤਪਾਦਨ ਵਿਧੀ ਸਮਾਜਕ ਵਰਤਾਰਾ ਹੈ, ਪਰ ਇਸ ਸਮਾਜਕ ਉਤਪਾਦਨ ਵਿਧੀ ਰਾਹੀਂ ਪੈਦਾ ਹੋਈਆਂ ਵਸਤਾਂ ਨੂੰ ਹਥਿਆਉਣ ਦੀ ਲਾਲਸਾ ਮਨੁੱਖ ਦੀ ਨਿੱਜੀ ਹਉਮੈ ਵਿਚ ਪਈ ਹੋਈ ਹੈ।

ਕਿਉਂਕਿ ਮਨੁੱਖ ਦੀ ਲਾਲਸਾ, ਭੁੱਖ ਜਾਂ ਹਉਮੈ ਅਸੀਮ ਹੈ, ਇਸ ਲਈ ਸਭਿਆਚਾਰਕ ਪ੍ਰੈਕਟਿਸ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰਹਿੰਦਾ ਹੈ ਅਤੇ ਇਸ ਪ੍ਰਕਿਰਿਆ ਰਾਹੀਂ ਸ਼ਬਦ ਆਪਣੇ ਨਿਰਪੇਖ ਸਰੂਪ ਨੂੰ ਪ੍ਰਗਟ ਕਰਨ ਦੀ ਦਿਸ਼ਾ ਵਿਚ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਇਸੇ ਪ੍ਰਕਿਰਿਆ ਰਾਹੀਂ ਮਨੁੱਖ ਜਾਤੀ ਕਬੀਲਿਆਂ, ਰਾਜਾਂ, ਸਭਿਆਚਾਰਕ ਸੰਗਠਨਾਂ, ਕੌਮੀਅਤਾਂ ਆਦਿ ਵਿਚੋਂ ਦੀ ਲੰਘਦੀ ਹੋਈ ਵਿਸ਼ਵ ਏਕਤਾ ਵਲ ਵਧ ਰਹੀ ਹੈ। ਹਉਮੈ (ਮਨੁੱਖ ਦੀ ਨਿੱਜੀ ਭੁੱਖ) ਅਤੇ ਸ਼ਬਦ (ਸਭਿਆਚਾਰਕ ਉਤਪਾਦਨ ਦੀ ਸਮਾਜਕ ਪਰਕਿਰਿਆ) ਦੇ ਵਿਰੋਧਭਾਸ ਵਿਚੋਂ ਹੀ ਮਨੁੱਖੀ ਸਮਾਜ ਦਾ ਵਿਕਾਸ ਸੰਭਵ ਹੋ ਪਾਉਂਦਾ ਹੈ। ਇਹ ਮੁਢਲਾ ਵਿਰੋਧਾਭਾਸ ਹੀ ਮਨੁੱਖੀ ਇਤਿਹਾਸ ਦਾ ਆਧਾਰ ਬਣਦਾ ਹੈ।

4. ਮਨੁੱਖ ਤੋਂ ਬਿਨਾਂ ਬਾਕੀ ਸਾਰੇ ਜੀਵ ਆਪਣੇ ਆਪ ਨੂੰ ਚੌਗਿਰਦੇ ਦੀਆਂ ਤਬਦੀਲੀਆਂ ਅਨੁਸਾਰ ਢਾਲਣ ਲਈ ਜਨੈਟਿਕ ਵਿਕਾਸ ਪ੍ਰਕਿਰਿਆ ਦਾ ਸਹਾਰਾ ਲੈਂਦੇ ਹਨ। ਉਦਾਹਰਣ ਦੇ ਤੌਰ 'ਤੇ ਠੰਢੇ ਇਲਾਕਿਆਂ ਵਿਚ ਰਹਿਣ ਵਾਲੇ ਜੀਵਾਂ ਨੂੰ ਸਰਦੀ ਦਾ ਮੁਕਾਬਲਾ ਕਰਨ ਵਾਸਤੇ ਜੀਨਾਂ ਦੀ ਤਬਦੀਲੀ ਉੱਪਰ ਨਿਰਭਰ ਕਰਨਾ ਪੈਂਦਾ ਹੈ। ਜੀਨਾਂ ਦੀ ਤਬਦੀਲੀ ਕਾਰਨ ਹੀ ਉਨ੍ਹਾਂ ਦੇ ਸਰੀਰ ਉਪਰ ਸੰਘਣੀ ਜੱਤ ਪੈਦਾ ਹੁੰਦੀ ਹੈ। ਇਸ ਜਨੈਟਿਕ ਵਿਰਾਸਤ ਦਾ ਫੇਰ ਜੀਨਾਂ ਰਾਹੀਂ ਹੀ ਸੰਚਾਰ ਹੁੰਦਾ ਹੈ।

ਇਸਦੇ ਉਲਟ ਮਨੁੱਖ ਨੂੰ ਸਰਦੀ ਤੋਂ ਬਚਣ ਲਈ ਜਨੈਟਿਕ ਤਬਦੀਲੀਆਂ ਦੀ ਜ਼ਰੂਰਤ ਨਹੀਂ। ਉਹ ਘਰ ਵਿਚ ਅੱਗ ਬਾਲ ਕੇ ਜਾਂ ਗਰਮ ਕੱਪੜੇ ਪਹਿਨ ਕੇ ਸਰਦੀ ਤੋਂ ਸਹਿਜੇ ਹੀ ਬਚ ਸਕਦਾ ਹੈ। ਇਹ ਸਭਿਆਚਾਰਕ ਵਿਕਾਸ ਪ੍ਰਕਿਰਿਆ ਹੈ। ਸਭਿਆਚਾਰਕ ਵਿਰਾਸਤ ਦਾ ਸੰਚਾਰ ਜਨੈਟਿਕ ਵਿਰਾਸਤ ਦੀ ਤਰ੍ਹਾਂ ਕੇਵਲ ਮਾਪਿਆਂ ਤੋਂ ਉਨ੍ਹਾਂ ਦੀ ਸੰਤਾਨ ਤਕ ਜੀਨਾਂ ਰਾਹੀਂ ਨਹੀਂ ਸਗੋਂ ਸ਼ਬਦ ਰਾਹੀਂ ਪੂਰੇ ਸਭਿਆਚਾਰਕ ਸੰਗਠਨ ਵਿਚ ਹੋ ਜਾਂਦਾ ਹੈ। ਮਨੁੱਖ ਦੁਆਰਾ ਕੀਤੀ ਪ੍ਰਾਪਤੀ ਦਾ ਉਸੇ ਵਕਤ

**ਕਿਸੇ ਇਕ ਦੇਸ਼ ਦੀਆਂ ਸਰਹੱਦਾਂ ਵਿਚ ਰਹਿ ਕੇ ਸਰਮਾਏ ਦੀ ਭੁੱਖ ਦੂਰ ਨਹੀਂ ਹੋ ਸਕਦੀ। ਸਾਰੀ ਦੁਨੀਆਂ ਵਿਚ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਮਨ ਮਰਜ਼ੀ ਨਾਲ ਫੈਲਣਾ ਇਸ ਦੇ ਭਵਿੱਖ ਦੀ ਹਕੀਕਤ ਹੈ। ਵਿਉਪਾਰ ਜਾਂ ਪੈਦਾਵਾਰ ਅਤੇ ਮੰਡੀ ਦੀਆਂ ਕੌਮੀ ਹੱਦਬੰਦੀਆਂ ਟੁੱਟਣੀਆਂ ਸ਼ੁਰੂ ਹੋ ਚੁੱਕੀਆਂ ਹਨ। ਇਹ ਸਰਮਾਇਆ ਵਿਸ਼ਵ ਪੱਧਰ ਉੱਤੇ ਜੁੜ ਕੇ ਪਾਰ-ਰਾਸ਼ਟਰੀ ਵਹਾ ਰਾਹੀਂ ਇਕ ਰਾਜ ਮੁਕਤ ਸਰਮਾਏ (ਸਟੇਟ ਲੈੱਸ ਕੈਪੀਟਲ)ਦਾ ਰੁਤਬਾ ਹਾਸਲ ਕਰਕੇ ਜੋ ਕੁਝ ਕਰਨਾ ਚਾਹੁੰਦਾ ਹੈ, ਉਸ ਕਾਰਜ ਦੀ ਪ੍ਰਕਿਰਿਆ ਰਾਹੀਂ ਹੀ ਆਪਣੀ ਕਬਰ ਪੁੱਟੇਗਾ। ਕਿਸੇ ਨਵੇਂ ਭਵਿੱਖ ਦੀ ਸਿਰਜਣਾ ਲਈ ਇਹੋ ਆਵੱਸ਼ਕ ਹੈ।**

ਉਸਦੇ ਸਮੁੱਚੇ ਪਰਿਵਾਰ, ਕਬੀਲੇ, ਦੇਸ਼ ਜਾਂ ਧਰਤੀ ਤੇ ਸੰਚਾਰ ਹੋ ਸਕਦਾ ਹੈ। ਦਰਅਸਲ ਕੋਈ ਵੀ ਸਭਿਆਚਾਰਕ ਪ੍ਰਾਪਤੀ ਕਿਸੇ ਇਕ ਇਕੱਲੇ ਮਨੁੱਖ ਦੀ ਨਿੱਜੀ ਪ੍ਰਾਪਤੀ ਨਹੀਂ ਹੁੰਦੀ। ਇਹ ਤਾਂ ਉਸ ਦੇ ਸਭਿਆਚਾਰਕ ਸੰਗਠਨ ਦੀ ਸਾਂਝੀ ਉਪਜ ਹੁੰਦੀ ਹੈ ਜੋ ਚਿਹਨ ਪਰਕਿਰਿਆ ਰਾਹੀਂ ਨੇਪਰੇ ਚੜ੍ਹਦੀ ਹੈ।

ਕਹਿਣ ਤੋਂ ਭਾਵ ਹੈ ਕਿ ਮਨੁੱਖ ਦੁਆਰਾ ਪੈਦਾ ਕੀਤੇ ਗਿਆਨ, ਤਕਨਾਲੋਜੀ ਜਾਂ ਸੱਭਿਆਚਾਰ ਉੱਪਰ ਕਿਸੇ ਇਕ ਇਕੱਲੇ ਮਨੁੱਖ ਦੀ ਨਹੀਂ, ਸਗੋਂ ਉਸ ਨੂੰ ਪੈਦਾ ਕਰਨ ਵਾਲੇ ਪੂਰੇ ਸਭਿਆਚਾਰਕ ਸੰਗਠਨ ਦੀ ਮਾਲਕੀਅਤ ਹੁੰਦੀ ਹੈ। ਪਰ ਹਰੇਕ ਮਨੁਖ ਦੇ ਅੰਦਰ ਬੈਠੀ ਲਾਲਸਾ (ਜਾਂ ਹਉਮੈ) ਸਭਿਆਚਾਰਕ ਪ੍ਰਕਿਰਿਆ (ਜਾਂ ਚਿਹਨਕ ਪ੍ਰਕਿਰਿਆ) ਦੇ ਉਸ ਫਲ ਨੂੰ ਇਕੱਲਿਆਂ ਹੀ ਹਥਿਆ ਲੈਣਾ ਚਾਹੁੰਦੀ ਹੈ। ਉਸ ਨੂੰ ਨਿੱਜੀ ਮਾਲਕੀਅਤ ਬਣਾ ਕੇ ਉਸਦੇ ਸੰਚਾਰ ਨੂੰ ਵੀ ਆਪਣੀ ਸੰਤਾਨ ਤਕ ਹੀ ਮਹਿਦੂਦ ਕਰ ਦੇਣ ਦੀ ਇੱਛੁਕ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਦੀ ਇਹ ਨਿੱਜੀ ਹਉਮੈ ਮਨੁੱਖ ਜਾਤੀ ਦੀ ਇਸ ਸਰਬਸਾਂਝੀ ਮਨੁੱਖੀ ਪ੍ਰਾਪਤੀ (ਸਭਿਆਚਾਰਕ ਪ੍ਰਾਪਤੀ) ਨਾਲ ਹੀ ਵਿਰੋਧਭਾਸ ਪੈਦਾ ਕਰ ਲੈਂਦੀ ਹੈ।

ਜੀਵ ਵਿਕਾਸ ਪ੍ਰਕਿਰਿਆ ਦੀ ਤਰ੍ਹਾਂ ਸਭਿਆਚਾਰਕ ਵਿਕਾਸ ਪ੍ਰਕਿਰਿਆ ਦਾ ਮੰਤਵ ਭਾਵੇਂ ਹੋਂਦ ਲਈ ਘੋਲ ਹੋਵੇ ਤੇ ਭਾਵੇਂ ਸ਼ਕਤੀ ਲਈ ਘੋਲ, ਇਕ ਗੱਲ ਸਪੱਸ਼ਟ ਹੈ ਕਿ ਸਭਿਆਚਾਰਕ ਪ੍ਰੈਕਟਿਸ ਲਈ ਉਤਸ਼ਾਹ ਦਾ ਬੀਜ ਮਨੁੱਖ ਦੀ ਨਿੱਜੀ ਹਉਮੈ ਹੀ ਹੈ। ਇਹ ਨਿੱਜੀ ਹਉਮੈ ਜਿਸਦੀ ਭੁੱਖ ਅਸੀਮ ਹੈ, ਆਪਣੀ ਤ੍ਰਿਪਤੀ ਲਈ ਸਭਿਆਚਾਰਕ ਪ੍ਰੈਕਟਿਸ ਨੂੰ ਕਦੀ ਵੀ ਨਾ ਖਤਮ ਹੋਣ ਵਾਲੀ ਦੌੜ ਵਿਚ ਪਾਈ ਰਖਦੀ ਹੈ।

5. ਇਸ ਹਿਸਾਬ ਨਾਲ ਸਮੁੱਚੀ ਮਨੁੱਖ ਜਾਤੀ ਦਾ ਸਭਿਆਚਾਰਕ ਉਤਪਾਦਨ ਅਤੇ ਸਭਿਆਚਾਰਕ ਖਪਤ ਨਾਲ ਬਿਨਾਂ ਕਿਸੇ ਊਚ ਨੀਚ, ਵੈਰ ਵਿਰੋਧ ਅਤੇ ਵਿਤਕਰੇ ਦੇ ਇਕੋ ਵੇਲੇ ਜੁੜੇ ਹੋਣਾ ਸਮਾਜਕ ਇਤਿਹਾਸ ਦਾ ਲਖਸ਼ ਹੈ। ਕਿਸੇ ਮਨੁੱਖ ਦੀ ਵਿਸ਼ਵ ਪੱਧਰ ਉੱਤੇ ਸਭਿਆਚਾਰਕ ਉਤਪਾਦਨ ਵਿਚ ਪੂਰੀ ਸ਼ਮੂਲੀਅਤ ਉਸਦੀ ਪੂਰਨ ਆਜ਼ਾਦੀ ਨਾਲ ਵੀ ਜੁੜੀ ਹੋਈ ਹੈ।

ਕਿਸੇ ਇਕ ਦੇਸ਼ ਦੀਆਂ ਸਰਹੱਦਾਂ ਵਿਚ ਰਹਿ ਕੇ ਸਰਮਾਏ ਦੀ ਭੁੱਖ ਦੂਰ ਨਹੀਂ ਹੋ ਸਕਦੀ। ਸਾਰੀ ਦੁਨੀਆਂ ਵਿਚ ਬਿਨਾਂ ਕਿਸੇ ਰੁਕਾਵਟ ਦੇ ਆਪਣੀ ਮਨ ਮਰਜ਼ੀ ਨਾਲ ਫੈਲਣਾ ਇਸ ਦੇ ਭਵਿੱਖ ਦੀ ਹਕੀਕਤ ਹੈ। ਵਿਉਪਾਰ ਜਾਂ ਪੈਦਾਵਾਰ ਅਤੇ ਮੰਡੀ ਦੀਆਂ ਕੌਮੀ ਹੱਦਬੰਦੀਆਂ ਟੁੱਟਣੀਆਂ ਸ਼ੁਰੂ ਹੋ ਚੁੱਕੀਆਂ ਹਨ। ਇਹ ਸਰਮਾਇਆ ਵਿਸ਼ਵ ਪੱਧਰ ਉੱਤੇ ਜੁੜ ਕੇ ਪਾਰ-ਰਾਸ਼ਟਰੀ ਵਹਾ ਰਾਹੀਂ ਇਕ ਰਾਜ ਮੁਕਤ ਸਰਮਾਏ (ਸਟੇਟ ਲੈੱਸ ਕੈਪੀਟਲ)ਦਾ ਰੁਤਬਾ ਹਾਸਲ ਕਰਕੇ ਜੋ ਕੁਝ ਕਰਨਾ ਚਾਹੁੰਦਾ ਹੈ, ਉਸ ਕਾਰਜ ਦੀ ਪ੍ਰਕਿਰਿਆ ਰਾਹੀਂ ਹੀ ਆਪਣੀ ਕਬਰ ਪੁੱਟੇਗਾ। ਕਿਸੇ ਨਵੇਂ ਭਵਿੱਖ ਦੀ ਸਿਰਜਣਾ ਲਈ ਇਹੋ ਆਵੱਸ਼ਕ ਹੈ।

ਪਾਰ-ਰਾਸ਼ਟਰੀ ਸਰਮਾਏ ਦੇ ਤੇਜ਼ ਵਹਾ ਅੱਗੇ ਰਾਸ਼ਟਰੀ ਪ੍ਰਭੁਸੱਤਾ ਵੀ ਟਿਕ ਨਹੀਂ ਸਕੇਗੀ। ਉਹ ਸਮਾਂ ਆ ਰਿਹਾ ਹੈ, ਜਦੋਂ ਕਿ ਭਵਿੱਖ ਦੇ ਨਿਰਮਾਣ ਲਈ ਆਪਣੇ ਅਰਥ ਅਤੇ ਸਾਰਥਕਤਾ ਗੁਆ ਕੇ, ਅੱਜ ਦਾ ਅਤੀ ਸ਼ਕਤੀਸ਼ਾਲੀ ਜਾਪਣ ਵਾਲਾ ਕੌਮੀ ਰਾਜ ਭਾਵ ਨੇਸ਼ਨ-ਸਟੇਟ ਦਾ ਸੰਕਲਪ ਢਹਿ ਢੇਰੀ ਹੋ ਜਾਵੇਗਾ। ਕੌਮਾਂ ਖੁਰਨਗੀਆਂ। ਦਰਅਸਲ ਇਹ ਰਾਸ਼ਟਰ ਅਤੇ ਕੌਮਾਂ ਸਭ ਮਨੁੱਖੀ ਸਭਿਆਚਾਰ ਦੇ ਇਤਿਹਾਸਕ ਪੜਾਅ ਮਾਤਰ ਹਨ, ਉਸਦਾ ਅੰਤਮ ਸਤਿ ਨਹੀਂ।

ਪਾਰ-ਰਾਸ਼ਟਰੀ ਸਰਮਾਏ ਦੇ ਆਜ਼ਾਦ ਅਤੇ ਖੁਦਮੁਖਤਾਰ ਵਹਾ ਲਈ ਉਸਦੀ ਸਹਾਇਤਾ ਵਾਸਤੇ ਗਿਆਨ ਦਾ ਵਹਾ ਵੀ ਪਾਰ-ਰਾਸ਼ਟਰੀ ਪੱਧਰ ਤੇ ਹੀ ਹੋ ਰਿਹਾ ਹੈ। ਸੈਟੇਲਾਈਟ, ਕੰਪਿਊਟਰ ਅਤੇ ਟੈਲੀਵੀਜ਼ਨ ਦੀ ਇੰਟੈਗਰੇਸ਼ਨ ਨੇ ਸਾਰੀ ਦੁਨੀਆਂ ਨੂੰ ਇਨਫਰਮੇਸ਼ਨ ਦੇ ਪੱਧਰ ਤੇ ਇਕ ਕਰਕੇ ਜੋੜ ਦਿੱਤਾ ਹੈ। ਦੂਰਸੰਚਾਰ ਦੀਆਂ ਇਨ੍ਹਾਂ ਵਿਧੀਆਂ ਰਾਹੀਂ ਬਿਨਾਂ ਕਿਸੇ ਸਰਕਾਰੀ ਰੁਕਾਵਟਾਂ ਜਾਂ ਦਖਲਅੰਦਾਜ਼ੀਆਂ ਦੇ ਕਰੋੜਾਂ ਡਾਲਰ ਕੀਮਤ ਦੀ ਤਕਨਾਲੋਜੀ ਤਮਾਮ ਸਰਹੱਦਾਂ ਨੂੰ ਪਾਰ ਕਰਦੀ ਹੋਈ ਮਿੰਟਾਂ ਵਿਚ ਇਕ ਕੰਪਿਊਟਰ ਤੋਂ ਦੂਸਰੇ ਕੰਪਿਊਟਰ ਵਿਚ ਟਰਾਂਸਫਰ ਹੋ ਸਕਦੀ ਹੈ।

ਇਸ ਰਾਜਮੁਕਤ ਸਰਮਾਏ ਅਤੇ ਰਾਜਮੁਕਤ ਗਿਆਨ ਰਾਹੀਂ ਪੈਦਾ ਹੋਣ ਵਾਲੀ ਗਲੋਬਲ ਇੰਟਰਡਿਪੈਂਡੈਂਸ ਜਾਂ ਵਿਸ਼ਵ ਏਕਤਾ, ਨਵੀਂ ਕਿਸਮ ਦੀਆਂ ਅਤੀ ਗੰਭੀਰ ਸਮੱਸਿਆਵਾਂ ਆਪਣੇ ਨਾਲ ਲੈ ਕੇ ਆਵੇਗੀ। ਇਹ ਤਾਂ ਸਪੱਸ਼ਟ ਹੈ ਕਿ ਮਨੁੱਖ ਜਾਤੀ ਦੀ ਗਿਆਨ ਅਤੇ ਤਕਨਾਲੋਜੀ ਦੇ ਉਤਪਾਦਨ ਵਿਚ ਸੰਗਠਿਤ ਸ਼ਮੂਲੀਅਤ ਪੈਦਾਵਾਰ ਵਿਚ ਅਸੀਮ ਵਾਧੇ ਦੀਆਂ ਸੰਭਾਵਨਾਵਾਂ ਪੈਦਾ ਕਰ ਦੇਵੇਗੀ। ਦੂਸਰੇ ਪਾਸੇ ਸਰਮਾਇਆ ਆਪਣੇ ਮੁਨਾਫੇ ਵਿਚ ਨਿਰੰਤਰ ਵਾਧੇ ਲਈ ਮੰਡੀ ਦੇ ਲਗਾਤਾਰ ਵਿਕਾਸ ਵਾਸਤੇ ਦੁਨੀਆਂ ਦੇ ਗਰੀਬ ਮੁਲਕਾਂ ਜਾਂ ਉਥੋਂ ਦੇ ਗਰੀਬ ਲੋਕਾਂ ਦੀ ਖਰੀਦ ਸ਼ਕਤੀ ਵਧਾਉਣ ਲਈ ਆਪਣੇ ਉਪਰਾਲਿਆਂ ਵਿਚ ਵੀ ਅਥਾਹ ਤੇਜ਼ੀ ਲਿਆਵੇਗਾ।

ਰਾਜ ਮੁਕਤ ਸਰਮਾਏ ਅਤੇ ਗਿਆਨ ਦੀ ਗਤੀਸ਼ੀਲਤਾ ਰਾਹੀਂ ਪੈਦਾ ਹੋਣ ਵਾਲੀ ਗਲੋਬਲ ਇੰਟਰਡਿਪੈਂਡੈਂਸ ਜਾਂ ਵਿਸ਼ਵ ਏਕਤਾ, ਇਸ ਤਰ੍ਹਾਂ ਪੈਦਾਵਾਰ ਅਤੇ ਖਪਤ ਵਿਚ ਅਸੀਮ ਵਾਧੇ ਰਾਹੀਂ ਸੀਮਤ ਕੁਦਰਤੀ ਵਸੀਲਿਆਂ ਦੇ ਨਿਘਾਰ ਅਤੇ ਵਾਤਾਵਰਣ ਦੇ ਵਿਨਾਸ਼ ਦੀ ਘੰਟੀ ਵਜਾ ਦੇਵੇਗੀ। ਸੋ ਸ਼ਬਦ ਰਾਹੀਂ ਹੋਣ ਵਾਲੀ ਸਭਿਆਚਾਰਕ ਵਿਕਾਸ ਦੀ ਅਸੀਮ ਸਮਰੱਥਾ ਦੇ ਰਾਹ ਵਿਚ ਕੁਦਰਤ ਦੀ ਭੌਤਿਕਤਾ ਹੀ ਸਭ ਤੋਂ ਵੱਡੀ ਰੁਕਾਵਟ ਬਣ ਜਾਵੇਗੀ। ਇਹ ਸੰਕਟ ਸਰਮਾਏਦਾਰੀ ਪ੍ਰਬੰਧ ਕੋਲ ਖੁਦਕਸ਼ੀ ਕਰਨ ਤੋਂ ਸਿਵਾ ਹੋਰ ਕੋਈ ਦੂਸਰਾ ਰਸਤਾ ਨਹੀਂ ਛੱਡੇਗਾ।

6. ਮਾਰਕਸਵਾਦੀ ਸਮਾਜਵਾਦ ਇਸ ਸੰਕਟ ਦਾ ਇਲਾਜ ਨਹੀਂ, ਕਿਉਂਕਿ ਮੱਧ ਵਰਗੀ ਜਮਾਤਾਂ ਖਤਮ ਹੋਣ ਦੀ ਥਾਂ ਵਧੇਰੇ ਸ਼ਕਤੀਸ਼ਾਲੀ, ਸੰਗਠਿਤ ਅਤੇ ਸ੍ਵੈ-ਚੇਤਨ ਹੋ ਰਹੀਆਂ ਹਨ। ਪੈਦਾਵਾਰੀ ਜਮਾਤਾਂ ਦੀ ਹਾਲਤ ਦਿਨੋ ਦਿਨ ਨਿਘਰਨ ਦੀ ਥਾਂ ਸੁਧਰ ਰਹੀ ਹੈ। ਸਰਮਾਇਆ ਅਤੇ ਉਸਦੀ ਸ਼ਕਤੀ ਗਿਣਤੀ ਦੇ ਦੇਸ਼ਾਂ ਜਾਂ ਲੋਕਾਂ ਵਿਚ ਕੇਂਦ੍ਰੀਕ੍ਰਿਤ ਹੋਣ ਦੀ ਥਾਂ ਬੜੇ ਹੀ ਜਟਿਲ ਢੰਗ ਨਾਲ ਫੈਲ ਰਹੀਆਂ ਹਾਕਮ ਜਮਾਤਾਂ ਵਿਚ ਵਿਕੇਂਦ੍ਰੀਕ੍ਰਿਤ ਹੋ ਰਹੀ ਹੈ। ਇਸ ਤੋਂ ਇਲਾਵਾ ਸਰਮਾਏਦਾਰੀ ਅਤੇ ਮਜ਼ਦੂਰ ਵਿਚ ਸਿੱਧੀ ਟੱਕਰ ਦੀ ਥਾਂ ਜਮਾਤੀ ਢਾਂਚਾ ਅਤੇ ਜਮਾਤੀ ਸੰਘਰਸ਼ ਬਹੁਤ ਪੇਚੀਦਾ ਅਤੇ ਗੁੰਝਲਦਾਰ ਹੁੰਦਾ ਜਾ ਰਿਹਾ ਹੈ। ਖ਼ੈਰ, ਜਿਸ ਸੰਕਟ ਵਲ ਮਨੁੱਖੀ ਸਮਾਜ ਵਧ ਰਿਹਾ ਹੈ, ਉਹ ਅਤੀ ਜਟਿਲ ਹੈ। ਉਸ ਨੂੰ ਇੱਕਲੀ ਆਰਥਕਤਾ ਉਪਰ ਘਟਾ ਕੇ ਨਹੀਂ ਸਮਝਿਆ ਜਾ ਸਕਦਾ ਹੈ। ਉਹ ਤਾਂ ਮਨੁੱਖ ਅੰਦਰ ਜੁਗਾਂ ਤੋਂ ਕੈਦ ਪਈਆਂ ਅਨੰਤ ਸ਼ਕਤੀਆਂ ਦੀ ਰਿਹਾਈ ਨਾਲ ਹੀ ਨਜਿੱਠਿਆ ਜਾ ਸਕਣ ਵਾਲਾ ਸੰਕਟ ਹੈ।

ਮਾਰਕਸਵਾਦੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਰੂਸ ਅਤੇ ਪੂਰਬੀ ਯੂਰਪ ਵਿਚ ਸਿਰਜੀ ਗਈ ਪ੍ਰੋਲੇਤਾਰੀ ਡਿਕਟੇਟਰਸ਼ਿਪ ਦੀ ਹਾਰ ਦਾ ਮਤਲਬ ਸਰਮਾਏਦਾਰੀ ਪ੍ਰਬੰਧ ਦੀ ਜਿੱਤ ਨਹੀਂ। ਜਿਵੇਂ ਕਿ ਉੱਪਰ ਦੇਖਿਆ ਜਾ ਚੁੱਕਾ ਹੈ ਜਮਾਤੀ ਸ਼ੋਸ਼ਣ, ਪ੍ਰਤੀਯੋਗ, ਮਸ਼ੀਨੀ ਸੋਚ ਅਤੇ ਗਣਿਤਸ਼ਾਸ਼ਤਰੀ ਤਰਕ ਉਪਰ ਆਧਾਰਿਤ ਆਰਥਿਕ ਵਿਕਾਸ ਰਾਹੀਂ ਸਰਮਾਏਦਾਰੀ ਪ੍ਰਬੰਧ ਆਪਣੀ ਆਤਮ ਹੱਤਿਆ ਵਲ ਤੇਜ਼ੀ ਨਾਲ ਵਧ ਰਿਹਾ ਹੈ। ਸਰਮਾਏਦਾਰੀ ਵਿਕਾਸ ਦੇ ਇਸ ਮਾਰਗ, ਜੋ ਸ਼ਬਦ ਅਤੇ ਹਉਮੈ ਦੇ ਟਕਰਾਅ ਦਾ ਰਸਤਾ ਹੈ, ਨੇ ਆਪਣੇ ਅੰਤਮ ਸੰਕਟ ਦੇ ਪਛਾਣ ਚਿੰਨ੍ਹ ਪ੍ਰਗਟ ਕਰਨੇ ਸ਼ੁਰੂ ਕਰ ਦਿੱਤੇ ਹਨ। ਇਹ ਕੁਦਰਤੀ ਸੋਮਿਆਂ ਦੇ ਸ਼ੋਸ਼ਣ ਅਤੇ ਵਾਤਾਵਰਣ ਦੇ ਵਿਨਾਸ਼ ਦੇ ਰੂਪ ਵਿਚ ਪ੍ਰਗਟ ਹੋ ਰਹੇ ਹਨ। ਪਰ ਇਕ ਗੱਲ ਸਪਸ਼ਟ ਹੈ ਕਿ ਇਹ ਸਰਮਾਏਦਾਰੀ ਪ੍ਰਬੰਧ ਆਪਣਾ ਪੂਰਾ ਯੋਗਦਾਨ ਪਾਏ ਬਿਨਾਂ ਖਤਮ ਨਹੀਂ ਹੋਵੇਗਾ। ਪਾਰ-ਰਾਸ਼ਟਰੀ ਸਰਮਾਏ ਅਤੇ ਗਿਆਨ ਉੱਪਰ ਆਧਾਰਿਤ ਵਿਸ਼ਵ ਸਭਿਆਚਾਰ ਦੇ ਨਿਰਮਾਣ ਰਾਹੀਂ ਸ਼ਬਦ ਅਤੇ ਹਉਮੈ ਦੀ ਟੱਕਰ ਨੂੰ ਆਖਰੀ ਸੰਕਟ ਤਕ ਪੁਚਾਉਣ ਤੋਂ ਬਾਅਦ ਹੀ ਇਸਦੀ ਜ਼ਰੂਰਤ ਖਤਮ ਹੁੰਦੀ ਹੈ।

7. ਤਾਂ ਕੀ ਸ਼ਬਦ ਅਤੇ ਹਉਮੈ ਦੀ ਟੱਕਰ ਵਿਚੋਂ ਹਉਮੈ ਮੈਦਾਨ ਛੱਡ ਕੇ ਦੌੜ ਜਾਵੇਗੀ? ਕੀ ਹਉਮੈ ਇਕ ਚਾਲਕ ਸ਼ਕਤੀ ਵਜੋਂ ਆਪਣਾ ਮਹੱਤਵ ਪੂਰੀ ਤਰ੍ਹਾਂ ਗੁਆ ਦੇਵੇਗੀ? ਭਾਵ ਕਿ ਕੀ ਇਹ ਮਾਰਕਸੀ ਕੰਮਿਨਿਜ਼ਮ ਦੀ ਤਰ੍ਹਾਂ ਇਤਿਹਾਸ ਦਾ ਅੰਤ ਹੋਵੇਗਾ? ਨਹੀਂ, ਇਤਿਹਾਸਕ ਵਿਕਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੋਵੇਗਾ। ਹਉਮੈ ਖ਼ਤਮ ਨਹੀਂ ਹੋਵੇਗੀ, ਨਾ ਹੀ ਇਹ ਇਕ ਚਾਲਕ ਸ਼ਕਤੀ ਵਜੋਂ ਆਪਣਾ ਮਹੱਤਵ ਗੁਆਏਗੀ। ਹਉਮੈ ਦੀ ਸੰਰਚਨਾ ਅਤੇ ਪ੍ਰਕਾਰਜ ਵਿਚ ਤਬਦੀਲੀ ਆ ਸਕਦੀ ਹੈ ਕਿਉਂਕਿ ਹਉਮੈ ਕੋਈ ਸਰੀਰਕ ਰਚਨਾ ਜਾਂ ਬਾਇਆਲੋਜੀਕਲ ਇਨਸਟਿੰਕਟ ਨਹੀਂ, ਸਗੋਂ ਸ਼ਬਦ ਜਾਂ ਭਾਸ਼ਾ ਦੀ ਉਪਜ ਹੈ। ਮੈਂ ਜਾਂ ਹਉਮੈ ਇੱਕ ਗਤੀਸ਼ੀਲ ਸੰਰਚਨਾ-ਪ੍ਰਕਾਰਜ ਹੈ।

ਹਉਮੈ ਨੂੰ ਮਾਰਨਾ ਜਾਂ ਖਤਮ ਕਰਨਾ ਵਿਅਰਥ ਗੱਲਾਂ ਹਨ। ਹਉਮੈ ਨੂੰ ਮਾਰਨ ਦੀ ਨਹੀਂ ਬੁੱਝਣ ਦੀ ਜ਼ਰੂਰਤ ਹੁੰਦੀ ਹੈ। ਇਸ ਬੁੱਝਣ ਦੀ ਪ੍ਰਕਿਰਿਆ ਰਾਹੀਂ ਹਉਮੈਂ ਮਰਦੀ ਨਹੀਂ ਸਗੋਂ ਨਿੱਜੀ ਮੈਂ ਤੋਂ ਬ੍ਰਹਮ ਤਕ ਦਾ ਸਫਰ ਤਹਿ ਕਰਦੀ ਹੈ। ਇਹੋ ਹੀ ਸ਼ਬਦ ਦਾ ਮਾਰਗ ਹੈ:

ਹਉਮੈ ਬੂਝੈ ਤਾ ਦਰੁ ਸੂਝੈ॥
ਗਿਆਨ ਵਿਹੂਣਾ ਕਥਿ ਕਥਿ ਲੂਝੈ॥
(ਆਦਿ ਗ੍ਰੰਥ, ਪੰਨਾ 466)

ਇਸ ਬ੍ਰਹਮ ਦੀ ਅਵਸਥਾ ਵਿਚ ਪਹੁੰਚ ਕੇ ਹਉਮੈ ਆਪਣੀ ਮਾਇਆ ਸਮੇਤ ਇਸੇ ਵਿਚ ਸਮਾ ਜਾਂਦੀ ਹੈ। ਹਉਮੈ ਦੇ ਜਾਣ ਦਾ ਭਾਵ ਹੈ, ਉਸ ਵਿਚ ਸਮਾ ਜਾਣਾ-''ਹਉਮੈ ਜਾਈ ਤਾ ਕੰਤ ਸਮਾਈ॥'' ਇਸੇ ਲਈ ਗੁਰੂ ਨਾਨਕ ਸਾਹਿਬ ਆਖਦੇ ਹਨ:

ਹਉਮੈ ਕਰੀ ਤਾ ਤੂ ਨਾਹੀ
ਤੂ ਹੋਵਹਿ ਹਉ ਨਾਹਿ॥
ਬੂਝਹੁ ਗਿਆਨੀ ਬੂਝਣਾ
ਏਹ ਅਕਥ ਕਥਾ ਮਨ ਮਾਹਿ॥
(ਆਦਿ ਗ੍ਰੰਥ, ਪੰਨਾ 1092)

ਬ੍ਰਹਮ ਅਵਸਥਾ ਵਿਚ ਪਹੁੰਚਣ ਤੋਂ ਪਹਿਲਾਂ ਨਿੱਜੀ ਮੈਂ ਦੇ ਵਿਕਾਸ ਦੀ ਅਵਸਥਾ ਉਸਦੀ ਸੁਰਤਿ ਅੰਦਰ ਸ਼ਬਦ ਦੇ ਪ੍ਰਕਾਸ਼ ਉਪਰ ਨਿਰਭਰ ਕਰਦੀ ਹੈ। ਹਰ ਸ਼ਬਦ ਇਕ ਚਿਹਨ ਹੈ-ਇਕ ਗਤੀਸ਼ੀਲ ਬਿੰਦੂ ਜੋ ਵਿਭਿੰਨ ਭਾਸ਼ਾਈ ਖੇਡਾਂ ਵਿਚ ਆਪਣਾ ਰੋਲ ਅਦਾ ਕਰਦਾ ਹੋਇਆ ਆਪਣੇ ਆਲੇ ਦੁਆਲੇ ਅਰਥਾਂ ਦਾ ਇਕ ਨੈਟਵਰਕ ਸਿਰਜਦਾ ਹੈ। ਗਤੀਸ਼ੀਲ ਬਿੰਦੂ ਦੀ ਇਹ ਯਾਤਰਾ ਓਨੀ ਦੇਰ ਤਕ ਚਲਦੀ ਰਹੇਗੀ ਜਿੰਨੀ ਦੇਰ ਤਕ ਕਿ ਇਹ ਨੈਟਵਰਕ ਸਮੇਂ ਸਥਾਨ ਦੀ ਸਮੁੱਚਤਾ ਦਾ ਇਕ ਸੰਗਠਿਤ ਕਾਸਮਿਕ ਡਿਜ਼ਾਈਨ ਨਹੀਂ ਬਣ ਜਾਂਦਾ। ਸੋ ਜਿੰਨੀ ਦੇਰ ਤਕ ਮਨੁੱਖੀ ਚੇਤਨਾ ਸਮੁੱਚੇ ਤੌਰ 'ਤੇ ਬ੍ਰਹਮ ਅਵਸਥਾ ਵਿਚ ਨਹੀਂ ਪਹੁੰਚ ਜਾਂਦੀ, ਹਉਮੈ ਦਾ ਵਿਨਾਸ਼ ਸੰਭਵ ਨਹੀਂ, ਇਹ ਬ੍ਰਹਮ ਦੀ ਦਿਸ਼ਾ ਵਿਚ ਸਫਰ ਕਰਦੀ ਹੋਈ ਮਨੁੱਖੀ ਇਤਿਹਾਸ ਦੀ ਚਾਲਕ ਸ਼ਕਤੀ ਬਣੀ ਰਹੇਗੀ।

ਹਉਮੈ ਖਤਮ ਤਾਂ ਨਹੀਂ ਹੋਵੇਗੀ। ਪਰ ਇਸ ਦੇ ਸ਼ਬਦ ਨਾਲ ਰਿਸ਼ਤੇ ਵਿਚ ਤਬਦੀਲੀ ਜ਼ਰੂਰ ਆ ਸਕਦੀ ਹੈ। ਸ਼ਬਦ ਅਤੇ ਹਉਮੈ ਦਾ ਟਕਰਾਅ ਜੋ ਅੱਜ ਤੱਕ ਮਨੁੱਖੀ ਇਤਿਹਾਸ ਦਾ ਆਧਾਰ ਬਣਿਆ ਰਿਹਾ, ਇਸ ਸੰਕਟ ਬਾਅਦ, ਸ਼ਬਦ ਅਤੇ ਹਉਮੈ ਵਿਚਕਾਰ ਇਕ ਸਹਿਯੋਗ ਵਿਚ ਵੀ ਤਬਦੀਲ ਹੋ ਸਕਦਾ ਹੈ। ਇਸ ਗੱਲ ਨੂੰ ਹੇਠਾਂ ਦੀ ਤਰ੍ਹਾਂ ਸਮਝਿਆ ਜਾ ਸਕਦਾ ਹੈ।

8. ਹਉਮੈ ਸ਼ਬਦ ਬ੍ਰਹਮ ਦੀ 'ਅਮੈ' ਨੂੰ 'ਮੈਂ' ਵਿਚ ਵਿਭਾਜਿਤ ਕਰਨ ਵਾਲੀ ਤਮ੍ਹਾਂ ਹੈ। ਇਹੋ ਵਿਛੋੜਾ ਹੈ ਜਿਸ ਕਾਰਨ 'ਮੈਂ' ਦੁਖ ਭੋਗਦੀ ਹੈ। ਇਹ ਦੁੱਖ ਵਿਛੋੜੇ ਦੀ ਤੜਪ ਨੂੰ ਮਿਲਾਪ ਦੀ ਤਾਂਘ ਰਾਹੀਂ ਵੈਰਾਗ ਵਿਚ ਤਬਦੀਲੀ ਕਰ ਦਿੰਦਾ ਹੈ। ਇਸ ਤਰ੍ਹਾਂ ਮਿਲਾਪ ਦੀ ਤਾਂਘ ਦਾ ਸੋਮਾ ਤਾਂ ਹਉਮੈ ਕਾਰਨ ਉਪਜੀ 'ਮੈਂ' ਦੀ ਤੜਪ ਹੈ ਜੋ 'ਮੈਂ' ਨੂੰ ਅੱਗੇ 'ਅਮੈ' ਦੇ ਰਸਤੇ ਪਾ ਦਿੰਦੀ ਹੈ- ''ਜਾ ਭਉ ਪਾਏ ਆਪਣਾ ਬੈਰਾਗੁ ਉਪਜੈ ਮਨਿ ਆਇ॥ ਬੈਰਾਗੈ ਤੇ ਹਰਿ ਪਾਈਐ ਹਰਿ ਸਿਉ ਰਹੈ ਸਮਾਇ॥'' ਇਹ 'ਮੈਂ' ਅਤੇ ਸ਼ਬਦ ਦੇ ਸਹਿਯੋਗ ਦਾ ਮਾਰਗ ਹੈ। ਪਰ ਹਉਮੈ ਅਤੇ ਸ਼ਬਦ ਦੇ ਸਹਿਯੋਗ ਦਾ ਇਹ ਮਾਰਗ ਓਨੀ ਦੇਰ ਤੱਕ ਸ਼ੁਰੂ ਨਹੀਂ ਹੋ ਸਕਦਾ ਜਦੋਂ ਤਕ ਮਨੁੱਖ ਜਾਤੀ ਸਮੁੱਚੇ ਤੌਰ ਤੇ ਹਉਮੈ ਅਤੇ ਸ਼ਬਦ ਦੇ ਟਕਰਾਅ ਦਾ ਪੂਰਾ ਰਸਤਾ ਤਹਿ ਕਰਕੇ ਆਪਣੇ ਅੰਤਮ ਸੰਕਟ ਵਿਚ ਨਹੀਂ ਪਹੁੰਚ ਜਾਂਦੀ। ਫੇਰ ਮਨੁੱਖ ਜਾਤੀ ਕੋਲ ਇਸ ਸੰਕਟ ਵਿਚੋਂ ਬਾਹਰ ਨਿਕਲ ਕੇ ਅਗਾਂਹ ਵਧਣ ਲਈ ਕੇਵਲ ਹਉਮੈ ਅਤੇ ਸ਼ਬਦ ਦੇ ਸਹਿਯੋਗ ਦਾ ਰਸਤਾ ਹੀ ਬਚ ਰਹਿੰਦਾ ਹੈ। ਸਹਿਯੋਗ ਦਾ ਇਹ ਮਾਰਗ, ਟਕਰਾਅ ਦੇ ਮਾਰਗ ਦੀ ਇਕਦਮ ਥਾਂ ਨਹੀਂ ਲੈ ਸਕਦਾ ਭਾਵ ਟਕਰਾਅ ਦਾ ਮਾਰਗ ਸਹਿਯੋਗ ਦੇ ਮਾਰਗ ਵਿਚ ਰੂਪਾਂਤ੍ਰਿਤ ਨਹੀਂ ਹੁੰਦਾ। ਟਕਰਾਅ ਦੇ ਮਾਰਗ ਦਾ ਅੰਤਮ ਪੜਾਅ ਅਤੇ ਸਹਿਯੋਗ ਦੇ ਮਾਰਗ ਦਾ ਪਹਿਲਾ ਪੜਾਅ, ਟਕਰਾਅ ਅਤੇ ਸਹਿਯੋਗ ਦੇ ਮਾਰਗ ਦਾ ਸਾਥ ਸਾਥ ਚੱਲਣਾ ਹੈ।

ਹਉਮੈ ਅਤੇ ਸ਼ਬਦ ਦਾ ਟਕਰਾਅ ਜਦੋਂ ਆਪਣੇ ਜੋਬਨ ਤੇ ਹੁੰਦਾ ਹੈ ਤਾਂ ਹਉਮੈ ਅਤੇ ਸ਼ਬਦ ਦਾ ਸਹਿਯੋਗ ਵੀ ਇੱਕ ਛੋਟੇ ਜਿਹੇ ਪੱਧਰ ਤੇ ਸ਼ੁਰੂ ਹੋ ਜਾਂਦਾ ਹੈ। ਫੇਰ ਇਹ ਸਹਿਯੋਗ ਦਾ ਮਾਰਗ ਵਧਦਾ ਜਾਂਦਾ ਹੈ ਅਤੇ ਟਕਰਾਅ ਦਾ ਮਾਰਗ ਘਟਦਾ ਚਲਿਆ ਜਾਂਦਾ ਹੈ ਅਤੇ ਅਖੀਰ ਤੇ ਸਹਿਯੋਗ ਦਾ ਮਾਰਗ ਹੀ ਰਹਿ ਜਾਂਦਾ ਹੈ।

ਪਰ ਚੀਨੀ ਯਿੰਨ ਯੈਂਗ ਦੀ ਤਰ੍ਹਾਂ ਗੁਰਮਤਿ ਦਾ ਮਾਰਗ ਟਕਰਾਅ ਅਤੇ ਸਹਿਯੋਗ ਦੇ ਮਾਰਗ ਨੂੰ ਸਾਈਕਲਿਕ ਫਾਰਮ (ਚੱਕਰ) ਵਿਚ ਨਹੀਂ ਦੇਖਦਾ। ਭਾਵ ਕਿ ਹਉਮੈ ਅਤੇ ਸ਼ਬਦ ਦੇ ਸਹਿਯੋਗ ਦਾ ਮਾਰਗ ਫੇਰ ਦੁਬਾਰਾ ਹਉਮੈ ਅਤੇ ਸ਼ਬਦ ਦੇ ਟਕਰਾਅ ਦੇ ਮਾਰਗ ਵਿਚ ਤਬਦੀਲ ਨਹੀਂ ਹੋਵੇਗਾ। ਗੁਰਮਤਿ ਹਉਮੈ ਅਤੇ ਸ਼ਬਦ ਦੇ ਸਹਿਯੋਗ ਦਾ ਅੰਤ ਹਉਮੈ ਦੇ ਸ਼ਬਦ ਅੰਦਰ ਸਮਾ ਕੇ ਬ੍ਰਹਮ ਅਵਸਥਾ ਵਿਚ ਪਹੁੰਚ ਜਾਣ ਨੂੰ ਸਮਝਦਾ ਹੈ- ''ਹਉਮੈ ਜਾਇ ਪਰਮ ਪਦੁ ਪਾਈਐ।''

9. ਸੋ ਇਤਿਹਾਸਕ ਕ੍ਰਮ ਸ਼ਬਦ (ਸੰਜੋਗੁ) ਅਤੇ ਹਉਮੈ (ਵਿਜੋਗੁ) ਦੇ ਨਿਰੰਤਰ ਸੰਵਾਦ ਰਾਹੀਂ ਹੀ ਚਲਦਾ ਹੈ-''ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ।'' ਸਬਦ ਜਾਂ ਹਉਮੈ ਦੋਨਾਂ ਵਿਚੋਂ ਕਿਸੇ ਇਕ ਨੂੰ ਸਮਾਜਕ ਤਬਦੀਲੀ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ ਹੈ। ਦੋਨਾਂ ਦੇ ਪਰਿਵਰਤਨਸ਼ੀਲ ਸੰਵਾਦ, (ਟਕਰਾਅ, ਟਕਰਾਅ ਅਤੇ ਸਹਿਯੋਗ ਦੀ ਸਹਿਹੋਂਦ, ਸਹਿਯੋਗ) ਵਿਚੋਂ ਹੀ ਇਤਿਹਾਸਕ ਕ੍ਰਮ ਉਪਜਦਾ ਹੈ।

ਹਰ ਮਨੁੱਖ, ਸਮਾਜ ਜਾਂ ਈਕੋਸਿਸਟਮ ਨੇ ਆਪਣੀ ਵਿਕਾਸ ਲਈ, ਤਬਦੀਲੀ ਦੇ ਕਿਸੇ ਮਾਡਲ ਨੂੰ ਆਧਾਰ ਬਣਾ ਕੇ ਇਕ ਨਵੀਂ ਸਟਰੈਟਿਜੀ ਦੀ ਚੋਣ ਹੀ ਨਹੀਂ ਕਰਨੀ ਹੁੰਦੀ, ਸਗੋਂ ਮਾਡਲ ਦੇ ਨਿਰਮਾਣ ਅਤੇ ਵਿਕਾਸ ਵਿਚ ਵੀ ਪਾਰਟੀਸੀਪੇਟ ਕਰਨਾ ਹੁੰਦਾ ਹੈ।

ਜਿਵੇਂ ਕਿ ਪਹਿਲਾਂ ਦੇਖਿਆ ਜਾ ਚੁੱਕਾ ਹੈ ਕੋਈ ਵੀ ਘਟਨਾ, ਵਸਤੂ, ਵਰਤਾਰਾ, ਸੰਗਠਨ, ਪ੍ਰਬੰਧ, ਕਾਲ, ਰਚਨਾ, ਸੰਕਲਪ, ਵਿਚਾਰ, ਸੰਸਥਾ ਜਾਂ ਮਾਡਲ ਤਬਦੀਲੀ ਦੇ ਨਿਰੰਤਰ ਵਹਾ ਅੰਦਰ ਸ਼ਬਦ ਅਤੇ ਮਾਇਆ ਦੇ ਸੰਵਾਦ ਵਿਚੋਂ ਉਤਪਨ ਹੋਏ ਅਸਥਾਈ, ਗੈਰਸੰਤੁਲਤ ਅਤੇ ਪਰਿਵਾਰਤਨਸ਼ੀਲ ਪੈਟਰਨ ਹੀ ਹੁੰਦੇ ਹਨ। ਇਸ ਲਈ ਕਿਸੇ ਵੀ ਵਿਚਾਰ, ਸੰਕਲਪ, ਪ੍ਰਬੰਧ ਜਾਂ ਸੰਸਥਾ ਦੀ ਉੱਤਮਤਾ ਅਤੇ ਕਾਰਜਕੁਸ਼ਲਤਾ, ਉਨ੍ਹਾਂ ਦੀ ਆਪਣੀ ਸਥਿਰਤਾ ਉਪਰ ਨਹੀਂ, ਸਗੋਂ ਉਨ੍ਹਾਂ ਦੀ ਗਤੀਸ਼ੀਲਤਾ, ਲਚਕੀਲੇਪਣ ਜਾਂ ਉਨ੍ਹਾਂ ਦੇ ਤਬਦੀਲ ਹੋਣ ਦੀ ਸਮਰੱਥਾ ਉੱਪਰ ਨਿਰਭਰ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪ੍ਰਾਪਤ ਹੋਣ ਵਾਲੀ ਇਹ ਅੰਤਰ ਦ੍ਰਿਸ਼ਟੀ ਜੋ ਉਸ ਇਕ ਤੋਂ ਸਿਵਾ ਬਾਕੀ ਹਰ ਕਿਸਮ ਦੇ ਸਿਧਾਂਤ, ਸਟਰੈਟਿਜੀ, ਵਿਧੀ ਵਿਧਾਨ ਅਤੇ ਮੂਲ ਪ੍ਰਬੰਧ ਦੀ ਸਦੀਵੀ ਅਤੇ ਸਥਾਈ ਹੋਂਦ ਨੂੰ ਰੀਜੈਕਟ ਕਰਦੀ ਹੈ, ਨਵੇਂ ਯੁਗ ਨੂੰ ਸਮਝਣ ਅਤੇ ਕੰਸਟਰਕਟ ਕਰਨ ਵਿਚ ਬਹੁਤ ਸਹਾਈ ਹੋ ਸਕਦੀ ਹੈ। ਇਸ ਨੂੰ ਨਵੇਂ ਯੁਗ ਦੀ ਕੁੰਜੀ ਵੀ ਆਖਿਆ ਜਾ ਸਕਦਾ ਹੈ।

# ਸ਼ੈਲਜ਼ਾ ਗੁਪਤਾ ਦੀ ਪਲੇਠੀ ਫਿਲਮ 'ਵਾਕਅਵੇ'


ਸ਼ੈਲਜ਼ਾ ਗੁਪਤਾ

ਫਿਲਮੀ ਦੁਨੀਆਂ ਵਿਚ ਭਾਰਤੀ ਮੂਲ ਦੀਆਂ ਫਿਲਮਸਾਜ਼ਾਂ-ਨਿਰਦੇਸ਼ਕਾਵਾਂ ਮੀਰਾ ਨਾਇਰ, ਗੁਰਿੰਦਰ ਚੱਡਾ ਤੇ ਦੀਪਾ ਮਹਿਤਾ ਆਦਿ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਪਰਵਾਸੀ ਮਹਿਲਾ ਫਿਲਮ ਨਿਰਦੇਸ਼ਕਾਂ ਨੇ ਫਿਲਮਾਂ ਦੇ ਮਾਧਿਅਮ ਰਾਹੀਂ ਪਰਵਾਸੀਆਂ ਦੀਆਂ ਮਨੋਬਿਰਤੀਆਂ, ਉਨ੍ਹਾਂ ਦੇ ਵਿਚਾਰਾਂ ਅਤੇ ਪੀੜ੍ਹੀਆਂ ਦੇ ਅੰਤਰ ਨੂੰ ਬੜੀ ਬਾਰੀਕੀ ਨਾਲ ਫਿਲਮੀ ਪਰਦੇ 'ਤੇ ਪੇਸ਼ ਕੀਤਾ ਹੈ।

ਇਨ੍ਹਾਂ ਪਰਵਾਸੀ ਭਾਰਤੀ ਨਿਰਦੇਸ਼ਕਾਵਾਂ ਵਿਚ ਇਕ ਨਵਾਂ ਨਾਂ ਸ਼ਾਮਲ ਹੋ ਗਿਆ ਹੈ ਅਤੇ ਉਹ ਹੈ ਨਿਊ ਯਾਰਕ ਦੀ ਸ਼ੈਲਜ਼ਾ ਗੁਪਤਾ ਜਿਸਨੇ ਆਪਣੀ ਫਿਲਮ "ਵਾਕਅਵੇ" (Walkaway) ਰਾਹੀਂ ਅਮਰੀਕਾ ਵਿਚ ਵਸਦੇ ਭਾਰਤੀ ਨੌਜਵਾਨ ਪੀੜ੍ਹੀ ਦੀ ਮਾਨਸਿਕਤਾ, ਉਨ੍ਹਾਂ ਦੇ ਸੁਭਾਅ ਵਿਚ ਆਏ ਪਰਿਵਰਤਨ, ਪਹਿਲੀਆਂ ਪੀੜ੍ਹੀਆਂ ਨਾਲ ਜੁੜੇ ਸੰਸਕਾਰਾਂ ਤੇ ਪਰਿਵਾਰਕ ਉਲਝਣਾਂ ਦਾ ਚਿਤਰਨ ਬਾਖੂਬੀ ਕੀਤਾ ਹੈ।

ਪਿਛਲੇ ਦਿਨੀਂ ਸ਼ੈਲਜ਼ਾ ਗੁਪਤਾ ਆਪਣੀ ਫਿਲਮ ਦੀ ਕਾਸਟ ਸਮੇਤ ਫਿਲਮ ਦੇ ਪ੍ਰੀਮੀਅਰ ਲਈ ਸ਼ਿਕਾਗੋ ਪਹੁੰਚੇ। ਸ਼ਿਕਾਗੋ ਵਿਚ ਉਨ੍ਹਾਂ ਦੇ ਸਪਾਂਸਰ ਨੈਕਸਟੇਜ ਐਂਟਰਟੇਨਮੈਂਟ ਕੰਪਨੀ ਦੇ ਮਾਲਕ ਸੁਰਿੰਦਰ ਕਾਲੜਾ ਵੀ ਮੌਜੂਦ ਸਨ। ਉਨ੍ਹਾਂ ਸ਼ਿਕਾਗੋ ਦੇ ਸਿਨੇ ਪ੍ਰੇਮੀਆਂ, ਦਰਸ਼ਕਾਂ ਲਈ ਇਸ ਫਿਲਮ ਦੇ ਕਲਾਕਾਰਾਂ ਨਾਲ ਖਾਣਾ ਤੇ ਰਸਮੀ ਮਿਲਣੀ ਸ਼ਾਮਬਰਗ ਦੇ ਦੋਸਤੀ ਰੈਸਟੋਰੈਂਟ ਵਿਚ ਰੱਖੀ। ਉਪਰੰਤ ਏ.ਐਮ.ਸੀ. ਥਿਏਟਰ ਬੈਰਿੰਗਟਨ (ਸ਼ਿਕਾਗੋ) ਵਿਚ ਫਿਲਮ ਦਾ ਸ਼ੋਅ ਦਿਖਾਇਆ ਗਿਆ। ਫਿਲਮ ਦਰਸ਼ਕਾਂ ਨੇ ਕਾਫੀ ਸਲਾਹੀ।





ਇਸ ਮੌਕੇ ਫਿਲਮ ਡਾਇਰੈਕਟਰ ਸ਼ੈਲਜ਼ਾ ਗੁਪਤਾ ਨਾਲ ਹੋਈ ਇਕ ਮੁਲਾਕਾਤ ਦੇ ਕੁਝ ਅੰਸ਼ ਇਥੇ ਪਾਠਕਾਂ ਲਈ ਹਾਜ਼ਰ ਹਨ:

**ਸਵਾਲ: ਸ਼ੈਲਜ਼ਾ ਜੀ ਆਪਣੇ ਪਿਛੋਕੜ ਬਾਰੇ ਕੁਝ ਦੱਸੋ?**

**ਜਵਾਬ:** ਮੇਰਾ ਜਨਮ ਕਲੱਕਤਾ ਵਿਚ ਹੋਇਆ। ਮੈਂ ਪੜ੍ਹਾਈ ਅਸ਼ੋਕਾ ਹਾਲ ਗਰਲਜ਼ ਸਕੂਲ ਤੋਂ ਕੀਤੀ। ਸ਼ੁਰੂ ਤੋਂ ਹੀ ਮੇਰਾ ਸ਼ੌਕ ਪੇਂਟਿੰਗ, ਫੋਟੋਗ੍ਰਾਫੀ, ਕਲਾ-ਕ੍ਰਿਤੀਆਂ ਬਣਾਉਣ, ਗ੍ਰਾਫਿਕਸ ਵੈਬ ਡਿਜ਼ਾਈਨ ਆਦਿ ਨਾਲ ਹੋ ਗਿਆ ਤੇ ਇਸੇ ਵਿਸ਼ੇ ਨੂੰ ਮੁੱਖ ਰੱਖਦਿਆਂ ਮੈਂ ਕੰਪਿਊਟਰ ਸਾਇੰਸ ਵਿਚ ਉਚ ਡਿਗਰੀ ਹਾਸਿਲ ਕੀਤੀ ਤੇ ਖੁਸ਼ਕਿਸਮਤੀ ਨਾਲ ਕਾਲਜ ਦੀ ਪੜ੍ਹਾਈ ਦੌਰਾਨ ਹੀ ਮੈਨੂੰ ਆਇਰਸ ਕਮਿਊਨੀਕੇਸ਼ਨ ਵਿਚ ਨੌਕਰੀ ਮਿਲ ਗਈ। ਇਸ ਨਾਲ ਉਤਪਾਦਕ-ਮੰਡੀ ਵਿਚ ਖਾਸੀ ਮੁਹਾਰਤ ਹਾਸਿਲ ਹੋ ਗਈ।

**ਸਵਾਲ: ਮੁੰਬਈ ਵਿਚ ਐਂਟਰੀ ਕਿਸ ਤਰ੍ਹਾਂ ਹੋਈ?**

**ਜਵਾਬ:** ਮੈਨੂੰ ਟਾਈਮਜ਼ ਆਫ ਇੰਡੀਆ ਵਿਚ ਸੀਨੀਅਰ ਵੈਬ ਡਿਜ਼ਾਈਨਰ ਦੀ ਨੌਕਰੀ ਮਿਲ ਗਈ ਤੇ ਮੈਂ ਮੁੰਬਈ ਮੂਵ ਹੋ ਗਈ। ਉਦੋਂ ਤਕ ਫਿਲਮਾਂ ਵਿਚ ਬਸ ਆਮ ਰੁਚੀ ਹੀ ਸੀ ਇਸ ਦੌਰਾਨ ਰਾਹੁਲ ਨੰਦਾ ਨਾਲ ਬਤੌਰ ਫਿਲਮ ਪਬਲੀਸਿਟੀ ਡਿਜ਼ਾਈਨਰ ਕੰਮ ਕੀਤਾ ਤੇ ਬਾਅਦ ਵਿਚ ਫਿਲਮਫੇਅਰ ਦੀ ਵੈਬਸਾਈਟ ਨੂੰ ਆਨ ਲਾਈਨ ਕਰਨ ਦਾ ਕੰਮ ਕੀਤਾ ਤਾਂ ਇਸ ਨਾਲ ਥੋੜ੍ਹਾ-ਥੋੜ੍ਹਾ ਫਿਲਮੀ ਰੰਗ ਚੜ੍ਹਨ ਲੱਗਾ।

ਸੰਨ 2000 ਵਿਚ ਬਿਜ਼ਨਿਸ ਪਾਰਟਨਰ ਨਿਤੀਸ਼ ਸ਼ਾਹ ਨਾਲ ਮਿਲ ਕੇ ਟੈਕਸ਼ਾਸਤਰ (Techshahtra) ਨਾਂ ਦੀ ਕੰਪਨੀ ਖੋਲ੍ਹੀ ਤਾਂ ਸਾਨੂੰ ਪਹਿਲਾ ਪ੍ਰਾਜੈਕਟ ਹੀ ਸ਼ਾਹਰੁਖ ਖਾਨ ਦੀ ਫਿਲਮ ਨਿਰਮਾਣ ਕੰਪਨੀ "ਐਸ.ਆਰ.ਕੇ. ਵਰਲਡ" ਦਾ ਮਿਲ ਗਿਆ। ਉਨ੍ਹਾਂ ਦੀ ਫਿਲਮ "ਫਿਰ ਭੀ ਦਿਲ ਹੈ ਹਿੰਦੁਸਤਾਨੀ" ਤੇ ਹੋਰ ਫਿਲਮਾਂ ਦੀ ਪ੍ਰਚਾਰ-ਪਸਾਰ ਦੀ ਜ਼ਿੰਮੇਵਾਰੀ ਨਿਭਾਈ। ਸ਼ਾਹਰੁਖ ਦੀ ਫਿਲਮਾਂ ਪ੍ਰਤੀ ਕੰਮ ਦੀ ਨਿਸ਼ਠਾ ਤੇ ਲਗਨ ਲਾਜਵਾਬ ਹੈ। ਉਹ ਕੰਮ ਨੂੰ ਪੂਜਾ ਸਮਝ ਕੇ ਕਰਦੇ ਹਨ। ਮੈਂ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਈ। ਫਿਲਮੀ ਬਾਤਾਂ ਦਾ ਅਸਰ ਹੋਣ ਲੱਗਾ। ਫਿਲਮੀ ਕਲਾਕਾਰਾਂ ਨਾਲ ਮਿਲਣੀਆਂ, ਫਿਲਮੀ ਸੈਟ, ਸ਼ੂਟਿੰਗ ਤੇ ਫਿਲਮੀ ਮਾਹੌਲ ਨਾਲ ਮੇਰੇ 'ਤੇ ਫਿਲਮੀ ਰੰਗ ਹੋਰ ਗੂੜ੍ਹਾ ਹੋ ਗਿਆ। ਫਿਲਮ ਮੇਕਿੰਗ ਦੇ ਹਰ ਪਹਿਲੂ ਨੂੰ ਗੰਭੀਰਤਾ ਨਾਲ ਸਮਝਣਾ ਸ਼ੁਰੂ ਕਰ ਦਿੱਤਾ।

ਅਗਲੇ ਸਾਲ ਇੰਡੀਅਨ ਨੈਸ਼ਨਲ ਅਵਾਰਡ ਵਿਜੇਤਾ ਫਿਲਮ "ਚੋਕਰ ਬਾਲੀ" ਦੀ ਗਲੋਬਲ ਮਾਰਕੀਟਿੰਗ ਵੀ ਸਾਡੀ ਕੰਪਨੀ ਨੂੰ ਮਿਲ ਗਈ। ਮੈਨੂੰ ਫਿਲਮ ਸ਼ੂਟਿੰਗ ਦੌਰਾਨ ਸੈਟ 'ਤੇ ਜਾਣ ਦਾ ਕਾਫੀ ਮੌਕਾ ਮਿਲਿਆ। ਮੈਂ ਫਿਲਮ ਨਿਰਮਾਣ ਦੇ ਸਾਰੇ ਅਹਿਮ ਪਹਿਲੂ ਪਟਕਥਾ, ਨਿਰਦੇਸ਼ਨ, ਐਡੀਟਿੰਗ ਆਦਿ ਦਾ ਗੁੜ੍ਹ-ਗਿਆਨ ਲਿਆ।

ਇਸ ਦੌਰਾਨ ਮੈਨੂੰ ਫਿਲਮ ਦੀ ਮਾਰਕੀਟਿੰਗ ਲਈ ਯੂਰਪ ਦੇ ਕਈ ਦੇਸ਼ਾਂ, ਇੰਗਲੈਂਡ ਤੇ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਜਾਣਾ ਪੈਂਦਾ। ਸਹੂਲਤ ਲਈ ਅਸੀਂ ਸੰਨ 2002 ਵਿਚ ਆਪਣੀ ਇਕ ਕੰਪਨੀ ਨਿਊ ਯਾਰਕ ਵਿਚ ਵੀ ਖੋਲ੍ਹ ਲਈ। "ਚੋਕਰ-ਬਾਲੀ" ਫਿਲਮ ਦੇ ਸਿਲਸਿਲੇ ਵਿਚ 2003 ਵਿਚ ਸ਼ਿਕਾਗੋ ਦੇ 39ਵੇਂ ਅੰਤਰਰਾਸ਼ਟਰੀ ਫਿਲਮ ਮੇਲੇ ਵਿਚ ਵੀ ਸ਼ਾਮਿਲ ਹੋਏ।

**ਸਵਾਲ: ਫਿਲਮ ਲਾਈਨ ਵਿਚ ਮੁਕੰਮਲ ਪ੍ਰਵੇਸ਼ ਕਿੰਜ ਕੀਤਾ?**

**ਜਵਾਬ:** ਐਸ਼ਵਰਿਆ ਰਾਏ ਤੇ ਅਜੈ ਦੇਵਗਨ ਦੀ ਫਿਲਮ "ਰੇਨ ਕੋਟ" ਵਿਚ ਮੈਂ ਸਹਾਇਕ ਸਕ੍ਰਿਪਟ ਸੁਪਰਵਾਈਜ਼ਰ ਦੇ ਤੌਰ 'ਤੇ ਕੰਮ ਕੀਤਾ। ਇਸ ਤਰ੍ਹਾਂ ਮੇਰੇ ਫਿਲਮੀ ਸਫਰ ਦੀ ਸ਼ੁਰੂਆਤ ਹੋਈ। ਫਿਰ ਮੈਂ ਬਾਕਾਇਦਾ ਨਿਊ ਯਾਰਕ ਫਿਲਮ ਅਕੈਡਮੀ ਤੋਂ ਫਿਲਮ ਡਾਇਰੈਕਸ਼ਨ ਦਾ ਕੋਰਸ ਕੀਤਾ।

**ਸਵਾਲ: ਵਾਕਅਵੇ ਬਣਾਉਣ ਦਾ ਸਬੱਬ ਕਿਵੇਂ ਬਣਿਆ?**

**ਜਵਾਬ:** ਸਾਡੇ ਆਲੇ-ਦੁਆਲੇ ਹਰ ਰੋਜ਼ ਅਨੇਕਾਂ ਹੀ ਕਿਰਦਾਰ, ਅਨੇਕਾਂ ਹੀ ਸਬਜੈਕਟ ਘੁੰਮਦੇ ਹਨ। ਨਿਊ ਯਾਰਕ ਵਿਚ ਮੈਂ ਆਪਣੇ ਹੀ ਦੋਸਤਾਂ ਦੇ ਅਮਰੀਕੀ ਜ਼ਿੰਦਗੀ ਦੇ ਸਫਰ ਨੂੰ ਕਰੀਬ ਤੋਂ ਦੇਖਿਆ। ਦਰਅਸਲ, ਜੇ ਮੈਂ ਇਹ ਕਹਾਂ ਕਿ ਇਹ ਫਿਲਮ ਮੇਰੇ ਦੋਸਤਾਂ ਦੇ ਨਿਜੀ ਅਨੁਭਵਾਂ 'ਤੇ ਆਧਾਰਤ ਹੈ ਤਾਂ ਗਲਤ ਨਹੀਂ ਹੋਵੇਗਾ। ਸ਼ਾਦੀ-ਵਿਆਹ ਜਿਹੇ ਅਹਿਮ ਮਾਮਲਿਆਂ ਵਿਚ ਪੂਰਬ-ਪੱਛਮ ਦੀ ਜੀਵਨ-ਜਾਚ ਵਿਚ ਵੱਡਾ ਫਰਕ ਹੋਣ ਕਰਕੇ ਪਰਿਵਾਰ ਕਿਸ ਤਰ੍ਹਾਂ ਸਮੱਸਿਆਵਾਂ ਵਿਚ ਉਲਝ ਜਾਂਦੇ ਹਨ, ਆਪਸੀ ਟਕਰਾਓ ਹੋ ਜਾਂਦਾ ਹੈ-ਇਸ ਵਿਸ਼ੇ ਨੇ ਮੈਨੂੰ ਕਾਫੀ ਟੁੰਬਿਆ। ਮੈਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਹੀ ਫਿਲਮੀ ਪਰਦੇ 'ਤੇ ਦਿਖਾਉਣ ਦੀ ਸੋਚੀ। ਮੈਂ ਫਿਲਮ ਦੀ ਕਹਾਣੀ ਲਿਖੀ ਤੇ ਰੁਚਿਕਾ ਲਾਲਵਾਨੀ ਨਾਲ ਮਿਲ ਕੇ ਸਕਰੀਨ ਪਲੇਅ ਤਿਆਰ ਕੀਤਾ ਤੇ ਖੁਦ ਹੀ ਫਿਲਮ ਦਾ ਨਿਰਦੇਸ਼ਨ ਕਰਨ ਬਾਰੇ ਸੋਚਿਆ। ਮੇਰੇ ਦੋਸਤ ਖੁਰਸ ਮਿਸਤਰੀ ਨੇ ਕਾਫੀ ਹੌਸਲਾ ਵਧਾਇਆ। ਮਨੂ ਨਰਾਇਣ, ਸਮਰਾਟ ਚਕਰਬਰਤੀ, ਮਨੀਸ਼ ਦਿਆਲ, ਸੰਜੀਵ ਝਾਵੇਰੀ, ਦੀਪਤੀ ਗੁਪਤਾ, ਕੈਰੀ ਐਨ ਆਦਿ ਕਲਾਕਾਰਾਂ ਨੂੰ ਸਾਈਨ ਕਰਕੇ ਫਿਲਮ ਦੀ ਸ਼ੂਟਿੰਗ ਸ਼ੁਰੂ ਕੀਤੀ। ਮੇਰੇ ਬਹੁਤ ਸਾਰੇ ਕਰੀਬੀ ਦੋਸਤਾਂ ਨੇ ਫਿਲਮ ਨੂੰ ਨੇਪਰੇ ਚਾੜ੍ਹਨ ਵਿਚ ਅਹਿਮ ਰੋਲ ਨਿਭਾਇਆ ਹੈ।

**ਸਵਾਲ: ਫਿਲਮ ਦੀ ਕਾਸਟਿੰਗ ਟੀਮ ਬਾਰੇ ਦਸੋ। ਇਨ੍ਹਾਂ ਵਿਚੋਂ ਬਹੁਤੇ ਪਰਵਾਸੀ ਭਾਰਤੀ ਹਨ। ਅਨੁਭਵ ਕਿਵੇਂ ਦਾ ਰਿਹਾ?**

**ਜਵਾਬ:** ਮੈਨੂੰ ਇਹ ਗੱਲ ਕਹਿਣ ਵਿਚ ਮਾਣ ਤੇ ਖੁਸ਼ੀ ਹੋ ਰਹੀ ਹੈ ਕਿ ਫਿਲਮ ਦੇ ਸਾਰੇ ਹੀ ਮੁੱਖ ਕਲਾਕਾਰ ਬਹੁਤ ਮਿਹਨਤੀ ਅਤੇ ਆਪਣੀ ਕਲਾ ਵਿਚ ਨਿਪੁੰਨ ਹਨ। ਇਹ ਸਾਰੇ ਹੀ ਪ੍ਰੋਫੈਸ਼ਨਲ ਹਨ। ਬ੍ਰਿਟਿਸ਼ ਤੇ ਅਮਰੀਕੀ ਫਿਲਮਾਂ, ਟੀ ਵੀ ਸੀਰੀਅਲਾਂ ਤੇ ਥਿਏਟਰ ਦੇ ਪਰਪੱਕ ਕਲਾਕਾਰ ਹਨ। ਸਾਰੇ ਹੀ ਆਪੋ-ਆਪਣੇ ਕਿਰਦਾਰ ਵਿਚ ਫਿਟ ਬੈਠੇ ਹਨ। ਫਿਲਮ ਦੇ ਸਬਜੈਕਟ ਨਾਲ ਬਿਲਕੁਲ ਮੇਲ ਖਾਂਦੇ ਹਨ।

ਮਨੂ ਨਰਾਇਣ ਤੇ ਅਮੀ ਸੇਠ ਦੋਹਾਂ ਦੇ ਰੋਲ ਵਿਚ ਇੰਪਰੋਵਾਈਜੇਸ਼ਨ ਦਾ ਕਾਫੀ ਸਕੋਪ ਸੀ ਸੋ ਉਨ੍ਹਾਂ ਇਸ ਦੀ ਕਾਫੀ ਖੁਲ੍ਹ ਕੇ ਵਰਤੋਂ ਕੀਤੀ।

ਮਨੀਸ਼ ਦਿਆਲ ਤੇ ਪਲਵੀ ਸ਼ਾਰਦਾ (ਫਿਲਮ 10 ਤੋਲਾ ਦੀ ਸਹਾਇਕ ਅਭਿਨੇਤਰੀ) ਪਹਿਲਾਂ ਥੋੜੇ ਸੰਕੋਚੀ ਸਨ ਪਰ ਜਲਦ ਹੀ ਖੁਲ੍ਹ ਕੇ ਕੰਮ ਕਰਨ ਲੱਗੇ। ਇਹ ਦੋਵੇਂ ਹੀ ਡਾਇਰੈਕਟਰ ਦੇ ਐਕਟਰ ਹਨ। ਉਨ੍ਹਾਂ ਬਹੁਤ ਹੀ ਸਹਿਜ ਨਾਲ ਆਪਣਾ ਰੋਲ ਨਿਭਾਇਆ ਹੈ। ਸਮਰਾਟ ਤੇ ਕੈਰੀ ਐਨੀ ਵੀ ਬਹੁਤ ਹੀ ਪ੍ਰਤਿਭਾਵਾਨ ਹਨ। ਕਿਰਦਾਰ ਵਿਚ ਬੜੀ ਤੇਜ਼ੀ ਨਾਲ ਆਪਣੇ ਆਪ ਨੂੰ ਢਾਲ ਲੈਂਦੇ ਹਨ।

ਸੰਜੀਵ ਝਾਵੇਰੀ ਤੇ ਦੀਪਤੀ ਗੁਪਤਾ ਹਰ ਸੀਨ ਨੂੰ ਬਹੁਤ ਹੀ ਬਾਰੀਕੀ ਤੇ ਡੂੰਘਾਈ ਨਾਲ ਸਮਝਦੇ ਹਨ। ਅਭਿਨੈ ਦੀ ਛੋਟੀ-ਛੋਟੀ ਗੱਲ 'ਤੇ ਧਿਆਨ ਦਿੰਦੇ ਹਨ। ਬੜੇ ਉਤਸ਼ਾਹ ਭਰੇ ਮਾਹੌਲ ਵਿਚ ਸ਼ੂਟਿੰਗ ਹੋਈ। ਸ਼ੂਟਿੰਗ ਦੌਰਾਨ ਜੇ ਕਈ ਵਾਰੀ ਸੀਨ ਫਿਲਮਾਉਂਦੇ ਹੀ ਕੋਈ ਨਵਾਂ ਵਿਚਾਰ ਮਨ ਵਿਚ ਆਉਂਦਾ ਤਾਂ ਉਸ ਦੀ ਸਾਂਝ ਪਾਉਂਦੇ, ਚਰਚਾ ਕਰਦੇ ਤੇ ਅਕਸਰ ਅਸੀਂ ਤਬਦੀਲੀ ਵੀ ਕਰ ਲੈਂਦੇ। ਸਾਰੇ ਕਲਾਕਾਰਾਂ ਦਾ ਸਹਿਯੋਗ ਮਿਲਿਆ ਹੈ ਤੇ ਸਭ ਨੇ ਦਿਲ ਲਾ ਕੇ ਕੰਮ ਕੀਤਾ ਹੈ।

**ਸਵਾਲ: ਫਿਲਮ ਦੀ ਪੋਸਟ ਪ੍ਰੋਡਕਸ਼ਨ ਸ਼ਾਹਰੁਖ ਖਾਨ ਦੀ ਰੈਡਚਿੱਲੀ ਐਂਟਰਟੇਮੈਂਟ ਕੰਪਨੀ ਵਿਚ ਹੋਈ। ਕੀ ਉਨ੍ਹਾਂ ਪੋਸਟ ਪ੍ਰੋਡਕਸ਼ਨ ਵਿਚ ਮਦਦ ਕੀਤੀ?**

**ਜਵਾਬ:** ਹਾਂ ਬਹੁਤ ਮਦਦ ਕੀਤੀ ਹੈ, ਸ਼ਾਹਰੁਖ ਖਾਨ ਨਾਲ ਮੇਰੀ ਪਹਿਲਾਂ ਤੋਂ ਹੀ ਜਾਣ-ਪਹਿਚਾਣ ਸੀ। ਜਦੋਂ ਆਪਣੀ ਫਿਲਮ "ਮਾਈ ਨੇਮ ਇਜ਼ ਖਾਨ" ਲਈ ਨਿਊ ਯਾਰਕ ਆਏ ਤਾਂ ਉਨ੍ਹਾਂ ਮੇਰੀ ਫਿਲਮ ਨੂੰ 20 ਮਿੰਟ ਦੇਖਿਆ ਤਾਂ ਬੜੇ ਪ੍ਰਭਾਵਿਤ ਹੋਏ ਤੇ ਮੈਨੂੰ ਆਪਣੀ ਪ੍ਰੋਡਕਸ਼ਨ ਕੰਪਨੀ ਰੈਡਚਿੱਲੀ ਵਿਚ ਫਿਲਮ ਦੀ ਪੋਸਟ ਪ੍ਰੋਡਕਸ਼ਨ ਤੇ ਐਡਿਟਿੰਗ ਲਈ ਸਭ ਸਹੂਲਤਾਂ ਦੇ ਦਿੱਤੀਆਂ।

ਫਿਲਮ ਸਲਮਡਾਗ ਮਿਲੀਨੇਅਰ ਦੇ ਆਸਕਰ ਵਿਜੇਤਾ ਰਾਸੂਲ ਪਾਕੂਟੀ ਨੇ ਫਿਲਮ ਦੀ ਸਾਊਂਡ ਐਡਿਟਿੰਗ ਤੇ ਸਾਊਂਡ ਮਿਕਸਿੰਗ ਕੀਤੀ ਹੈ। ਫਿਲਮ ਵਿਚ ਸਪੈਸ਼ਲ ਸਾਊਂਡ ਪਾਏ ਹਨ ਜਿਸ ਨੇ ਫਿਲਮ ਨੂੰ ਕਾਫੀ ਦਮਦਾਰ ਬਣਾਇਆ ਹੈ।

**ਸਵਾਲ: ਫਿਲਮ ਦੇ ਸੰਗੀਤ ਬਾਰੇ ਕੁਝ ਦੱਸੋ?**

**ਜਵਾਬ:** ਫਿਲਮ ਦਾ ਸੰਗੀਤ ਖਾਸ ਹੋਵੇ ਇਸ ਦਾ ਮੈਨੂੰ ਸ਼ੁਰੂ ਤੋਂ ਹੀ ਖਿਆਲ ਸੀ। ਸੰਗੀਤ ਨਰੋਆ ਤੇ ਨਿਵੇਕਲਾ ਅਤੇ ਲੋਕਾਂ ਦੇ ਮਨੋਰੰਜਨ ਭਰਪੂਰ ਹੋਵੇ, ਇਸ ਮਾਮਲੇ ਵਿਚ ਮੈਂ ਬਹੁਤ ਸਜੱਗ ਸੀ। ਫਿਰ ਨੌਜਵਾਨ ਟੀਮ ਹੋਣ ਕਰਕੇ ਵੀ ਮਿਊਜ਼ੀਕਲ ਮਾਹੌਲ ਬਣਿਆ ਹੋਇਆ ਸੀ। ਇਕ ਮਾਰਵਾੜੀ ਗੀਤ ਹੈ, ਫਰੈਂਚ-ਤਾਮਿਲ ਸਾਂਗ ਹੈ, ਹਿੰਦੀ-ਇੰਗਲਿਸ਼ ਮਿਕਸ ਵੀ ਗੀਤ ਹਨ। ਬਾਲੀਵੁਡ ਦੇ ਸੰਗੀਤ ਨਿਰਦੇਸ਼ਕ ਵਿਸ਼ਾਲ ਡਡਲਾਨੀ ਤੇ ਸ਼ੇਖਰ ਰਵੀ ਜਿਆਨੀ ਨੇ ਤਿੰਨ ਗੀਤਾਂ ਦਾ ਸੰਗੀਤ ਤਿਆਰ ਕੀਤਾ ਹੈ। ਇਸ ਵਿਚ ਕਲਾਕਾਰ ਸਮਰਾਟ ਚਕਰਬਰਤੀ ਤੇ ਖੁਰਸ ਮਿਸਤਰੀ ਨੇ ਵੀ ਗੀਤ ਲਿਖੇ ਹਨ ਤੇ ਕਲਾਕਾਰ ਮਨੂ ਨਰਾਇਨ ਨੇ ਇਕ ਗੀਤ ਵੀ ਗਾਇਆ ਹੈ। ਇਨ੍ਹਾਂ ਤੋਂ ਇਲਾਵਾ ਗੀਤ "ਧੀਰੇ ਧੀਰੇ" ਸ਼ੇਖਰ ਜੀ ਦਾ ਗਾਇਆ ਹੈ। "ਬਾਨਾ ਬਾਨੀ" ਕੀਰਤੀ ਤੇ ਸੋਨਾ ਮਹਾਪਾਤਰਾ ਨੇ, "ਰੋਜ਼ਾਨਾ" ਸੁਰਯ ਜਗਨ, "ਬਾਡੀ ਫਾਲ ਅਪਾਰਟ" ਸ਼ਬੀਨੀ ਕਸ਼ਯਪ ਤੇ ਆਰ ਮਹਾਦੇਵਾ, "ਯੇਟ ਆਲੋਨ" ਰੂ, "ਹੋ ਪਾਲ" ਸ਼ਬੀਨੀ ਕਸ਼ਯਪ ਤੇ ਮਹਾਦੇਵਾ "ਬਾਨਾ ਰੇ" ਸੋਨਾ ਤੇ ਗਨੀ ਖਾਨ, "ਦਿਲ ਦੀਯਾ" ਸਵੀਤਾ ਅਹੂਜਾ "ਆਈ ਆਨਟ ਗਾਟ ਨੋਬੋਡੀ" ਮਨੂੰ ਨਰਾਇਨ ਨੇ ਰਿਕਾਰਡ ਕਰਵਾਏ ਹਨ।

**ਸਵਾਲ: ਸ਼ੂਟਿੰਗ ਕਿਨ੍ਹਾਂ ਲੋਕੇਸ਼ਨਾਂ 'ਤੇ ਕੀਤੀ?**

**ਜਵਾਬ:** ਫਿਲਮ ਦੀ ਜ਼ਿਆਦਾ ਸ਼ੂਟਿੰਗ ਨਿਊ ਯਾਰਕ ਵਿਚ ਕੀਤੀ ਹੈ। ਦਿਲਚਸਪ ਗੱਲ ਇਹ ਹੈ ਕਿ ਫਿਲਮ ਵਿਚ ਭਾਰਤ ਵਿਚ ਰਹਿੰਦੇ ਭਾਰਤੀ ਕਿਰਦਾਰਾਂ ਦੇ ਘਰ ਦੇ ਦ੍ਰਿਸ਼ ਵੀ ਨਿਊ ਜਰਸੀ ਦੇ ਘਰਾਂ ਵਿਚ ਫਿਲਮਾਏ ਗਏ ਹਨ।

**ਸਵਾਲ: ਫਿਲਮ ਇੰਡੀਆ ਵਿਚ ਕਦੋਂ ਰਿਲੀਜ਼ ਹੋਵੇਗੀ?**

**ਜਵਾਬ:** ਅਜੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਰਿਲੀਜ਼ ਹੋ ਰਹੀ ਹੈ। 18 ਸ਼ਹਿਰਾਂ ਵਿਚ 26 ਸ਼ੋਅ ਹੋ ਰਹੇ ਹਨ। ਇੰਡੀਆ ਵਿਚ ਫਿਲਮ ਰਿਲੀਜ਼ ਹੋਣ ਨੂੰ 5-6 ਮਹੀਨੇ ਲੱਗਣਗੇ।

**ਸਵਾਲ: ਭਵਿਖ 'ਚ ਕੀ ਕਰ ਰਹੇ ਹੋ?**

**ਜਵਾਬ:** ਫਿਲਹਾਲ 2 ਸਕ੍ਰਿਪਟਾਂ 'ਤੇ ਕੰਮ ਕਰ ਰਹੀ ਹਾਂ। ਇਕ ਰੋਮਾਂਟਿਕ ਕਾਮੇਡੀ ਹੈ ਤੇ ਦੂਸਰੀ ਪਰਿਵਾਰਕ ਫਿਲਮ ਹੈ।

*-ਸ਼ੈਲਜ਼ਾ ਜੀ ਤੁਹਾਡਾ ਬਹੁਤ ਬਹੁਤ ਸ਼ੁਕਰੀਆ।*

*-ਸੁਰਿੰਦਰ ਸਿੰਘ ਭਾਟੀਆ*

## ਫਿਲਮ ਵਾਕਅਵੇ ਦੀ ਕਹਾਣੀ


ਸ਼ੂਟਿੰਗ ਦੌਰਾਨ ਸ਼ੈਲਜ਼ਾ (ਸੱਜੇ)

ਫਿਲਮ ਵਾਕਅਵੇ (Walkaway) ਇਕ ਰੋਮਾਂਟਿਕ ਕਾਮੇਡੀ ਹੈ। ਫਿਲਮ ਦੀ ਕਹਾਣੀ ਨਿਊ ਯਾਰਕ ਦੇ ਚਾਰ ਨੌਜਵਾਨ ਦੋਸਤਾਂ-ਸ੍ਰੀਧਰ (ਸਮਰਾਟ ਚਕਰਬਰਤੀ), ਵਿਨੈ (ਮਨੀਸ਼ ਦਿਆਲ), ਸੋਹਮ (ਸੰਜੀਵ ਝਾਵੇਰੀ) ਅਤੇ ਡਾਇਰੁਸ (ਮਨੂ ਨਰਾਇਣ) ਦੇ ਪ੍ਰੇਮ ਸਬੰਧਾਂ ਤੇ ਸ਼ਾਦੀ ਨੂੰ ਦਰਪੇਸ਼ ਸਮੱਸਿਆਵਾਂ ਦੇ ਦੁਆਲੇ ਘੁੰਮਦੀ ਹੈ।

ਸ੍ਰੀਧਰ ਇਕ ਤਾਮਿਲ ਬ੍ਰਾਹਮਣ ਪਰਿਵਾਰ ਨਾਲ ਸਬੰਧਤ ਹੈ। ਉਸ ਦੀ ਫਰੈਂਚ ਲੜਕੀ ਜੀਨੀਵ (ਕੈਰੀ ਐਨ) ਨਾਲ ਡੇਟ ਚਲ ਰਹੀ ਹੈ। ਦੋਵੇਂ ਸ਼ਾਦੀ ਕਰਨਾ ਚਾਹੁੰਦੇ ਹਨ ਪਰ ਸ੍ਰੀਧਰ ਦੀ ਮਾਂ ਨੂੰ ਇਤਰਾਜ਼ ਹੈ ਕਿ ਦੋਹਾਂ ਦੇ ਆਪਸੀ ਗ੍ਰਹਿ ਨਹੀਂ ਮਿਲਦੇ ਤੇ ਲੜਕੀ ਮੰਗਲੀਕ ਹੈ, ਸੋ ਪਹਿਲਾਂ ਰੂੜੀਵਾਦੀ ਰਸਮਾਂ ਅਨੁਸਾਰ ਵਿਆਹ ਹੋਣਾ ਚਾਹੀਦਾ ਹੈ। ਵਿਦੇਸ਼ ਵਿਚ ਜਨਮੀ ਜੀਨੀਵ ਨੂੰ ਇਹ ਗੱਲ ਪਸੰਦ ਨਹੀਂ ਤੇ ਉਹ ਅਲੱਗ ਹੋ ਜਾਂਦੀ ਹੈ।

ਸੋਹਮ ਦਾ ਵਿਆਹ ਨਿਧੀ (ਦਿਪਤੀ ਗੁਪਤਾ) ਨਾਲ ਹੋਇਆ ਹੈ ਪਰ ਨਿਧੀ ਤੇ ਸੋਹਮ ਦੀ ਆਪਸ ਵਿਚ ਅਣਬਣ ਹੀ ਰਹਿੰਦੀ ਹੈ। ਉਨ੍ਹਾਂ ਦਾ ਗ੍ਰਹਿਸਥੀ ਜੀਵਨ ਤਲਖੀਆਂ ਭਰਿਆ ਹੈ। ਨਿਧੀ ਨੂੰ ਅਕਸਰ ਹੀ ਆਪਣੀ ਭਾਰਤੀ ਸੱਸ ਦੇ ਵਿਅੰਗ-ਤੀਰਾਂ ਦਾ ਨਿਸ਼ਾਨਾ ਵੀ ਬਣਨਾ ਪੈਂਦਾ ਹੈ। ਨਿਧੀ ਤੇ ਸੋਹਮ ਵੱਖ-ਵੱਖ ਹੋ ਜਾਂਦੇ ਹਨ।

ਵਿਨੈ ਦਾ ਇੰਟਰਨੈਟ ਰਾਹੀਂ ਸੀਆ (ਪਲਵੀ ਸ਼ਾਰਦਾ) ਨਾਲ ਮੇਲ ਹੁੰਦਾ ਹੈ ਜੋ ਕਿ ਫੈਸ਼ਨ ਡਿਜ਼ਾਈਨਿੰਗ ਦੀ ਪੜ੍ਹਾਈ ਕਰ ਰਹੀ ਹੈ। ਉਹ ਅਰੇਂਜਡ ਵਿਆਹ ਕਰਵਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਦੇ ਮਾਪਿਆਂ ਦਾ ਆਪਸ ਵਿਚ ਆਰਥਿਕ ਹੈਸੀਅਤ ਦਾ ਟਕਰਾਓ ਹੋ ਜਾਂਦਾ ਹੈ ਤੇ ਇਕ ਦੂਜੇ ਤੋਂ ਦੂਰ ਚਲੇ ਜਾਂਦੇ ਹਨ। ਡਾਇਰਸ ਤੇ ਅਨੂੰ (ਅਮੀ ਸੇਠ) ਸਿਰਫ ਡੇਟਿੰਗ ਕਰਦੇ ਹਨ। ਸ਼ਾਦੀ ਲਈ ਗੰਭੀਰ ਨਹੀ ਹਨ ਬਲਕਿ ਘੁੰਮਣ-ਫਿਰਨ ਨਾਚ ਤੇ ਮਸਤੀ ਵਿਚ ਯਕੀਨ ਰਖਦੇ ਹਨ। ਸਾਰੇ ਜੋੜਿਆਂ ਵਿਚ ਇਕ ਵਾਰੀ ਤੋੜ-ਵਿਛੋੜਾ ਤੇ ਵਖਰੇਵਾਂ ਹੁੰਦਾ ਹੈ ਪਰ ਅੰਤ ਵਿਚ ਸੁਖਦ ਮੇਲ-ਮਿਲਾਪ ਹੋ ਜਾਂਦਾ ਹੈ।

ਸਪੈਸ਼ਲ ਸੇਲ ਬਰੇਕਸ 89.99

GILL EXPRESS

Fast & Friendly Service

WASH, TIRE & REPAIR



ਪੰਜਾਬੀ ਢਾਬਾ

Tractor Wash ................ $ 29.99
Full Service Oil Change... $189.99
Flat Repair ........................ $ 35.00
Mount & Dismount ............... $ 25.00
Hourly Labor Rate .................. $ 60.00

We are a full service repair shop, From a simple seal to a new transmission, We have you covered.

ਵਧੀਆ ਕੁਆਲਟੀ ਦੇ ਟਾਇਰ ਸਸਤੇ ਰੇਟਾਂ 'ਤੇ ਲੈਣ ਲਈ ਕਾਲ ਕਰੋ

Oklahoma City • 405-324-8473 Spiceland IN • 765-987-7000 Madera CA • 559-673-8473
Bakersfield CA • 661-369-4368 Ripon CA • 209-599-6662 Fresno CA • 559-283-2644



ਯਾਰਾਂ ਦਾ ਟਰੱਕ ਬੱਲੀਏ,
ਹੁਣ ਏ ਪੀ ਪੈਟਰੋ ਤੋਂ ਤੇਲ ਪਵਾਵੇ...

AP AMERICAN PETRO



ਸਭ ਤੋਂ ਵਧੀਆ ਸਹੂਲਤਾਂ ਵਾਲਾ

Truck Stop

*2 Cent/Gallon Rebate
* Cash/Credit Card/Fleet Card (Same Price on All)

ਸਹੂਲਤਾਂ

*ਸਸਤਾ Diesel
*Liquor Bar



*ਪੰਜਾਬੀ ਢਾਬਾ
*Liquor Store

Taste of India

ਪੰਜਾਬੀ ਢਾਬਾ

ਕੀਮਤਾਂ ਬਹੁਤ ਹੀ ਵਾਜਬ !

ਇਥੇ ਹਰ ਰੋਜ਼ ਮੱਕੀ ਦੀਆਂ ਤਾਜ਼ੀਆਂ ਰੋਟੀਆਂ ਤੇ ਤਾਜ਼ਾ ਸਾਗ ਮਿਲਦਾ ਹੈ।



ਇਥੇ ਆਓ, ਬੈਠ ਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਓ...।
ਸੁਆਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਹੋਵੇ ਤੇ ਘਰ ਦੀ...।

Brand New Shower ਹੈ।
ਨਹਾਓ ਤੇ ਫਰੈਸ਼ ਹੋ ਕੇ ਕੰਮ 'ਤੇ ਜਾਓ।

Spiceland, Indiana
I-70, Exit 123

Call: 765-987-8786

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

## For Best Home Deals and Lowest Mortgage Rate, Contact:

# Refinance Now

15 & 30 Yr Fixed Rates Are Getting Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**

CA DRE Lic.#01180969

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### JUST SOLD

1. 2201 Monroe St. #504 Santa Clara, CA 95050
2. 3257 Poetry Ct., Stockton, CA 95206
3. 680 Upper Vinters Cir Fremont, CA 94539
4. 2370 Picasso Way Stockton, CA 95206
5. 950 Silver Ct., Lathrop, CA 95330
6. 304 Pennyhill Dr., San Jose, CA 95127
7. 14434 Tiburon Rd., San Leandro, CA 94577
8. 3809 Amy Pl Union city, CA 94587
9. 6400 Christie Ave #5322 Emeryville, CA 94608
10. 1802 Picasso Way Stockton, CA 95206
11. 847 Bishop Ave Hayward, CA 94545
12. 675 Bel Air Ct., Morgan Hill, CA 95037

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

Cell: 510-304-9292
Cell:408-666-8279



Jaswinder Gill M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings